PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

4th - 11th July 2024 • Issue No. 3037

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਪਿਛਲੇ ਸਾਲ ਡਰਬੀ ਦੇ ਕਬੱਡੀ ਟੂਰਨਾਮੈਂਟ ਦੌਰਾਨ ਦੋ ਗਰੁੱਪਾਂ ਦਰਮਿਆਨ ਹੋਈ ਗਹਿਗੱਚ ਲੜਾਈ ਦੇ ਮੁਕੱਦਮੇ ਦੀ ਸੁਣਵਾਈ ਨੌਟਿੰਘਮ ਅਦਾਲਤ ਵਿੱਚ ਸ਼ੁਰੂ

* ਤਲਵਾਰਾਂ, ਕੁਹਾੜੀਆਂ, ਹਾਕੀਆਂ, ਚਾਕੂਆਂ ਤੇ ਹੈਂਡਗੰਨਾਂ ਦੀ ਕੀਤੀ ਸੀ ਵਰਤੋਂ
* ਲੜਾਈ ਵਿੱਚ ਵਰਤੇ ਗਏ ਹਥਿਆਰ ਪੁਲਿਸ ਵੱਲੋਂ ਅਦਾਲਤ ’ਚ ਪੇਸ਼
* ਪੰਜਾਬੀ ਨੌਜਵਾਨ ਖੇਡ ਦੇ ਮੈਦਾਨ ਵਿੱਚ ਲੜਾਈਆਂ ਕਰਕੇ ਖੇਡਾਂ ਅਤੇ ਸਾਰੇ ਪੰਜਾਬੀਆਂ ਨੂੰ ਬਦਨਾਮ ਨਾ ਕਰਨ – ਰਾਜਿੰਦਰ ਸਿੰਘ ਪੁਰੇਵਾਲ
* ਨੌਜਵਾਨੋ ਪ੍ਰਣ ਕਰੋ ਕਿ ਅੱਗੇ ਤੋਂ ਐਹੋ ਜਿਹੀਆਂ ਲੜਾਈਆਂ ਵਿੱਚ ਕਦੇ ਵੀ ਸ਼ਾਮਿਲ ਨਹੀਂ ਹੋਵਾਂਗੇ ...
* ਚੰਗੇ ਕਾਰੋਬਾਰ ਕਰੋ ਤੇ ਖੁਦ ਖੇਡਾਂ ਵਿੱਚ ਭਾਗ ਲਵੋ ਜਾਂ ਖਿਡਾਰੀਆਂ ਨੂੰ ਉਤਸਾਹਿਤ ਕਰਨ ਲਈ ਉਦਮ ਕਰੋ ...

*ਪੂਰੀ ਖ਼ਬਰ ਪੰਨਾ 9 ਤੇ ਦੇਖੋ*



## ਜਥੇਦਾਰ ਹਰਨਾਮ ਸਿੰਘ ਦਮਦਮੀ ਟਕਸਾਲ ਨੇ ਸਿੰਘ ਸਭਾ ਡਰਬੀ ਵਿਖੇ ਬਣਾਈ ਗਈ ਸ਼ਹੀਦੀ ਯਾਦਗਾਰ, ਰੈਫਰੈਂਸ ਲਾਇਬ੍ਰੇਰੀ ਅਤੇ ਸ਼ਹੀਦੀ ਪ੍ਰਦਰਸ਼ਨੀ ਦੇ ਦਰਸ਼ਨ ਕਰਕੇ ਸੇਵਾਦਾਰਾਂ ਦੀ ਕੀਤੀ ਸ਼ਲਾਘਾ



## ਡਰਬੀ ਦੀ ਪੰਜਾਬਣ ਸਰਬਜੀਤ ਕੌਰ ਨੇ ਵਰਲਡ ਪਾਵਰਲਿਫਟਿੰਗ ਚੈਂਪੀਅਨਸ਼ਿੱਪ ਜਿੱਤ ਕੇ ਪੰਜਾਬੀਆਂ ਦਾ ਮਾਣ ਵਧਾਇਆ



ਪਾਵਰਲਿਫਟਿੰਗ ਦੀ ਵਿਸ਼ਵ ਚੈਂਪੀਅਨ ਸਰਬਜੀਤ ਕੌਰ ਦਾ ਪੰਜਾਬ ਟਾਈਮਜ਼ ਵਿਖੇ ਗੋਲਡ ਮੈਡਲ ਨਾਲ ਸਨਮਾਨ ਕਰਦੇ ਹੋਏ, ਰਾਜਿੰਦਰ ਸਿੰਘ ਪੁਰੇਵਾਲ, ਅਵਤਾਰ ਸਿੰਘ ਜਵੰਦਾ ਅਤੇ ਹਰਜਿੰਦਰ ਸਿੰਘ ਮੰਡੇਰ

## ਲੈਸਟਰ ਕਬੱਡੀ ਟੂਰਨਾਮੈਂਟ ਦਾ ਕੱਪ 2024 ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਨੇ ਜਿੱਤਿਆ ਅਤੇ ਈਰਥ ਵੂਲਿਚ+ਸਾਊਥਾਲ ਕਲੱਬ ਦੀ ਟੀਮ ਉੱਪ ਜੇਤੂ ਰਹੀ

### ਕਬੱਡੀ ਲਈ ਕੀਤੀਆਂ ਸੇਵਾਵਾਂ ਲਈ ਕੁਲਵੰਤ ਸਿੰਘ ਸੰਘਾ ਦਾ ਗੋਲਡ ਮੈਡਲ ਨਾਲ ਅਤੇ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਦਾ ਵਿਸ਼ੇਸ਼ ਸਨਮਾਨ







ਹੋਰ ਤਸਵੀਰਾਂ ਆਖ਼ਰੀ ਪੰਨੇ ’ਤੇ – ਅਤੇ ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ:

# ਲੈਸਟਰ ਕਬੱਡੀ ਕਲੱਬ ਵੱਲੋਂ ਕਾਮਯਾਬ ਟੂਰਨਾਮੈਂਟ ਕਰਵਾਉਣ ਲਈ ਲੈਸਟਰ ਦੇ ਗੁਰਦੁਆਰਾ ਸਾਹਿਬਾਨ ਅਤੇ ਸਮੂਹ ਲੈਸਟਰ ਵਾਸੀਆਂ ਲੱਖ ਲੱਖ ਵਧਾਈ

## ਲੈਸਟਰ ਕਬੱਡੀ ਕਲੱਬ ਵੱਲੋਂ ਲੈਸਟਰ ਦੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸੰਗਤਾਂ ਅਤੇ ਮਾਇਕ ਸਹਾਇਤਾ ਦੇਣ ਵਾਲੇ ਦਾਨੀ ਸੱਜਣਾਂ ਦਾ ਹਾਰਦਿਕ ਧੰਨਵਾਦ

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ | ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ | ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ | ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ | ਸ੍ਰੀ ਗੁਰੂ ਰਵਿਦਾਸ ਟੈਂਪਲ | ਗੁਰੂ ਨਾਨਕ ਗੁਰਦੁਆਰਾ ਲੈਸਟਰ


ਰਾਜ ਮਨਵਿੰਦਰ ਸਿੰਘ | ਅਜਮੇਰ ਸਿੰਘ ਬਸਰਾ | ਜਰਨੈਲ ਸਿੰਘ ਰਾਣਾ | ਸ਼ਮਸ਼ੇਰ ਸਿੰਘ ਬੈਂਸ | ਜਸਬੀਰ ਸਿੰਘ

ਪ੍ਰਬੰਧਕ ਕਮੇਟੀ
ਗੁਰਦੁਆਰਾ
ਸ੍ਰੀ ਗੁਰੂ ਹਰਕ੍ਰਿਸ਼ਨ
ਸਾਹਿਬ ਜੀ
ਲੈਸਟਰ




ਪਿਆਰਾ ਸਿੰਘ ਰੰਧਾਵਾ | ਕੁਲਵੰਤ ਸਿੰਘ ਸੰਘਾ | ਕੁਲਵੀਰ ਸਿੰਘ ਖੱਖ | ਨਿਰਮਲ ਸਿੰਘ ਲੱਡੂ | ਦਵਿੰਦਰ ਸਿੰਘ | ਜਿੰਦਰ ਸਿੰਘ ਬੋਇਲ | ਜਤਿੰਦਰ ਸਿੰਘ ਚਾਹਲ | ਜਿੰਦਰ ਸਿੰਘ ਥਾਂਦੀ



ਤੇਜੀ | ਮਨਜੀਤ ਸਿੰਘ ਹੀਰ | ਬਲਜੀਤ ਸਿੰਘ ਬੱਲੀ | ਮਨਜੀਤ ਸਿੰਘ | ਐਮ ਕੇ ਬਿਲਡਿੰਗ ਸਰਵਿਸ | ਗੁਰਨਾਮ ਸਿੰਘ | ਸੁਖਦੇਵ ਸਿੰਘ ਬਾਂਸਲ | ਕਰਮਜੀਤ ਸਿੰਘ | ਕੁਲਦੀਪ ਸਿੰਘ ਰਾਗੀ | ਸਤਵੀਰ ਖੱਖ | ਲਖਵੀਰ ਚੱਠਾ | ਬਲਦੇਵ ਜੰਬੋ


ਜਿੰਦਰ | ਦੀਪ ਸਿੰਘ | ਦੀਪ | ਜੇ ਐਸ | ਜਗਤਾਰ ਸਿੰਘ | ਸਤਵਿੰਦਰ ਦਿਓਲ | ਬਰਿੰਦਰ ਲੱਛਰ | ਸਪਿੰਦਰ ਸਿੰਘ ਹੀਰ | ਮੰਗਤ ਸਿੰਘ ਪਲਾਹੀ | ਬਲਬੀਰ ਸਿੰਘ | ਰਾਣਾ | ਦਲਜੀਤ ਸਿੰਘ ਸਹੋਤਾ


ਘੁੰਮਣ ਭਰਾ | ਜਸਬੀਰ ਸਿੰਘ | ਬਲਵੰਤ ਬਾਸੀ | ਦਲਜੀਤ ਸਿੰਘ ਢਿੱਲੋਂ | ਸੌਂਧ ਮੀਟ ਸ਼ੌਪ NR | ਸਤਨਾਮ ਸਿੰਘ ਜੀ 10 | ਰਜਵਿੰਦਰ ਅਟਵਾਲ | ਦਲਜੀਤ ਸਿੰਘ | ਗੁਰਦੀਪ ਸਿੰਘ ਗਿੱਲ | ਸੋਨੂ | ਕਮਲਜੀਤ


ਅਵਤਾਰ ਸਿੰਘ ਸ਼ੇਰਗਿੱਲ | ਰੌਕੀ ਐਂਡ ਹਰਪ੍ਰੀਤ | ਬਿੰਦਾ | ਕਮਲ ਘਟੌਰਾ | ਕਿਸ਼ਨ ਡੀ ਕੇ | ਬਲਬੀਰ ਸਿੰਘ ਮੇਹਟਾਂ | ਕੋਹੇਨੂਰ ਰੇਡੀਓ | ਸੁੱਖਾ | ਕੇ ਐਸ ਕੇ | ਨੇਸ਼ੀ ਭੱਜਲ | ਇਕਬਾਲ ਸਿੰਘ ਕੰਗ | ਜਸਪਾਲ ਮਿਨਹਾਸ | ਦਵਿੰਦਰ ਸਿੰਘ


ਕੁਲਦੀਪ ਸਿੰਘ ਚਹੇੜੂ | ਗੁਰਨਾਮ ਸਿੰਘ ਰੂਪੋਵਾਲ | ਵਿਜੇ ਸਿੰਘ ਬਿੱਟੂ | ਹਰਿੰਦਰ ਸਿੰਘ ਜ਼ੈਲਦਾਰ | ਗੁਰਮਿੰਦਰ ਸਮਰਾ | ਦੀਸ਼ਾ ਬਿੱਟੂ | ਗੁੱਗੂ ਸ਼ੇਰਗਿੱਲ | ਸੰਨੀ ਚੋਪੜਾ | ਸ਼ੀਰਾ | ਸੁੱਖ | ਗੁਰਦਾਵਰ ਸਿੰਘ | ਕੁਲਵਿੰਦਰ ਜੌਹਲ | ਹਰਦਿਆਲ ਸਿੰਘ ਸੰਘੇੜਾ | ਉਂਕਾਰ ਸਿੰਘ


ਸ਼ਰਮਾ | ਰਿੱਕੀ | ਪੰਮਾ | ਮਲਕੀਤ | ਅਮਰਜੀਤ ਸਿੰਘ ਪੱਡਾ | ਦਲਜੀਤ ਸਿੰਘ ਪੱਡਾ | ਰੌਡ | ਬੀ ਜੀ ਐਸ | ਬੀ ਜੀ ਐਸ | ਜਤਿੰਦਰ ਸਿੰਘ | ਸਤਨਾਮ ਸਿੰਘ | ਚਰਨ ਸਿੰਘ | ਉਂਕਾਰ ਸਿੰਘ



ਜਸਕਰਨ ਥਾਂਦੀ | ਬੀ ਜੇ ਐਸ ਬਿਲਡਿੰਗ ਸਪਲਾਈਜ਼ | ਆਈਡਲ | ਨੀਅਰ ਕੰਕਰੀਟ | ਸੰਜੂ ਫੈਨੀਲਾ

## ਜਾਰੀ ਕਰਤਾ: ਲੈਸਟਰ ਕਬੱਡੀ ਕਲੱਬ, ਲੈਸਟਰ

ਜਾਣਕਾਰੀ ਲਈ ਸੰਪਰਕ: 07710 35998 - 07764 157559 - 07810 255560 - 07711 112022 - 07811 336753 - 07958 346951 - 07730 345714 - 07817 496001

# ਬਾਗੀ ਅਕਾਲੀਆਂ ਦੇ ਕਬੂਲਨਾਮੇ ਕਾਰਣ ਬਾਦਲ ਦਲ ਤੇ ਜਥੇਦਾਰ ਧਰਮ ਸੰਕਟ ਵਿਚ

**ਵਿਸ਼ੇਸ਼ ਰਿਪੋਟ** ✪ ਅਕਾਲੀ ਸਰਕਾਰ ਵੇਲੇ ਦੀਆਂ ਗਲਤੀਆਂ ਦੀ ਖਿਮਾ ਯਾਚਨਾ ਦੀ ਅਕਾਲ ਤਖਤ ਦੇ ਜਥੇਦਾਰ ਅਗੇ ਕੀਤੀ ਅਪੀਲ ✪ ਬਾਗੀ ਨਵਾਂ ਅਕਾਲੀ ਦਲ ਬਣਾਉਣ ਦੀ ਥਾਂ ਸੰਗਠਨ ਵਿਚ ਰਹਿਕੇ ਕਰਨਗੇ ਜਦੋ ਜਹਿਦ



## ਜਥੇਦਾਰ ਪੰਥਕ ਏਕਤਾ ਲਈ ਨਿਰਪੱਖ ਭੂਮਿਕਾ ਨਿਭਾਉਣ-ਚੰਦੂਮਾਜਰਾ

ਇਸ ਮੌਕੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਨਵੇਂ ਅਕਾਲੀ ਦਲ ਦੀ ਕੋਈ ਲੋੜ ਨਹੀਂ ਹੈ, ਬਲਕਿ ਮੌਜੂਦਾ ਅਕਾਲੀ ਦਲ ਨੂੰ ਹੀ ਤਕੜਾ ਤੇ ਮਜ਼ਬੂਤ ਕਰਨ ਹਿਤ ਉਹ ਅਕਾਲ ਤਖ਼ਤ ਸਾਹਿਬ ਸਨਮੁਖ ਅਰਦਾਸ ਕਰਨ ਤੇ ਭੁੱਲਾਂ ਬਖਸ਼ਾਉਣ ਆਏ ਹਾਂ। ਉਨ੍ਹਾਂ ਕਿਹਾ ਕਿ ਅਸੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਲਿਖਤੀ ਬੇਨਤੀ ਕੀਤੀ ਹੈ ਤੇ ਸਾਨੂੰ ਆਸ ਹੈ ਕਿ ਜਥੇਦਾਰ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਿਚ ਏਕਤਾ ਲਈ ਨਿਰਪੱਖ ਭੂਮਿਕਾ ਨਿਭਾਉਣਗੇ ਤੇ ਪੰਥਕ ਰਹੁ-ਰੀਤਾਂ ਨਾਲ ਫ਼ੈਸਲਾ ਦੇਣਗੇ।

ਅਕਾਲੀ ਸਰਕਾਰ ਵੇਲੇ ਹੋਈਆਂ ਭੁੱਲਾਂ-ਗਲਤੀਆਂ ਦੀ ਖਿਮਾ ਯਾਚਨਾ ਕਰਨ ਲਈ ਅਕਾਲੀ ਦਲ ਦਾ ਬਾਗ਼ੀ ਧੜਾ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਪੇਸ਼ ਹੋਇਆ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣੀ, ਸੁਮੇਧ ਸੈਣੀ ਨੂੰ ਡੀਜੀਪੀ. ਲਾਉਣਾ, ਇਜ਼ਹਾਰ ਆਲਮ ਦੀ ਪਤਨੀ ਨੂੰ ਟਿਕਟ ਦੇ ਕੇ ਮੁੱਖ ਸੰਸਦੀ ਸਕੱਤਰ ਬਣਾਉਣਾ, ਬੇਅਦਬੀਆਂ ਦਾ ਇਨਸਾਫ਼ ਨਾ ਦਿਵਾ ਸਕਣਾ ਵੱਡੀਆਂ ਭੁੱਲਾਂ-ਗਲਤੀਆਂ ਦੱਸ ਕੇ ਕਬੂਲੀਆਂ ਗਈਆਂ। ਨਾਲ ਹੀ ਕਿਹਾ ਗਿਆ ਕਿ ਉਦੋਂ ਅਸੀਂ ਬੋਲ ਨਹੀਂ ਸਕੇ, ਚੁੱਪ ਰਹੇ ਸੀ, ਮਜਬੂਰੀਵੱਸ ਬੋਲਿਆ ਨਹੀਂ ਜਾ ਸਕਿਆ। ਉਸੇ ਗੱਲ ਦਾ ਪਛਤਾਵਾ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੁਆਫੀ ਮੰਗਣ ਆਏ ਹਾਂ।

ਨਾਰਾਜ਼ ਗਰੁੱਪ ਨਾਲ ਸੰਬੰਧਿਤ ਸੀਨੀਅਰ ਅਕਾਲੀ ਆਗੂਆਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫ਼ਿਆਂ ਦਾ ਬੇਨਤੀ ਪੱਤਰ ਸੌਂਪ ਕੇ ਗੁਰੂ ਅਤੇ ਗੁਰੂ ਪੰਥ ਤੋਂ ਖਿਮਾ ਯਾਚਨਾ ਦੀ ਮੰਗ ਕਰਦਿਆਂ ਅਕਾਲ ਤਖ਼ਤ ਸਾਹਿਬ ਵਲੋਂ ਗੁਰਮਤਿ ਪਰੰਪਰਾ ਅਨੁਸਾਰ ਬਣਦੀ ਸਜ਼ਾ ਦੇਣ ਦੀ ਅਪੀਲ ਕੀਤੀ ਅਤੇ ਅਕਾਲ ਤਖ਼ਤ ਦੇ ਸਨਮੁਖ ਹੋ ਕੇ ਅਕਾਲੀ ਦਲ ਨੂੰ ਪਹਿਲਾਂ ਵਾਂਗ ਮੁੜ ਸੁਰਜੀਤ ਕਰਨ ਲਈ ਅਰਦਾਸ ਕੀਤੀ ਗਈ। ਇਨ੍ਹਾਂ ਪੰਥਕ ਆਗੂਆਂ ਵਿਚ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਗੁਰਪ੍ਰਤਾਪ ਸਿੰਘ ਵਡਾਲਾ, ਚਰਨਜੀਤ ਸਿੰਘ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਪਰਮਜੀਤ ਕੌਰ ਗੁਲਸ਼ਨ, ਸਰਵਨ ਸਿੰਘ ਫਿਲੌਰ, ਹਰਮੇਲ ਸਿੰਘ ਟੌਹੜਾ, ਸੁੱਚਾ ਸਿੰਘ ਛੋਟੇਪੁਰ, ਸੀਨੀਅਰ ਅਕਾਲੀ ਆਗੂ ਗਗਨਜੀਤ ਸਿੰਘ ਬਰਨਾਲਾ, ਜਸਟਿਸ ਨਿਰਮਲ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਕਿਰਨਜੋਤ ਕੌਰ, ਆਦਿ ਸਮੇਤ ਹੋਰ ਵੱਖ-ਵੱਖ ਜ਼ਿਲਿਆਂ ਤੋਂ ਆਏ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਆਗੂਆਂ ਵਲੋਂ ਭੁੱਲਾਂ ਬਖ਼ਸ਼ਾਉਣ ਲਈ ਇਹ ਬੇਨਤੀ ਪੱਤਰ ਅਕਾਲ ਤਖ਼ਤ ਸਕੱਤਰੇਤ ਵਿਖੇ ਜਥੇਦਾਰ ਨੂੰ ਸੌਂਪਿਆ ਗਿਆ । ਪੱਤਰ ਪ੍ਰਾਪਤ ਕਰਨ ਉਪਰੰਤ ਜਥੇਦਾਰ ਵਲੋਂ ਇਸ ਵਫ਼ਦ ਨੂੰ ਪੰਜ ਸਿੰਘ ਸਾਹਿਬਾਨ ਦੀ ਜਲਦ ਹੋਣ ਵਾਲੀ ਇਕੱਤਰਤਾ ਵਿਚ ਮਾਮਲੇ ਨੂੰ ਵਿਚਾਰਨ ਦਾ ਭਰੋਸਾ ਦਿੱਤਾ ਗਿਆ ।ਜਥੇਦਾਰ ਨੂੰ ਦਿੱਤੇ ਗਏ ਪੱਤਰ ਵਿਚ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਦੇ ਵੀ ਦਸਤਖ਼ਤ ਸਨ, ਪਰ ਉਹ ਸਿਹਤ ਠੀਕ ਨਾ ਹੋਣ ਕਾਰਨ ਖੁਦ ਨਹੀਂ ਪੁੱਜ ਸਕੇ। ਹਾਲਾਂਕਿ ਇਸ ਗਰੁੱਪ ਵਿਚ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਵੀ ਸ਼ਾਮਿਲ ਨਹੀਂ ਸਨ।

### ਬਾਗੀਆਂ ਦੇ ਕਬੂਲਨਾਮੇ ਕਾਰਣ ਬਾਦਲ ਦਲ ਤੇ ਜਥੇਦਾਰ ਧਰਮ ਸੰਕਟ ਵਿਚ

ਬਾਗੀ ਅਕਾਲੀਆਂ ਦੇ ਇਸ ਕਬੂਲਨਾਮੇ ਕਾਰਣ ਬਾਦਲ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਤੇ ਜਥੇਦਾਰ ਅਕਾਲ ਤਖਤ ਸਾਹਿਬ ਧਰਮ ਸੰਕਟ ਵਿਚ ਫਸ ਗਏ ਹਨ। ਹੁਣ ਤਕ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ ਸਮੇਤ ਸੁਖਬੀਰ ਸਿੰਘ ਬਾਦਲ ਸਮੇਤ ਇਹਨਾਂ ਬਜਰ ਇਤਿਹਾਸਕ ਗਲਤੀਆਂ ਤੋਂ ਕਿਨਾਰਾ ਕਰਦੇ ਰਹੇ ਹਨ।ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਇਥੇ ਸੁਖਬੀਰ ਬਾਦਲ ਨੂੰ ਤਾਂ ਕਿਸੇ ਨੇ ਸੰਮਨ ਹੀ ਨਹੀਂ ਕੀਤਾ, ਇਹ ਉਨ੍ਹਾਂ ਦੇ ਮਨ ਦੀ ਗੱਲ ਸੀ ਕਿ ਮੇਰੇ ਕੋਲੋਂ ਗਲਤੀ ਹੋਈ ਹੈ ਤਾਂ ਉਨ੍ਹਾਂ ਨੇ ਸੰਗਤ ਤੋਂ ਮੁਆਫੀ ਮੰਗ ਲਈ। ਜੇ ਕਿਸੇ ਨੇ ਸ੍ਰੀ ਅਕਾਲ ਤਖਤ ਸਾਹਿ ਵਿਚ ਲਿਖ ਕੇ ਦੇਣਾ ਹੈ ਉਹ ਦੇਵੇ, ਜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਨੂੰ ਸੁਨੇਹਾ ਭਿਜਵਾਉਂਦੇ ਹਨ ਤਾਂ ਅਸੀਂ ਨੰਗੇ ਪੈਰ ਉਥੇ ਪੇਸ਼ ਹੋਵਾਂਗੇ। ਇਸ ਦੇ ਸਾਫ ਅਰਥ ਹਨ ਕਿ ਬਾਦਲ ਅਕਾਲੀ ਲੀਡਰਸ਼ਿਪ ਗਲਤੀ ਮੰਨਣ ਨੂੰ ਤਿਆਰ ਨਹੀਂ।

ਇਥੋਂ ਤਕ ਝੂੰਦਾ ਰਿਪੋਟ ਅਨੁਸਾਰ ਅਕਾਲ ਤਖਤ ਸਾਹਿਬ ਅਗੇ ਗਲਤੀਆਂ ਮੰਨਣ ਲਈ ਬਾਦਲ ਅਕਾਲੀ ਲੀਡਰਸ਼ਿਪ ਪੇਸ਼ ਨਹੀਂ ਹੋਈ। ਇਸ ਦੇ ਸਾਫ ਅਰਥ ਹਨ ਕਿ ਬਾਦਲ ਅਕਾਲੀ ਦਲ ਨੇ ਹੁਣ ਤਕ ਇਹਨਾਂ ਗਲਤੀਆਂ ਨੂੰ ਪ੍ਰਵਾਨ ਨਹੀਂ ਕੀਤਾ ।ਜਦ ਕਿ ਹੁਣ ਸੁਖਬੀਰ ਸਿੰਘ ਬਾਦਲ ਦੇ ਬਾਗੀ ਸਾਥੀਆਂ ਨੇ ਗਲਤੀਆਂ ਕਬੂਲ ਲਈਆਂ ਹਨ ਤਾਂ ਬਾਦਲ ਦਲ ਲਈ ਹੁਣ ਸਿਆਸੀ ਸੰਕਟ ਖੜਾ ਹੋ ਗਿਆ ਹੈ।

ਚਿੰਤਕ ਤੇ ਪੱਤਰਕਾਰ ਹਮੀਰ ਸਿੰਘ ਦਾ ਕਹਿਣਾ ਹੈ ਕਿ ਅਕਾਲ ਤਖਤ ਸਾਹਿਬ ਦੀ ਪੇਸ਼ੀ ਤੋਂ ਬਿਨਾਂ ਬਾਦਲ ਅਕਾਲੀ ਦਲ ਦਾ ਛੁਟਕਾਰਾ ਨਹੀਂ ਹੋਣਾ। ਬਾਦਲ ਦਲ ਦੀ ਲੀਡਰਸ਼ਿਪ ਇਹਨਾਂ ਗਲਤੀਆਂ ਤੋਂ ਕਿੰਨਾ ਚਿਰ ਕਿਨਾਰਾ ਕਰੇਗੀ ?

ਪ੍ਰਸਿੱਧ ਲੇਖਕ ਤੇ ਬੁਧੀਜੀਵੀ ਗੁਰਮੀਤ ਸਿੰਘ ਪਲਾਹੀ ਆਖਦੇ ਹਨ ਕਿ ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋਕੇ ਸਜ਼ਾਵਾਂ ਲਗਵਾਕੇ ਆਪ ਦੁੱਧ ਧੋਤੇ ਹੋ ਜਾਣਗੇ ? ਕੀ ਸੁਖਬੀਰ ਸਿੰਘ ਬਾਦਲ ਪਿਛਲੀਆਂ ਕੀਤੀਆਂ ਭੁਲਾ ਬਖ਼ਸ਼ਾਕੇ ਸਾਫ਼ ਸੁਥਰਾ ਹੋ ਜਾਵੇਗਾ ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ। ਉਨ੍ਹਾਂ ਕਿਹਾ ਕਿ ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ ਵਿਚ ਰਾਜਾਂ ਲਈ ਵਧ ਅਧਿਕਾਰ ਲੈਕੇ ਸੂਬੇ ਦਾ ਕੁਝ ਸੁਆਰ ਸਕੇ। ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁਦੱਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਨਾਉਣ ਦੇ ਚੱਕਰ ਵਿਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉਤੇ ਸਵਾਲ ਖੜੇ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ।

ਬਾਕੀ ਹਿਸਾ ਸਫਾ 49 ਤੇ ਪੜ੍ਹੋ →

## ਬਾਗੀ ਅਕਾਲੀ ਝੂੰਦਾ ਕਮੇਟੀ ਦੀ ਰਿਪੋਟ ਲਾਗੂ ਕਰਨ ਉਪਰ ਅੜੇ, ਕੁਝ ਅੰਸ਼ ਜਨਤਕ ਕੀਤੇ

ਜਲੰਧਰ-ਬਾਗੀ ਅਕਾਲੀ ਧੜੇ ਨੇ ਜਨਤਕ ਕੀਤੀ ਝੂੰਦਾਂ ਕਮੇਟੀ ਦੀ ਰਿਪੋਰਟ, ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਦੋ ਸੀਨੀਅਰ ਆਗੂਆਂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਝੂੰਦਾਂ ਕਮੇਟੀ ਦੀ ਰਿਪੋਰਟ ਦੇ ਕੁਝ ਅੰਸ਼ ਜਨਤਕ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਜੇਕਰ ਇਸ ਰਿਪੋਰਟ ਨੂੰ ਲਾਗੂ ਕੀਤਾ ਹੁੰਦਾ ਤਾਂ ਪਾਰਟੀ ਨੂੰ ਅੱਜ ਇਹ ਦਿਨ ਨਹੀਂ ਸੀ ਦੇਖਣੇ ਪੈਂਦੇ।

ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਖਿਮਾਜਾਚਨਾ ਕਰਨ ਤੋਂ ਇੱਕ ਦਿਨ ਪਹਿਲਾਂ ਝੂੰਦਾਂ ਕਮੇਟੀ ਦੇ ਮੈਂਬਰ ਰਹੇ ਚੰਦੂਮਾਜਰਾ ਅਤੇ ਜਥੇਦਾਰ ਵਡਾਲਾ ਨੇ ਰਿਪੋਰਟ ਦਾ ਕੁਝ ਹਿੱਸਾ ਪੇਸ਼ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਨਵੀਂ ਮੁਸਬੀਤ ਖੜ੍ਹੀ ਕਰ ਦਿੱਤੀ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਰਿਪੋਰਟ ਦੀ ਨਕਲ ਵੀ ਨਹੀਂ ਹੈ। ਉਨ੍ਹਾਂ ਇਸ ਰਿਪੋਰਟ ਵਿੱਚ ਸ਼ਾਮਿਲ ਕੀਤੇ 16 ਨੁਕਤੇ ਪਹਿਲੀ ਵਾਰ ਜਨਤਕ ਕੀਤੇ ਗਏ।

### ਰਿਪੋਰਟ ਵਿੱਚ ਸੋਈ ਨੂੰ ਭੰਗ ਕਰਨ ਦੀ ਸਿਫ਼ਾਰਸ਼

ਝੂੰਦਾ ਕਮੇਟੀ ਦੀ ਰਿਪੋਰਟ ਵਿੱਚ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ (ਸੋਈ) ਨੂੰ ਭੰਗ ਕਰਨ ਦੀ ਸਿਫਾਰਸ਼ ਕੀਤੀ ਗਈ ਸੀ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਬਹਾਲ ਕਰਨ ਦੀ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ। ਟਿਕਟਾਂ ਦੀ ਵੰਡ ਲਈ ਪਾਰਲੀਮਾਨੀ ਬੋਰਡ ਬਣਾਉਣ, ਸ਼੍ਰੋਮਣੀ ਅਕਾਲੀ ਦਲ ਦਾ ਦਫ਼ਤਰ ਮੁੜ ਅੰਮ੍ਰਿਤਸਰ ਵਿੱਚ ਸਥਾਪਤ ਕਰਨ ਅਤੇ ਪ੍ਰਧਾਨ ਦੀ ਮਿਆਦ ਦੋ ਵਾਰ ਤੋਂ ਬਾਅਦ ਲਗਾਤਾਰ ਨਾ ਹੋਣ ਦੀ ਸਿਫਾਰਸ਼ ਕੀਤੀ ਗਈ ਸੀ।

ਜਥੇਦਾਰ ਵਡਾਲਾ ਨੇ ਕਿਹਾ ਕਿ ਝੂੰਦਾ ਰਿਪੋਰਟ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਪਾਰਟੀ ਵਿੱਚੋਂ ਏਕਾਧਿਕਾਰ ਖਤਮ ਕਰਕੇ ਸਮੂਹਿਕ ਲੀਡਰਸ਼ਿਪ ਸਾਹਮਣੇ ਆਉਣੀ ਚਾਹੀਦੀ ਹੈ ਜਿਵੇਂ ਪਹਿਲਾਂ ਵਾਲੇ ਸਮਿਆਂ ਵਿਚ ਸੀ। ਸ਼੍ਰੋਮਣੀ ਕਮੇਟੀ ਮੈਂਬਰ ਵੀ ਰਾਜਨੀਤਕ ਚੋਣ ਨਹੀਂ ਲੜ ਸਕਦਾ।

ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਦੇ ਬੁਨਿਆਦੀ ਮੁੱਦਿਆਂ 'ਤੇ ਡੱਟ ਕੇ ਪਹਿਰੇਦਾਰੀ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ ਗਈ ਸੀ। ਇੱਕ ਪਰਿਵਾਰ ਇੱਕ ਟਿਕਟ ਅਤੇ ਸ਼੍ਰੋਮਣੀ ਕਮੇਟੀ ਵਿੱਚ ਰਾਜਨੀਤਕ ਦਖਲਅੰਦਾਜ਼ੀ ਬੰਦ ਕਰਨ ਦੀ ਵੀ ਸਿਫਾਰਿਸ਼ ਕੀਤੀ ਗਈ ਸੀ।

# ਡਰਬੀ ਦੀ ਸਰਬਜੀਤ ਕੌਰ ਨੇ ਬ੍ਰਿਟਿਸ਼ ਤੇ ਵਰਲਡ ਪਾਵਰ ਲਿਫਟਿੰਗ ਵਿੱਚ ਗੋਲਡ ਮੈਡਲ ਜਿੱਤ

ਡਰਬੀ (ਪੰਜਾਬ ਟਾਈਮਜ਼) – ਜਿੱਥੇ ਪੰਜਾਬੀ ਗੱਭਰੂ ਖੇਡ ਦੇ ਮੈਦਾਨ ਵਿੱਚ ਮੱਲਾਂ ਮਾਰਨ ਵਿੱਚ ਅੱਗੇ ਰਹਿੰਦੇ ਹਨ, ਉਥੇ ਪੰਜਾਬਣਾਂ ਮੁਟਿਆਰਾਂ ਵੀ ਕਿਸੇ ਤੋਂ ਘੱਟ ਨਹੀਂ ਹਨ। ਬੀਤੇ ਦਿਨੀਂ ਸਾਊਥ ਵੇਲਜ਼ ਨਿਊਪੋਰਟ ਵਿਖੇ ਵਰਲਡ ਪਾਵਰ ਲਿਫਟਿੰਗ ਲੀਗ ਦੌਰਾਨ ਡਰਬੀ ਦੀ ਪੰਜਾਬਣ 49 ਸਾਲਾ ਸਰਬਜੀਤ ਕੌਰ ਨੇ ਆਪਣੇ ਗਰੁੱਪ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਜਿੱਤ ਕੇ ਸਾਰੇ ਪੰਜਾਬੀਆਂ ਦਾ ਨਾਂ ਉਚਾ ਕੀਤਾ ਹੈ।

ਸਰਬਜੀਤ ਕੌਰ ਨੇ ਪੰਜਾਬ ਟਾਈਮਜ਼ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਨੂੰ ਖੇਡਾਂ ਦਾ ਬੜਾ ਸ਼ੌਕ ਸੀ, ਉਹ ਜਿੰਮ ਵਿੱਚ ਕਸਰਤ ਤਾਂ ਕਾਫ਼ੀ ਲੰਮੇ ਸਮੇਂ ਤੋਂ ਹੀ ਕਰਦੀ ਆ ਰਹੀ ਸੀ, ਪਰ ਉਹਨੇ ਪਾਵਰ ਲਿਫਟਿੰਗ ਵਿੱਚ ਸਿਖਲਾਈ ਪਿਛਲੇ ਸਾਲ ਹੀ ਸ਼ੁਰੂ ਕੀਤੀ ਸੀ ਤੇ ਹੁਣ ਤੱਕ ਉਹ ਵੱਖ–ਵੱਖ ਮੁਕਾਬਲਿਆਂ ਵਿੱਚ ਭਾਗ ਲੈ ਕੇ 6 ਮੈਡਲ ਹਾਸਲ ਕਰ ਚੁੱਕੀ ਹੈ। ਸਰਬਜੀਤ ਦੇ ਪਿਤਾ ਸਵਰਗੀ ਸ: ਮੋਹਣ ਸਿੰਘ ਵੀ ਖ਼ੁਦ ਇਕ ਖਿਡਾਰੀ ਸਨ। ਉਹ ਆਪਣੀ ਬੇਟੀ ਨੂੰ ਸਟਰੌਂਗ ਪੁੱਤ ਜਾਂ ਸ਼ੇਰ ਧੀ ਆਖਿਆ ਕਰਦੇ ਸਨ। ਸਰਬਜੀਤ ਨੇ ਦੱਸਿਆ ਕਿ ਉਸ ਨੇ ਆਪਣੇ ਪਿਤਾ ਦੀ ਯਾਦ ਵਿੱਚ ਪਾਵਰ ਲਿਫਟਿੰਗ ਸ਼ੁਰੂ ਕੀਤੀ ਤੇ ਹੁਣ ਤੱਕ ਉਹ ਜਿੱਤਾਂ ਪ੍ਰਾਪਤ ਕਰ ਸਕੀ। ਉਸਨੇ ਮਈ 2024 ਵਿੱਚ ਕਵੈਂਟਰੀ ਵਿਖੇ ਹੋਈ ਬ੍ਰਿਟਿਸ਼ ਪਾਵਰ ਲਿਫਟਿੰਗ ਚੈਂਪੀਅਨਸ਼ਿੱਪ 'ਚ ਭਾਗ ਲੈਂਦਿਆਂ ਗੋਲਡ ਮੈਡਲ ਹਾਸਲ ਕੀਤਾ ਸੀ। ਇਸੇ ਤਰ੍ਹਾਂ 30 ਜੂਨ ਨੂੰ ਨਿਊਪੋਰਟ ਸਾਊਥ ਵੇਲਜ਼ ਵਿੱਚ ਵਰਲਡ ਪਾਵਰ ਲਿਫਟਿੰਗ ਲੀਗ ਵਿੱਚ ਵੀ ਗੋਲਡ ਮੈਡਲ ਜਿੱਤਿਆ। ਉਸ ਨੇ 135 ਕਿੱਲੋ ਦੀ ਡੈਡ ਲਿਫਟ, 120 ਕਿੱਲੋ ਦੀ ਸਕੌਟ, ਤੇ 60 ਕਿੱਲੋ ਦੀ ਬੈਂਚ ਪ੍ਰੈਸ ਲਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।


ਸ: ਅਵਤਾਰ ਸਿੰਘ ਜਵੰਦਾ, ਸਰਬਜੀਤ ਕੌਰ

ਸਰਬਜੀਤ ਨੇ ਦੱਸਿਆ ਕਿ ਉਹਨਾਂ ਦੇ ਪਤੀ ਸ: ਜਸਵਿੰਦਰ ਸਿੰਘ ਨੇ ਪਿਛਲੇ ਸਾਲ ਉਸ ਨੂੰ ਸ: ਅਵਤਾਰ ਸਿੰਘ ਜਵੰਦਾ ਪਾਸੋਂ ਸਿਖਲਾਈ ਲੈਣ ਲਈ ਉਤਸਾਹਿਤ ਕੀਤਾ ਸੀ। ਉਸ ਦੇ ਕੋਚ ਸ: ਅਵਤਾਰ ਸਿੰਘ ਜਵੰਦਾ ਡਰਬੀ ਵਾਸੀ ਜਾਣ ਪਛਾਣ ਦੇ ਮੁਥਾਹਜ ਨਹੀਂ ਹਨ। ਉਹ ਖੁਦ ਵੀ ਓਵਰ 40 ਸਾਲ ਗਰੁੱਪ ਵਿੱਚ ਕਈ ਸਾਲ ਲਗਾਤਾਰ ਯੂ ਕੇ ਚੈਂਪੀਅਨ, ਯੂਰਪੀਅਨ ਅਤੇ ਵਰਲਡ ਚੈਂਪੀਅਨ ਰਹੇ ਹਨ। 73 ਸਾਲਾ ਸ: ਅਵਤਾਰ ਸਿੰਘ ਜਵੰਦਾ ਨੇ ਕਾਫ਼ੀ ਸਮਾਂ ਕਿਸੇ ਖੇਡ ਵਿੱਚ ਭਾਗ ਨਹੀਂ ਲਿਆ। ਸਰਬਜੀਤ ਨੂੰ ਸਿਖਲਾਈ ਦੇਣ ਦੌਰਾਨ ਉਹ ਆਪ ਵੀ ਟਰੇਨਿੰਗ ਕਰਦੇ ਰਹੇ ਤੇ ਇਸ ਸਾਲ 70 ਸਾਲ ਤੋਂ ਉਪਰ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਗੋਲਡ ਮੈਡਲ ਹਾਸਲ ਕੀਤਾ ਹੈ। ਸ: ਜਵੰਦਾ ਨੇ ਕਿਹਾ ਕਿ ਸਰਬਜੀਤ ਬਹੁਤ ਮਿਹਨਤ ਕਰ ਰਹੀ ਹੈ। ਉਹਨਾਂ ਹੋਰ ਨੌਜਵਾਨ ਬੱਚੇ ਬੱਚੀਆਂ ਨੂੰ ਕਿਹਾ ਕਿ ਹਰ ਇਕ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਉਹਨਾਂ ਨੇ ਆਪਣੀ ਬਾਂਹ ਠੀਕ ਨਾ ਹੁੰਦੇ ਹੋਏ ਵੀ, 145 ਕਿੱਲੋ ਦੀ ਬੈਠਕ, 50 ਕਿੱਲੋ ਦੀ ਬੈਂਚ ਪ੍ਰੈਸ ਅਤੇ 150 ਕਿੱਲੋ ਦੀ ਡੈਡ ਲਿਫਟ ਲਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।

# ਸਿੰਘ ਸਭਾ ਡਰਬੀ ਵਿਖੇ ਜੂਨ 84 ਘੱਲੂਘਾਰੇ ਦੀ ਸ਼ਹੀਦੀ ਯਾਦਗਾਰ ਬਨਾਉਣ ਦੀ ਜਥੇਦਾਰ ਹਰਨਾਮ ਸਿੰਘ ਜੀ ਵੱਲੋਂ ਸ਼ਲਾਘਾ

ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਦਮਦਮੀ ਟਕਸਾਲ ਦੇ ਮੁਖੀ ਜਥੇਦਾਰ ਹਰਨਾਮ ਸਿੰਘ ਧੁੰਮਾ ਯੂ ਕੇ ਪ੍ਰਚਾਰ ਦੌਰੇ ਤੇ ਆਏ ਤਾਂ ਉਹ ਡਰਬੀ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਵਿਖੇ ਪ੍ਰਚਾਰ ਫੇਰੀ ਲਈ ਪਹੁੰਚੇ। ਇਸ ਦੌਰਾਨ ਸਮਾਂ ਕੱਢ ਕੇ ਜਥੇਦਾਰ ਜੀ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਵੀ ਪਹੁੰਚੇ। ਜਿੱਥੇ ਜੂਨ 1984 ਘੱਲੂਘਾਰੇ ਸਬੰਧੀ ਬਣਾਈ ਗਈ ਯਾਦਗਾਰ ਅਤੇ ਸਿੱਖ ਅਜਾਇਬਘਰ ਦੇ ਦਰਸ਼ਨ ਕੀਤੇ। ਇਸ ਉਪਰੰਤ ਉਹਨਾਂ ਨੇ ਇਹ ਸ਼ਹੀਦੀ ਯਾਦਗਾਰ ਬਨਾਉਣ ਲਈ ਸਿੰਘ ਸਭਾ ਡਰਬੀ ਦੇ ਸੇਵਾਦਾਰਾਂ ਦੀ ਭਰਪੂਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ। ਇਸ ਯਾਦਗਾਰ ਦੇ ਸਾਹਮਣੇ ਬਗੀਚੇ ਵਿੱਚ ਉਹਨਾਂ ਇੱਕ ਬੂਟਾ ਵੀ ਲਾਇਆ।

ਇਸ ਦੇ ਇਲਾਵਾ ਉਹਨਾਂ ਨੇ ਅਜਾਇਬਘਰ ਵਿੱਚ ਰੈਫਰੈਂਸ ਲਾਇਬ੍ਰੇਰੀ, ਆਰਟ ਗੈਲਰੀ ਅਤੇ ਸ਼ਹੀਦੀ ਪ੍ਰਦਰਸ਼ਨੀ ਦੇ ਦਰਸ਼ਨ ਕਰਨ ਉਪਰੰਤ ਸਿੰਘ ਸਭਾ ਤੇ ਅਜਾਇਬਘਰ ਦੇ ਸੇਵਾਦਾਰਾਂ ਦੀਆਂ ਇਹਨਾਂ ਸੇਵਾਵਾਂ ਲਈ ਧੰਨਵਾਦ ਕੀਤਾ।

ਜਥੇਦਾਰ ਹਰਨਾਮ ਸਿੰਘ ਨੇ ਜ਼ਿਕਰ ਕੀਤਾ ਕਿ ਪਿਛਲੇ ਸਾਲ ਫੇਰੀ ਦੌਰਾਨ ਸ: ਰਾਜਿੰਦਰ ਸਿੰਘ ਪੁਰੇਵਾਲ ਨੂੰ ਸ੍ਰੀ ਅਕਾਲ ਤਖ਼ਤ ਦਾ ਮਾਡਲ ਬਣਵਾਉਣ ਲਈ ਕਿਹਾ ਗਿਆ ਸੀ, ਤੇ ਉਹਨਾਂ ਨੇ ਇਹ ਮਾਡਲ ਬਣਵਾਉਣ ਵਿੱਚ ਮਦਦ ਕੀਤੀ ਸੀ। ਸ: ਪੁਰੇਵਾਲ ਨੇ ਕਿਹਾ ਕਿ ਸਾਡੀ ਮਨਸ਼ਾ ਸੀ ਕਿ ਇਹ ਮਾਡਲ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਰੱਖਿਆ ਜਾਣਾ ਚਾਹੀ–ਦਾ ਸੀ। ਬਾਬਾ ਹਰਨਾਮ ਸਿੰਘ ਜੀ ਨੇ ਕਿਹਾ ਕਿ ਜੂਨ 84 ਦੇ ਸ਼ਹੀਦੀ ਦਿਹਾੜਿਆਂ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਹ ਮਾਡਲ ਸੰਗਤਾਂ ਦੇ ਦਰਸ਼ਨਾਂ ਲਈ ਰੱਖਣ ਵਾਸਤੇ ਇਜਾਜ਼ਤ ਮਿਲ ਗਈ ਹੈ, ਜੋ ਸੰਗਤਾਂ ਨੂੰ ਜੂਨ 1984 ਘੱਲੂਘਾਰੇ ਦੀ ਯਾਦ ਦਿਵਾਉਂਦਾ ਰਹੇਗਾ। ਬਾਬਾ ਜੀ ਨੇ ਸੰਗਤਾਂ ਨੂੰ ਵੱਧ ਤੋਂ ਵੱਧ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਦੀ ਅਪੀਲ ਵੀ ਕੀਤੀ। ਉਹਨਾਂ ਦੇ ਨਾਲ ਯੂ ਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਵੀ ਡਰਬੀ ਪਹੁੰਚੀਆਂ।


ਜਥੇਦਾਰ ਹਰਨਾਮ ਸਿੰਘ ਜੀ ਸ਼ਹੀਦੀ ਬਗੀਚੇ ਵਿੱਚ ਯਾਦਗਾਰੀ ਬੂਟਾ ਲਾਉਂਦੇ ਹੋਏ

# ਵਿਸ਼ਵ ਵਿਗਿਆਨੀਆਂ ਅਨੁਸਾਰ ਨਵਾਂ ਵਾਇਰਸ ਐਮਪੌਕਸ ਘਾਤਕ


## ✪ ਲੋਕਾਂ ਵਿੱਚ ਆਸਾਨੀ ਨਾਲ ਫੈਲਣ ਲਗਾ, ਬੱਚਿਆਂ ਦੀ ਲੈ ਰਿਹਾ ਹੈ ਜਾਨ, ਐਡਵਾਇਜ਼ਰੀ ਜਾਰੀ

ਕਾਂਗੋ-ਵਿਗਿਆਨੀਆਂ ਨੇ ਐਮਪੌਕਸ ਵਾਇਰਸ ਬਾਰੇ ਦੁਨੀਆ ਨੂੰ ਚੇਤਾਵਨੀ ਦਿੱਤੀ ਹੈ। ਖੋਜਕਰਤਾਵਾਂ ਨੇ ਕਿਹਾ ਕਿ ਐਮਪੌਕਸ ਦਾ ਨਵਾਂ ਸਟ੍ਰੇਨ ਕਾਫ਼ੀ ਘਾਤਕ ਹੈ ਅਤੇ ਲੋਕਾਂ ਵਿੱਚ ਬਹੁਤ ਆਸਾਨੀ ਨਾਲ ਫੈਲਦਾ ਹੈ। ਇਹ ਕਾਂਗੋ ਲੋਕਤੰਤਰੀ ਗਣਰਾਜ ਜੋ ਅਫਰੀਕਾ ਦਾ ਖੁਦਮੁਖਤਿਆਰ ਦੇਸ ਹੈ, ਵਿੱਚ ਬੱਚਿਆਂ ਨੂੰ ਮਾਰ ਰਿਹਾ ਹੈ ਅਤੇ ਗਰਭਪਾਤ ਕਰਵਾ ਰਿਹਾ ਹੈ। ਖੋਜਕਰਤਾਵਾਂ ਨੂੰ ਡਰ ਹੈ ਕਿ ਇਹ ਗੁਆਂਢੀ ਦੇਸ਼ਾਂ ਵਿੱਚ ਵੀ ਫੈਲ ਗਿਆ ਹੈ। ਰਵਾਂਡਾ ਯੂਨੀਵਰਸਿਟੀ ਦੇ ਖੋਜਕਰਤਾ ਜੀਨ-ਕਲਾਡ ਉਦਾਹੇਮੁਕਾ, ਜੋ ਵਾਇਰਸ ਦੀ ਖੋਜ ਕਰ ਰਹੇ ਹਨ, ਨੇ ਦੱਸਿਆ ਕਿ 'ਇਸ ਨਵੇਂ ਸਟਰੇਨ ਨੂੰ ਹੋਰ ਥਾਵਾਂ 'ਤੇ ਫੈਲਣ ਤੋਂ ਰੋਕਣ ਵਿੱਚ ਦੇਰੀ ਦੇਰ ਹੋ ਜਾਵੇ, ਸਾਰੇ ਦੇਸ਼ਾਂ ਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ।

ਖੋਜਕਾਰਾਂ ਦੇ ਅਨੁਸਾਰ, ਸਾਲ 2022 ਵਿੱਚ, ਐਮਪੌਕਸ ਦੀ ਇੱਕ ਨਵੀਂ ਕਿਸਮ 110 ਤੋਂ ਵੱਧ ਦੇਸ਼ਾਂ ਵਿੱਚ ਫੈਲ ਜਾਵੇਗੀ। ਇਸ ਨਾਲ ਜ਼ਿਆਦਾਤਰ ਗੇ ਅਤੇ ਬਾਇਸੈਕਸੂਅਲ ਪੁਰਸ਼ ਪ੍ਰਭਾਵਿਤ ਹੋਏ। ਇਹ ਵਾਇਰਸ ਪਹਿਲਾਂ ਮੌਂਕੀਪੌਕਸ ਵਜੋਂ ਜਾਣਿਆ ਜਾਂਦਾ ਸੀ, ਇਹ ਇੱਕ ਕਲੇਡ II ਸਟ੍ਰੇਨ ਸੀ। ਪਰ ਕਲੇਡ 1 ਸਟ੍ਰੇਨ ਦਾ ਪ੍ਰਕੋਪ 10 ਗੁਣਾ ਜ਼ਿਆਦਾ ਘਾਤਕ ਹੈ। ਅਜਿਹਾ ਅਫ਼ਰੀਕਾ ਵਿੱਚ ਲਗਾਤਾਰ ਹੁੰਦਾ ਰਿਹਾ ਹੈ, ਪਹਿਲੀ ਵਾਰ 1970 ਵਿੱਚ ਡੀ.ਆਰ. ਇਹ ਕਾਂਗੋ ਵਿੱਚ ਖੋਜਿਆ ਗਿਆ ਸੀ। ਜੇਕਰ ਦੂਜੇ ਦੇਸ਼ਾਂ ਵਿਚ ਦੇਖਿਆ ਜਾਵੇ ਤਾਂ ਇਹ ਵਾਇਰਸ ਜਿਨਸੀ ਸੰਬੰਧਾਂ ਰਾਹੀਂ ਫੈਲਦਾ ਹੈ, ਜਦਕਿ ਅਫਰੀਕਾ ਵਿਚ ਜ਼ਿਆਦਾਤਰ ਲੋਕ ਜਾਨਵਰਾਂ ਦਾ ਮਾਸ ਖਾ ਕੇ ਕਲੇਡ-1 ਦਾ ਸ਼ਿਕਾਰ ਹੋਏ।

# ਪ੍ਰਧਾਨ ਮੰਤਰੀ ਮੋਦੀ ਦੇ ਰੂਸ ਦੌਰੇ ਤੋਂ ਪਹਿਲਾਂ ਮੰਗ ਤੇਜ਼, ਮਾਸਕੋ ਵਿਚ ਬਣਾਓ ਹਿੰਦੂ ਮੰਦਰ !

## ✪ ਇੰਡੀਅਨ ਬਿਜ਼ਨਸ ਅਲਾਇੰਸ ਅਤੇ ਇੰਡੀਅਨ ਨੈਸ਼ਨਲ ਕਲਚਰਲ ਸੈਂਟਰ ਨੇ ਇਹ ਕੀਤੀ ਮੰਗ



ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਹੀਨੇ ਰੂਸ ਦੇ ਅਧਿਕਾਰਤ ਦੌਰੇ 'ਤੇ ਜਾ ਰਹੇ ਹਨ। ਭਾਰਤ ਅਤੇ ਰੂਸ ਦੋਵਾਂ ਵਿੱਚ ਇਸ ਦੌਰੇ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਇਸ ਦੌਰਾਨ ਰੂਸ ਵਿਚ ਪਹਿਲੇ ਹਿੰਦੂ ਮੰਦਰ ਦੇ ਨਿਰਮਾਣ ਦੀ ਮੰਗ ਤੇਜ਼ ਹੋ ਗਈ ਹੈ। ਪ੍ਰਧਾਨ ਮੰਤਰੀ ਮੋਦੀ ਦੀ 8 ਜੁਲਾਈ ਨੂੰ ਮਾਸਕੋ ਫੇਰੀ ਤੋਂ ਪਹਿਲਾਂ ਰੂਸ ਵਿੱਚ ਭਾਰਤੀ ਭਾਈਚਾਰੇ ਨੇ ਇੱਥੇ ਇੱਕ ਹਿੰਦੂ ਮੰਦਰ ਦੀ ਉਸਾਰੀ ਦੀ ਮੰਗ ਤੇਜ਼ ਕਰ ਦਿੱਤੀ ਹੈ। 8 ਜੁਲਾਈ ਨੂੰ ਪੀ.ਐਮ ਮੋਦੀ ਅਤੇ ਪੁਤਿਨ ਵਿਚਾਲੇ ਦੁਵੱਲੀ ਗੱਲਬਾਤ ਹੋਵੇਗੀ। ਇੰਡੀਅਨ ਬਿਜ਼ਨਸ ਅਲਾਇੰਸ ਅਤੇ ਇੰਡੀਅਨ ਨੈਸ਼ਨਲ ਕਲਚਰਲ ਸੈਂਟਰ ਨੇ ਇਹ ਮੰਗ ਕੀਤੀ ਹੈ। ਇੰਡੀਅਨ ਬਿਜ਼ਨਸ ਅਲਾਇੰਸ ਦੇ ਪ੍ਰਧਾਨ ਸਵਾਮੀ ਕੋਤਵਾਨੀ ਨੇ ਮਾਸਕੋ ਵਿੱਚ ਰੂਸ ਦਾ ਪਹਿਲਾ ਹਿੰਦੂ ਮੰਦਰ ਬਣਾਉਣ ਦੀ ਇੱਛਾ ਪ੍ਰਗਟਾਈ ਹੈ। ਇਹ ਮੰਦਰ ਭਾਰਤੀ ਪ੍ਰਵਾਸੀਆਂ ਲਈ ਅਧਿਆਤਮਕ ਅਤੇ ਸੱਭਿਆਚਾਰਕ ਕੇਂਦਰ ਹੋਵੇਗਾ।

ਸ: ਸੁਰਜੀਤ ਸਿੰਘ ਉੱਪਲ ਦੀ ਅਸਧਾਰਨ ਯਾਤਰਾ, ਜਿਨ੍ਹਾਂ ਨੇ ਬ੍ਰਿਟੇਨ ਵਿੱਚ ਮੈਜਿਸਟਰੇਟ ਬਣਨ ਤੱਕ ਦੀ ਬੁਲੰਦੀ ਹਾਸਲ ਕੀਤੀ। ਉਹਨਾਂ ਦੀ ਇਸ ਗ਼ਜ਼ਬ ਦੀ ਲਗਨ ਅਤੇ ਸਮਰਪਣ ਨੇ ਨਾ ਸਿਰਫ ਉਹਨਾਂ ਦਾ ਆਪਣਾ ਭਵਿੱਖ ਸਵਾਰਿਆ, ਸਗੋਂ ਉਹਨਾਂ ਦੇ ਸਪੁੱਤਰ ਨੂੰ ਰਾਜਨੀਤਕ ਸਫ਼ਲਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ, ਜੋ 2010 ਵਿੱਚ ਸੰਸਦ ਵਿਚ Conservaitve ਪਾਰਟੀ ਦੇ ਮੈਂਬਰ ਬਣੇ



# ਜਲੰਧਰ ਵੈਸਟ ਦੀ ਸੀਟ ਕੌਣ ਜਿਤੇਗਾ ?

**✪ ਭਾਜਪਾ, 'ਆਪ' ਤੇ ਕਾਂਗਰਸ ਵਿਚਾਲੇ ਸਖਤ ਮੁਕਾਬਲਾ ✪ ਬਾਦਲ ਦਲ ਨੇ ਆਪਣੇ ਉਮੀਦਵਾਰ ਦੀ ਹਮਾਇਤ ਬਾਗੀਆਂ ਕਾਰਣ ਵਾਪਸ ਲਈ, ਬਸਪਾ ਦੀ ਕੀਤੀ ਹਮਾਇਤ ✪ ਬਾਗੀ ਅਕਾਲੀ ਉਮੀਦਵਾਰ ਦੀ ਹਾਸੋਹੀਣੀ ਸਥਿਤੀ ਬਣੀ ✪ 'ਆਪ' ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਅਕਾਲੀ ਦਲ ਵਿਚ**





ਜਲੰਧਰ-ਜਲੰਧਰ ਵੈਸਟ ਵਿਧਾਨ ਸਭਾ ਹਲਕੇ ਵਿਚ 10 ਜੁਲਾਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਮਾਹੌਲ ਪੂਰੀ ਤਰ੍ਹਾਂ ਗਰਮਾ ਰਿਹਾ ਹੈ। ਇਸ ਸੀਟ ਨੂੰ ਜਿੱਤਣਾ ਭਾਜਪਾ, 'ਆਪ' ਅਤੇ ਕਾਂਗਰਸ ਦੇ ਵੱਕਾਰ ਦਾ ਸਵਾਲ ਬਣ ਚੁੱਕਾ ਹੈ। ਜਲੰਧਰ ਵੈਸਟ ਦੀ ਇਹ ਸੀਟ ਕਿਸ ਪਾਰਟੀ ਦੀ ਝੋਲੀ ਵਿਚ ਜਾਵੇਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਸ ਸੀਟ ਨੂੰ ਜਿੱਤਣ ਲਈ ਸਾਰੀਆਂ ਸਿਆਸੀ ਪਾਰਟੀਆਂ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਸਾਲ 2022 ਵਿਚ ਆਪ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਸ਼ੀਤਲ ਅੰਗੁਰਾਲ ਜਲੰਧਰ ਵੈਸਟ ਤੋਂ ਵਿਧਾਇਕ ਬਣੇ ਸਨ ਪਰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਭਾਜਪਾ ਵਿਚ ਸ਼ਾਮਲ ਹੋ ਗਏ। ਇਸ ਦੌਰਾਨ ਉਨ੍ਹਾਂ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫ਼ਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ। ਹਾਲਾਂਕਿ ਬਾਅਦ ਵਿਚ ਉਨ੍ਹਾਂ ਨੇ ਅਸਤੀਫ਼ਾ ਵਾਪਸ ਲੈਣਾ ਚਾਹਿਆ ਪਰ ਇਸ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਚੁੱਕਾ ਸੀ। ਉਨ੍ਹਾਂ ਦੇ ਅਸਤੀਫ਼ੇ ਤੋਂ ਬਾਅਦ ਇਹ ਸੀਟ ਖ਼ਾਲੀ ਹੋ ਗਈ। ਇਸ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਹੁਣ ਭਾਜਪਾ ਵੱਲੋਂ ਸ਼ੀਤਲ ਅੰਗੁਰਾਲ, ਆਪ ਵੱਲੋਂ ਮਹਿੰਦਰ ਭਗਤ ਅਤੇ ਕਾਂਗਰਸ ਵੱਲੋਂ ਸੁਰਿੰਦਰ ਕੌਰ ਚੋਣ ਮੈਦਾਨ ਵਿਚ ਹਨ।

ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਤੋਂ ਇਲਾਵਾ ਭਾਜਪਾ ਅਹੁਦੇਦਾਰਾਂ ਅਤੇ ਵਰਕਰਾਂ ਦੀ ਲੰਬੀ ਚੌੜੀ ਫ਼ੌਜ ਹੋਣ ਦੇ ਬਾਵਜੂਦ ਭਾਜਪਾ ਨੂੰ ਲਗਭਗ 1550 ਵੋਟ ਤੋਂ ਵੈਸਟ ਹਲਕੇ ਵਿਚ ਹਾਰ ਮਿਲੀ ਸੀ। ਹੁਣ ਭਾਜਪਾ ਇਸ ਸੀਟ ਨੂੰ ਜਿੱਤਣ ਲਈ ਪੂਰਾ ਜ਼ੋਰ ਲਾ ਰਹੀ ਹੈ। ਉਥੇ ਹੀ ਦੂਜੇ ਪਾਸੇ ਸੱਤਾ ਪੱਖ ਆਪ ਪਾਰਟੀ ਇਸ ਸੀਟ ਨੂੰ ਹਰ ਹਾਲ 'ਚ ਜਿੱਤਣਾ ਚਾਹੁੰਦੀ ਹੈ ਕਿਉਂਕਿ ਇਹ ਸੀਟ ਪਹਿਲਾਂ ਆਪ ਪਾਰਟੀ ਦੇ ਕੋਲ ਸੀ। ਮੁੱਖ ਮੰਤਰੀ ਭਗਵੰਤ ਮਾਨ ਇਸ ਸੀਟ ਨੂੰ ਜਿੱਤ ਕੇ ਇਤਿਹਾਸ ਦੁਹਰਾਉਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੇ ਜਲੰਧਰ ਵਿਚ ਕੋਠੀ ਵੀ ਕਿਰਾਏ 'ਤੇ ਲੈ ਲਈ ਹੈ।

ਉਥੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਮਿਲੀ ਵੱਡੀ ਜਿੱਤ ਨਾਲ ਕਾਂਗਰਸੀ ਕਾਫ਼ੀ ਉਤਸ਼ਾਹਿਤ ਹਨ। ਵੈਸਟ ਹਲਕੇ ਵਿਚ ਕਾਂਗਰਸ ਨੂੰ ਮਿਲੀ ਜਿੱਤ ਨਾਲ ਵੀ ਕਾਂਗਰਸ ਦੇ ਹੌਂਸਲੇ ਬੁਲੰਦ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਲੋਕ ਸਭਾ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵੀ ਇਸ ਸੀਟ ਨੂੰ ਜਿੱਤਣ ਲਈ ਪੂਰਾ ਜ਼ੋਰ ਲਾ ਰਹੇ ਹਨ। ਇਸ ਸੀਟ 'ਤੇ 10 ਜੁਲਾਈ ਨੂੰ ਵੋਟਿੰਗ ਹੋਵੇਗੀ ਤੇ 13 ਜੁਲਾਈ ਨੂੰ ਨਤੀਜਾ ਐਲਾਨ ਕੀਤਾ ਜਾਵੇਗਾ। ਅਕਾਲੀ ਦਲ ਵਲੋਂ ਬਸਪਾ ਦੀ ਹਮਾਇਤ, ਬਾਗੀ ਅਕਾਲੀਆਂ ਦੀ ਉਮੀਦਵਾਰ ਦੀ ਹਾਸੋਹੀਣੀ ਸਥਿਤੀ

ਦਿਲਚਸਪ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਦੋ ਵਾਰ ਕੌਂਸਲਰ ਸੁਰਜੀਤ ਕੌਰ ਨੂੰ ਟਿਕਟ ਦਿੱਤੀ ਸੀ ਪਰ ਬੀਤੇ ਦਿਨੀਂ ਇਹ ਦਾਅਵਾ ਕਰਦਿਆਂ ਆਪਣਾ ਸਮਰਥਨ ਵਾਪਸ ਲੈ ਲਿਆ ਸੀ ਕਿ ਸੁਰਜੀਤ ਕੌਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਬਗਾਵਤ ਕਰਨ ਵਾਲੇ ਅਕਾਲੀ ਧੜੇ ਨਾਲ ਸਬੰਧਤ ਹੈ। ਇਸ ਸੀਟ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਜ਼ਿਆਦਾ ਵਾਜੂਦ ਨਹੀਂ ਹੈ।

ਦੂਜੇ ਪਾਸੇ ਬਾਗ਼ੀ ਧੜੇ ਨੇ ਪਾਰਟੀ ਦੀ ਅਧਿਕਾਰਤ ਉਮੀਦਵਾਰ ਸੁਰਜੀਤ ਕੌਰ ਦੇ ਹੱਕ ਵਿਚ ਡਟਣ ਦਾ ਫ਼ੈਸਲਾ ਕੀਤਾ ਸੀ। ਪਰ ਇਸ ਤੋਂ ਬਾਅਦ ਸੁਰਜੀਤ ਕੌਰ ਮੁਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿਚ ਆਪ ਪਾਰਟੀ ਵਿਚ ਸ਼ਾਮਿਲ ਹੋ ਗਈ।ਸ਼ਾਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਯੂਥ ਅਕਾਲੀ ਦਲ ਦੇ ਆਗੂ ਸੁਖਮਿੰਦਰ ਸਿੰਘ ਰਾਜਪਾਲ ਅਤੇ ਖ਼ਾਸ ਕਰ ਆਪਣੇ ਭਾਈਚਾਰੇ ਦੇ ਮੈਂਬਰਾਂ ਦੀ ਮੌਜੂਦਗੀ ਵਿੱਚ ਬੀਬੀ ਸੁਰਜੀਤ ਕੌਰ ਮੁੜ ਅਕਾਲੀ ਦਲ ਵਿੱਚ ਪਰਤ ਆਈ।

ਬੀਬੀ ਸੁਰਜੀਤ ਕੌਰ ਸਿਹਤ ਠੀਕ ਨਾ ਹੋਣ ਪੱਤਰਕਾਰਾਂ ਨਾਲ ਗੱਲ ਨਹੀਂ ਕਰ ਸਕੀ। ਉਨ੍ਹਾਂ ਦੇ ਪੁੱਤਰ ਨੇ ਕਿਹਾ ਕਿ 'ਜੋ ਹੋ ਗਿਆ, ਉਸ ਨੂੰ ਭੁੱਲ ਜਾਓ'। ਬੀਬੀ ਜਗੀਰ ਕੌਰ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੀਬੀ ਸੁਰਜੀਤ ਕੌਰ ਤੇ ਉਨ੍ਹਾਂ ਦੇ ਪੁੱਤਰ ਨੂੰ 'ਆਪ' ਵਿੱਚ ਸ਼ਾਮਲ ਕਰਵਾਉਣ ਦਾ ਬਹੁਤ ਦਬਾਅ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਚੰਗਾ ਹੋਇਆ ਕਿ ਉਹ ਅਕਾਲੀ ਦਲ ਵਿੱਚ ਛੇਤੀ ਹੀ ਪਰਤ ਆਏ ਹਨ।

ਜਾਣਕਾਰੀ ਅਨੁਸਾਰ ਬੀਬੀ ਸੁਰਜੀਤ ਕੌਰ ਦੇ ਰਿਸ਼ਤੇਦਾਰ ਤੇ ਭਾਈਚਾਰਾ ਉਨ੍ਹਾਂ ਦੇ 'ਆਪ' ਵਿੱਚ ਸ਼ਾਮਲ ਹੋਣ ਤੋਂ ਨਾਰਾਜ਼ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ ਅਕਾਲੀ ਦਲ ਤੋਂ ਬਾਗ਼ੀ ਹੋਇਆ ਧੜਾ ਪੂਰੀ ਤਰ੍ਹਾਂ ਸੁਰਜੀਤ ਕੌਰ ਨਾਲ ਖੜ੍ਹਾ ਹੈ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਕਿਧਰੇ ਹੋਰ ਜਾਣ ਬਾਰੇ ਸੋਚਣਾ ਨਹੀਂ ਚਾਹੀਦਾ ਸੀ। ਇਸ ਤਰ੍ਹਾਂ ਬਾਗੀਆਂ ਦੇ ਉਮੀਦਵਾਰ ਕਾਰਣ ਤਕੜੀ ਦੀ ਹਾਸੋਹੀਣੀ ਸਥਿਤੀ ਬਣੀ ਰਹੀ।

## ਸੁਖਬੀਰ ਬਾਦਲ ਨੇ ਸ਼੍ਰੋਮਣੀ ਕਮੇਟੀ ਵਿਚ ਤਾਕਤ ਦਿਖਾਈ

### ✪ ਬਹੁਗਿਣਤੀ ਮੈਂਬਰਾਂ ਵਲੋਂ ਸੁਖਬੀਰ ਦੀ ਅਗਵਾਈ ਵਿਚ ਭਰੋਸਾ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਿੱਠ ਥਾਪੜੀ। ਮੀਟਿੰਗ ਵਿਚ ਕਰੀਬ 93 ਮੈਂਬਰ ਪੁੱਜੇ ਸਨ ਜਿਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਵਿਚ ਭਰੋਸਾ ਜ਼ਾਹਿਰ ਕੀਤਾ। ਮੀਟਿੰਗ ਵਿਚ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਅੱਗੇ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਪ੍ਰੰਤੂ ਮੈਂਬਰਾਂ ਨੇ ਇਸ ਨੂੰ ਠੁਕਰਾ ਦਿੱਤਾ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਏ ਜਾਣ ਦੀ ਅਪੀਲ ਵੀ ਕੀਤੀ ਗਈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਿਨਾਂ ਕਿਸੇ ਦਾ ਨਾਮ ਲਏ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਚੌਕਸ ਕਰਦਿਆਂ ਕਿਹਾ ਕਿ ਬਹੁਤ ਸਾਰੀਆਂ ਤਾਕਤਾਂ ਹੁਣ ਸ਼੍ਰੋਮਣੀ ਕਮੇਟੀ ਨੂੰ ਤੋੜਨਾ ਚਾਹੁੰਦੀਆਂ ਹਨ ਜਿਸ ਕਰਕੇ ਅਜਿਹੇ ਲੋਕਾਂ ਦੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਉਨ੍ਹਾਂ ਕਿਹਾ ਕਿ ਕਿਤੇ ਗੱਲਾਂ ਵਿਚ ਨਾ ਆ ਜਾਇਓ।

ਸੁਖਬੀਰ ਬਾਦਲ ਨੇ ਕਿਹਾ ਕਿ ਬਾਗ਼ੀ ਖੇਮੇ ਦੇ ਆਗੂ ਚਾਹੁੰਦੇ ਸਨ ਕਿ ਭਾਜਪਾ ਨਾਲ ਸਮਝੌਤਾ ਕੀਤਾ ਜਾਵੇ ਜਦੋਂ ਕਿ ਭਾਜਪਾ ਦੀ ਸ਼ਰਤ ਸੀ ਕਿ ਕਿਸਾਨਾਂ ਦੇ ਖ਼ਿਲਾਫ਼ ਬੋਲਿਆ ਜਾਵੇ ਪ੍ਰੰਤੂ ਉਨ੍ਹਾਂ ਨੇ ਬੇਅਸੂਲਾ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ। ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰੀ ਤਾਕਤਾਂ ਕਮਜ਼ੋਰ ਕਰਨਾ ਚਾਹੁੰਦੀਆਂ ਹਨ ਜਿਸ ਕਰਕੇ ਇਨ੍ਹਾਂ ਨਾਲ ਸਖ਼ਤ ਟੱਕਰ ਲਈ ਜਾਵੇ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸੁਝਾਅ ਦਿੱਤਾ ਕਿ ਪੰਥਕ ਅਤੇ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪੱਧਰ 'ਤੇ ਧਰਨੇ ਲਾਏ ਜਾਣ।

ਕੁੱਝ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਸੁਝਾਅ ਸੀ ਕਿ ਦਿੱਲੀ ਵਿਚ ਕੇਂਦਰ ਸਰਕਾਰ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਜਾਵੇ। ਸੁਖਬੀਰ ਬਾਦਲ ਨੇ ਇਨ੍ਹਾਂ ਸੁਝਾਵਾਂ 'ਤੇ ਗ਼ੌਰ ਕੀਤੀ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇੱਕਜੁੱਟ ਰਹਿਣ ਦੀ ਅਪੀਲ ਵੀ ਕੀਤੀ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਆਦਿ ਵੀ ਮੌਜੂਦ ਰਹੇ। ਮੀਟਿੰਗ ਮਗਰੋਂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੀਟਿੰਗ ਵਿਚ 93 ਮੈਂਬਰ ਪੁੱਜੇ ਹਨ ਜਦੋਂ ਕਿ 13 ਮੈਂਬਰ ਰੁਝੇਵੇਂ ਵਿਚ ਹੋਣ ਕਰਕੇ ਆ ਨਹੀਂ ਸਕੇ ਜਿਨ੍ਹਾਂ ਨੇ ਆਪਣੀ ਸਹਿਮਤੀ ਦਿੱਤੀ ਹੈ। ਕੁੱਝ ਮੈਂਬਰ ਵਿਦੇਸ਼ ਵਿਚ ਵੀ ਹਨ।

# ਪੰਜਾਬੀ ਕਲਚਰਲ ਕੌਂਸਲ ਤੇ ਵਰਲਡ ਗੱਤਕਾ ਫੈਡਰੇਸ਼ਨ ਵੱਲੋਂ ਤਨਮਨਜੀਤ ਢੇਸੀ ਨੂੰ ਯੂ ਕੇ ਸੰਸਦੀ ਚੋਣ 'ਚ ਵੱਡੇ ਫਰਕ ਨਾਲ ਜਿਤਾਉਣ ਦੀ ਗੁਜ਼ਾਰਿਸ਼

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਕਲਚਰਲ ਕੌਂਸਲ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਨੇ ਸਾਂਝੇ ਤੌਰ 'ਤੇ ਸਮੂਹ ਵੋਟਰਾਂ ਨੂੰ ਬਰਤਾਨੀਆਂ ਦੇ ਸਲੋਹ ਸੰਸਦੀ ਹਲਕੇ ਤੋਂ ਚੋਣ ਲੜ ਰਹੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਪੁਰਜ਼ੋਰ ਮੱਦਦ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਾਰਜਕਾਲ ਦੌਰਾਨ ਢੇਸੀ ਨੇ ਬਰਤਾਨਵੀ ਸੰਸਦ ਵਿੱਚ ਹਰ ਵਰਗ ਦਾ ਮਜ਼ਬੂਤੀ ਨਾਲ ਪੱਖ ਰੱਖਦੇ ਹੋਏ ਇੱਕ ਸਮਰਪਿਤ ਅਤੇ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਇਤਿਹਾਸ ਰਚਿਆ ਹੈ ਅਤੇ ਢੇਸੀ ਵੱਲੋਂ ਠੋਕਵੀਂ ਉਸਾਰੂ ਬਹਿਸ ਦੀ ਸਮਰੱਥਾ ਸਦਕਾ ਉਸ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਖਾਸ ਕਰਕੇ ਪ੍ਰਵਾਸੀਆਂ ਦੇ ਹਿੱਤਾਂ ਲਈ ਇੱਕ ਪ੍ਰਭਾਵਸ਼ਾਲੀ ਵਕੀਲ ਵਜੋਂ ਦੇਖਿਆ ਜਾਂਦਾ ਹੈ।*

ਬਰਤਾਨੀਆ, ਵਿਸ਼ੇਸ਼ ਕਰਕੇ ਸਲੋਹ ਹਲਕੇ ਦੇ ਵੋਟਰਾਂ ਅਤੇ ਸਮਰਥਕਾਂ ਨੂੰ ਇਸ ਭਾਵਪੂਰਤ ਅਪੀਲ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇੰਨਾਂ ਚੋਣਾਂ ਨੇ ਬਰਤਾਨੀਆ ਦੇ ਮੂਲ ਨਿਵਾਸੀਆਂ ਅਤੇ ਸਮੂਹ ਪ੍ਰਵਾਸੀਆਂ ਲਈ ਤਨਮਨਜੀਤ ਢੇਸੀ ਦੀ ਮਿਸਾਲੀ ਲੀਡਰਸ਼ਿਪ ਵਿੱਚ ਆਪਣਾ ਵਿਸ਼ਵਾਸ ਮੁੜ੍ਹ ਪ੍ਰਗਟ ਕਰਨ ਦਾ ਇੱਕ ਬਿਹਤਰੀਨ ਮੌਕਾ ਦਿੱਤਾ ਹੈ। ਉਨਾਂ ਕਿਹਾ ਕਿ ਢੇਸੀ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਸਲੋਹ ਹਲਕੇ ਦੇ ਲੋਕਾਂ ਦੀ ਅਣਥੱਕ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਜ਼ੋਰਦਾਰ ਢੰਗ ਨਾਲ ਬਰਤਾਨਵੀ ਸਦਨ ਦੇ ਸਾਹਮਣੇ ਉਠਾਇਆ ਹੈ। ਇਸ ਤੋਂ ਇਲਾਵਾ ਢੇਸੀ ਵੱਲੋਂ ਯੂ ਕੇ ਅਤੇ ਭਾਰਤ ਦੋਵਾਂ ਮੁਲਕਾਂ ਵਿੱਚ ਪੰਜਾਬੀ ਭਾਈਚਾਰੇ ਦੀਆਂ ਮੰਗਾਂ ਦੀ ਪੂਰਤੀ ਲਈ ਜ਼ੋਰਦਾਰ ਵਕਾਲਤ ਕੀਤੀ ਗਈ ਜਿੰਨਾਂ ਵਿੱਚ ਉਚੇਚੇ ਤੌਰ ਉਤੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੇ ਹਵਾਈ ਅੱਡਿਆਂ ਨੂੰ ਯੂ ਕੇ ਨਾਲ ਜੋੜਨ ਲਈ ਇੱਥੋਂ ਲੰਡਨ ਨੂੰ ਸਿੱਧੀਆਂ ਉਡਾਣਾ ਸ਼ੁਰੂ ਕਰਨ ਵਾਸਤੇ ਲਗਾਤਾਰ ਪੈਰਵੀ ਕਰਨਾ ਸ਼ਾਮਲ ਹੈ।



ਤਨਮਨਜੀਤ ਸਿੰਘ ਢੇਸੀ ਅਤੇ ਹਰਜੀਤ ਸਿੰਘ ਗਰੇਵਾਲ

ਗਰੇਵਾਲ ਨੇ ਪ੍ਰਵਾਸੀਆਂ ਭਾਰਤੀਆਂ ਵਿੱਚ ਪੰਜਾਬੀ ਸੱਭਿਆਚਾਰ ਅਤੇ ਪੰਜਾਬੀਅਤ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਢੇਸੀ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਬਰਤਾਨਵੀ ਅਤੇ ਪ੍ਰਵਾਸੀ ਭਾਰਤੀ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਗਤੀਸ਼ੀਲ ਨੌਜਵਾਨ ਆਗੂ ਸਮੇਤ ਇਹ ਆਮ ਚੋਣਾਂ ਲੜ ਰਹੇ ਲੇਬਰ ਪਾਰਟੀ ਦੇ ਹੋਰ ਆਗੂਆਂ ਦਾ ਤਨੋ-ਮਨੋ ਸਮਰਥਨ ਕਰਨ ਅਤੇ ਸਲੋਹ ਵਿੱਚ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਢੇਸੀ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ।

ਗੱਤਕਾ ਪ੍ਰਮੋਟਰ ਹਰਜੀਤ ਗਰੇਵਾਲ, ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ, ਨੇ ਅੱਗੇ ਕਿਹਾ ਕਿ ਢੇਸੀ ਦਾ ਯੋਗਦਾਨ ਰਾਜਨੀਤੀ ਤੋਂ ਪਰੇ ਹੈ ਅਤੇ ਉਹ ਲਗਭਗ ਇੱਕ ਦਹਾਕੇ ਤੋਂ ਯੂ ਕੇ ਗੱਤਕਾ ਫੈਡਰੇਸ਼ਨ ਦੀ ਅਗਵਾਈ ਕਰਦੇ ਹੋਏ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਲਗਾਤਾਰ ਕੌਮੀ ਪੱਧਰੀ ਗੱਤਕਾ ਚੈਂਪੀਅਨਸ਼ਿਪਾਂ ਦਾ ਆਯੋਜਨ ਕਰਵਾ ਰਹੇ ਹਨ। ਉਹ ਬਰਤਾਨੀਆ ਵਿੱਚ ਗੱਤਕਾ ਖੇਡ ਸਮੇਤ ਹੋਰ ਖੇਡਾਂ ਨੂੰ ਵੀ ਪ੍ਰਫੁੱਲਤ ਕਰ ਰਹੇ ਹਨ।

## ਇੰਗਲੈਂਡ ਵਿੱਚ ਹਜ਼ਾਰਾਂ ਡਾਕਟਰ ਹੜਤਾਲ ’ਤੇ ਗਏ

**ਇੰਗਲੈਂਡ ਵਿੱਚ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਅਤੇ ਤਨਖ਼ਾਹਾਂ ਵਿੱਚ ਵਾਧੇ ਦੀ ਮੰਗ ਨੂੰ ਲੈ ਕੇ ਸਰਕਾਰ ਨਾਲ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਦੇ ਮੱਦੇਨਜ਼ਰ ਦੇਸ਼ ਦੇ ਹਜ਼ਾਰਾਂ ਡਾਕਟਰ ਅੱਜ ਤੋਂ 11ਵੀਂ ਵਾਰ ਹੜਤਾਲ ਤੇ ਚਲੇ ਗਏ ਹਨ ਜਿਸ ਕਾਰਨ ਹਸਪਤਾਲਾਂ ਵਿੱਚ ਸਿਹਤ ਸੇਵਾਵਾਂ ਠੱਪ ਹੋ ਗਈਆਂ। ਡਾਕਟਰਾਂ ਵੱਲੋਂ ਇਹ ਹੜਤਾਲ ਅਜਿਹੇ ਸਮੇਂ ਕੀਤੀ ਜਾ ਰਹੀ ਹੈ ਜਦੋਂ ਦੇਸ਼ ਵਿੱਚ 4 ਜੁਲਾਈ ਨੂੰ ਆਮ ਚੋਣਾਂ ਹੋਣੀਆਂ ਹਨ। ਜੂਨੀਅਰ ਡਾਕਟਰਾਂ ਦੀ ਪੰਜ ਰੋਜ਼ਾ ਹੜਤਾਲ ਨੇ ਕੌਮੀ ਸਿਹਤ ਸੇਵਾਵਾਂ ਅਤੇ ਬਰਤਾਨੀਆ ਦੇ ਸਰਕਾਰੀ ਸਹਾਇਤਾ ਪ੍ਰਾਪਤ ਜਨਤਕ ਸਿਹਤ ਪ੍ਰਬੰਧ ਲਈ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਹ ਵਿਸ਼ਾ 4 ਜੁਲਾਈ ਨੂੰ ਵੋਟਾਂ ਪਾਉਣ ਵਾਲੇ ਵੋਟਰਾਂ ਲਈ ਗੰਭੀਰ ਚਿੰਤਾ ਦਾ ਮਾਮਲਾ ਹੈ। ਜੂਨੀਅਰ ਡਾਕਟਰ ਹਸਪਤਾਲਾਂ ਤੇ ਕਲੀਨਿਕਾਂ ਦੀ ਰੀੜ੍ਹ ਦੀ ਹੱਡੀ ਹਨ। ਉਹ ਤਨਖ਼ਾਹਾਂ ਦੇ ਮੁੱਦੇ ਤੇ 2022 ਤੋਂ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਨੇ ਜਨਵਰੀ ਮਹੀਨੇ ਛੇ ਦਿਨ ਦੀ ਹੜਤਾਲ ਕੀਤੀ ਸੀ ਜੋ ਕੌਮੀ ਸਿਹਤ ਸੇਵਾਵਾਂ (ਐੱਨਐੱਚਐੱਸ) ਦੇ ਇਤਿਹਾਸ ਵਿੱਚ ਸਭ ਤੋਂ ਲੰਮਾ ਸਮਾਂ ਚੱਲੀ ਸੀ ਜਿਸ ਕਾਰਨ ਹਜ਼ਾਰਾਂ ਰਜਿਸਟ੍ਰੇਸ਼ਨਾਂ ਅਤੇ ਅਪਰੇਸ਼ਨ ਰੱਦ ਕਰਨੇ ਪਏ ਸਨ।**

# ਸਾਡੇ ਧਾਰਮਿਕ ਕੰਮਾਂ ਵਿਚ ਨਾ ਦੇਵੇ ਕੋਈ ਸਰਕਾਰ ਦਖ਼ਲਅੰਦਾਜ਼ੀ : ਲੋਕ ਸਭਾ ਵਿਚ ਗਜਕੇ ਬੋਲੀ ਬੀਬਾ ਬਾਦਲ

## ✪ ਕਿਹਾ ਕਿ ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਬਾਰਡਰ ਖੋਲ੍ਹਿਆ ਜਾਵੇ

**ਦਿੱਲੀ-ਲੋਕ ਸਭਾ ਵਿਚ ਬੋਲਦਿਆਂ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਕੇਂਦਰ ਸਰਕਾਰ ਅਤੇ ਵਿਰੋਧੀ ਧਿਰਾਂ ‘ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 400 ਪਾਰ ਦਾ ਨਾਅਰਾ ਦੇਣ ਵਾਲੇ ਅਤੇ ਈਡੀ ਅਤੇ ਸੀਬੀਆਈ ਦਾ ਸਹਾਰਾ ਲੈਣ ਵਾਲੇ 240 ਤੱਕ ਹੀ ਸਿਮਟ ਕੇ ਰਹਿ ਗਏ ਹਨ ਅਤੇ ਇਸ ਦੇ ਬਾਵਜੂਦ ਆਪਣੀ ਪਿੱਠ ਥਾਪੜ ਰਹੇ ਹਨ।ਬੀਬੀ ਬਾਦਲ ਨੇ ਕਿਹਾ ਕਿ ਰਾਹੁਲ ਗਾਂਧੀ ਇਹ ਪੱਕਾ ਕਰਨ ਕਿ ਉਹ ਆਮ ਆਦਮੀ ਪਾਰਟੀ ਵੱਲੋਂ ਵੀ ਵਿਰੋਧੀ ਧਿਰ ਦੇ ਲੀਡਰ ਹਨ।**



**ਬਾਦਲ ਨੇ ਕਿਹਾ ਕਿ ਪੰਜਾਬ ਵਿਚ ਅੱਜ ਨਸ਼ਿਆਂ ਦਾ ਬੋਲਬਾਲਾ ਹੈ। ਉਨ੍ਹਾਂ ਕਾਂਗਰਸ ਤੇ ਆਪ ’ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਇਨ੍ਹਾਂ ਸਾਰਿਆਂ ਨੇ ਧਾਰਮਿਕ ਗ੍ਰੰਥਾਂ ਦੀਆਂ ਕਸਮਾਂ ਖਾਧੀਆਂ ਸਨ ਕਿ ਇਹ ਸੂਬੇ ਵਿਚੋਂ ਨਸ਼ਾ ਖ਼ਤਮ ਕਰ ਦੇਣਗੇ ਪਰ ਕਿਸੇ ਨੇ ਵੀ ਇਸ ਵੱਲ ਕੋਈ ਧਿਆਨ ਦਿੱਤਾ ਤੇ ਨਸ਼ਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ।**

### ਸੂਬੇ ਦਾ ਮੁੱਖ ਮੰਤਰੀ ਚੁੱਪ ਧਾਰੀ ਬੈਠਾ

**ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਨੌਜਵਾਨੀ ਅਤੇ ਇੰਡਸਟਰੀ ਸਭ ਕੁਝ ਸੂਬੇ ਤੋਂ ਬਾਹਰ ਜਾ ਰਹੇ ਹਨ, ਇਸ ਨੂੰ ਰੋਕਣ ਲਈ ਵਿਸ਼ੇਸ਼ ਕਦਮ ਚੁੱਕੇ ਜਾਣੇ ਚਾਹੀਦੇ ਹਨ ਪਰ ਸੂਬੇ ਦਾ ਮੁੱਖ ਮੰਤਰੀ ਚੁੱਪ ਧਾਰੀ ਬੈਠਾ ਹੈ। ਉਨ੍ਹਾਂ ਕਿਸਾਨਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਪੰਜਾਬ ਦਾ ਕਿਸਾਨ ਨਿਰਾਸ਼ਾ ਦੇ ਆਲਮ ਵਿਚ ਹੈ, ਕਿਉਂਕਿ ਉਨ੍ਹਾਂ ਨਾਲ ਐਮ.ਐਸ.ਪੀ. ਸੰਬੰਧੀ ਕੇਂਦਰ ਸਰਕਾਰ ਵਲੋਂ ਜੋ ਵਾਅਦੇ ਕੀਤੇ ਗਏ ਸਨ, ਉਸ ਨੂੰ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ ਅਤੇ ਕਿਸਾਨੀ ਅੰਦੋਲਨ ਦੌਰਾਨ ਉਨ੍ਹਾਂ ਕਿੰਨੇ ਹੀ ਕਿਸਾਨ ਸ਼ਹੀਦ ਕਰ ਦਿੱਤੇ।**

**ਉਨ੍ਹਾਂ ਨੇ ਕਿਹਾ ਕਿ ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਬਾਰਡਰ ਖੋਲ੍ਹਿਆ ਜਾਵੇ ਤਾਂ ਜੋ ਸਾਡੇ ਬਾਰਡਰਾਂ ਤੋਂ ਵਪਾਰ ਹੋ ਸਕੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਾਡੇ ਧਾਰਮਿਕ ਕੰਮਾਂ ਵਿਚ ਕਿਸੇ ਵੀ ਸਰਕਾਰ ਵਲੋਂ ਕੋਈ ਦਖ਼ਲ ਅੰਦਾਜ਼ੀ ਨਾ ਕੀਤੀ ਜਾਵੇ।**

### ਇੱਕ ਬੂੰਦ ਵੀ ਪੰਜਾਬ ਦੇ ਪਾਣੀ ਦੀ ਬਾਹਰ ਨਹੀਂ ਜਾਣ ਦੇਵਾਂਗੇ

**ਪੰਜਾਬ ਦੇ ਪਾਣੀਆਂ ਦੇ ਮੁੱਦੇ ’ਤੇ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ, ਕਾਂਗਰਸ ਅਤੇ ਬੀਜੇਪੀ ਮਿਲ ਕੇ ਪੰਜਾਬ ਦੇ ਪਾਣੀਆਂ ’ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਐਸਵਾਈਐਲ ਨਹਿਰ ਕੱਢ ਕੇ ਇਹ ਸਾਰੇ ਪੰਜਾਬ ਦਾ ਪਾਣੀ ਪੰਜਾਬ ਕੋਲੋਂ ਖੋਹਣਾ ਚਾਹੁੰਦੇ ਹਨ। ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹੱਕਾ ਲਈ ਲੜਦਾ ਆਇਆ ਹੈ ਅਤੇ ਲੜਦਾ ਰਹੇ ਪਰ ਇੱਕ ਬੂੰਦ ਵੀ ਪੰਜਾਬ ਦੇ ਪਾਣੀ ਦੀ ਬਾਹਰ ਨਹੀਂ ਜਾਣ ਦੇਵੇਗਾ।**

### ਅੰਮ੍ਰਿਤਪਾਲ ਦੀ ਸਹੁੰ ਮਾਮਲਾ ਸੰਸਦ ਵਿਚ ਉਠਾਇਆ

**ਬਾਦਲ ਨੇ ਅੰਮ੍ਰਿਤਪਾਲ ਦੇ ਸਹੁੰ ਚੁੱਕਣ ਦਾ ਮਾਮਲਾ ਵੀ ਸੰਸਦ ਵਿਚ ਚੁੱਕਿਆ। ਉਨ੍ਹਾਂ ਨੇ ਕਿਹਾ ਕਿ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਨੂੰ ਸਰਕਾਰ ਸਹੁੰ ਨਾ ਚੁਕਾਉਣਾ ਇਹ ਦੁਰਸਾਉਂਦਾ ਹੈ ਕਿ ਕੇਂਦਰ ਸਰਕਾਰ ਸਿੱਖਾਂ ਨਾਲ ਧੱਕਾ ਕਰ ਰਹੀ ਹੈ।**

## ਰਾਮਾਇਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਯੂਨੈਸਕੋ ਵਿਸ਼ਵ ਵਿਰਾਸਤ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਸੰਭਾਵਨਾ

**ਦਿੱਲੀ-ਯੂਨੈਸਕੋ ਵਿਸ਼ਵ ਵਿਰਾਸਤ ਦੀ ਸੂਚੀ ਵਿਚ ਮਹਾਰਿਸ਼ੀ ਵਾਲਮੀਕਿ ਵੱਲੋਂ ਰਚੀ ਗਈ ਰਾਮਾਇਣ ਨੂੰ ਸ਼ਾਮਲ ਕਰਨ ਦੀ ਤਿਆਰੀ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ, ਅਸ਼ੋਕ ਦੇ ਸ਼ਿਲਾਲੇਖ, ਕੌਟਿਲਿਆ ਦਾ ਅਰਥਸ਼ਾਸਤਰ ਤੇ ਤਾਮਿਲ ਕਵੀ ਤਿਰੁਵੱਲੁਵਰ ਵੱਲੋਂ ਰਚੇ ਗਏ ਥਿਰੂਕੁਰਲ ਨੂੰ ਵੀ ਯੂਨੈਸਕੋ ਦੇ ਨੈਸ਼ਨਲ ਤੇ ਰੀਜਨਲ ਰਜਿਸਟਰ ’ਚ ਸ਼ਾਮਲ ਕਰਨ ਲਈ ਨਾਮਜ਼ਦ ਕੀਤਾ ਜਾਵੇਗਾ। ਅਗਲੇ ਸਾਲ ਮਾਰਚ ’ਚ ਹੋਣ ਵਾਲੀ ਇੰਟਰਨੈਸ਼ਨਲ ਐਡਵਾਇਜ਼ਰੀ ਦੀ ਬੈਠਕ ਵਿਚ ਇਸ ਸਬੰਧੀ ਤਜਵੀਜ਼ ਰੱਖੀ ਜਾ ਸਕਦੀ ਹੈ। ਇਕ ਪ੍ਰੋਗਰਾਮ ’ਚ ਸ਼ਾਮਲ ਹੋਣ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਪੁੱਜੇ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ ’ਚ ਯੂਨੈਸਕੋ ਮੈਮਰੀ ਆਫ ਦਿ ਵਰਲਡ ਨੋਡਲ ਕੇਂਦਰ ਦੇ ਮੁਖੀ ਪ੍ਰੋਫੈਸਰ ਡਾ. ਰਮੇਸ਼ ਚੰਦਰ ਗੌੜ ਨੇ ਉਕਤ ਜਾਣਕਾਰੀ ਦਿੱਤੀ।**

# ਮੋਦੀ ਸਰਕਾਰ ਵਲੋਂ ਬਰਤਾਨਵੀ ਕਾਨੂੰਨ ਖਤਮ, ਨਵੀਂ ਫ਼ੌਜਦਾਰੀ ਸੰਹਿਤਾ ਲਾਗੂ

## ✪ ਵਿਰੋਧੀ ਧਿਰ ਵਲੋਂ ਸਖਤ ਵਿਰੋਧ, ਕਿਹਾ ਕਿ ਸੰਸਦੀ ਪ੍ਰਣਾਲੀ ਉਪਰ ਬੁਲਡੋਜਰ ਨਹੀਂ ਚਲਣ ਦੇਵਾਂਗੇ

ਕੇਂਦਰ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ ਦਰਮਿਆਨ ਸ਼ਬਦੀ ਤਕਰਾਰ ਦੌਰਾਨ ਤਿੰਨ ਨਵੇਂ ਅਪਰਾਧਕ ਕਾਨੂੰਨ ਬੀਤੇ ਸੋਮਵਾਰ ਨੂੰ ਭਾਰਤ ਵਿਚ ਲਾਗੂ ਹੋ ਗਏ ਹਨ। ਨਵੇਂ ਕਾਨੂੰਨਾਂ ਨਾਲ ਇੱਕ ਆਧੁਨਿਕ ਨਿਆਂ ਪ੍ਰਣਾਲੀ ਸਥਾਪਤ ਹੋਵੇਗੀ ਜਿਸ ਵਿੱਚ 'ਜ਼ੀਰੋ ਐੱਫਆਈਆਰ', ਪੁਲੀਸ 'ਚ ਆਨਲਾਈਨ ਸ਼ਿਕਾਇਤ ਦਰਜ ਕਰਾਉਣਾ, ਇਲੈਕਟ੍ਰੌਨਿਕਸ ਮਾਧਿਅਮਾਂ ਜਿਵੇਂ ਕਿ 'ਐੱਸਐਮਐੱਸ' (ਮੋਬਾਈਲ ਫੋਨ 'ਤੇ ਸੰਦੇਸ਼) ਰਾਹੀਂ ਸੰਮਨ ਭੇਜਣੇ ਅਤੇ ਸਾਰੇ ਗੰਭੀਰ ਅਪਰਾਧਾਂ ਵਾਲੇ ਘਟਨਾ ਸਥਾਨ ਦੀ ਲਾਜ਼ਮੀ ਵੀਡੀਓਗ੍ਰਾਫੀ ਜਿਹੀਆਂ ਮੱਦਾਂ ਸ਼ਾਮਲ ਹੋਣਗੀਆਂ। 'ਜ਼ੀਰੋ ਐੱਫਆਈਆਰ' ਨਾਲ ਹੁਣ ਕੋਈ ਵੀ ਵਿਅਕਤੀ ਕਿਸੇ ਵੀ ਥਾਣੇ 'ਚ ਐੱਫਆਈਆਰ ਦਰਜ ਕਰਵਾ ਸਕਦਾ ਹੈ, ਭਾਵੇਂ ਅਪਰਾਧ ਉਸ ਦੇ ਅਧਿਕਾਰ ਖੇਤਰ 'ਚ ਨਾ ਹੋਇਆ ਹੈ। ਇਸ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਕਰਨ 'ਚ ਹੋਣ ਵਾਲੀ ਦੇਰੀ ਖਤਮ ਹੋ ਜਾਵੇਗੀ ਤੇ ਕੇਸ ਤੁਰੰਤ ਦਰਜ ਕੀਤਾ ਜਾ ਸਕੇਗਾ।

ਨਵੇਂ ਕਾਨੂੰਨ ਨਾਲ ਜੁੜਿਆ ਇੱਕ ਦਿਲਚਸਪ ਪੱਖ ਇਹ ਵੀ ਹੈ ਕਿ ਗ੍ਰਿਫ਼ਤਾਰੀ ਦੀ ਸੂਰਤ ਵਿੱਚ ਵਿਅਕਤੀ ਨੂੰ ਆਪਣੀ ਪਸੰਦ ਦੇ ਕਿਸੇ ਵਿਅਕਤੀ ਨੂੰ ਆਪਣੀ ਸਥਿਤੀ ਬਾਰੇ ਸੂਚਿਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਕਾਨੂੰਨਾਂ 'ਚ ਕੁਝ ਮੌਜੂਦਾ ਸਮਾਜਿਕ ਸੱਚਾਈਆਂ ਤੇ ਅਪਰਾਧਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸੰਵਿਧਾਨ ਦੇ ਆਦਰਸ਼ਾਂ ਨੂੰ ਧਿਆਨ 'ਚ ਰਖਦਿਆਂ ਇਨ੍ਹਾਂ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਦਾ ਇੱਕ ਤੰਤਰ ਮੁਹੱਈਆ ਕੀਤਾ ਗਿਆ ਹੈ।

ਨਵੇਂ ਕਾਨੂੰਨਾਂ ਤਹਿਤ ਫ਼ੌਜਦਾਰੀ ਮਾਮਲਿਆਂ 'ਚ ਫ਼ੈਸਲਾ ਮੁਕੱਦਮਾ ਪੂਰਾ ਹੋਣ ਦੇ 45 ਦਿਨ ਅੰਦਰ ਆਵੇਗਾ ਅਤੇ ਪਹਿਲੀ ਸੁਣਵਾਈ ਦੇ 60 ਦਿਨ ਅੰਦਰ ਦੋਸ਼ ਤੈਅ ਕੀਤੇ ਜਾਣਗੇ। ਜਬਰ ਜਨਾਹ ਪੀੜਤਾਂ ਦਾ ਬਿਆਨ ਹੁਣ ਮਹਿਲਾ ਪੁਲੀਸ ਅਧਿਕਾਰੀ ਉਸ ਦੇ ਪਰਿਵਾਰਕ ਮੈਂਬਰਾਂ ਜਾਂ ਰਿਸ਼ਤੇਦਾਰਾਂ ਦੀ ਹਾਜ਼ਰੀ 'ਚ ਦਰਜ ਕਰੇਗੀ ਅਤੇ ਮੈਡੀਕਲ ਰਿਪੋਰਟ ਸੱਤ ਦਿਨ ਅੰਦਰ ਦੇਣੀ ਹੋਵੇਗੀ। ਨਵੇਂ ਕਾਨੂੰਨਾਂ 'ਚ ਸੰਗਠਿਤ ਅਪਰਾਧਾਂ ਤੇ ਅਤਿਵਾਦੀ ਗਤੀਵਿਧੀਆਂ ਨੂੰ ਪਰਿਭਾਸ਼ਤ ਕੀਤਾ ਗਿਆ ਹੈ, ਰਾਜ ਧਰੋਹ ਦੀ ਥਾਂ ਦੇਸ਼ ਧਰੋਹ ਲਿਆਂਦਾ ਗਿਆ ਹੈ ਅਤੇ ਸਾਰੀਆਂ ਤਲਾਸ਼ੀਆਂ ਤੇ ਜ਼ਬਤੀਆਂ ਦੀ ਕਾਰਵਾਈ ਦੀ ਵੀਡੀਓਗ੍ਰਾਫੀ ਕਰਾਉਣੀ ਲਾਜ਼ਮੀ ਕੀਤੀ ਗਈ ਹੈ।

ਮਹਿਲਾਵਾਂ ਤੇ ਬੱਚਿਆਂ ਖ਼ਿਲਾਫ਼ ਅਪਰਾਧਾਂ ਦਾ ਇੱਕ ਨਵਾਂ ਅਧਿਆਏ ਜੋੜਿਆ ਗਿਆ ਹੈ। ਕਿਸੇ ਬੱਚੇ ਨੂੰ ਖਰੀਦਣਾ ਤੇ ਵੇਚਣਾ ਗੰਭੀਰ ਅਪਰਾਧ ਬਣਾਇਆ ਗਿਆ ਹੈ ਤੇ ਕਿਸੇ ਨਾਬਾਲਗ ਨਾਲ ਸਮੂਹਿਕ ਜਬਰ ਜਨਾਹ ਲਈ ਮੌਤ ਦੀ ਸਜ਼ਾ ਜਾਂ ਉਮਰ ਕੈਦ ਦੀ ਸਜ਼ਾ ਦੀ ਮੱਦ ਜੋੜੀ ਗਈ ਹੈ।

ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਕਾਨੂੰਨਾਂ ਨੂੰ ਭਾਰਤ ਦੀ ਤਰੱਕੀ ਅਤੇ ਸਮਰੱਥਾ ਦਾ ਪ੍ਰਤੀਕ ਕਰਾਰ ਦਿੱਤਾ ਹੈ; ਦੂਜੇ ਪਾਸੇ, ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੇ 146 ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਮਗਰੋਂ ਇਨ੍ਹਾਂ ਕਾਨੂੰਨਾਂ ਨੂੰ ਧੱਕੇ ਨਾਲ ਸੰਸਦ ਵਿੱਚ ਪਾਸ ਕਰਵਾਇਆ ਹੈ। ਕਾਂਗਰਸ ਨੇ ਇਹ ਵੀ ਕਿਹਾ ਹੈ ਕਿ 'ਇੰਡੀਆ' ਗੱਠਜੋੜ ਸੰਸਦੀ ਢਾਂਚੇ ਵਿੱਚ ਇਸ ਤਰ੍ਹਾਂ ਦੇ 'ਬੁਲਡੋਜ਼ਰ ਇਨਸਾਫ਼' ਨੂੰ ਬਰਦਾਸ਼ਤ ਨਹੀਂ ਕਰੇਗਾ। ਸਰਕਾਰ ਨੇ ਕਈ ਵਾਰ ਜ਼ੋਰ ਦਿੱਤਾ ਹੈ ਕਿ ਇਹ ਕਾਨੂੰਨ (ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤੇ ਭਾਰਤੀ ਸਾਕਸ਼ਿਆ ਕਾਨੂੰਨ) ਇਨਸਾਫ਼ ਦੇਣ ਅਤੇ ਹੱਕਾਂ ਦੀ ਰਾਖੀ ਨੂੰ ਤਰਜੀਹ ਦੇਣਗੇ। ਸਰਕਾਰ ਦੀ ਦਲੀਲ ਹੈ ਕਿ ਨਵੇਂ ਕਾਨੂੰਨ ਕਠੋਰ ਬਸਤੀਵਾਦੀ ਕਾਨੂੰਨਾਂ ਦੇ ਉਲਟ, ਨਿਆਂ ਕਰਨ ਉੱਤੇ ਜ਼ੋਰ ਦੇਣਗੇ ਨਾ ਕਿ ਦੰਡ ਵਾਲੀ ਕਾਰਵਾਈ 'ਤੇ; ਹਾਲਾਂਕਿ ਵਿਰੋਧੀ ਧਿਰ ਇਸ ਤੋਂ ਸੰਤੁਸ਼ਟ ਨਹੀਂ ਹੈ। ਨਾ ਹੀ ਕਾਨੂੰਨੀ ਮਾਹਿਰਾਂ ਦੀ ਤਸੱਲੀ ਹੋ ਸਕੀ ਹੈ। ਉਨ੍ਹਾਂ ਨੇ ਵੀ ਕਾਨੂੰਨਾਂ ਦੀ ਸੰਭਾਵੀ ਦੁਰਵਰਤੋਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ।

ਇਸ ਸਬੰਧੀ ਇਹ ਖ਼ਦਸ਼ੇ ਵੀ ਹਨ ਕਿ ਮੌਜੂਦਾ ਕੇਸਾਂ (ਪਹਿਲੀ ਜੁਲਾਈ 2024 ਤੋਂ ਪਹਿਲਾਂ ਦਰਜ) ਦਾ ਮੁੜ ਮੁਲਾਂਕਣ ਮੰਗਦੀਆਂ ਅਪੀਲਾਂ ਜਾਂ ਨਵੇਂ ਕਾਨੂੰਨੀ ਢਾਂਚੇ ਦੀ ਸਮੀਖਿਆ ਦੀ ਮੰਗ ਕਾਰਨ ਮੁਕੱਦਮਿਆਂ ਦੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ।

ਬਰਤਾਨਵੀ ਰਾਜ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਐਵੀਡੈਂਸ ਐਕਟ ਦੀ ਥਾਂ ਸੁਧਾਰਵਾਦੀ ਕਾਨੂੰਨ ਲਿਆਉਣ ਪਿੱਛੇ ਨੀਅਤ ਤਾਂ ਭਾਵੇਂ ਠੀਕ ਹੋਵੇ ਪਰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਲਈ ਇਹ ਬੜਾ ਮੁਸ਼ਕਿਲ ਕੰਮ ਹੋਵੇਗਾ ਕਿਉਂਕਿ ਇਹ ਸਰਕਾਰ ਹੁਣ ਪਹਿਲਾਂ ਜਿੰਨੀ ਤਾਕਤਵਰ ਨਹੀਂ ਰਹੀ ਹੈ। ਇਸ ਕਰਕੇ ਵਿਰੋਧੀਆਂ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਸੀ। ਕਾਨੂੰਨੀ ਇਕਾਈਆਂ, ਨਿਆਂਇਕ ਅਧਿਕਾਰੀਆਂ ਅਤੇ ਕਾਨੂੰਨੀ ਪੇਸ਼ੇਵਰਾਂ ਲਈ ਵੀ ਨਵੇਂ ਕਾਨੂੰਨਾਂ ਨੂੰ ਲਾਗੂ ਕਰਨਾ ਵੱਡੀ ਚੁਣੌਤੀ ਹੋਵੇਗੀ। ਮੁਕੱਦਮੇਬਾਜ਼ਾਂ ਨੂੰ ਵੀ ਨਵੀਆਂ ਗੁੰਝਲਾਂ ਦਾ ਸਾਹਮਣਾ ਕਰਨਾ ਪਏਗਾ।

ਯਾਦ ਰਹੇ ਕਿ ਕੇਂਦਰ ਸਰਕਾਰ ਨੇ ਉਦੋਂ ਇੱਕੋ ਹੱਲੇ ਨਾਲ ਤਿੰਨੇ ਖੇਤੀ ਕਾਨੂੰਨ ਲਾਗੂ ਤਾਂ ਕਰ ਦਿੱਤੇ ਸਨ ਪਰ ਕਰੋਨਾ ਵਾਲੀਆਂ ਅਤਿਅੰਤ ਪਾਬੰਦੀਆਂ ਦੇ ਬਾਵਜੂਦ ਕਿਸਾਨ ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਉੱਠ ਖਲੋਏ ਸਨ। ਪਹਿਲਾਂ-ਪਹਿਲ ਤਾਂ ਸਰਕਾਰ ਨੇ ਕਿਸਾਨਾਂ ਨੂੰ ਗੌਲਿਆ ਹੀ ਨਹੀਂ ਪਰ ਹੌਲੀ-ਹੌਲੀ ਕਿਸਾਨਾਂ ਦਾ ਅੰਦੋਲਨ ਭਖਦਾ ਗਿਆ ਤੇ ਉਨ੍ਹਾਂ ਨੇ ਦਿੱਲੀ ਦੀਆਂ ਹੱਦਾਂ ਉੱਤੇ ਮੋਰਚੇ ਮੱਲ ਲਏ; ਤੇ ਸਰਕਾਰ ਨੂੰ ਆਖ਼ਿਰਕਾਰ, ਬਿਨਾਂ ਸ਼ਰਤ, ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਪਏ ਸਨ।



### ਸੰਸਦੀ ਪ੍ਰਣਾਲੀ ਉਪਰ 'ਬੁਲਡੋਜ਼ਰ ਨਿਆਂ' ਨਹੀਂ ਚੱਲਣ ਦੇਵਾਂਗੇ: ਕਾਂਗਰਸ



ਨਵੀਂ ਦਿੱਲੀ-ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਕਸ 'ਤੇ ਪੋਸਟ ਕੀਤਾ, 'ਚੋਣਾਂ 'ਚ ਰਾਜਨੀਤੀ ਤੇ ਨੈਤਿਕ ਝਟਕੇ ਦੇ ਬਾਅਦ (ਪ੍ਰਧਾਨ ਮੰਤਰੀ) ਮੋਦੀ ਜੀ ਅਤੇ ਭਾਜਪਾ ਦੇ ਨੇਤਾ ਸੰਵਿਧਾਨ ਦਾ ਸਨਮਾਨ ਕਰਨ ਦਾ ਪੂਰਾ ਦਿਖਾਵਾ ਕਰ ਰਹੇ ਹਨ ਪਰ ਸੱਚ ਤਾਂ ਇਹ ਹੈ ਕਿ ਜੋ ਫੌਜਦਾਰੀ ਨਿਆਂ ਪ੍ਰਣਾਲੀ ਦੇ ਤਿੰਨ ਕਾਨੂੰਨ ਲਾਗੂ ਹੋ ਰਹੇ ਹਨ ਉਹ 146 ਸੰਸਦ ਮੈਂਬਰਾਂ ਨੂੰ ਮੁਅੱਤਲ ਕਰਕੇ ਜਬਰੀ ਪਾਸ ਕੀਤੇ ਗਏ।' ਉਨ੍ਹਾਂ ਕਿਹਾ ਕਿ 'ਇੰਡੀਆ' ਗੱਠਜੋੜ ਹੁਣ ਇਹ 'ਬੁਲਡੋਜ਼ਰ ਨਿਆਂ' ਸੰਸਦੀ ਪ੍ਰਣਾਲੀ 'ਤੇ ਨਹੀਂ ਚੱਲਣ ਦੇਵੇਗਾ।

### ਸੁਪਰੀਮ ਕੋਰਟ ਦੇ ਪੱਧਰ ਤੱਕ ਜਲਦੀ ਨਿਆਂ ਮਿਲੇਗਾ: ਸ਼ਾਹ



ਨਵੀਂ ਦਿੱਲੀ-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਨਵੇਂ ਫੌਜਦਾਰੀ ਕਾਨੂੰਨਾਂ ਤਹਿਤ ਐੱਫਆਈਆਰ ਦਰਜ ਹੋਣ ਦੇ ਤਿੰਨ ਸਾਲਾਂ ਅੰਦਰ ਸਾਰੇ ਕੇਸਾਂ 'ਚ ਸੁਪਰੀਮ ਕੋਰਟ ਦੇ ਪੱਧਰ ਤੱਕ ਨਿਆਂ ਮਿਲੇਗਾ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਭਵਿੱਖ ਵਿੱਚ ਅਪਰਾਧਾਂ 'ਚ ਕਮੀ ਆਵੇਗੀ ਤੇ ਨਵੇਂ ਕਾਨੂੰਨਾਂ ਤਹਿਤ 90 ਫੀਸਦ ਕੇਸਾਂ 'ਚ ਦੋਸ਼ ਸਾਬਤ ਹੋਣ ਦੀ ਸੰਭਾਵਨਾ ਹੈ।

### ਨਵੇਂ ਅਪਰਾਧਿਕ ਕਾਨੂੰਨਾਂ 'ਤੇ ਕੋਈ ਟਿੱਪਣੀ ਨਹੀਂ ਕਰਾਂਗਾ-ਚੀਫ ਜਸਟਿਸ



ਨਵੀਂ ਦਿੱਲੀ-ਤਿੰਨ ਨਵੇਂ ਅਪਰਾਧਿਕ ਕਾਨੂੰਨਾਂ 'ਤੇ ਦੇਸ਼ 'ਚ ਚਲ ਰਹੀ ਬਹਿਸ ਦਰਮਿਆਨ ਭਾਰਤ ਦੇ ਚੀਫ ਜਸਟਿਸ (ਸੀ.ਜੇ.ਆਈ.) ਡੀ. ਵਾਈ. ਚੰਦਰਚੂੜ ਨੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਤੋਂ ਪੈਦਾ ਹੋਏ ਮੁੱਦੇ ਸੁਪਰੀਮ ਕੋਰਟ ਦੇ ਸਾਹਮਣੇ ਵਿਚਾਰ ਅਧੀਨ ਹਨ। ਹਾਲ ਹੀ ਵਿਚ ਇਕ ਜਨਹਿਤ ਪਟੀਸ਼ਨ ਦਾਇਰ ਕਰਕੇ ਨਵੇਂ ਅਪਰਾਧਿਕ ਕਾਨੂੰਨਾਂ 'ਤੇ ਰੋਕ ਦੀ ਮੰਗ ਕੀਤੀ ਗਈ ਸੀ, ਜਿਸ ਵਿਚ ਇਨ੍ਹਾਂ ਕਾਨੂੰਨਾਂ ਦੀਆਂ ਕੁਝ ਵਿਵਸਥਾਵਾਂ ਦੀ ਸੰਵਿਧਾਨਕ ਵੈਧਤਾ ਨੂੰ ਵੀ ਚੁਣੌਤੀ ਦਿੱਤੀ ਗਈ ਹੈ। ਸੀ.ਜੇ.ਆਈ. ਨੇ ਕਿਹਾ ਕਿ ਇਹ ਉਹ ਮੁੱਦੇ ਹਨ, ਜੋ ਸੁਪਰੀਮ ਕੋਰਟ ਤੇ ਸ਼ਾਇਦ ਹੋਰ ਹਾਈ ਕੋਰਟਾਂ ਦੇ ਵਿਚਾਰ ਅਧੀਨ ਹਨ। ਇਸ ਲਈ ਮੈਨੂੰ ਅਜਿਹੀ ਕਿਸੇ ਵੀ ਚੀਜ਼ 'ਤੇ ਨਹੀਂ ਬੋਲਣਾ ਚਾਹੀਦਾ, ਜੋ ਅਦਾਲਤ ਦੇ ਸਾਹਮਣੇ ਆਉਣ ਦੀ ਸੰਭਾਵਨਾ ਹੈ । ਉਨ੍ਹਾਂ ਕਿਹਾ ਕਿ ਅਦਾਲਤ ਨੂੰ ਸੰਵਿਧਾਨ ਤੋਂ ਬਿਨਾਂ ਕਿਸੇ ਤਾਕਤ ਦੀ ਪਾਲਣਾ ਨਹੀਂ ਕਰਨੀ ਚਾਹੀਦੀ।

**ਵਿਚਾਰ :–** ਨਿਰਸੰਦੇਹ ਗਲਤੀਆਂ ਨਾਲ ਮਨੁੱਖ ਸਿਖਦਾ ਹੈ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਜੀਵਨ ਭਰ ਗਲਤੀਆਂ ਹੀ ਕਰਦਾ ਰਹੇ।


ਰਜਿੰਦਰ ਸਿੰਘ ਪੁਰੇਵਾਲ

# ਰਾਹੁਲ ਗਾਂਧੀ ਦਾ ਜਮਹੂਰੀ ਮਾਰਗ ਬਨਾਮ ਮੋਦੀ ਸਰਕਾਰ

ਵਿਰੋਧੀ ਧਿਰ ਦੇ ਨੇਤਾ ਵਜੋਂ ਰਾਹੁਲ ਗਾਂਧੀ ਦਾ ਪਹਿਲਾ ਭਾਸ਼ਣ ਸਫਲ ਰਿਹਾ। ਰਾਹੁਲ ਗਾਂਧੀ ਸੰਸਦ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਬੋਲ ਰਹੇ ਸਨ। ਉਨ੍ਹਾਂ ਦਾ ਭਾਸ਼ਣ ਸੌ ਮਿੰਟ ਤੱਕ ਚੱਲਿਆ ਅਤੇ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਰੋਧੀ ਖੇਮੇ ਵਿਚ ਜੋ ਉਤਸ਼ਾਹ ਦਿਖਾਈ ਦਿੱਤਾ, ਉਹ ਨਾ ਸਿਰਫ ਕਮਾਲ ਦਾ ਸੀ, ਸਗੋਂ ਸੱਤਾਧਾਰੀ ਪਾਰਟੀ ਵਿਚ ਜਿਸ ਤਰ੍ਹਾਂ ਦੀ ਜਲਦਬਾਜ਼ੀ ਤੇ ਦੂਸ਼ਣਬਾਜ਼ੀ, ਰੌਲਾ ਰਪਾ ਦੇਖਣ ਨੂੰ ਮਿਲਿਆ, ਉਸ ਤੋਂ ਵੀ ਪਤਾ ਲੱਗਦਾ ਹੈ ਕਿ ਰਾਹੁਲ ਆਪਣੀ ਰਣਨੀਤੀ ਵਿਚ ਸਫਲ ਰਹੇ ਹਨ। ਇਸ ਭਾਸ਼ਣ ਤੋਂ ਤੁਰੰਤ ਬਾਅਦ ਭਾਜਪਾ ਵਾਂਗ ਹੀ ਦੋ ਕੇਂਦਰੀ ਮੰਤਰੀਆਂ ਅਤੇ ਪਾਰਟੀ ਦੇ ਮੁੱਖ ਬੁਲਾਰੇ ਨੇ ਪ੍ਰੈੱਸ ਕਾਨਫਰੰਸ ਕਰਕੇ ਆਪਣਾ ਪੱਖ ਪੇਸ਼ ਕੀਤਾ ਜਾਂ ਰਾਹੁਲ ਦੀਆਂ ਗੱਲਾਂ ਨੂੰ ਕਟਣ ਦੀ ਕੋਸ਼ਿਸ਼ ਕੀਤੀ। ਅਤੇ ਫਿਰ ਮੀਡੀਆ ਮੈਨੇਜਮੈਂਟ ਅਤੇ ਭਾਜਪਾ ਦਾ ਪ੍ਰਚਾਰ ਸੈੱਲ ਰਾਹੁਲ ਦੀਆਂ ਕਮੀਆਂ ਨੂੰ ਦਰਸਾਉਣ ਲਈ ਕਈ ਤਰ੍ਹਾਂ ਦੇ ਹਮਲਿਆਂ ਜਾਂ ਮੁਹਿੰਮਾਂ ਵਿਚ ਸ਼ਾਮਲ ਹੋ ਗਿਆ। ਪਰ ਸੰਸਦ ਦੇ ਅੰਦਰ ਜੋ ਰਾਹੁਲ ਦੀ ਜ਼ਿੰਦਾਦਿਲੀ ਦਿਖਾਈ ਦਿੱਤੀ, ਉਹ ਟੀਵੀ ਚੈਨਲਾਂ ਅਤੇ ਅਖ਼ਬਾਰਾਂ ਵਿੱਚ ਵੀ ਝਲਕਦੀ ਸੀ ਅਤੇ ਹਰ ਥਾਂ ਰਾਹੁਲ ਨੂੰ ਉਹ ਸਥਾਨ ਅਤੇ ਪ੍ਰਮੁੱਖਤਾ ਮਿਲੀ ਜੋ ਆਮ ਤੌਰ 'ਤੇ ਉਨ੍ਹਾਂ ਨੂੰ ਕਦੇ ਨਹੀਂ ਮਿਲੀ। ਚੋਣਾਂ ਤੋਂ ਬਾਅਦ ਤੋਂ ਹੀ ਯੂ-ਟਿਊਬ ਸਮੇਤ ਸੋਸ਼ਲ ਮੀਡੀਆ 'ਤੇ ਰਾਹੁਲ ਅਤੇ ਵਿਰੋਧੀ ਧਿਰ ਦੀ ਇਕ ਤਰ੍ਹਾਂ ਦੀ ਲੀਡ ਹੈ। ਰਾਹੁਲ ਦੇ ਭਾਸ਼ਣ ਦਾ ਵਿਚਾਰ ਵੀ ਬਦਲਿਆ ਹੈ, ਪਰ ਉਨ੍ਹਾਂ ਦਾ ਅੰਦਾਜ਼ ਸਭ ਤੋਂ ਜ਼ਿਆਦਾ ਬਦਲਿਆ ਹੈ। ਹੁਣ ਇਹ ਕਹਿਣਾ ਮੁਸ਼ਕਿਲ ਹੈ ਕਿ ਕੀ ਇਹ ਪੂਰੀ ਤਰ੍ਹਾਂ ਪਰਿਪੱਕ ਅਤੇ ਠੀਕ ਦਿਸ਼ਾ ਵਲ ਨਹੀਂ ਹਨ। ਕਾਂਗਰਸ ਦੇ ਜੈਪੁਰ ਇਜਲਾਸ ਵਿੱਚ ਜਦੋਂ ਉਹ ਕਾਰਜਕਾਰੀ ਪ੍ਰਧਾਨ ਚੁਣੇ ਗਏ ਤਾਂ ਉਨ੍ਹਾਂ ਨੇ ਜ਼ਬਰਦਸਤ ਭਾਸ਼ਣ ਦਿੱਤਾ ਸੀ, ਇਸ ਸੰਸਦ ਵਿੱਚ ਵੀ ਉਨ੍ਹਾਂ ਦਾ ਭਾਸ਼ਣ ਇੱਕ-ਦੋ ਵਾਰ ਚੰਗਾ ਰਿਹਾ ਸੀ, ਪਰ ਬਾਅਦ ਵਿੱਚ ਉਨ੍ਹਾਂ ਦੇ ਵਿਵਹਾਰ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਧੋ ਦਿੱਤਾ।

ਰਾਹੁਲ ਦੀ ਇਸ ਗੱਲ ਲਈ ਸ਼ਲਾਘਾ ਕਰਨੀ ਬਣਦੀ ਹੈ ਕਿ ਉਸਨੇ ਦੂਜਿਆਂ 'ਤੇ ਖੇਡਣ ਦੀ ਬਜਾਏ ਆਪਣੀ ਪਿੱਚ 'ਤੇ ਬੱਲੇਬਾਜ਼ੀ ਕੀਤੀ ਸਰਕਾਰ ਦੀ ਤਰਫੋਂ ਪਹਿਲਾਂ ਬੋਲਦਿਆਂ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਐਮਰਜੈਂਸੀ ਅਤੇ ਸੰਵਿਧਾਨ ਬਾਰੇ ਗੱਲ ਕੀਤੀ ਪਰ ਰਾਹੁਲ ਨੇ ਸੱਤਾਧਾਰੀ ਪਾਰਟੀ ਦੇ ਲੋਕਾਂ ਨੂੰ ਨਿਯਮ ਕਿਤਾਬ ਅਤੇ ਸੰਵਿਧਾਨ ਦਿਖਾਉਣ ਲਈ ਵਾਰ-ਵਾਰ ਮਜ਼ਬੂਰ ਕੀਤਾ ਪਰ ਉਸ ਚਰਚਾ ਵਿੱਚ ਨਹੀਂ ਗਏ। ਉਨ੍ਹਾਂ ਨੇ ਅਗਨੀਵੀਰ ਯੋਜਨਾ, ਐਨਈਈਟੀ ਪ੍ਰੀਖਿਆ ਵਿੱਚ ਧਾਂਦਲੀ, ਕਿਸਾਨਾਂ ਲਈ ਉਚਿਤ ਭਾਅ, ਮਨੀਪੁਰ, ਸਪੀਕਰ ਦੇ ਪੱਖਪਾਤੀ ਵਤੀਰੇ (ਜਿਸ ਵਿੱਚ ਉਸ ਦਾ ਮਾਈਕ ਬੰਦ ਕਰਨਾ ਸ਼ਾਮਲ ਸੀ), ਭਾਜਪਾ ਅਤੇ ਸੰਘ ਦੇ ਹਿੰਦੂਤਵ ਅਤੇ ਪੂੰਜੀਪਤੀਆਂ ਪ੍ਰਤੀ ਸਰਕਾਰ ਦੀ ਉਦਾਰਤਾ ਨੂੰ ਨਿਸ਼ਾਨਾ ਬਣਾਇਆ। ਇਸ ਕਾਰਣ ਪ੍ਰਧਾਨ ਮੰਤਰੀ ਸਮੇਤ ਪੰਜ ਕੇਂਦਰੀ ਮੰਤਰੀ ਦਖਲ ਦੇਣ ਲਈ ਖੜ੍ਹੇ ਹੋ ਗਏ। ਬਹੁਤ ਔਖੇ ਹੋਏ।

ਪ੍ਰਧਾਨ ਮੰਤਰੀ ਨੇ ਦੋ ਵਾਰ, ਅਮਿਤ ਸ਼ਾਹ ਅਤੇ ਰਾਜਨਾਥ ਸਿੰਘ ਨੇ ਤਿੰਨ-ਤਿੰਨ ਵਾਰ ਅਤੇ ਸ਼ਿਵਰਾਜ ਚੌਹਾਨ, ਕਿਰਨ ਰਿਜੁਜੂ ਅਤੇ ਭੂਪੇਂਦਰ ਯਾਦਵ ਨੇ ਖੜ੍ਹੇ ਹੋ ਕੇ ਦਖਲ ਦਿੱਤਾ। ਰਾਹੁਲ ਦੇ ਤਿੱਖੇ ਹਮਲਿਆਂ 'ਤੇ ਉਹ ਸ਼ਾਂਤ ਨਹੀਂ ਰਹਿ ਸਕੇ। ਸਪੀਕਰ ਨੇ ਖੁਦ ਦੋ ਵਾਰ ਲੰਮਾ ਸਪੱਸ਼ਟੀਕਰਨ ਦਿੱਤਾ ਪਰ ਗੱਲ ਸਪੱਸ਼ਟ ਨਹੀਂ ਹੋਈ। ਇਹ ਰਾਹੁਲ ਦੇ ਪ੍ਰਦਰਸ਼ਨ ਦਾ ਸਿਖਰ ਬਿੰਦੂ ਹੈ। ਰੌਲਾ ਪੈਂਦਾ ਰਿਹਾ ਪਰ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਬੈਂਚਾਂ ਵੱਲੋਂ ਉੱਠੇ ਰੌਲੇ ਵਿੱਚ ਫਰਕ ਸੀ। ਪਰ ਰਾਹੁਲ ਨੇ ਅਸਲੀ ਚਮਤਕਾਰ ਪ੍ਰਧਾਨ ਮੰਤਰੀ ਨੂੰ ਭਗਵਾਨ ਬਣਾਉਣ ਵਾਲੀ ਮਾਨਸਿਕਤਾ 'ਤੇ ਸਿੱਧਾ ਹਮਲਾ ਕਰਕੇ ਤੇ ਉਸ ਦੀ ਦਹਿਸ਼ਤ ਨੂੰ ਨਿਸ਼ਾਨਾ ਬਣਾਇਆ। ਰਾਜਨਾਥ ਸਿੰਘ ਵਲੋਂ ਬਾਹਰ ਆਕੇ ਮੁਸਕਰਾ ਕੇ ਨਮਸਕਾਰ ਕਰਨਾ ਇਸ ਗਲ ਦਾ ਸਬੂਤ ਹੈ ਕੀ ਰਾਹੁਲ ਠੀਕ ਸਿਆਸੀ ਮਾਰਗ ਵਲ ਜਾ ਰਹੇ ਹਨ।

ਪ੍ਰਧਾਨ ਮੰਤਰੀ ਦੀਆਂ ਕੁਝ ਟਿੱਪਣੀਆਂ ਮਰਿਆਦਾ ਦੀ ਸੀਮਾ ਤੋਂ ਹੇਠਾਂ ਸਨ। ਜਿਵੇਂ- * ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਨੂੰ ਪਰਜੀਵੀ ਕਰਾਰ ਦਿੰਦਿਆਂ ਗੱਠਜੋੜ ਭਾਈਵਾਲਾਂ ਨੂੰ ਵੀ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕਾਂਗਰਸ ਪਰਜੀਵੀ ਹੈ, ਜੋ ਜਿਸ ਪਾਰਟੀ ਨਾਲ ਰਹਿੰਦੀ ਹੈ ਉਸ ਨੂੰ ਖਾ ਜਾਂਦੀ ਹੈ।

* ਰਾਹੁਲ ਗਾਂਧੀ ਵਲੋਂ ਵਿਰੋਧੀ ਧਿਰ ਦੇ ਨੇਤਾ ਵਜੋਂ ਦਿੱਤੇ ਪਹਿਲੇ ਭਾਸ਼ਨ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਹਿੰਦੂਆਂ 'ਤੇ ਝੂਠਾ ਦੋਸ਼ ਲਾਉਣ ਦੀ ਸਾਜ਼ਿਸ਼ ਹੋ ਰਹੀ ਹੈ। ਪ੍ਰਧਾਨ ਮੰਤਰੀ ਨੇ ਦਾਅਵਾ ਕਰਦਿਆਂ ਕਿਹਾ ਕਿ ਕਿਹਾ ਗਿਆ ਕਿ ਹਿੰਦੂ ਹਿੰਸਾ ਕਰਦੇ ਹਨ। ਹਾਲਾਂਕਿ ਜਿਉਂ ਹੀ ਪ੍ਰਧਾਨ ਮੰਤਰੀ ਵਲੋਂ ਉਕਤ ਦਾਅਵਾ ਕੀਤਾ ਗਿਆ ਤਾਂ ਪਹਿਲਾਂ ਤਾਂ ਸਦਨ ਦੇ ਵਿਚਕਾਰ ਆ ਕੇ ਹੰਗਾਮਾ ਕਰ ਰਹੇ ਵਿਰੋਧੀ ਗੱਠਜੋੜ ਇੰਡੀਆ ਦੇ ਨੇਤਾਵਾਂ ਨੇ ਨਾਅਰੇ ਲਾਉਂਦਿਆਂ ਕਿਹਾ ਕਿ 'ਝੂਠ ਬੋਲੇ, ਕਊਆ ਕਾਟੇ।' ਪ੍ਰਧਾਨ ਮੰਤਰੀ ਨੇ ਤਿੱਖੇ ਲਫ਼ਜ਼ਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਸਦਨ 'ਚ ਹਿੰਦੂ ਅੱਤਵਾਦ ਸ਼ਬਦ ਘੜਨ ਦੀ ਕੋਸ਼ਿਸ਼ ਕੀਤੀ ਗਈ, ਜਿਸ 'ਤੇ ਵਿਰੋਧੀ ਧਿਰਾਂ ਨੇ ਲਗਾਤਾਰ ਹੰਗਾਮਾ ਕਰਦਿਆਂ ਝੂਠ ਦੇ ਖ਼ਿਲਾਫ਼ ਨਾਅਰੇ ਲਾਉਣ ਤੋਂ ਇਲਾਵਾ ਭਾਰਤ ਜੋੜੋ ਦੇ ਨਾਅਰੇ ਵੀ ਅਤੇ 'ਵੀ ਵਾਂਟ ਜਸਟਿਸ' ਦੇ ਵੀ ਨਾਅਰੇ ਲਾਉਂਦੇ ਰਹੇ।

* ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਝੂਠ ਬੋਲਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਦੇ ਮੂੰਹ ਹੁਣ ਝੂਠ ਦਾ ਖ਼ੂਨ ਲੱਗ ਗਿਆ ਹੈ। ਉਹ (ਕਾਂਗਰਸ) ਵਾਰ-ਵਾਰ ਦੇਸ਼ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਈ. ਵੀ. ਐਮ., ਸੰਵਿਧਾਨ, ਰਾਖਵੇਂਕਰਨ, ਅਗਨੀਵੀਰ ਯੋਜਨਾ ਅਤੇ ਐਮ. ਐਸ. ਪੀ. ਨੂੰ ਲੈ ਕੇ ਲਗਾਤਾਰ ਝੂਠ ਫ਼ੈਲਾ ਰਹੀ ਹੈ।

ਪਰ ਰਾਹੁਲ ਗਾਂਧੀ ਲਈ ਅਜਿਹੇ ਹਮਲਿਆਂ ਦਾ ਸਾਹਮਣਾ ਕਰਨਾ ਬਹੁਤ ਪੁਰਾਣਾ ਹੈ। ਕਈ ਵਾਰ ਉਹ ਸਹਿਜ ਨਾਲ ਮਿਹਨਤ ਕਰਨ ਤੋਂ ਬਾਅਦ ਵੀ ਅਸਫਲ ਹੋਏ ਹਨ ਪਰ ਉਨ੍ਹਾਂ ਸਿਆਸੀ ਉਦਮ ਨਹੀਂ ਤਿਆਗਿਆ। ਭਾਰਤ ਜੋੜੋ ਯਾਤਰਾ ਅਤੇ ਇਸ ਵਾਰ ਦੀਆਂ ਚੋਣਾਂ ਨੇ ਉਸ ਨੂੰ ਤਾਕਤ ਦਿੱਤੀ ਹੈ ਅਤੇ ਸੰਭਵ ਤੌਰ 'ਤੇ ਪਰਿਪੱਕਤਾ ਵੀ। ਇਹ ਭਾਸ਼ਣ ਇਸ ਗੱਲ ਦਾ ਸਬੂਤ ਹੈ। ਪਰ ਇਸ ਵੇਲੇ, ਦੂਜਿਆਂ ਨਾਲੋਂ ਵੱਧ, ਉਸਨੂੰ ਆਪਣੀ ਪ੍ਰੀਖਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਵਿਰੋਧੀ ਧਿਰ ਅਤੇ ਆਪਣੀ ਪਾਰਟੀ ਦੇ ਨੇਤਾ ਹੋਣ ਦੀ ਜ਼ਿੰਮੇਵਾਰੀ ਦੀ ਪ੍ਰੀਖਿਆ ਕਾਰਣ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# UNCERTAIN FUTURE OF POLITICS IN UK AND PANJAB FROM A SIKH PERSPECTIVE


Gurmukh Singh OBE

By the time this issue of *Panjab Times* is in the hands of the readers, the outcome of UK General Election should be known. The Labour Pary is predicted to win and it is now more a question of the margin of the Labour victory. However, Labour is likely to gain more from anti-Tory voters than from those voting positively for Labour policies. The Party has not been in power since 2010 when the last Labour government ended in *economic paralysis*. There is also uncertainty about the experience of those who would form the government to face the massive national and international challenges ahead.

Many uncertain voters will opt for other parties, especially the Liberal Democrats and the new Reform UK Party. There are many voters disillusioned with UK politicians over the last few years.

British Sikhs wait with much anticipation to see more identity Sikhs and Sikh women in the Parliament. Credit goes to the Labour Party for selecting over a dozen Sikh Parliamentary candidates. A breakthrough for identity Sikhs is expected which should lead to next Sikh generations taking a keener interest in entering politics. Sikh successes will encourage other main parties to select Sikh candidates for future elections. More so as Sikhi values become better known and are identified with the British way of life and close Anglo-Sikh relations over two centuries.

There is little doubt that British Sikh success in politics will owe much to the focus on Sikh issues provided by the three *Sikh Manifestos* since 2015. MPs and Parliamentary candidates are better informed about these issues. Even if not united around the ideal of one Panthic table, general Sikh awareness of issues which concern them has been provided by the *miri-piri* approach of the Sikh Manifestos. Sikh tradition of issues-based Sikh political objectives, goes back to the 18th century *Misl* period.

Looking at politics in Panjab, British Sikhs will always have a legitimate keen interest in what goes on there. In the recent Indian Parliamentary elections, Khalsa Panth has spoken through predominantly Sikh seats of Khadoor Sahib and Sangrur. As a senior Sikh politician said, Panthic political *Shakti* manifested itself in these two constituencies. Akali Dal has been sidelined because it has been in the grip of one family and not followed Sikhi miri-piri *sidhaant* (ideology) for decades. Lasting damage has been done to central Sikh institutions, Punjab agro-economic and environmental interests.

Victories of Amritpal Singh from Khadoor Sahib and Sarabjit Singh from Faridkot Parliamentary seats, spoke volumes. The signal to Delhi is clear: The future of Panjab politics including that of Akali Dal, will depend on how the powers that be at Delhi interpret these powerful Panthic signals from Punjab. We need to bear in mind that the state was belatedly and grudgingly created after much agitation, as a Panjabi language state. Regrettably, millions of Panjabi Hindus told a historic untruth about own mother tongue and disowned Panjabi language.

Otherwise, a Sikh state in the sense of a predominantly Sikh majority state is not a viable option *in the long run* due to lower Sikh birth rate and migrations. The closest achievable is a Sikh ethos state as envisaged in the Anandpur Sahib Resolution.

If Panjab continues to be ignored and isolated by the centre, the danger is that the state, otherwise in a strategic position, will continue to be pushed towards unstable politics. We hope political sense prevails at Delhi.

Gurmukh Singh OBE, Ret'd Principal Civil Servant (UK) sewauk2005@yahoo.co.uk

# ਪਿਛਲੇ ਸਾਲ ਡਰਬੀ ਦੇ ਕਬੱਡੀ ਟੂਰਨਾਮੈਂਟ ਦੌਰਾਨ ਦੋ ਗਰੁੱਪਾਂ ਦਰਮਿਆਨ ਹੋਈ ਗਹਿਗੱਚ ਲੜਾਈ ਦੇ ਮੁਕੱਦਮੇ ਦੀ ਸੁਣਵਾਈ ਨੌਟਿੰਘਮ ਅਦਾਲਤ ਵਿੱਚ ਸ਼ੁਰੂ

*ਡਰਬੀ (ਪੰਜਾਬ ਟਾਈਮਜ਼) - ਪਿਛਲੇ ਸਾਲ 20 ਅਗਸਤ 2023 ਨੂੰ ਬ੍ਰਾਈਡਲ ਲੇਨ ਤੇ ਪੰਜਾਬ ਟਾਈਮਜ਼ ਦੀਆਂ ਗਰਾਊਂਡਾਂ ਵਿੱਚ ਕਬੱਡੀ ਟੂਰਨਾਮੈਂਟ ਮੌਕੇ ਦੋ ਹਿੰਸਕ ਗਰੁੱਪਾਂ ਵਿੱਚ ਜੰਮ ਕੇ ਲੜਾਈ ਹੋਈ ਸੀ, ਜਿਸ ਦੌਰਾਨ ਵਰਤੇ ਗਏ ਮਾਰੂ ਹਥਿਆਰਾਂ ਦੀ ਲੜਾਈ ਵਿੱਚ ਕੁੱਝ ਬੰਦੇ ਜਖਮੀ ਹੋ ਗਏ ਸਨ। ਇਸ ਮੁਕੱਦਮੇ ਦੀ ਸੁਣਵਾਈ ਬੀਤੇ ਮੰਗਲਵਾਰ ਨੂੰ ਨੌਟਿੰਘਮ ਦੀ ਅਦਾਲਤ ਵਿੱਚ ਸ਼ੁਰੂ ਹੋ ਗਈ ਹੈ।*



ਘਟਨਾ ਸਥਾਨ ਤੇ ਪੁਲੀਸ ਕਾਰਵਾਈ ਕਰਦੀ ਹੋਈ

ਮੁਕੱਦਮੇ ਦੀ ਸੁਣਵਾਈ ਦੌਰਾਨ ਤਲਵਾਰਾਂ, ਕੁਹਾੜੀਆਂ, ਹਾਕੀਆਂ, ਚਾਕੂ ਅਤੇ ਦੋ ਹੈਂਡਗੰਨਾਂ ਸਮੇਤ ਕਾਫੀ ਹਥਿਆਰ ਜਿਊਰੀ ਨੂੰ ਤਿੰਨ ਬੰਦਿਆਂ ਦੇ ਮੁਕੱਦਮੇ ਦੀ ਸ਼ੁਰੂਆਤ ਵਿੱਚ ਦਿਖਾਏ ਗਏ, ਜਿਨ੍ਹਾਂ 'ਤੇ ਸਾਰੇ ਹਿੰਸਕ ਵਿਗਾੜ ਦੇ ਦੋਸ਼ ਹਨ। ਪਿਛਲੇ ਸਾਲ ਅਲਵੈਸਟਨ ਵਿੱਚ ਇੱਕ ਕਬੱਡੀ ਟੂਰਨਾਮੈਂਟ ਦੇਖ ਰਹੇ ਸੈਂਕੜੇ ਲੋਕਾਂ ਵਿੱਚ ਦੋ ਵਿਰੋਧੀ ਗਰੁੱਪ ਆਪਸ ਵਿੱਚ ਭਿੜ ਗਏ। ਕਟਹਿਰੇ ਵਿਚ ਖੜ੍ਹੇ ਤਿੰਨ ਵਿਅਕਤੀ ਹਨ ਮਲਕੀਤ ਸਿੰਘ (34), ਡਰਬੀ; ਇੱਕ ਆਦਮੀ ਜਿਸਦਾ ਪਤਾ "ਵੈਸਟ ਮਿਡਲੈਂਡਜ਼" ਵਜੋਂ ਦਿੱਤਾ ਗਿਆ ਸੀ ਅਤੇ ਮਲਕੀਤ ਸਿੰਘ (23), ਬਰਮਿੰਘਮ। ਵੈਸਟ ਮਿਡਲੈਂਡ ਦੇ ਵਿਅਕਤੀ ਅਤੇ ਮਲਕੀਤ ਸਿੰਘ 'ਤੇ ਕ੍ਰਮਵਾਰ ਹਥਿਆਰ ਅਤੇ ਅਪਮਾਨਜਨਕ ਹਥਿਆਰ ਰੱਖਣ ਦੇ ਦੋਸ਼ ਹਨ।

ਡਰਬੀ ਟੈਲੀਗ੍ਰਾਫ ਵੱਲੋਂ ਛਾਪੀ ਖ਼ਬਰ ਅਨੁਸਾਰ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਸਾਰੇ ਦੋਸ਼ਾਂ ਨੂੰ ਨਹੀਂ ਮੰਨਿਆ ਹੈ। ਪਰ ਜਿਊਰੀ ਨੂੰ ਦੱਸਿਆ ਗਿਆ ਕਿ 20 ਅਗਸਤ, ਐਤਵਾਰ ਦੀ ਦੁਪਹਿਰ ਨੂੰ ਵਾਪਰੀ ਇਸ ਘਟਨਾ ਵਿੱਚ ਚਾਰ ਹੋਰ ਆਦਮੀ ਪਹਿਲਾਂ ਹੀ ਆਪਣੇ ਹਿੱਸੇ ਦਾ ਦੋਸ਼ ਮੰਨ ਚੁੱਕੇ ਹਨ, ਪਰ ਜਿਨ੍ਹਾਂ ਨੂੰ ਅਜੇ ਸਜ਼ਾ ਸੁਣਾਈ ਜਾਣੀ ਹੈ। ਮੁਕੱਦਮੇ ਦੀ ਸ਼ੁਰੂਆਤ ਕਰਦੇ ਹੋਏ, ਸੈਮੂਅਲ ਸਕਿਨਰ ਨੇ ਕਿਹਾ ਕਿ ਲੋਕ ਐਲਵੈਸਟਨ ਲੇਨ ਦੇ ਬਾਹਰ ਇੱਕ ਮੈਦਾਨ ਵਿੱਚ ਟੂਰਨਾਮੈਂਟ ਦੇਖਣ ਲਈ ਇਕੱਠੇ ਹੋਏ ਸਨ। ਜਿਊਰੀ ਨੂੰ ਦਿਖਾਏ ਗਏ ਖੇਤਰ ਦੀ ਫੁਟੇਜ ਵਿੱਚ ਦਿਖਾਇਆ ਗਿਆ ਹੈ ਕਿ ਸ਼ੁਰੂਆਤ ਵਿੱਚ ਕਬੱਡੀ ਦੀ ਗਰਾਉਂਡ ਦੇ ਆਲੇ ਦੁਆਲੇ ਵੱਡੀ ਭੀੜ ਇਕੱਠੀ ਹੋਈ ਸੀ। ਮਿਸਟਰ ਸਕਿਨਰ ਨੇ ਕਿਹਾ: "ਸ਼ਾਮ 4 ਵਜੇ ਦੇ ਕਰੀਬ, ਪੁਲਿਸ ਨੂੰ ਦਰਸ਼ਕਾਂ ਤੋਂ ਫੋਨ ਆਉਣੇ ਸ਼ੁਰੂ ਹੋ ਗਏ ਕਿ ਇੱਕ ਗੰਭੀਰ ਗੜਬੜ ਹੋ ਰਹੀ ਹੈ ਅਤੇ ਗੋਲੀਆਂ ਚਲਾਈਆਂ ਗਈਆਂ ਹਨ।

"ਦਰਸ਼ਕ ਦੇ ਤੌਰ 'ਤੇ ਪੇਸ਼ ਕੀਤੇ ਆਦਮੀਆਂ ਦੇ ਦੋ ਟੋਲੇ ਗੰਭੀਰ ਹਿੰਸਾ ਕਰਨ ਦੇ ਇਰਾਦੇ ਨਾਲ ਉਥੇ ਆਏ ਹੋਏ ਸਨ ਅਤੇ ਉਨ੍ਹਾਂ ਕੋਲ ਹਥਿਆਰ, ਚਾਕੂ, ਤਲਵਾਰਾਂ ਆਦਿ ਸਨ ਅਤੇ ਉਨ੍ਹਾਂ ਦੇ ਚਿਹਰੇ ਢਕੇ ਹੋਏ ਸਨ। ਵਾਰ-ਵਾਰ ਹਥਿਆਰਾਂ ਦੇ ਡਿਸਚਾਰਜ ਕੀਤੇ ਗਏ ਸਨ, ਜੋ ਲੋਕਾਂ ਦੁਆਰਾ ਆਪਣੇ ਮੋਬਾਈਲਾਂ 'ਤੇ ਲਈ ਗਈ ਫੁਟੇਜ 'ਤੇ ਸੁਣੇ ਜਾ ਸਕਦੇ ਹਨ ਅਤੇ ਦਰਸ਼ਕ ਆਪਣੇ ਬਚਾਅ ਲਈ ਭੱਜਦੇ ਵੇਖੇ ਜਾ ਸਕਦੇ ਹਨ। ਦੋਵਾਂ ਗਰੁੱਪਾਂ ਨੇ ਇੱਕ ਦੂਜੇ 'ਤੇ ਗੋਲੀਬਾਰੀ ਕੀਤੀ ਅਤੇ ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਮਿਸਟਰ ਸਕਿਨਰ ਨੇ ਕਿਹਾ ਕਿ ਹਰੇਕ ਗਰੁੱਪ ਦੇ ਕੁਝ ਆਦਮੀਆਂ ਨੂੰ ਸੱਟਾਂ ਲੱਗੀਆਂ ਹਨ, ਜਿਸ ਵਿੱਚ ਖੋਪੜੀ ਦੇ ਫ੍ਰੈਕਚਰ, ਸੱਟਾਂ ਅਤੇ ਗੋਲੀਆਂ ਦੇ ਜ਼ਖ਼ਮ ਸ਼ਾਮਲ ਹਨ। ਉਸਨੇ ਕਿਹਾ: "ਸ਼ੁਰੂਆਤ ਵਿੱਚ, ਪੁਲਿਸ ਨੂੰ ਇਹ ਸਪੱਸ਼ਟ ਨਹੀਂ ਸੀ ਕਿ ਪੀੜਤ ਕੌਣ ਸੀ ਅਤੇ ਦੋਸ਼ੀ ਕੌਣ ਸੀ। ਇਹ ਇੱਕ ਭੰਬਲਭੂਸੇ ਵਾਲੀ ਸਥਿਤੀ ਸੀ ਅਤੇ ਬਿਆਨ ਲਏ ਗਏ ਅਤੇ ਹਥਿਆਰ ਬਰਾਮਦ ਕੀਤੇ ਗਏ।"

ਜਿਊਰੀ ਨੂੰ 20 ਤੋਂ ਵੱਧ ਹਥਿਆਰ ਦਿਖਾਏ ਗਏ ਸਨ ਜੋ ਘਟਨਾ ਸਥਾਨ ਤੋਂ ਬਰਾਮਦ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਦੋ ਬੰਦੂਕਾਂ ਸਮੇਤ ਕੁਝ ਨੂੰ ਸੰਭਾਲਣ ਦੀ ਇਜਾਜ਼ਤ ਦਿੱਤੀ ਗਈ ਸੀ। ਉਨ੍ਹਾਂ ਨੇ ਸੁਣਿਆ ਕਿ ਸਰਜਨਾਂ ਨੇ ਵੈਸਟ ਮਿਡਲੈਂਡਜ਼ ਦੇ ਆਦਮੀ ਦੀ ਲੱਤ ਵਿੱਚੋਂ ਇੱਕ ਗੋਲੀ ਕੱਢ ਦਿੱਤੀ ਹੈ। ਹੋਰ ਵੀਡੀਓ ਦਿਖਾਈ ਗਈ, ਜਿਸ ਵਿੱਚ ਮਿਸਟਰ ਸਕਿਨਰ ਦੇ ਅਨੁਸਾਰ, ਮਲਕੀਤ ਸਿੰਘ ਨੂੰ ਹਰ ਇੱਕ ਹੱਥ ਵਿੱਚ ਬੱਲਾ ਫੜਿਆ ਹੋਇਆ ਦਿਖਾਇਆ ਗਿਆ। ਜਿਨ੍ਹਾਂ ਵਿਅਕਤੀਆਂ ਨੇ ਪਹਿਲਾਂ ਹੀ ਆਪਣਾ ਗੁਨਾਹ ਕਬੂਲ ਕਰ ਲਿਆ ਹੈ, ਉਨ੍ਹਾਂ ਵਿੱਚੋਂ ਇੱਕ, ਸਿਨਫਿਨ ਦੇ ਰਹਿਣ ਵਾਲੇ ਕਰਮਜੀਤ ਸਿੰਘ ਦੀ ਕਮਰ ਵਿੱਚ ਗੋਲੀ ਲੱਗੀ ਸੀ।

ਮਿਸਟਰ ਸਕਿਨਰ ਨੇ ਜਿਊਰੀ ਨੂੰ ਦੱਸਿਆ ਕਿ ਮਲਕੀਤ ਸਿੰਘ ਅਤੇ ਮਲਕੀਤ ਸਿੰਘ, ਹੋਰਾਂ ਨਾਲ, ਗਰੁੱਪ ਏ ਵਿੱਚ ਸਨ ਅਤੇ ਵੈਸਟ ਮਿਡਲੈਂਡਜ਼ ਦਾ ਵਿਅਕਤੀ ਦੂਜੇ ਪੁਰਸ਼ਾਂ ਨਾਲ ਗਰੁੱਪ ਬੀ ਵਿੱਚ ਸੀ। ਇੱਕ ਅਰਧ-ਆਟੋਮੈਟਿਕ ਬੰਦੂਕ ਹੇਜ ਵਿੱਚ ਇੱਕ ਪਾੜੇ ਵਿੱਚ ਇੱਕ ਬੈਗ ਵਿੱਚ ਮਿਲੀ ਸੀ ਜਿਸ ਦੀ ਜ਼ਿਪ ਅਤੇ ਥੁੱਕ ਉੱਤੇ ਵੈਸਟ ਮਿਡਲੈਂਡਜ਼ ਦੇ ਆਦਮੀ ਦਾ ਡੀ ਐਨ ਏ ਸੀ। ਗਰੁੱਪ ਬੀ ਦੀ ਮੀਟਿੰਗ ਬਰਨਜ਼ਵਿਕ ਸਟਰੀਟ, ਡਰਬੀ ਵਿੱਚ ਇੱਕ ਕਮਿਊਨਿਟੀ ਸੈਂਟਰ ਵਿੱਚ ਸਮਾਗਮ ਤੋਂ ਪਹਿਲਾਂ ਕੀਤੀ ਗਈ ਸੀ, ਅਤੇ ਉਸ ਮੀਟਿੰਗ ਦੀ ਫੁਟੇਜ ਵੀ ਜਿਊਰੀ ਨੂੰ ਦਿਖਾਈ ਗਈ ਸੀ।

ਪਹਿਲੇ ਦਿਨ ਦੀ ਸਮਾਪਤੀ 'ਤੇ ਜਿਊਰੀ ਦੇ ਰਿਟਾਇਰ ਹੋਣ ਤੋਂ ਪਹਿਲਾਂ, ਮਨਿੰਦਰ ਸਿੰਘ ਪੁਰੇਵਾਲ, ਜੋ ਉਸ ਮੈਦਾਨ ਦੇ ਮਾਲਕ ਹਨ, ਜਿੱਥੇ ਪਹਿਲੀ ਵਾਰ ਟੂਰਨਾਮੈਂਟ ਹੋ ਰਿਹਾ ਸੀ, ਦਾ ਲਿਖਤੀ ਬਿਆਨ ਪੜ੍ਹ ਕੇ ਸੁਣਾਇਆ ਗਿਆ।

ਇਸ ਵਿਚ ਕਿਹਾ ਗਿਆ ਹੈ ਕਿ ਟੂਰਨਾਮੈਂਟ ਤੋਂ ਦੋ ਜਾਂ ਤਿੰਨ ਮਹੀਨੇ ਪਹਿਲਾਂ ਉਸ ਨਾਲ ਸੰਪਰਕ ਕੀਤਾ ਗਿਆ ਸੀ। ਸ੍ਰੀ ਪੁਰੇਵਾਲ ਨੇ ਕਿਹਾ: "ਮੈਂ ਉਨ੍ਹਾਂ ਨੂੰ ਇਸਦੀ ਮੁਫਤ ਵਰਤੋਂ ਕਰਨ ਦਿੱਤੀ ਸੀ। ਮੈਂ ਸਮਾਗਮ ਵਿੱਚ ਮੌਜੂਦ ਸੀ ਅਤੇ ਚਾਰ-ਪੰਜ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਅਤੇ ਲੋਕ ਘਬਰਾ ਗਏ। ਮੈਂ ਜ਼ਮੀਨ 'ਤੇ ਕਿਸੇ ਨੂੰ ਲਾਠੀਆਂ ਅਤੇ ਚਾਕੂਆਂ ਨਾਲ ਮਾਰਦੇ ਹੋਏ ਦੇਖਿਆ ਅਤੇ ਇਹ ਸਾਰਾ ਕੁਝ 10 ਤੋਂ 12 ਮਿੰਟ ਦੇ ਕਰੀਬ ਹੋਇਆ"।

## ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਦੀ ਮਿਲੀ ਇਜਾਜ਼ਤ



ਖਡੂਰ ਸਾਹਿਬ-ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਦੀ ਇਜਾਜ਼ਤ ਮਿਲ ਗਈ ਹੈ। ਉਹ 5 ਜੁਲਾਈ ਨੂੰ ਸੰਸਦ ਭਵਨ ਵਿਚ ਸਹੁੰ ਚੁੱਕਣਗੇ। ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨਾਲ ਮੁਲਾਕਾਤ ਕਰਕੇ ਇਜਾਜ਼ਤ ਮੰਗੀ ਸੀ। ਇਹ ਵੀ ਜਾਣਕਾਰੀ ਮਿਲ ਰਹੀ ਹੈ ਕਿ ਉਹ ਓਮ ਬਿਰਲਾ ਦੇ ਕਮਰੇ ਵਿਚ ਅੰਮ੍ਰਿਤਪਾਲ ਸਹੁੰ ਚੁੱਕਣਗੇ। ਦੱਸ ਦਈਏ ਕਿ ਨਿਯਮਾਂ ਮੁਤਾਬਕ ਚੁਣੇ ਗਏ ਸੰਸਦ ਮੈਂਬਰ ਨੂੰ 60 ਦਿਨਾਂ ਦੇ ਅੰਦਰ ਸਹੁੰ ਚੁੱਕਣੀ ਪੈਂਦੀ ਹੈ। ਅੰਮ੍ਰਿਤਪਾਲ ਸਿੰਘ ਉਪਰ ਐਨਐਸਏ ਇੱਕ ਸਾਲ ਲਈ ਵਧਾ ਦਿੱਤੀ ਹੈ। ਅੰਮ੍ਰਿਤਪਾਲ ਸਿੰਘ ਦੇ ਵਕੀਲ ਨੇ ਕਿਹਾ ਕਿ ਸਰਕਾਰ ਨੇ ਉਨ੍ਹਾਂ 'ਤੇ ਐਨਐਸਏ ਦੀ ਮਿਆਦ ਇੱਕ ਸਾਲ ਵਧਾ ਦਿੱਤੀ ਹੈ ਜੋ 23 ਅਪ੍ਰੈਲ 2025 ਤੱਕ ਰਹੇਗੀ। ਦੱਸਿਆ ਜਾ ਰਿਹਾ ਹੈ ਕਿ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਵੀ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਦੀ ਮਨਜ਼ੂਰੀ ਦੇ ਦਿੱਤੀ ਹੈ।

## ਬਾਦਲ ਦਲ ਜਾਂ ਬਾਗ਼ੀ ਦਲ ਨਾਲ ਗਠਜੋੜ ਨਹੀਂ ਕਰਨਗੇ ਸਰਬਜੀਤ ਸਿੰਘ

**○ ਕਿਹਾ ਕਿ ਅੰਮ੍ਰਿਤਪਾਲ ਸਿੰਘ ਤੋਂ ਬਗੈਰ ਉਨ੍ਹਾਂ ਦਾ ਹਾਲੇ ਤੱਕ ਕਿਸੇ ਹੋਰ ਨਾਲ ਕੋਈ ਸਬੰਧ ਨਹੀਂ**



ਪਟਿਆਲਾ-ਫਰੀਦਕੋਟ ਤੋਂ ਆਜ਼ਾਦ ਤੌਰ 'ਤੇ ਵੱਡੀ ਜਿੱਤ ਹਾਸਲ ਕਰਨ ਵਾਲੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਕਿਹਾ ਕਿ ਪੰਥਕ ਰਵਾਇਤਾਂ ਤੇ ਸਿਧਾਂਤਾਂ ਤੋਂ ਦੂਰ ਹੋਈ ਅਕਾਲੀ ਦਲ ਦੀ ਲੀਡਰਸ਼ਿਪ ਅੱਜ ਆਪਣੇ ਵੱਲੋਂ ਕੀਤੇ ਪੰਥ ਵਿਰੋਧੀ ਕਾਰਜਾਂ ਦੀ ਸਜ਼ਾ ਭੁਗਤ ਰਹੀ ਹੈ। ਉਹ ਬਾਗ਼ੀਆਂ ਜਾਂ ਫਿਰ ਬਾਦਲ ਧੜੇ ਦੀ ਬੇੜੀ ਵਿਚ ਪੈਰ ਨਹੀਂ ਰੱਖਣਗੇ। ਭਾਈ ਖ਼ਾਲਸਾ ਪਟਿਆਲਾ ਵਿੱਚ ਇਕ ਨਿੱਜੀ ਪ੍ਰੋਗਰਾਮ ਵਿਚ ਆਏ ਸਨ। ਇਸ ਮੌਕੇ ਉਨ੍ਹਾਂ ਗੱਲ ਕਰਦਿਆਂ ਕਿਹਾ ਕਿ ਉਹ ਆਪਣੀ ਅਗਲੀ ਰਣਨੀਤੀ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਹੀ ਬਣਾਉਣਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਤੋਂ ਬਗੈਰ ਉਨ੍ਹਾਂ ਦਾ ਹਾਲੇ ਤੱਕ ਕਿਸੇ ਹੋਰ ਨਾਲ ਕੋਈ ਸਬੰਧ ਨਹੀਂ ਹੈ। ਲੋਕ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਵਿਚੋਂ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਕੇ ਐੱਮਪੀ ਬਣੇ ਅੰਮ੍ਰਿਤਪਾਲ ਸਿੰਘ 'ਤੇ ਐੱਨਐੱਸਏ ਵਧਾ ਦੇਣਾ ਤੇ ਉਸ ਨੂੰ ਸਹੁੰ ਚੁੱਕਣ ਲਈ ਵੀ ਜੇਲ੍ਹ 'ਚੋਂ ਬਾਹਰ ਨਾ ਆਉਣ ਦੇਣ 'ਤੇ ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ।

# ਲੇਬਰ ਪਾਰਟੀ ਦੀ ਡਿਪਟੀ ਲੀਡਰ ਐਂਜੇਲਾ ਰੇਨਰ ਗ੍ਰੇਵਜ਼ੈਂਡ ਗੁਰਦੁਆਰਾ ਸਾਹਿਬ ਹੋਈ ਨਤਮਸਤਕ

## 10 ਲੱਖ ਸਿੱਖ ਵੋਟਰਾਂ ਵਿੱਚੋਂ ਬਹੁਤੇ ਲੇਬਰ ਦੇ ਹੱਕ 'ਚ


ਗੁਰਦੁਆਰਾ ਗ੍ਰੇਵਜ਼ੈਂਡ ਵਿਖੇ ਲੇਬਰ ਦੀ ਡਿਪਟੀ ਲੀਡਰ ਐਂਜੇਲਾ ਰੇਨਰ, ਡਾ: ਲੌਰੇਨ ਸੁਲੀਵਾਨ ਅਤੇ ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਪਾਰਟੀ ਦੀ ਡਿਪਟੀ ਲੀਡਰ ਐਂਜੇਲਾ ਰੇਨਰ ਨੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਵਿਖੇ ਮੱਥਾ ਟੇਕਿਆ ਅਤੇ ਸਿੱਖ ਭਾਈਚਾਰੇ ਨਾਲ ਗੱਲਬਾਤ ਕੀਤੀ। ਇਸ ਮੌਕੇ ਗ੍ਰੇਵਸ਼ੈਮ ਤੋਂ ਲੇਬਰ ਉਮੀਦਵਾਰ ਡਾ: ਲੌਰੇਨ ਸੁਲੀਵਾਨ ਵੀ ਹਾਜ਼ਰ ਸੀ। ਗੁਰਦੁਆਰਾ ਸਾਹਿਬ ਵਿੱਚ ਸਿੱਖ ਫੈਡਰੇਸ਼ਨ ਦੇ ਜਨਰਲ ਸਕੱਤਰ ਅਤੇ ਸਾਬਕਾ ਮੇਅਰ ਨਰਿੰਦਰਜੀਤ ਸਿੰਘ ਥਾਂਦੀ ਸਮੇਤ ਪ੍ਰਬੰਧਕ ਕਮੇਟੀ ਅਤੇ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਨਿੱਘਾ ਸਵਾਗਤ ਕੀਤਾ।

ਲੇਬਰ ਆਗੂਆਂ ਨਾਲ ਸਿੱਖ ਚੋਣ ਮਨੋਰਥ ਪੱਤਰ ਅਤੇ ਹੋਰ ਸਿੱਖ ਮਸਲਿਆਂ ਵੀ ਚਰਚਾ ਕੀਤੀ ਗਈ। ਇਸ ਵਾਰ ਇਸ ਹਲਕੇ ਵਿੱਚ ਵੱਡਾ ਫੇਰ ਬਦਲ ਹੋਣ ਦੀਆਂ ਸੰਭਾਵਨਾਵਾਂ ਹਨ, ਕਿਉਂਕਿ ਸਥਾਨਿਕ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਐਡਮ ਹੋਲੋਵੇ ਜਿੱਤਦੇ ਆ ਰਹੇ ਹਨ। ਸਿੱਖ ਫੈਡਰੇਸ਼ਨ ਯੂ ਕੇ ਨੇ ਪ੍ਰੈਸ ਦੇ ਨਾਮ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਪਿਛਲੇ ਲੰਮੇਂ ਸਮੇਂ ਤੋਂ ਲੇਬਰ ਪਾਰਟੀ ਦੇ ਸੀਨੀਅਰ ਨੇਤਾਵਾਂ ਅਤੇ ਸ਼ੈਡੋ ਮੰਤਰੀਆਂ ਦੇ ਸੰਪਰਕ ਵਿੱਚ ਹਨ, ਕਈ ਮੁੱਦਿਆਂ ਤੇ ਆਪਸੀ ਮੀਟਿੰਗਾਂ ਹੋ ਚੁੱਕੀਆਂ ਹਨ।

ਮੀਟਿੰਗਾਂ ਅਤੇ ਲਿਖਤੀ ਆਦਾਨ-ਪ੍ਰਦਾਨ ਨਵੰਬਰ 2021 ਵਿੱਚ ਸ਼ੁਰੂ ਹੋਏ ਸਨ। ਵੇਸ ਸਟ੍ਰੀਟਿੰਗ, ਪੈਟ ਮੈਕਫੈਡਨ ਅਤੇ ਹੋਰ ਸ਼ੈਡੋ ਕੈਬਨਿਟ ਮੰਤਰੀਆਂ ਅਤੇ ਜੂਨੀਅਰ ਮੰਤਰੀਆਂ ਨੇ ਵੱਡੀ ਗਿਣਤੀ ਵਿੱਚ ਸਿੱਖ ਹਲਕਿਆਂ ਨਾਲ ਸਥਾਨਕ ਸਿੱਖ ਭਾਈਚਾਰੇ ਨੂੰ ਸਿੱਖ ਮੈਨੀਫੈਸਟੋ ਵਿੱਚ ਦਰਜ ਕਈ ਮੁੱਦਿਆਂ ਬਾਰੇ ਭਰੋਸਾ ਦਿਵਾਇਆ ਹੈ।

ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਲੇਬਰ ਨੂੰ ਇਹ ਅਹਿਸਾਸ ਹੈ ਕਿ ਗ੍ਰੇਵਸ਼ਮ ਵਾਂਗ ਦਰਜਨਾਂ ਸੀਟਾਂ ਹਨ, ਜਿੱਥੇ 4 ਜੁਲਾਈ ਨੂੰ ਅੰਤਿਮ ਨਤੀਜੇ ਨਿਰਧਾਰਤ ਕਰਨ ਲਈ ਸਿੱਖ ਵੋਟ ਮਹੱਤਵਪੂਰਨ ਹਨ। ਸਿੱਖ ਫੈਡਰੇਸ਼ਨ ਮੁਤਾਬਿਕ ਦੇਸ਼ ਭਰ ਵਿੱਚ 10 ਲੱਖ ਸਿੱਖ ਵੋਟਰ ਹੁਣ ਕੰਜ਼ਰਵੇਟਿਵ ਸਰਕਾਰ ਵਿਰੁੱਧ ਵੋਟ ਦਾ ਇਸਤੇਮਾਨ ਕਰਨਗੇ ਕਿਉਂਕਿ ਪਿਛਲੇ ਪੰਜ-ਛੇ ਸਾਲਾਂ ਵਿੱਚ ਸਰਕਾਰ ਵੱਲੋਂ ਸਿੱਖ ਮਸਲਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਭਾਰਤ ਸਰਕਾਰ ਨੂੰ ਖੁਸ਼ ਕਰਨ ਲਈ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਜਿਹਨਾਂ ਹਲਕਿਆਂ ਵਿੱਚ ਲੇਬਰ ਦੀ ਕੰਜ਼ਰਵੇਟਿਵ ਪਾਰਟੀ ਮੁੱਖ ਵਿਰੋਧੀ ਨਹੀਂ ਹੈ, ਉੱਥੇ ਸਿੱਖ ਲਿਬਰਲ ਡੈਮੋਕਰੇਟਸ ਅਤੇ ਗ੍ਰੀਨਜ਼ ਸਮੇਤ ਹੋਰ ਪਾਰਟੀਆਂ ਦੇ ਉਮੀਦਵਾਰਾਂ ਦਾ ਸਮਰਥਨ ਕਰਨਗੇ।

ਸਿੱਖ ਨੈਟਵਰਕ ਵੱਲੋਂ ਤਿਆਰ ਕੀਤੇ 10-ਨੁਕਾਤੀ ਸਿੱਖ ਚੋਣ ਮਨੋਰਥ ਪੱਤਰ ਦਾ ਤੀਜਾ ਐਡੀਸ਼ਨ 7 ਜੂਨ ਨੂੰ ਜਾਰੀ ਕੀਤਾ ਗਿਆ ਸੀ ਜਿਸ ਦਾ ਸਿਆਸੀ ਗਲਿਆਰੇ ਵਿੱਚ ਅਸਰ ਵਿਖਾਈ ਦੇ ਰਿਹਾ ਹੈ।

# ਚੋਣਾਂ ਨੂੰ ਮੁੱਖ ਰੱਖਦਿਆਂ ਸਿਆਸੀ ਨੇਤਾ ਦਾ ਧਾਰਮਿਕ ਸਥਾਨਾਂ ਵੱਲ ਰੁੱਖ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਲੇਬਰ ਲੀਡਰ ਕੀਰ ਸਟਾਰਮਰ ਸਵਾਮੀਨਰਾਇਣ ਮੰਦਰ ਹੋਏ ਨਤਮਸਤਕ



ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਮੰਦਰ ਵਿੱਚ ਅਤੇ ਕੀਰ ਸਟਾਰਮਰ ਮੰਦਰ ਵਿੱਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ 4 ਜੁਲਾਈ ਨੂੰ ਚੋਣਾਂ ਹੋਣ ਜਾ ਰਹੀਆਂ, ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਦੇ ਆਗੂ ਅਤੇ ਉਮੀਦਵਾਰ ਧਾਰਮਿਕ ਸਥਾਨਾਂ ਤੇ ਜਾ ਕੇ ਨਤਮਸਤਕ ਹੋ ਰਹੇ ਹਨ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਨੇ ਆਪਣੀ ਚੋਣ ਪ੍ਰਚਾਰ ਮੁਹਿੰਮ ਦੇ ਆਖ਼ਰੀ ਹਫ਼ਤੇ ਲੰਡਨ ਸਥਿਤ ਬੀ. ਏ. ਪੀ. ਐੱਸ. ਸਵਾਮੀਨਾਰਾਇਣ ਮੰਦਰ 'ਚ ਪੂਜਾ ਕੀਤੀ। ਇਸ ਮੰਦਰ ਨੂੰ ਨੇਸਡੇਨ ਮੰਦਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਰਿਸ਼ੀ ਸੁਨਕ ਅਤੇ ਅਕਸ਼ਤਾ ਮੂਰਤੀ ਆਪਣੇ ਸਾਥੀਆਂ ਨਾਲ ਸ਼ਨੀਵਾਰ ਸ਼ਾਮ ਨੂੰ ਮੰਦਰ ਦੇ ਕੰਪਲੈਕਸ 'ਚ ਪਹੁੰਚੇ ਜਿੱਥੇ ਮੌਜੂਦ ਲੋਕਾਂ ਨੇ ਉਨ੍ਹਾਂ ਦਾ ਜ਼ੋਰਦਾਰ ਸੁਆਗਤ ਕੀਤਾ। ਇਸ ਤੋਂ ਬਾਅਦ ਦੋਹਾਂ ਨੇ ਪੁਜਾਰੀਆਂ ਦੇ ਮਾਰਗ ਦਰਸ਼ਨ 'ਚ ਪੂਜਾ ਕੀਤੀ।

ਰਿਸ਼ੀ ਸੁਨਕ ਨੇ ਮੰਦਰ 'ਚ ਦਰਸ਼ਨ ਕਰਨ ਤੋਂ ਬਾਅਦ ਸਵੈ ਸੇਵਕਾਂ ਅਤੇ ਭਾਈਚਾਰੇ ਦੇ ਨੇਤਾਵਾਂ ਨਾਲ ਗੱਲਬਾਤ ਕੀਤੀ। ਕ੍ਰਿਕਟ ਪ੍ਰਸ਼ੰਸਕ ਸੁਨਕ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਟੀ-20 ਵਿਸ਼ਵ ਕੱਪ 'ਚ ਭਾਰਤ ਦੀ ਜਿੱਤ ਦੇ ਜ਼ਿਕਰ ਨਾਲ ਕੀਤੀ। ਉਨ੍ਹਾਂ ਕਿਹਾ, "ਮੈਂ ਤੁਹਾਡੇ ਸਾਰਿਆਂ ਦੀ ਤਰ੍ਹਾਂ ਹਿੰਦੂ ਹਾਂ ਅਤੇ ਮੇਰਾ ਧਰਮ ਮੈਨੂੰ ਪ੍ਰੇਰਿਤ ਕਰਦਾ ਹੈ।" ਰਿਸ਼ੀ ਸੁਨਕ ਨੇ ਕਿਹਾ,"ਮੈਨੂੰ ਸੰਸਦ ਮੈਂਬਰ ਵਜੋਂ 'ਭਗਵਦ ਗੀਤਾ' 'ਤੇ ਹੱਥ ਰੱਖ ਕੇ ਸਹੁੰ ਚੁੱਕਣ 'ਤੇ ਮਾਣ ਹੈ। ਸਾਡਾ ਧਰਮ ਸਾਨੂੰ ਆਪਣਾ ਕਰਤੱਵ ਨਿਭਾਉਣਾ ਸਿਖਾਉਂਦਾ ਹੈ। ਜੇ ਅਸੀਂ ਆਪਣੇ ਫਰਜ਼ ਈਮਾਨਦਾਰੀ ਨਾਲ ਨਿਭਾ ਰਹੇ ਹਾਂ ਤਾਂ ਸਾਨੂੰ ਨਤੀਜੇ ਦੀ ਚਿੰਤਾ ਨਹੀਂ ਕਰਨੀ ਚਾਹੀਦੀ।" ਉਨ੍ਹਾਂ ਕਿਹਾ,"ਮੇਰੇ ਮਾਤਾ-ਪਿਤਾ ਨੇ ਮੈਨੂੰ ਇਹੀ ਸਿਖਾਇਆ ਹੈ ਅਤੇ ਮੈਂ ਇਸੇ ਤਰ੍ਹਾਂ ਆਪਣਾ ਜੀਵਨ ਜਿਉਂਦਾ ਹਾਂ। ਇਹੀ ਸੰਸਕਾਰ ਮੈਂ ਆਪਣੀਆਂ ਧੀਆਂ ਨੂੰ ਸਿਖਾਉਣਾ ਚਾਹੁੰਦਾ ਹਾਂ। ਇਹ ਧਰਮ ਹੀ ਹੈ ਜੋ ਜਨਤਕ ਸੇਵਾ ਦੇ ਪ੍ਰਤੀ ਮੇਰੇ ਦ੍ਰਿਸ਼ਟੀਕੋਣ 'ਚ ਮੇਰਾ ਮਾਰਗ ਦਰਸ਼ਨ ਕਰਦਾ ਹੈ।" ਇਸ ਤੋਂ ਪਹਿਲਾਂ ਲੇਬਰ ਲੀਡਰ ਕੀਰ ਸਟਾਰਮਰ ਵੀ ਕਿੰਗਸਬਰੀ ਸਵਾਮੀ ਨਰਾਇਣ ਦੇ ਮੰਦਰ ਵਿੱਚ ਨਤਸਤਕ ਹੋਏ ਸਨ।

# ਹੰਸਲੋ ਦੇ ਦੋ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ਾਂ ਕਹਿਤ ਸੁਣਾਈ 34 ਸਾਲ ਕੈਦ ਵਧਾ ਕੇ 43 ਸਾਲ ਕੀਤੀ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੰਸਲੋ ਦੇ ਦੋ ਭਾਰਤੀ ਮੂਲ ਦੇ ਵਿਅਕਤੀਆਂ ਨੂੰ 28.9 ਮਿਲੀਅਨ ਪੌਂਡ ਦੇ ਨਸ਼ੀਲੇ ਪਦਾਰਥਾਂ ਅਤੇ 18.7 ਮਿਲੀਅਨ ਪੌਂਡ ਦੀ ਸਿਗਰਟ ਤਸਕਰੀ ਦੇ ਦੋਸ਼ਾਂ ਤਹਿਤ ਸੁਣਾਈ 34 ਸਾਲ ਕੈਦ ਦੀ ਸਜ਼ਾ ਵਧਾ ਕੇ 43 ਸਾਲ ਕਰ ਦਿੱਤੀ ਹੈ। ਲੰਡਨ ਦੀ ਆਇਜ਼ਲਵਰਥ ਕਰਾਊਨ ਕੋਰਟ ਵਿੱਚ 71 ਦਿਨ ਚੱਲੇ ਮੁਕੱਦਮੇ ਵਿੱਚ ਵਰੁਣ ਭਾਰਦਵਾਜ, 39, ਅਤੇ ਆਨੰਦ ਤ੍ਰਿਪਾਠੀ, 61, ਨੂੰ ਨਸ਼ਾ ਤਸਕਰੀ ਵਿੱਚ ਦੋਸ਼ੀ ਪਾਇਆ ਗਿਆ। ਅਦਾਲਤ ਵਿੱਚ ਦੱਸਿਆ ਗਿਆ ਕਿ ਵਰੁਣ ਭਾਰਦਵਾਜ ਨੇ ਕੋਕੀਨ ਨਾਲ ਭਰੇ ਸ਼ਿਪਿੰਗ ਕੰਟੇਨਰਾਂ ਨਾਲ ਜੁੜੇ ਕਾਰੋਬਾਰ ਤੋਂ ਆਪਣੇ ਆਪ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੂੰ ਉਸ ਦੇ ਰੇਂਜ ਰੋਵਰ 'ਤੇ ਨਿੱਜੀ ਨੰਬਰ ਪਲੇਟ ਕੰਪਨੀ ਦੇ ਨਾਮ ਨਾਲ ਮੇਲ ਖਾਂਦੀ ਮਿਲੀ, ਜਿਸ ਤੋਂ ਬਾਅਦ ਅਪਰਾਧਿਕ ਕੜੀ ਨਾਲ ਕੜੀ ਮੇਲ ਖਾਂਦੀ ਗਈ। ਵਰੁਣ ਭਾਰਦਵਾਜ ਨੂੰ 19 ਸਾਲ ਅਤੇ ਆਨੰਦ ਤ੍ਰਿਪਾਠੀ ਨੂੰ 15 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਸਾਊਥ ਵੈਸਟ ਰੀਜਨਲ ਆਰਗੇਨਾਈਜ਼ਡ ਕ੍ਰਾਈਮ ਯੂਨਿਟ ਅਤੇ ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ ਨੇ ਦਲੀਲ ਦਿੱਤੀ ਕਿ ਪਿਛਲੇ ਦਸੰਬਰ ਵਿੱਚ ਸੁਣਾਈਆਂ ਗਈਆਂ ਸਜ਼ਾਵਾਂ ਘੱਟ ਸਨ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਨੂੰ ਰੱਦ ਕਰਨ ਲਈ ਅਰਜ਼ੀ ਦਿੱਤੀ ਸੀ। ਬੀਤੇ ਵੀਰਵਾਰ ਨੂੰ ਅਪੀਲ ਕੋਰਟ ਵਿਚ ਭਾਰਦਵਾਜ ਦੀ 23 ਸਾਲ ਅਤੇ ਤ੍ਰਿਪਾਠੀ ਦੀ ਸਜ਼ਾ ਵਧਾ ਕੇ 20 ਸਾਲ ਕਰ ਦਿੱਤੀ ਗਈ।

ਕ੍ਰਾਈਮ ਯੂਨਿਟ ਨੇ ਇਸ ਮਾਮਲੇ ਦੀ ਉਸ ਸਮੇਂ ਜਾਂਚ ਕੀਤੀ ਜਦੋਂ ਇੱਕ ਕਿਸਾਨ ਨੇ ਜਾਨਵਰਾਂ ਦੀ ਖੁਰਾਕ ਦੀ ਸਧਾਰਣ ਡਿਲਿਵਰੀ ਵਿੱਚ ਕੋਕੀਨ ਦੇ ਪੈਕਟ ਵੇਖੇ। ਜਾਂਚ ਦੌਰਾਨ ਅਫਸਰਾਂ ਨੂੰ ਇੱਕ ਸ਼ਿਪਿੰਗ ਕੰਟੇਨਰ 'ਚੋਂ 15 ਮਿਲੀਅਨ ਪੌਂਡ ਤੋਂ ਵੱਧ ਦੀ ਕੀਮਤ ਵਾਲੀ 189 ਕਿਲੋਗ੍ਰਾਮ ਕੋਕੀਨ ਮਿਲੀ। ਇਸ ਨੂੰ ਕੋਲੰਬੀਆ ਤੋਂ ਥਰੁੱਕ ਐਸੈਕਸ ਵਿੱਚ ਲੰਡਨ ਗੇਟਵੇਅ ਪੋਰਟ ਲਈ ਭੇਜਿਆ ਗਿਆ ਸੀ। ਉਕਤ ਸਾਰਾ ਮਾਮਲਾ ਟੈਟਬ ਲਿਮਃ ਨਾਲ ਜੁੜਿਆ ਪਾਇਆ ਸੀ, ਜਿਸ ਨਾਲ ਭਾਰਦਵਾਜ ਜੁੜਿਆ ਹੋਇਆ ਸੀ।

# ਭਾਰਤੀ ਮੂਲ ਦੇ ਧਾਰਮਿਕ ਪੁਜਾਰੀ ਖਿਲਾਫ ਬ੍ਰਿਟਿਸ਼ ਅਦਾਲਤ 'ਚ ਜਿਨਸੀ ਸ਼ੋਸ਼ਣ ਦੇ ਮੁਕੱਦਮੇ ਦੀ ਸੁਣਵਾਈ ਸ਼ੁਰੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਧਾਰਮਿਕ ਪੁਜਾਰੀ ਰਾਜਿੰਦਰ ਕਾਲੀਆ 'ਤੇ ਸ਼ੋਸ਼ਣ ਦੇ ਦੋਸ਼ਾਂ ਖਿਲਾਫ ਲੰਡਨ ਦੀ ਰਾਇਲ ਕੋਰਟ ਆਫ਼ ਜਸਟਿਸ ਵਿੱਚ ਜਸਟਿਸ ਮਾਰਟਿਨ ਸਪੈਂਸਰ ਸਾਹਮਣੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਹੈ, ਜਿਸ ਵਿਚ ਉਸ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਹਨ ਅਤੇ ਹਰਜਾਨੇ ਦੀ ਮੰਗ ਕੀਤੀ ਹੈ।**

ਔਰਤਾਂ ਨੇ ਦਾਅਵਾ ਕੀਤਾ ਹੈ ਕਿ ਉਹ ਉਸਦੀਆਂ ਪ੍ਰੈਰੋਕਾਰ ਸਨ। ਕਵੈਂਟਰੀ ਸ਼ਹਿਰ ਦੇ ਮੰਦਰ ਦਾ ਮੁੱਖ ਪੁਜਾਰੀ ਰਾਜਿੰਦਰ ਕਾਲੀਆ ਤੇ ਦੋਸ਼ ਹੈ ਕਿ ਉਹ ਖੁਦ ਨੂੰ ਰੱਬ ਦਾ ਅਵਤਾਰ ਦੱਸਦਿਆਂ ਨੌਜਵਾਨ ਲੜਕੀਆਂ ਦਾ ਸ਼ੋਸ਼ਣ ਕਰਦਾ ਸੀ।

68 ਸਾਲਾ ਕਾਲੀਆ ਖਿਲਾਫ ਚੱਲ ਰਹੇ ਮੁਕੱਦਮੇ ਵਿੱਚ 4 ਔਰਤਾਂ ਨੇ ਜਿਨਸੀ ਸ਼ੋਸ਼ਣ ਕਰਨ ਦਾ ਦਾਅਵਾ ਕੀਤਾ ਹੈ, ਜਦ ਕਿ ਤਿੰਨ ਹੋਰਾਂ ਨੇ ਆਰਥਿਕ ਸ਼ੋਸ਼ਣ ਦਾ ਦੋਸ਼ ਲਗਾਇਆ ਹੈ।

ਇੱਕ ਕਥਿਤ ਪੀੜਤ ਦਾ ਦਾਅਵਾ ਹੈ ਕਿ ਦੋ ਦਹਾਕਿਆਂ ਵਿੱਚ 1320 ਤੋਂ ਵੱਧ ਵਾਰ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ ਅਤੇ ਇੱਕ ਹੋਰ ਨੇ ਕਿਹਾ ਕਿ ਉਸ ਨੂੰ ਇੱਕ ਬੱਚੇ ਦੇ ਰੂਪ ਵਿੱਚ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਉਹ ਆਪਣੀਆਂ ਸਕੂਲੀ ਪ੍ਰੀਖਿਆਵਾਂ ਵਿੱਚ ਅਸਫਲ ਰਹੀ।

ਇੱਕ ਮਹਿਲਾ ਨੇ ਕਿਹਾ ਕਿ ਬ੍ਰਮਿੰਘਮ ਦੇ ਇੱਕ ਹੋਟਲ ਵਿੱਚ ਉਸ ਨਾਲ ਬਲਾਤਕਾਰ ਕੀਤਾ ਗਿਆ ਅਤੇ ਚੌਥੀ ਮਹਿਲਾ ਨੇ ਦਾਅਵਾ ਕੀਤਾ ਹੈ ਕਿ ਉਹ ਸਿਰਫ ਚਾਰ ਸਾਲ ਦੀ ਉਮਰ ਵਿੱਚ ਸੀ ਜਦੋਂ ਉਸ ਨੂੰ ਅਣਉਚਿੱਤ ਢੰਗ ਨਾਲ ਛੂਹਿਆ ਗਿਆ ਸੀ।

ਤਿੰਨ ਹੋਰ ਦਾਅਵੇਦਾਰਾਂ ਨੇ ਵਿੱਤੀ ਨੁਕਸਾਨ ਹੋਣ ਦਾ ਦਾਅਵਾ ਕੀਤਾ ਹੈ। ਹਾਈਕੋਰਟ ਵਿੱਚ ਸੁਣਵਾਈ ਦੌਰਾਨ ਇਹ ਵੀ ਦੱਸਿਆ ਕਿ ਕਾਲੀਆ ਆਪਣੇ ਪੈਰੋਕਾਰਾਂ ਨੂੰ ਚਮਤਕਾਰ ਕਰਨ ਦਾ ਦਾਅਵਾ ਕਰਦਾ ਸੀ ਜਿਸ ਵਿੱਚ ਪਾਣੀ ਨੂੰ ਅੱਗ ਲਾਉਣਾ ਅਤੇ ਨਿੰਬੂ 'ਚੋਂ ਖੂਨ ਨਿਚੋੜਨਾ ਸ਼ਾਮਿਲ ਸੀ।

ਬਾਬਾ ਬਾਲਕ ਨਾਥ ਜੀ ਸੁਸਾਇਟੀ ਆਫ



ਰਾਜਿੰਦਰ ਕਾਲੀਆ

ਕਵੈਂਟਰੀ ਦੇ ਮੁਖੀ ਰਾਜਿੰਦਰ ਕਾਲੀਆ ਜੋ ਹਿੰਦੂ ਧਰਮ ਦੇ ਸਿਧਾਂਤਾਂ ਦਾ ਦਾਅਵਾ ਕਰਦਾ ਹੈ। ਲੇਕਨ ਇੱਕ ਪੀੜਤਾ ਨੇ ਅਦਾਲਤ ਨੂੰ ਦੱਸਿਆ ਕਿ ਉਹ ਰੱਬ ਦਾ ਅਵਤਾਰ ਨਹੀਂ ਸਗੋਂ ਸ਼ੈਤਾਨ ਹੈ।

ਕਾਲੀਆ ਦਾ ਜਨਮ ਪੰਜਾਬ, ਭਾਰਤ ਵਿੱਚ ਹੋਇਆ ਸੀ ਅਤੇ 1977 ਵਿੱਚ ਬਰਤਾਨੀਆ ਆਇਆ ਸੀ। 1983 ਵਿਚ ਘਰ-ਘਰ ਉਪਦੇਸ਼ ਦੇਣਾ ਸ਼ੁਰੂ ਕੀਤਾ ਅਤੇ 1986 ਵਿਚ ਬਾਬਾ ਬਾਲਕ ਨਾਥ ਦਾ 'ਮੰਦਿਰ' ਸਥਾਪਿਤ ਕੀਤਾ। ਕੇਸ ਦੀ ਸੁਣਵਾਈ ਜਾਰੀ ਹੈ।

ਪੰਜਾਬ ਟਾਈਮਜ਼ ਵੱਲੋਂ 17:35 ਵਜੇ ਮੰਗਲਵਾਰ ਨੂੰ ਮੰਦਰ ਬਾਬਾ ਬਾਲਕ ਨਾਥ ਅਤੇ ਰਜਿੰਦਰ ਕਾਲੀਆ ਦਾ ਪੱਖ ਜਾਨਣ ਲਈ ਫੋਨ ਕੀਤਾ ਤਾਂ ਫੋਨ ਚੁੱਕਣ ਵਾਲੀ ਬੀਬੀ ਨੇ ਨੋ ਕੁਮੈਂਟ ਆਖ ਕੇ ਫੋਨ ਬੰਦ ਕਰ ਦਿੱਤਾ।

## ਪੰਜਾਬੀ ਫ਼ਿਲਮੀ ਅਦਾਕਾਰ ਚਰਨਜੀਤ ਸੰਧੂ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਲੰਮੇ ਸਮੇਂ ਤੋਂ ਇੰਗਲੈਂਡ ਰਹਿ ਰਹੇ ਪੰਜਾਬੀ ਫ਼ਿਲਮੀ ਅਦਾਕਾਰ ਚਰਨਜੀਤ ਸਿੰਘ ਸੰਧੂ ਨਹੀਂ ਰਹੇ । ਉਹ ਬੀਤੇ ਕੁੱਝ ਸਮੇਂ ਤੋਂ ਬਿਮਾਰ ਸਨ। ਬਠਿੰਡੇ ਦੇ ਜੰਮਪਲ ਚਰਨਜੀਤ ਰੰਗ-ਮੰਚ ਨਾਲ ਜੁੜੇ ਰਹੇ। ਉਹਨਾਂ ਨੇ ਟੋਨੀ ਬਾਤਿਸ਼ ਤੋਂ ਨਾਟਕੀ ਪੇਸ਼ਕਾਰੀ ਦੇ ਗੁਰ ਸਿੱਖੇ ਅਤੇ ਬਹੁਤ ਸਾਰੇ ਨਾਟਕਾਂ ਵਿੱਚ ਕੰਮ ਕੀਤਾ। ਇੰਗਲੈਂਡ ਵਿੱਚ ਵੱਖ ਵੱਖ ਰੇਡੀਓ, ਟੀ ਵੀ ਪ੍ਰੋਗਰਾਮ ਕਰਕੇ ਪੰਜਾਬੀ ਸਰੋਤਿਆਂ ਅਤੇ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਬਣਾਈ। ਚਰਨਜੀਤ ਸੰਧੂ ਨੇ ਵੱਤਰ ਅਤੇ ਲੰਡਨ ਦੀ ਹਾਰ ਫਿਲਮਾਂ ਬਣਾਉਣ ਤੋਂ ਇਲਾਵਾ ਦਰਜ਼ਨ ਦੇ ਕਰੀਬ ਪੰਜਾਬੀ ਫਿਲਮਾਂ ਵਿੱਚ ਕੰਮ ਕੀਤਾ। ਜਿਸ ਵਿੱਚ ਦੁੱਲਾ ਵੈਲੀ, ਅੰਗਰੇਜ਼, ਪੰਜਾਬ ਸਿੰਘ, ਜ਼ੋਰਾ ਦੱਸ ਨੰਬਰੀਆ ਆਦਿ ਵਰਨਣਯੋਗ ਹਨ।



ਚਰਨਜੀਤ ਸਿੰਘ ਸੰਧੂ

## ਡਾਕਟਰ ਜੇਸਨ ਵੋਹਰਾ ਐਸਟਨ ਯੂਨੀਵਰਸਿਟੀ ਦੇ ਪਹਿਲੇ ਸਿੱਖ ਚਾਂਸਲਰ ਬਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਡਾਕਟਰ ਜੇਸਨ ਵੋਹਰਾ ਐਸਟਨ ਯੂਨੀਵਰਸਿਟੀ ਦੇ ਪਹਿਲੇ ਏਸ਼ੀਆਈ ਚਾਂਸਲਰ ਬਣੇ ਹਨ। ਡਾਕਟਰ ਜੇਸਨ ਵੋਹਰਾ ਲਾਇਨਕ੍ਰਾਫਟ ਹੋਲਸੇਲ ਲਿਮਟਿਡ ਦੇ ਮੁੱਖ ਕਾਰਜਕਾਰੀ ਹਨ। ਜੋ ਸਰ ਜੌਹਨ ਸੁੰਦਰਲੈਂਡ ਦੀ ਥਾਂ ਲੈਣਗੇ ਜਿਹਨਾਂ ਨੇ 13 ਸਾਲਾਂ ਬਾਅਦ ਅਸਤੀਫ਼ਾ ਦਿੱਤਾ ਹੈ।



ਡਾਕਟਰ ਜੇਸਨ ਵੋਹਰਾ

ਡਾ ਵੋਹਰਾ ਨੂੰ 2014 ਵਿੱਚ ਯੂਨੀਵਰਸਿਟੀ ਦੁਆਰਾ ਉੱਦਮਤਾ ਅਤੇ ਕਾਰੋਬਾਰ ਦੇ ਵਿਕਾਸ ਵਿੱਚ ਯੋਗਦਾਨ ਲਈ ਆਨਰੇਰੀ ਡਾਕਟਰੇਟ ਨਾਲ ਸਨਮਾਨਿਤ ਕੀਤਾ ਗਿਆ ਸੀ, ਐਸਟਨ ਯੂਨੀਵਰਸਿਟੀ ਦੀ ਸਥਾਪਨਾ ਤੋਂ ਬਾਅਦ ਨਿਯੁਕਤ ਕੀਤੇ ਜਾਣ ਵਾਲੇ ਪੰਜਵੇਂ ਚਾਂਸਲਰ ਹਨ। ਉਹ ਨਾ ਸਿਰਫ ਏਸ਼ੀਆਈ ਵਿਰਾਸਤ ਦੇ ਪਹਿਲੇ ਚਾਂਸਲਰ ਹਨ, ਸਗੋਂ ਉਹ ਸਭ ਤੋਂ ਛੋਟੀ ਉਮਰ ਦੇ ਚਾਂਸਲਰ ਵੀ ਹਨ। ਇੱਕ ਉੱਚ ਤਜ਼ਰਬੇਕਾਰ ਕੰਪਨੀ ਨਿਰਦੇਸ਼ਕ ਅਤੇ ਸਫਲ ਉਦਯੋਗਪਤੀ ਡਾ: ਵੋਹਰਾ ਕਈ ਸਾਲਾਂ ਤੋਂ ਵੈਸਟ ਮਿਡਲੈਂਡਜ਼ ਵਿੱਚ ਵੱਖ-ਵੱਖ ਬੋਰਡਾਂ ਵਿੱਚ ਆਪਣੇ ਕੰਮ ਦੇ ਨਾਲ-ਨਾਲ ਮਹੱਤਵਪੂਰਨ ਨਾਗਰਿਕ ਅਤੇ ਪਰਉਪਕਾਰੀ ਭੂਮਿਕਾਵਾਂ ਦੁਆਰਾ ਯੂ ਕੇ ਵਿੱਚ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਯੋਗਦਾਨ ਪਾਉਂਦੇ ਆ ਰਹੇ ਹਨ। ਡਾ: ਵੋਹਰਾ ਨੂੰ ਵਪਾਰ ਅਤੇ ਅੰਤਰਰਾਸ਼ਟਰੀ ਵਪਾਰਕ ਸੇਵਾਵਾਂ ਲਈ 2017 ਵਿੱਚ ਮਹਾਰਾਣੀ ਐਲਿਜ਼ਾਬੈੱਥ ਵੱਲੋਂ ਸ਼ਾਹੀ ਖਿਤਾਬ ਓ ਬੀ ਈ ਨਾਲ ਸਨਮਾਨਿਤ ਕੀਤਾ ਗਿਆ ਸੀ।

VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK
Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਸਿੰਘ ਸਭਾ ਕਬੱਡੀ ਕਲੱਬ ਸਲੋਹ ਵੱਲੋਂ

ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਲੋਹ, ਗੁਰਦੁਆਰਾ ਰਾਮਗੜ੍ਹੀਆ ਸਲੋਹ ਅਤੇ ਸਿੰਘ ਸਭਾ ਕਬੱਡੀ ਕਲੱਬ ਸਲੋਹ ਦੇ ਸਹਿਯੋਗ ਨਾਲ

## ਇੰਗਲੈਂਡ ਕਬੱਡੀ ਫੈਡਰੇਸ਼ਨ ਯੂ. ਕੇ. ਦੀ ਸਰਪ੍ਰਸਤੀ ਹੇਠ

ਸਮੂਹ ਸਲੋਹ ਵਾਸੀਆਂ ਦੇ ਸਹਿਯੋਗ ਨਾਲ

## ਕਬੱਡੀ ਟੂਰਨਾਮੈਂਟ 7 ਜੁਲਾਈ 2024

ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

## KEDERMISTER PARK, 190 REDDINGTON DR, SLOUGH SL3 7QB

ਕਿਡਰਮਿਸਟਰ ਪਾਰਕ, 190 ਰੈਡਿੰਗਟਨ ਡਰਾਈਵ ਸਲੋਹ ਵਿਖੇ ਕਰਵਾਏ ਜਾ ਰਹੇ ਟੂਰਨਾਮੈਂਟ 'ਤੇ

## ਕਬੱਡੀ ਪ੍ਰੇਮੀਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ


ਪਿਆਰੇ ਦਰਸ਼ਕ ਵੀਰੋ ਤੇ ਖੇਡ ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥


ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਸਲੋਹ ਕਬੱਡੀ ਕਲੱਬ ਵੱਲੋਂ ਸਥਾਨਕ ਸਮੂਹ ਸਲੋਹ ਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਟੂਰਨਾਮੈਂਟ ਦਿੱਤੇ ਹੋਏ ਸਮੇਂ ਅਨੁਸਾਰ ਕਰਵਾਇਆ ਜਾ ਰਿਹਾ ਹੈ । ਜਿਸ ਵਿੱਚ ਅਸੀਂ ਇੰਗਲੈਂਡ ਦੇ ਸਮੂਹ ਦਰਸ਼ਕਾਂ ਦਾ ਸਹਿਯੋਗ ਮੰਗਦੇ ਹਾਂ। ਉਹੀ ਟੂਰਨਾਮੈਂਟ ਕਾਮਯਾਬ ਹੋ ਸਕਦਾ ਹੈ, ਜਿਸ ਵਿੱਚ ਸਾਰੇ ਪ੍ਰਬੰਧਕ, ਖਿਡਾਰੀ ਤੇ ਦਰਸ਼ਕ ਸਹਿਯੋਗ ਦੇ ਕੇ ਖੁੱਲ੍ਹਦਿਲੀ ਤੇ ਇਮਾਨਦਾਰੀ ਦਾ ਸਬੂਤ ਦੇਣ। ਆਓ ! ਇਸ ਵਿੱਚ ਅਸੀਂ ਚੰਗੇ ਅਨੁਸਾਸ਼ਨ ਦਾ ਸਬੂਤ ਦੇਈਏ ਤਾਂ ਕਿ ਬਾਕੀ ਰਹਿੰਦੇ ਟੂਰਨਾਮੈਂਟਾਂ ਨੂੰ ਵੀ ਇਨ੍ਹਾਂ ਲੀਹਾਂ 'ਤੇ ਚਲਾ ਕੇ ਕਾਮਯਾਬੀ ਦੀ ਸਿਖਰ 'ਤੇ ਪਹੁੰਚਾਇਆ ਜਾ ਸਕੇ। ਅਸੀਂ ਆਪ ਸਭ ਦੇ ਅਤੀ ਧੰਨਵਾਦੀ ਹੋਵਾਂਗੇ ।

**ਸ਼ੀਰਾ ਸੰਮੀਪੁਰ, ਸਤਿੰਦਰਪਾਲ ਗੋਲਡੀ ਅਤੇ ਤਨਮਨਜੀਤ ਸਿੰਘ ਢੇਸੀ ਦਾ ਵਿਸ਼ੇਸ਼ ਸਨਮਾਨ ਹੋਵੇਗਾ**





ਸਲੋਹ ਕਬੱਡੀ ਕਲੱਬ ਵੱਲੋਂ ਕਬੱਡੀ ਖਿਡਾਰੀ ਸ਼ਫੀਕ ਚਿਸ਼ਤੀ, ਜਾਫੀ ਮੰਗੀ ਬੱਗਾ ਪਿੰਡ ਵਾਲਾ ਅਤੇ ਪੰਜਾਬੀ ਗਾਇਕ ਅੰਗਰੇਜ਼ ਅਲੀ ਦਾ ਸਨਮਾਨ ਕੀਤਾ ਜਾਵੇਗਾ ।


ਸ਼ਫੀਕ ਚਿਸ਼ਤੀ


ਜਾਫੀ ਮੰਗੀ


ਅੰਗਰੇਜ਼ ਅਲੀ




### = ਪ੍ਰਬੰਧਕਾਂ ਵੱਲੋਂ ਜ਼ਰੂਰੀ ਬੇਨਤੀਆਂ =

* ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸੂਪਰਸਤੀ ਹੇਠ ਕਰਵਾਇਆ ਜਾ ਰਿਹਾ ਹੈ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਰੇ ਨਿਯਮ ਲਾਗੂ ਹੋਣਗੇ ਤੇ ਉਸ ਵੱਲੋਂ ਲਿਆ ਗਿਆ ਫੈਸਲਾ ਅੰਤਮ ਹੋਵੇਗਾ। * ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
* ਕਾਰਾਂ ਟੂਰਨਾਮੈਂਟ ਨੂੰ ਅਲਾਟ ਕੀਤੀਆਂ ਕਾਰ ਪਾਰਕਾਂ ਵਿਚ ਹੀ ਖੜ੍ਹੀਆਂ ਕਰੋ।
* ਅਗਰ ਟੀਮ 10 ਮਿੰਟ ਲੇਟ ਪਹੁੰਚਦੀ ਹੈ ਤਾਂ ਸਕਰੈਚ ਕਰ ਦਿੱਤੀ ਜਾਵੇਗੀ।
* ਕਬੱਡੀ ਮੈਦਾਨ ਵਿਚ ਸ਼ਰਾਬ ਪੀ ਕੇ ਅਤੇ ਲੈ ਕੇ ਆਉਣਾ ਮਨ੍ਹਾ ਹੈ।

ਸੁਰੱਖਿਆ ਦਾ ਸਖ਼ਤ ਪ੍ਰਬੰਧ ਹੋਵੇਗਾ, ਸੀ ਸੀ ਟੀ ਵੀ ਕੈਮਿਰਆਂ ਦੀ ਰਿਕਾਰਿਡੰਗ ਕੀਤੀ ਜਾਵੇਗੀ

ਦਾਖਲਾ ਫੀਸ (£15) - ਟਿਕਟਾਂ ਗਰਾਊਂਡ ਵਿੱਚ ਹੀ ਮਿਲਣਗੀਆਂ


**ENTRY FEE: £15.00**
Tickets sold on the day of the venue

* ਗੁਰੂ ਕਾ ਅਤੁੱਟ ਲੰਗਰ ਵਰਤੇਗਾ

## ਜਾਰੀ ਕਰਤਾ: ਕਬੱਡੀ ਐਂਡ ਕਲਚਰਲ ਕਲੱਬ ਸਲੋਹ

**ਜਾਣਕਾਰੀ ਲਈ:** ਸਤਿੰਦਰਪਾਲ ਸਿੰਘ ਗੋਲਡੀ 07919 404088, ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ 07951 020050, ਕੁਲਵੰਤ ਸਿੰਘ ਚੱਠਾ 07971 264772, ਪ੍ਰਮਿੰਦਰ ਸਿੰਘ ਗਿੱਲ 07958 622344

# ਕਬੱਡੀ ਦੇ ਉੱਘੇ ਪ੍ਰਮੋਟਰ ਸ: ਹਰਚਰਨ ਸਿੰਘ ਬੋਲਾ ਦੇ ਪਿਤਾ ਸ: ਰਜਿੰਦਰ ਸਿੰਘ ਅਤੇ ਮਾਤਾ ਬੀਬੀ ਕਰਮ ਕੌਰ ਤੇ ਭਰਾ ਸਵਰਗੀ ਸਤਨਾਮ ਸਿੰਘ ਦੀ ਬਰਸੀ ਉਹਨਾਂ ਦੇ ਪਰਿਵਾਰ ਵੱਲੋਂ ਖ਼ਾਲਸਾ ਦਰਬਾਰ ਗੁਰਦਵਾਰਾ ਡਰਬੀ ਵਿਖੇ ਮਨਾਈ ਗਈ


ਸਵਰਗੀ ਰਜਿੰਦਰ ਸਿੰਘ ਬੋਲਾ ਅਤੇ ਉਨ੍ਹਾਂ ਦੀ ਧਰਮ ਪਤਨੀ ਕਰਮ ਕੌਰ ਬੋਲਾ

ਬੀਤੇ ਐਤਵਾਰ 23 ਜੂਨ 2024 ਨੂੰ ਸ: ਹਰਚਰਨ ਸਿੰਘ ਬੋਲਾ ਦੇ ਮਾਤਾ ਪਿਤਾ ਸ: ਰਜਿੰਦਰ ਸਿੰਘ ਅਤੇ ਬੀਬੀ ਕਰਮ ਕੌਰ ਜੀ ਅਤੇ ਸ: ਬੋਲਾ ਦੇ ਛੋਟੇ ਭਰਾ ਸਵਰਗੀ ਸਤਨਾਮ ਸਿੰਘ ਬੋਲਾ ਦੀ ਬਰਸੀ ਖ਼ਾਲਸਾ ਦਰਬਾਰ ਗੁਰਦਵਾਰਾ ਡਰਬੀ ਵਿਖੇ ਮਨਾਈ ਗਈ। ਇਸ ਮੌਕੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਉਪਰੰਤ ਗਿਆਨੀ ਗੁਰਪ੍ਰੀਤ ਸਿੰਘ ਜੀ ਬਟਾਲਾ ਵਾਲਿਆਂ ਦੇ ਜਥੇ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਇਸ ਮੌਕੇ ਸ: ਹਰਚਰਨ ਸਿੰਘ ਬੋਲਾ ਦੇ ਸੱਦੇ ਤੇ ਵਿਸ਼ੇਸ਼ ਤੌਰ ਤੇ ਡਰਬੀ ਸਿਟੀ ਕੌਂਸਲ ਦੇ ਡਿਪਟੀ ਮੇਅਰ ਕੌਂਸਲਰ ਅਜੀਤ ਸਿੰਘ ਅਟਵਾਲ, ਵਿਸ਼ਵ ਚੈਂਪੀਅਨ ਸ: ਮਹਿਮਾ ਸਿੰਘ ਬੋਲਾ, ਸ: ਸੁੱਚਾ ਸਿੰਘ ਅਟਵਾਲ ਸ੍ਰੀਮਤੀ ਅਟਵਾਲ। ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਸਮੂਹ ਬੋਲਾ ਪਰਿਵਾਰ, ਉਹਨਾਂ ਦੇ ਰਿਸ਼ਤੇਦਾਰ, ਦੋਸਤ ਮਿੱਤਰ ਆਦਿ ਹਾਜ਼ਰ ਸਨ। ਇਹਨਾਂ ਦੇ ਇਲਾਵਾ ਇਸ ਮੌਕੇ ਸਥਾਨਕ ਐਮ ਪੀ ਅਮਾਂਡਾ ਸੋਲੋਵੇ ਨੇ ਵੀ ਹਾਜ਼ਰੀ ਭਰੀ।


ਸਵਰਗੀ ਸਤਨਾਮ ਸਿੰਘ ਬੋਲਾ


ਜਸਵੀਰ ਕੌਰ ਬੋਲਾ

ਖ਼ਾਲਸਾ ਦਰਬਾਰ ਗੁਰਦਵਾਰਾ ਸਾਹਿਬ ਦੇ ਸੈਕਟਰੀ ਸ: ਹਰਦਿਆਲ ਸਿੰਘ ਧਮੜੈਤ ਨੇ ਬੋਲਾ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ, ਸ: ਹਰਚਰਨ ਸਿੰਘ ਬੋਲਾ ਦਾ ਪੰਜਾਬੀ ਭਾਈਚਾਰੇ ਦੀਆਂ ਸੇਵਾਵਾਂ ਵਿੱਚ ਬਹੁਤ ਯੋਗਦਾਨ ਹੈ। ਸ: ਬੋਲਾ ਲੰਮਾ ਸਮਾਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਖਜ਼ਾਨਚੀ ਰਹੇ ਹਨ, ਹੁਣ ਵੀ ਇਨ੍ਹਾਂ ਨੇ ਆਪ ਹੀ ਸੇਵਾ ਛੱਡੀ ਹੈ, ਇਸ ਦੇ ਇਲਾਵਾ ਡਰਬੀ ਕਲੱਬ ਦੇ ਵੀ ਲੰਮਾ ਸਮਾਂ ਖਜ਼ਾਨਚੀ ਰਹੇ। ਇਸੇ ਤਰ੍ਹਾਂ ਉਹਨਾਂ ਨੇ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਦੇ ਜਨਰਲ ਸੈਕਟਰੀ ਅਤੇ ਹੋਰ ਵੀ ਵੱਖ ਵੱਖ ਅਹੁਦਿਆਂ ਤੇ ਸੇਵਾਵਾਂ ਕੀਤੀਆਂ ਹਨ। ਸ: ਹਰਚਰਨ ਸਿੰਘ ਬੋਲਾ ਦੀ ਧਰਮ ਪਤਨੀ ਸਰਦਾਰਨੀ ਜਸਵੀਰ ਕੌਰ ਬੋਲਾ ਦੇ 70ਵੇਂ ਜਨਮ ਦਿਨ ਦੇ ਸੰਬੰਧੀ ਚੜ੍ਹਦੀ ਕਲਾ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ ਗਈ। ਉਹਨਾਂ ਦਾ ਸਪੁੱਤਰ ਸਤਵਿੰਦਰ ਸਿੰਘ (ਬੌਬੀ ਬੋਲਾ), ਨੂੰਹ ਦਲਵਿੰਦਰ ਕੌਰ ਬੋਲਾ, ਪੋਤਾ ਹਰਨੀਲ ਸਿੰਘ ਬੋਲਾ, ਪੋਤੀ ਅਲੀਸ਼ਾ ਕੌਰ ਬੋਲਾ ਅਤੇ ਹੋਰ ਬਹੁਤ ਸਾਰੇ ਮਹਿਮਾਨਾਂ ਅਤੇ ਸੱਜਣਾਂ ਮਿੱਤਰਾਂ ਨੇ ਹਾਜ਼ਰੀ ਭਰੀ। ਇਹਨਾਂ ਦੇ ਇਲਾਵਾ, ਸ: ਸੁੱਚਾ ਸਿੰਘ ਅਟਵਾਲ ਤੇ ਸ੍ਰੀਮਤੀ ਅਟਵਾਲ, ਸ: ਸੁਖਦੇਵ ਸਿੰਘ ਅਟਵਾਲ (ਸੋਖਾ ਉਦੋਪੁਰ), ਸ: ਰਸ਼ਪਾਲ ਸਿੰਘ, ਸ: ਤਰਲੋਚਨ ਸਿੰਘ, ਸ: ਮੇਜਰ ਸਿੰਘ ਮਾਹੂਵਾਲੀਆ, ਸ: ਸਤਨਾਮ ਸਿੰਘ ਪੂਨੀ ਆਦਿ ਦੇ ਨਾਂ ਵਰਣਨ ਯੋਗ ਹਨ। ਬੋਲਾ ਪਰਿਵਾਰ ਵੱਲੋਂ ਸੰਗਤਾਂ ਲਈ ਚਾਹ ਪਾਣੀ ਅਤੇ ਗੁਰੂ ਕੇ ਲੰਗਰ ਦੀ ਸੇਵਾ ਕੀਤੀ ਗਈ।


ਹਰਚਰਨ ਸਿੰਘ ਬੋਲਾ



ਸ: ਹਰਚਰਨ ਸਿੰਘ ਬੋਲਾ ਦੇ ਮਾਤਾ ਪਿਤਾ ਅਤੇ ਭਰਾ ਸਤਨਾਮ ਸਿੰਘ ਦੀ ਬਰਸੀ ਮੌਕੇ ਅਤੇ ਸਰਦਾਰਨੀ ਜਸਵੀਰ ਕੌਰ ਦੇ 70ਵੇਂ ਜਨਮ ਦਿਨ ਦੇ ਪ੍ਰੋਗਰਾਮ ਮੌਕੇ ਖ਼ਾਲਸਾ ਦਰਬਾਰ ਗੁਰਦਵਾਰਾ ਡਰਬੀ ਵਿਖੇ ਉਹਨਾਂ ਦੇ ਨਾਲ ਸਥਾਨਕ ਆਗੂ ਅਤੇ ਪਰਿਵਾਰਕ ਰਿਸ਼ਤੇਦਾਰ ਮਿੱਤਰ ਅਤੇ ਲੋਕਲ ਸੰਗਤਾਂ ਹਾਜ਼ਰੀ ਭਰਨ ਸਮੇਂ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ: ਹਰਚਰਨ ਸਿੰਘ ਬੋਲਾ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਸ ਮੌਕੇ ਆਏ ਮਹਿਮਾਨਾਂ ਅਤੇ ਸੰਗਤਾਂ ਦੀ ਚਾਹ ਪਾਣੀ ਅਤੇ ਗੁਰੂ ਕੇ ਲੰਗਰ ਪ੍ਰਸ਼ਾਦ ਨਾਲ ਸੇਵਾ ਕੀਤੀ ਗਈ।

# ਭਾਰਤੀ ਭਾਈਚਾਰੇ ਲਈ ਬਹੁਤ ਹੀ ਖਾਸ ਹੋਣਗੀਆਂ ਬਰਤਾਨਵੀ ਚੋਣਾਂ 2024 ਸੰਸਦ ਵਿੱਚ ਸਿੱਖ ਸਾਂਸਦਾਂ ਦੀ ਗਿਣਤੀ ਵਧਣ ਦੀਆਂ ਸੰਭਾਵਨਾਵਾਂ

ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: +447899798363
ਈ ਮੇਲ: msbadhni@yahoo.co.uk





ਵੱਖ ਵੱਖ ਪਾਰਟੀਆਂ ਦੇ ਪੰਜਾਬ ਨਾਲ ਸਬੰਧਿਤ ਉਮੀਦਵਾਰ

ਬਰਤਾਨੀਆਂ ਨੂੰ ਲੋਕਤੰਤਰ ਦੀ ਮਾਂ ਕਿਹਾ ਜਾਂਦਾ ਹੈ। ਸੰਨ 1707 ਵਿੱਚ ਇੰਗਲੈਂਡ ਅਤੇ ਸਕਾਟਲੈਂਡ ਵਿੱਚ ਮਿਲ ਜਾਣ ਤੋਂ ਬਾਅਦ ਪਹਿਲੀ ਵਾਰ ਬਰਤਾਨਵੀ ਸੰਸਦ ਦੀ ਸਥਾਪਨਾ ਕੀਤੀ ਗਈ ਸੀ। ਬਰਤਾਨੀਆਂ ਵਿੱਚ ਸੰਸਦੀ ਚੋਣਾਂ ਸਭ ਤੋਂ ਪਹਿਲਾਂ 1801 ਵਿੱਚ ਚੋਣ ਅਧਿਕਾਰ ਦੇਣ ਤੋਂ ਬਾਅਦ 1802 ਈਸਵੀ ਨੂੰ ਹੋਈਆਂ ਸਨ। ਉਸ ਸਮੇਂ ਆਇਰਲੈਂਡ ਵੀ ਬ੍ਰਿਟਿਸ਼ ਰਾਜ ਦਾ ਹਿੱਸਾ ਹੋ ਚੁੱਕਾ ਸੀ। ਜਦ ਕਿ ਪਾਰਲੀਮੈਂਟ ਆਫ ਇੰਗਲੈਂਡ ਦਾ ਇਤਿਹਾਸ ਇਸ ਤੋਂ ਵੀ ਪੁਰਾਣਾ ਹੈ।

## 650 ਸੀਟਾਂ ਲਈ 98 ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਦਾ ਹੜ੍ਹ

ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਬਰਤਾਨੀਆਂ ਦੀਆਂ ਆਮ ਚੋਣਾਂ 4 ਜੁਲਾਈ ਨੂੰ ਹੋ ਰਹੀਆਂ ਹਨ, ਇਹਨਾਂ ਚੋਣਾਂ ਵਿੱਚ ਬਹੁਤ ਕੁਝ ਖਾਸ ਹੈ। ਕਈ ਤਰ੍ਹਾਂ ਦੇ ਇਤਿਹਾਸ ਬਣ ਰਹੇ ਹਨ। ਸਭ ਤੋਂ ਖਾਸ ਗੱਲ ਇਹ ਹੈ ਕਿ ਇਸ ਵਾਰ ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਨੌਰਦਨ ਆਇਰਲੈਂਡ ਦੀਆਂ 650 ਸੀਟਾਂ ਲਈ 98 ਰਾਜਨੀਤਕ ਪਾਰਟੀਆਂ ਮੈਦਾਨ ਵਿੱਚ ਹਨ ਜਿਹਨਾਂ ਦੇ ਉਮੀਦਵਾਰਾਂ ਸਮੇਤ ਕੁੱਲ 4500 ਤੋਂ ਵੱਧ ਉਮੀਦਵਾਰ ਮੈਦਾਨ ਵਿੱਚ ਹਨ, ਜੋ 2019 ਦੀਆਂ ਆਮ ਚੋਣਾਂ ਨਾਲੋਂ 35.7 ਫੀਸਦੀ ਵੱਧ ਹਨ। ਜਦ ਕਿ ਇਸ ਤੋਂ ਪਹਿਲਾਂ 2010 ਵਿੱਚ ਬਰਤਾਨਵੀ ਚੋਣ ਇਤਿਹਾਸ ਵਿੱਚ ਸਭ ਤੋਂ ਵੱਧ ਉਮੀਦਵਾਰਾਂ ਦੀ ਗਿਣਤੀ 4150 ਸੀ।

ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਵੱਲੋਂ 635, ਲੇਬਰ ਪਾਰਟੀ ਵੱਲੋਂ 631, ਲਿਬਰਲ ਡੈਮੋਕ੍ਰੇਟਿਕ ਪਾਰਟੀ 630, ਰੀਫੌਰਮ ਯੂ ਕੇ 609, ਗਰੀਨ ਪਾਰਟੀ 574, ਵਰਕਰਜ਼ ਪਾਰਟੀ 152, ਸ਼ੋਸ਼ਲ ਡੈਮੋਕ੍ਰੇਟਿਕ ਪਾਰਟੀ 122, ਸਕਾਟਿਸ਼ ਨੈਸ਼ਨਲ ਪਾਰਟੀ 57, ਪਲੇਡ ਸੀਮਰੋ 32, ਡੀ ਯੂ ਪੀ 16, ਸਿਨ ਫਿਨ 14 ਆਦਿ ਤੋਂ ਇਲਾਵਾ 459 ਅਜ਼ਾਦ ਉਮੀਦਵਾਰ ਕਿਸਮਤ ਅਜ਼ਮਾਈ ਕਰ ਰਹੇ ਹਨ। ਬਰਤਾਨੀਆਂ ਦੀ ਰਿਚਮੰਡ ਐਂਡ ਨੌਰਥਅਲਰਟਨ ਅਜੇਹੀ ਸੀਟ ਹੈ ਜਿਥੋਂ ਸਭ ਤੋਂ ਵੱਧ 13 ਉਮੀਦਵਾਰ ਮੈਦਾਨ ਵਿੱਚ ਹਨ। ਜਿਸ ਵਿੱਚ ਬਰਤਾਨੀਆਂ ਦਾ ਸਭ ਤੋਂ ਵੱਡਾ ਬੈਲਟ ਪੇਪਰ ਹੋਵੇਗਾ। ਜਦ ਕਿ 88 ਹਲਕਿਆਂ ਵਿੱਚ ਘੱਟੋ ਘੱਟ ਉਮੀਦਵਾਰਾਂ ਦੀ ਗਿਣਤੀ 5 ਹੈ। ਲੰਡਨ ਦੀਆਂ 75 ਸੀਟਾਂ ਲਈ ਸਭ ਤੋਂ ਵੱਧ 575 ਉਮੀਦਵਾਰ ਮੈਦਾਨ ਵਿਚ ਹਨ। ਯੂ ਕੇ ਭਰ ਵਿੱਚ 46,560,452 ਮੱਤਦਾਤਾ ਹਨ।

ਲੰਡਨ ਦੇ 80 ਕੌਂਸਲਰ ਆਮ ਚੋਣਾਂ ਲਈ ਉਮੀਦਵਾਰ, ਜਿਹਨਾਂ ਵਿੱਚੋਂ ਤਿੰਨ ਕੌਂਸਲਾਂ ਦੇ ਲੇਬਰ ਪਾਰਟੀ ਦੇ ਲੀਡਰ ਹਨ। ਦਸਤਾਰਧਾਰੀ ਸਿੱਖ ਉਮੀਦਵਾਰ ਜਸਬੀਰ ਸਿੰਘ ਅਠਵਾਲ ਰੈਡਬ੍ਰਿਜ਼ ਕੌਂਸਲ ਦੇ ਲੀਡਰ ਹਨ, ਜੋ ਇਲਫੋਰਡ ਦੱਖਣੀ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਹਨ। ਜਦ ਕਿ 31 ਸਾਬਕਾ ਕੌਂਸਲਰ ਵੀ ਚੋਣ ਮੈਦਾਨ ਵਿੱਚ ਹਨ।

## ਚੋਣ ਮੁੱਖ ਮੁੱਦੇ

ਇਹਨਾਂ ਚੋਣਾਂ ਵਿੱਚ ਮੁੱਖ ਮੁੱਦੇ ਵੱਧਦੀ ਮਹਿੰਗਾਈ, ਰੋਜ਼ਗਾਰ ਅਤੇ ਗੈਰਕਾਨੂੰਨੀ ਪ੍ਰਵਾਸ ਹਨ, ਪਰ ਇਸ ਦੇ ਬਾਵਜੂਦ ਕੁਝ ਹਲਕਿਆਂ ਵਿੱਚ ਧਾਰਮਿਕ ਮੁੱਦੇ ਵੀ ਉੱਭਰ ਕੇ ਸਾਹਮਣੇ ਆਏ ਹਨ। ਲੇਬਰ ਪਾਰਟੀ ਵੱਲੋਂ ਨਿੱਜੀ ਸਕੂਲਾਂ, ਵਿਦੇਸ਼ੀ ਪ੍ਰਾਪਰਟੀ ਨਿਵੇਸ਼ਕਾਂ ਆਦਿ ਤੇ ਟੈਕਸ ਲਗਾਉਣ। ਰਾਸ਼ਟਰੀ ਬੀਮਾ, ਆਮਦਨ ਕਰ ਅਤੇ ਵੈਟ ਨਾ ਵਧਾਉਣ ਦਾ ਵਾਅਦਾ ਕੀਤਾ ਹੈ। ਰਾਸ਼ਟਰੀ ਸਿਹਤ ਸੰਸਥਾ ਐਨ ਐਚ ਐਸ ਵਿੱਚ ਵੱਡੇ ਸੁਧਾਰ ਦਾ ਵਾਅਦਾ ਕੀਤਾ ਹੈ। ਜਦ ਕਿ ਕੰਜ਼ਰਵੇਟਿਵ ਪਾਰਟੀ ਨੇ ਟੈਕਸ ਕਟੌਤੀਆਂ ਦੀ ਪੇਸ਼ਕਸ਼ ਕੀਤੀ ਹੈ, ਜਿਸ ਵਿੱਚ ਰਾਸ਼ਟਰੀ ਬੀਮਾ ਦਰ ਵਿੱਚ 2 ਫੀਸਦੀ ਕਟੌਤੀ ਅਤੇ 4 ਲੱਖ 25 ਹਜ਼ਾਰ ਤੱਕ ਦੀ ਕੀਮਤ ਵਾਲੇ ਘਰਾਂ ਦੀ ਖਰੀਦਦਾਰੀ ਤੋਂ ਸਟੈਂਪ ਡਿਊਟੀ ਖ਼ਤਮ ਕਰਨਾ ਤੱਕ ਸ਼ਾਮਿਲ ਹੈ। ਐਨ ਐਚ ਐਸ ਵਿੱਚ ਹੋਰ ਨਰਸਾਂ ਡਾਕਟਰਾਂ ਦੀ ਭਰਤੀ ਸਮੇਤ ਹਰ ਪਾਰਟੀ ਵੱਲੋਂ ਲੋਕਾਂ ਨਾਲ ਵਾਅਦੇ ਕੀਤੇ ਗਏ ਹਨ।



ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਪ੍ਰੀਤੀ ਪਟੇਲ

## ਘੱਟ ਗਿਣਤੀਆਂ, ਧਰਮ ਦਾ ਪ੍ਰਭਾਵ ਅਤੇ ਭਾਰਤੀ ਭਾਈਚਾਰਾ

ਬਰਤਾਨੀਆਂ ਦੀਆਂ 2024 ਚੋਣਾਂ ਇਸ ਕਰਕੇ ਵੀ ਮਹੱਤਵਪੂਰਨ ਹਨ ਕਿਉਂਕਿ ਇਹ ਪਹਿਲੀ ਵਾਰ ਹੈ ਸੱਤਾਧਾਰੀ ਦਾ ਆਗੂ ਅਤੇ ਮੌਜੂਦਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਭਾਰਤੀ ਪਿਛੋਕੜ ਦੇ ਹਨ। ਜੋ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਕਰ ਰਹੇ ਹਨ। ਯੂ ਕੇ ਵਿੱਚ 15 ਲੱਖ ਤੋਂ ਵੱਧ ਭਾਰਤੀਆਂ ਦੀ ਵਸੋਂ ਹੈ। ਬਹੁਤ ਸਾਰੇ ਇਲਾਕੇ ਅਜੇਹੇ ਹਨ ਜਿੱਥੇ ਭਾਰਤੀ ਭਾਈਚਾਰਾ ਰਾਜਸੀ ਸਮੀਕਰਨ ਬਦਲਣ ਦੀ ਸ਼ਕਤੀ ਰੱਖਦਾ ਹੈ। ਜਿਸ ਕਰਕੇ ਦੋਵੇਂ ਵੱਡੀਆਂ ਪਾਰਟੀਆਂ ਦੇ ਆਗੂ ਧਾਰਮਿਕ ਸਥਾਨਾਂ ਤੇ ਜਾ ਕੇ ਭਾਈਚਾਰਿਆਂ ਤੋਂ ਹਮਾਇਤ ਦੀ ਆਸ ਕਰਦੇ ਨਜ਼ਰ ਆ ਰਹੇ ਹਨ। ਇਹਨਾਂ ਚੋਣਾਂ ਵਿੱਚ ਗਾਜ਼ਾ ਵਿੱਚ ਚੱਲ ਰਹੇ ਯੁੱਧ ਨੂੰ ਵੀ ਚੋਣ ਪ੍ਰਚਾਰ ਦਾ ਹਿੱਸਾ ਵੇਖਿਆ ਜਾ ਰਿਹਾ ਹੈ। ਖਾਸ ਤੌਰ 'ਤੇ ਮੁਸਲਿਮ ਭਾਈਚਾਰੇ ਦੇ ਕੁਝ ਉਮੀਦਵਾਰਾਂ ਵੱਲੋਂ ਗਾਜ਼ਾ ਦੇ ਯੁੱਧ ਨੂੰ ਆਪਣੇ ਸਿਆਸੀ ਪ੍ਰਚਾਰ ਦਾ ਹਿੱਸਾ ਬਣਾਇਆ ਜਾ ਰਿਹਾ। ਵਰਕਰਜ਼ ਪਾਰਟੀ ਵੱਲੋਂ ਵੀ ਇਸ ਦਾ ਖੁੱਲ੍ਹ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਹਨਾਂ ਨੇ ਕੰਜ਼ਰਵੇਟਿਵ ਪਾਰਟੀ ਦੇ ਨਾਲ ਨਾਲ ਲੇਬਰ ਪਾਰਟੀ ਨੂੰ ਮੁੱਖ ਨਿਸ਼ਾਨੇ 'ਤੇ ਲਿਆ ਹੈ।

ਪੰਜਾਬੀ ਪਿਛੋਕੜ ਵਾਲੇ ਮੌਜੂਦਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਰਿਚਮੰਡ ਅਤੇ ਨੌਰਥਲਰਟਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਨ। ਗੁਜ਼ਰਾਤੀ ਮੂਲ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਵਿਟਹੈਮ ਤੋਂ ਉਮੀਦਵਾਰ ਹਨ।

## ਸਿੱਖ ਚੋਣ ਮਨੋਰਥ ਪੱਤਰ ਅਤੇ ਪੰਜਾਬੀ ਪਿਛੋਕੜ ਵਾਲੇ ਉਮੀਦਵਾਰ

ਇਹਨਾਂ ਚੋਣਾਂ ਵਿੱਚ ਸਿੱਖ ਨੈਟਵਰਕ ਵੱਲੋਂ ਤੀਜਾ ਸਿੱਖ ਚੋਣ ਮਨੋਰਥ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਸਿੱਖ ਭਾਈਚਾਰੇ ਦੀ 10 ਲੱਖ ਵਸੋਂ 'ਚੋਂ ਵੱਧ ਝੁਕਾਅ ਲੇਬਰ ਪੱਖੀ ਦਰਸਾਇਆ ਗਿਆ ਹੈ। ਚੋਣ ਮਨੋਰਥ ਪੱਤਰ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਮੌਕੇ ਸਿੱਖ ਮੁੱਦਿਆਂ ਨੂੰ ਨਜ਼ਰ ਅੰਦਾਜ਼ ਕਰਨ ਦੇ ਦੋਸ਼ ਲਗਾਏ ਗਏ ਹਨ, ਇਸ ਪੱਤਰ ਵਿੱਚ ਦਰਜਨ ਤੋਂ ਵੱਧ ਲੇਬਰ ਪਾਰਟੀ ਦੇ ਸਿੱਖ ਪਿਛੋਕੜ ਵਾਲੇ ਉਹਨਾਂ ਉਮੀਦਵਾਰਾਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਕੀਤੀਆਂ ਹਨ, ਜਿਹਨਾਂ ਦੀ ਜਿੱਤ ਦੇ ਦਾਅਵੇ ਕੀਤੇ ਜਾ ਰਹੇ ਹਨ ਜਾਂ ਜੋ ਸਭ ਤੋਂ ਵੱਧ ਸੁਰੱਖਿਅਤ ਲੇਬਰ ਸੀਟਾਂ ਤੋਂ ਚੋਣ ਲੜ੍ਹ ਰਹੇ ਹਨ। ਇਹਨਾਂ ਵਿੱਚ ਮੁੱਖ ਤੌਰ ਤੇ ਬਰਤਾਨਵੀ ਸਿਆਸਤ ਵਿੱਚ ਇਤਿਹਾਸ ਜਿੱਤ ਦਰਜ਼ ਕਰ ਚੁੱਕੇ ਪਹਿਲੇ ਦਸਤਾਰਧਾਰੀ ਸਿੱਖ ਤਨਮਨਜੀਤ ਸਿੰਘ ਢੇਸੀ ਜੋ ਸਲੋਹ ਹਲਕੇ ਤੋਂ ਲੇਬਰ ਉਮੀਦਵਾਰ ਹਨ ਅਤੇ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਜੋ ਲੇਬਰ ਵੱਲੋਂ ਐਜ਼ਬਾਸਟਨ (ਬ੍ਰਮਿੰਘਮ) ਤੋਂ ਲੇਬਰ ਉਮੀਦਵਾਰ ਹਨ। ਇਸ ਤੋਂ ਇਲਾਵਾ ਜਸਬੀਰ ਸਿੰਘ ਅਠਵਾਲ ਇਲਫੋਰਡ ਦੱਖਣੀ ਤੋਂ, ਸਤਵੀਰ ਕੌਰ ਸਾਊਥਹੈਂਪਟਨ, ਹਰਪ੍ਰੀਤ ਕੌਰ ਉੱਪਲ ਹਰਡਜ਼ਫੀਲਡ, ਵਾਰਿੰਦਰ ਸਿੰਘ ਜਸ ਵੁਲਵਰਹੈਂਪਟਨ ਪੱਛਮੀ, ਬਾਗੀ ਸ਼ੰਕਰ ਡਰਬੀ ਦੱਖਣੀ, ਡਾ: ਜੀਵਨ ਸਿੰਘ ਸੰਧਰ ਲੌਫਬਾਰੋ, ਕੀਰਥ ਐਂਟਵੀਸਲਾ ਬੋਲਟਨ ਉੱਤਰ ਪੂਰਬੀ, ਟੋਨੀ ਸਿੰਘ ਗਿੱਲ ਰਾਏਸਲਿੱਪ ਨੌਰਵੁੱਡ ਪਿਨਰ, ਪਵਿੱਤਰ ਕੌਰ ਮਾਨ ਵਿੰਡਸਰ, ਡਾ: ਗੁਰਪ੍ਰੀਤ ਕੌਰ ਪੱਡਾ ਵੈਵੀਨੇ ਵੈਲੀ, ਸੋਨੀਆ ਕੁਮਾਰ ਭੋਗਲ ਡਡਲੀ ਅਤੇ ਗੁਰਿੰਦਰ ਸਿੰਘ ਜੋਸ਼ਨ ਸਮੈਦਿਕ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਹਨ। ਇਥੇ ਹੀ ਬੱਸ ਇਸ ਚੋਣ ਮਨੋਰਥ ਪੱਤਰ ਵਿੱਚ ਦਰਜ਼ ਬਹੁਤ ਸਾਰੇ ਮਾਮਲਿਆਂ ਦੀ ਹਮਾਇਤ ਵਿੱਚ ਹੈਸਟਨ ਫੈਲਥਮ ਹਲਕੇ ਤੋਂ ਲੇਬਰ ਉਮੀਦਵਾਰ ਸੀਮਾ ਮਲਹੋਤਰਾ ਵੀ ਤੀਜੀ ਵਾਰ ਚੋਣ ਲੜ੍ਹ ਰਹੀ ਹੈ।

ਇਥੇ ਹੀ ਬਸ ਨਹੀਂ ਸਿੱਖ ਪਿਛੋਕੜ ਵਾਲੇ ਕਈ ਹੋਰ ਉਮੀਦਵਾਰ ਵੀ ਮੈਦਾਨ ਵਿੱਚ ਹਨ ਜਿਹਨਾਂ ਵਿੱਚੋਂ ਵਰਕਰਜ਼ ਪਾਰਟੀ ਵੱਲੋਂ ਸਾਊਥਾਲ ਈਲਿੰਗ ਹਲਕੇ ਤੋਂ ਦਰਸ਼ਨ ਸਿੰਘ ਅਜ਼ਾਦ, ਹੈਸਟਨ ਫੈਲਥਮ ਤੋਂ ਅੰਮ੍ਰਿਤਪਾਲ ਸਿੰਘ ਮਾਨ, ਰਿਫੌਰਮ ਪਾਰਟੀ ਵੱਲੋਂ ਪ੍ਰਭਦੀਪ ਸਿੰਘ ਉਮੀਦਵਾਰ ਹਨ। ਸਾਊਥਾਲ ਈਲਿੰਗ ਤੋਂ ਸੰਗੀਤ ਕੌਰ ਭੇਲ, ਜੋਗਿੰਦਰ ਸਿੰਘ ਅਜ਼ਾਦ ਉਮੀਦਵਾਰ ਹਨ। ਐਜ਼ਬਾਸਟਨ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਅਸ਼ਵੀਰ ਸਿੰਘ ਸੰਘਾ ਉਮੀਦਵਾਰ ਹਨ।

2024 ਸਾਂਸਦੀ ਚੋਣਾਂ ਵਿੱਚ ਪਹਿਲੀ ਵਾਰ ਹਿੰਦੂ ਚੋਣ ਮਨੋਰਥ ਪੱਤਰ ਜਾਰੀ ਕੀਤਾ ਗਿਆ ਹੈ। ਸਿਆਸੀ ਚਰਚਾ ਇਹ ਵੀ ਹੈ ਕਿ ਇਸ ਚੋਣ ਮਨੋਰਥ ਪੱਤਰ ਨੂੰ ਜਿਆਦਾ ਤਰ ਕੰਜ਼ਰਵੇਟਿਵ ਉਮੀਦਵਾਰਾਂ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ। ਇਹਨਾਂ ਚੋਣਾਂ ਵਿੱਚ ਪਹਿਲੀ ਵਾਰ ਕੁਝ ਹਲਕਿਆਂ ਵਿੱਚ ਧਾਰਮਿਕ ਮੁੱਦੇ ਜਿਆਦਾ ਪ੍ਰਚਾਰੇ ਜਾ ਰਹੇ ਹਨ। ਜਿੱਥੇ ਮੁਸਲਿਮ ਵੋਟ ਨੂੰ ਹਾਸਲ ਕਰਨ ਲਈ ਗਾਜ਼ਾ ਮਸਲੇ ਨੂੰ ਅਧਾਰ ਬਣਾਇਆ ਜਾ ਰਿਹਾ ਹੈ, ਜੋ ਲੇਬਰ ਪਾਰਟੀ ਨੂੰ ਕਿਤੇ ਨਾ ਕਿਤੇ ਪ੍ਰਭਾਵਿਤ ਕਰਦਾ ਨਜ਼ਰ ਆ ਰਹੇ ਹਨ। ਉੱਥੇ ਰਿਫੌਰਮ ਪਾਰਟੀ ਵੱਲੋਂ ਇੰਮੀਗ੍ਰੇਸ਼ਨ ਮਾਮਲੇ ਨੂੰ ਤਲਖੀ ਵਾਲੇ ਸ਼ਬਦ ਬੋਲੇ ਜਾ ਰਹੇ ਹਨ, ਜਿਸ ਨੂੰ ਲੈ ਕੇ ਬੀ ਬੀ ਸੀ ਵੱਲੋਂ ਪ੍ਰਕਾਸ਼ਿਤ ਇੱਕ ਰਿਪੋਰਟ ਘੱਟ ਗਿਣਤੀਆਂ ਨੂੰ ਫਿਕਰਾਂ ਵਿੱਚ ਪਾ ਰਹੀ ਹੈ। ਰਿਫੌਰਮ ਪਾਰਟੀ ਜਿਸ ਨੇ ਯੂਰਪੀਅਨ ਯੂਨੀਅਨ ਨਾਲੋਂ ਬਰਤਾਨੀਆਂ ਦੇ ਤੋੜ ਵਿਛੋੜੇ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਹੁਣ ਸੱਤਾਧਾਰੀ ਪਾਰਟੀ ਕੰਜ਼ਰਵੇਟਿਵ ਦੇ ਉਮੀਦਵਾਰਾਂ ਦਾ ਨੁਕਸਾਨ ਕਰਦੀ ਵੇਖੀ ਜਾ ਰਹੀ ਹੈ।

ਹੁਣ ਤੱਕ ਦੇ ਸਰਵੇਖਣ ਅਤੇ ਸਥਾਨਿਕ ਟੀ ਵੀ ਬਹਿਸਾਂ ਲੇਬਰ ਪਾਰਟੀ ਦੀ ਸਰਕਾਰ ਸਪਸ਼ਟ ਰੂਪ ਵਿੱਚ ਬਣਾ ਰਹੇ ਹਨ, ਪਰ ਹੁਣ 4 ਜੁਲਾਈ ਨੂੰ ਹੀ ਪਤਾ ਲੱਗੇਗਾ ਕਿ ਲੋਕ ਕਿਸ ਪਾਰਟੀ ਨੂੰ ਦੇਸ਼ ਦੀ ਵਾਗਡੋਰ ਸੌਂਪਦੇ ਹਨ।

* * * * * * *

# ਭਾਰਤੀ ਖੁਫੀਆ ਏਜੰਸੀ ਰਾਅ ਹੈ ਦੁਨੀਆ ਲਈ ਰਹੱਸ, ਪਰ ਅਮਰੀਕਾ ਅੱਗੇ ਹੋਈ ਫੇਲ

## ✪ ਸਮਝੋ ਕਿਵੇਂ ਕੰਮ ਕਰਦੀ ਹੈ ਸੀਆਈਏ, ਮੌਸਾਦ ਅਤੇ ਚੀਨ ਦੀ ਐਮ ਐਸ ਐਸ





ਵਾਸ਼ਿੰਗਟਨ-ਬ੍ਰਿਟਿਸ਼ ਅਖਬਾਰ ‘ਦਿ ਗਾਰਡੀਅਨ’ ਨੇ ਹਾਲ ਹੀ ਵਿਚ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਪਾਕਿਸਤਾਨ ਵਿਚ ਪਿਛਲੇ ਦੋ ਸਾਲਾਂ ਵਿਚ ਘੱਟੋ-ਘੱਟ 20 ਬਦਨਾਮ ਖਾੜਕੂ ਮਾਰੇ ਗਏ ਹਨ। ਇਸ ਪਿੱਛੇ ਭਾਰਤੀ ਖੁਫੀਆ ਏਜੰਸੀ ਰਾਅ ਦਾ ਹੱਥ ਦੱਸਿਆ ਜਾ ਰਿਹਾ ਹੈ। ਇਸ ਖਬਰ ਤੋਂ ਬਾਅਦ ਪੂਰੀ ਦੁਨੀਆ ਵਿਚ ਇੰਡੀਅਨ ਸੀਕ੍ਰੇਟ ਸਰਵਿਸ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੀ ਤਾਕਤ ਦੀ ਚਰਚਾ ਸ਼ੁਰੂ ਹੋ ਗਈ। 1968 ਵਿੱਚ ਆਪਣੀ ਸਥਾਪਨਾ ਤੋਂ ਲੈ ਕੇ, ਭਾਰਤ ਦੀ ਰਾਅ ਵਿਦੇਸ਼ੀ ਦੁਸ਼ਮਣਾਂ ਤੋਂ ਦੇਸ ਹਿੱਤਾਂ ਦੀ ਰੱਖਿਆ ਦਾ ਦਾਅਵਾ ਕਰਦੀ ਰਹੀ ਹੈ। ਇਸ ਦੇ ਲਈ ਰਾਅ ਨੇ ਦੂਜੇ ਦੇਸ਼ਾਂ ਵਿੱਚ ਕਈ ਸਫਲ ਮਿਸ਼ਨ ਕੀਤੇ ਹਨ। ਰਾਅ ਨੇ ਆਪਣੇ ਆਪ ਨੂੰ ਇੱਕ ਅਜਿਹੀ ਏਜੰਸੀ ਵਜੋਂ ਸਥਾਪਿਤ ਕਰ ਲਿਆ ਹੈ ਜੋ ਹਨੇਰੇ ਵਿੱਚ ਕੰਮ ਕਰਦੀ ਹੈ ਪਰ ਹੁਣ ਦੁਨੀਆ ਵਿੱਚ ਇਸ ਦਾ ਡੰਕਾ ਵੱਜਣਾ ਸ਼ੁਰੂ ਹੋ ਗਿਆ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਅਮਰੀਕਾ, ਇਜ਼ਰਾਈਲ ਅਤੇ ਚੀਨ ਵਰਗੇ ਦੇਸ਼ਾਂ ਦੀਆਂ ਚੋਟੀ ਦੀਆਂ ਗੁਪਤ ਏਜੰਸੀਆਂ ਕਿਹੜੀਆਂ ਹਨ ਅਤੇ ਉਹ ਕਿਵੇਂ ਕੰਮ ਕਰਦੀਆਂ ਹਨ।

ਭਾਰਤ ਦੀ ਚੋਟੀ ਦੀ ਖੁਫੀਆ ਏਜੰਸੀ ਰਾਅ ਦਾ ਕੰਮ ਕਰਨ ਦਾ ਤਰੀਕਾ ਬੇਨਾਮ ਹੋ ਸਕਦਾ ਹੈ, ਪਰ ਅਮਰੀਕਾ ਦੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.), ਇਜ਼ਰਾਈਲ ਦੀ ਮੋਸਾਦ, ਬ੍ਰਿਟੇਨ ਦੀ ਐੱਮ.ਆਈ.-5 ਅਤੇ ਕੈਨੇਡਾ ਦੀ ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (ਸੀ. ਐੱਸ. ਆਈ. ਐੱਸ.) ਸਮੇਤ ਕਈ ਸੀਕਰੇਟ ਸਰਵਿਸ ਆਪਣੀ ਵੈੱਬਸਾਈਟ ਉਪਰ ਚਲਾ ਰਹੀ ਹੈ ਅਤੇ ਦੁਨੀਆ ਨਾਲ ਆਪਣੇ ਕੰਮ ਬਾਰੇ ਦਸ ਰਹੀ ਹੈ। ਇੰਨਾ ਹੀ ਨਹੀਂ ਉਹ ਲੋਕਾਂ ਤੋਂ ਜਾਣਕਾਰੀ ਵੀ ਲੈਂਦੀ ਹੈ। ਭਾਰਤੀ ਖੁਫੀਆ ਏਜੰਸੀ ਰਾਅ ਨੇ ਆਪਣਾ ਪਹਿਲਾ ਨਿਰਦੇਸ਼ਕ ਆਰ. ਐਨ ਕਾਓ ਦੁਆਰਾ ਬਣਾਈ ਗਈ ਨੀਤੀ ਦਾ ਪਾਲਣ ਕਰ ਰਹੀ ਹੈ। ਆਰ. ਐਨ ਕਾਓ ਨੇ ਰਾਅ ਨੂੰ ਇੱਕ ਬਹੁਤ ਹੀ ਗੁਪਤ ਏਜੰਸੀ ਰੱਖਿਆ। ਡਾਇਰੈਕਟਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਇਕ ਵੀ ਮੀਡੀਆ ਇੰਟਰਵਿਊ ਨਹੀਂ ਦਿੱਤੀ। ਉਦੋਂ ਤੋਂ, 23 ਜਾਸੂਸੀ ਮਾਸਟਰਾਂ ਨੇ ਰਾਅ ਦੀ ਅਗਵਾਈ ਕੀਤੀ ਹੈ ਅਤੇ ਉਨ੍ਹਾਂ ਸਾਰਿਆਂ ਨੇ ਏਜੰਸੀ ਬਾਰੇ ਕਾਓ ਦੀ ਨੀਤੀ ਦਾ ਪਾਲਣ ਕੀਤਾ ਹੈ।

### ਅਮਰੀਕਾ ਦੀ ਸੀ.ਆਈ.ਏ

ਅਮਰੀਕੀ ਖੁਫੀਆ ਏਜੰਸੀ ਸੀਆਈਏ, ਜੋ ਕਿ ਦੁਨੀਆ ਭਰ ਵਿੱਚ ਆਪਣੇ ਏਜੰਟ ਭੇਜ ਕੇ ਅਮਰੀਕਾ ਦੇ ਦੁਸ਼ਮਣਾਂ ਨੂੰ ਖਤਮ ਕਰਨ ਲਈ ਮਸ਼ਹੂਰ ਹੈ।ਇਹ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੇ ਦਫਤਰ ਅਧੀਨ ਕੰਮ ਕਰਦੀ ਹੈ। ਸਨ ਤੇ ਗਾਰਡੀਅਨ ਦੀ ਰਿਪੋਰਟ ਦੇ ਅਨੁਸਾਰ, ਸੀਆਈਏ ਦਾ ਸਾਲਾਨਾ ਬਜਟ 71 ਬਿਲੀਅਨ ਡਾਲਰ ਹੈ, ਜੋ ਕਿ ਦੁਨੀਆ ਦੀ ਕਿਸੇ ਵੀ ਖੁਫੀਆ ਏਜੰਸੀ ਲਈ ਸਭ ਤੋਂ ਵੱਧ ਹੈ। ਸੀਆਈਏ ਨੇ ਆਪਣੀ ਵੈੱਬਸਾਈਟ ’ਤੇ ਦੱਸਿਆ ਹੈ ਕਿ ਉਹ ਲੋਕਾਂ ਤੋਂ ਜਾਣਕਾਰੀ ਕਿਵੇਂ ਮੰਗਦੀ ਹੈ? ਇਸ ਦੀ ਵੈੱਬਸਾਈਟ ਉਪਰ ਲਿਖਿਆ ਹੈ, “ਦੁਨੀਆ ਭਰ ਦੇ ਲੋਕ ਹਰ ਰੋਜ਼ ਸੀਆਈਏ ਨਾਲ ਜਾਣਕਾਰੀ ਸਾਂਝੀ ਕਰਦੇ ਹਨ। ਜੇਕਰ ਤੁਹਾਡੇ ਕੋਲ ਅਜਿਹੀ ਜਾਣਕਾਰੀ ਹੈ ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਸਾਡੀ ਅਤੇ ਸਾਡੇ ਵਿਦੇਸ਼ੀ ਖੁਫੀਆ ਮਿਸ਼ਨਾਂ ਦੀ ਮਦਦ ਕਰ ਸਕਦੀ ਹੈ, ਤਾਂ ਸਾਡੇ ਤੱਕ ਪਹੁੰਚਣ ਦੇ ਕਈ ਤਰੀਕੇ ਹਨ।” ਇਸ ਦੇ ਨਾਲ, ਉਪਭੋਗਤਾ ਨੂੰ ਈਮੇਲ ਸਮੇਤ ਜਾਣਕਾਰੀ ਪ੍ਰਦਾਨ ਕਰਨ ਲਈ ਕਈ ਬਦਲ ਦਿੱਤੇ ਗਏ ਹਨ।

### ਚੀਨ ਦੀ ਐਮਐਸਐਸ ਵੀ ਲੰਬੇ ਸਮੇਂ ਤੱਕ ਗੁਪਤ ਰਹੀ

ਹਾਲਾਂਕਿ, ਜੇਕਰ ਕੋਈ ਭਾਰਤੀ ਜਾਂ ਵਿਦੇਸ਼ੀ ਨਾਗਰਿਕ ਕੋਈ ਜਾਣਕਾਰੀ ਸਾਂਝੀ ਕਰਨ ਲਈ ਰਾਅ ਨਾਲ ਸੰਪਰਕ ਕਰਨਾ ਚਾਹੁੰਦਾ ਹੈ, ਤਾਂ ਅਜਿਹਾ ਕਰਨ ਦਾ ਕੋਈ ਤਰੀਕਾ ਨਹੀਂ ਹੈ। ਪਰ ਜੇਕਰ ਤੁਸੀਂ ਇਹ ਸੋਚ ਰਹੇ ਹੋ ਕਿ ਸਿਰਫ ਭਾਰਤੀ ਏਜੰਸੀ ਰਾਅ ਹੀ ਗੁਪਤ ਤਰੀਕੇ ਨਾਲ ਕੰਮ ਕਰਦੀ ਹੈ, ਤਾਂ ਤੁਸੀਂ ਗਲਤ ਹੋ। ਭਾਰਤ ਵਾਂਗ ਚੀਨ ਵੀ ਆਪਣੀ ਖੁਫੀਆ ਏਜੰਸੀ ਨੂੰ ਗੁਪਤ ਰੱਖ ਰਿਹਾ ਹੈ। ਚੀਨ ਦੀ ਗੁਪਤ ਸੇਵਾ, ਮਨਿਸਟਰ ਆਫ ਸਟੇਟ ਸਿਕਊਰਟੀ (ਐਮਐਸਐਸ), ਆਪਣੀ ਸਥਾਪਨਾ ਤੋਂ ਬਾਅਦ 40 ਸਾਲਾਂ ਤੱਕ ਬੇਹਦ ਗੁਪਤ ਰਹੀ। ਹਾਲਾਂਕਿ, ਚੀਨ ਦੀ ਕਮਾਨ ਸੰਭਾਲਣ ਤੋਂ ਬਾਅਦ, ਸ਼ੀ ਜਿਨਪਿੰਗ ਨੇ ਵਾਸ਼ਿੰਗਟਨ ਅਤੇ ਉਸਦੇ ਪੱਛਮੀ ਵਿਰੋਧੀਆਂ ਤੋਂ ਪ੍ਰੇਰਨਾ ਲੈਂਦੇ ਹੋਏ, ਐਮਐਸਐਸ ਦਾ ਪਰਦਾ ਹਟਾਉਣ ਦਾ ਫੈਸਲਾ ਕੀਤਾ। 2015 ਵਿੱਚ, ਐਮਐਸਐਸ ਨੇ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਆਪਣੀ ਵੈੱਬਸਾਈਟ ਅਤੇ ਹੌਟਲਾਈਨ ਲਾਂਚ ਕੀਤੀ।




### ਬਹੁਤ ਖਤਰਨਾਕ ਹੈ ਇਜ਼ਰਾਈਲ ਦੀ ਮੋਸਾਦ

ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਦੁਨੀਆ ਦੀਆਂ ਸਭ ਤੋਂ ਤੇਜ਼ ਗੁਪਤ ਸੇਵਾਵਾਂ ਵਿੱਚ ਗਿਣੀ ਜਾਂਦੀ ਹੈ। ਇਸ ਦੇ ਏਜੰਟਾਂ ਨੇ ਦੁਨੀਆ ਵਿਚ ਅਜਿਹੇ ਕਾਰਨਾਮੇ ਕੀਤੇ ਹਨ, ਜਿਨ੍ਹਾਂ ਬਾਰੇ ਸੁਣ ਕੇ ਕੋਈ ਵੀ ਹੈਰਾਨ ਰਹਿ ਜਾਵੇਗਾ। ਇੱਕ ਮੋਸਾਦ ਏਜੰਟ ਗੁਆਂਢੀ ਦੇਸ਼ ਸੀਰੀਆ ਵਿੱਚ ਰੱਖਿਆ ਵਿਭਾਗ ਵਿੱਚ ਇੱਕ ਉੱਚ ਅਹੁਦੇ ਤੱਕ ਪਹੁੰਚ ਗਿਆ ਹਸੀ। ਇਜ਼ਰਾਈਲ ਦੇ ਗੁਆਂਢੀ ਦੇਸ਼ ਹਮੇਸ਼ਾ ਇਸ ਡਰ ਵਿੱਚ ਰਹਿੰਦੇ ਹਨ ਕਿ ਉਨ੍ਹਾਂ ਦੇ ਦੇਸ਼ ਵਿੱਚ ਕੋਈ ਇਜ਼ਰਾਈਲੀ ਏਜੰਟ ਹੋ ਸਕਦਾ ਹੈ। ਮੋਸਾਦ ਦੇ ਸਭ ਤੋਂ ਖ਼ਤਰਨਾਕ ਮਿਸ਼ਨਾਂ ਵਿੱਚੋਂ ਇੱਕ ਮਿਸ਼ਨ ਸੀ ਮਿਊਨਿਖ ਓਲੰਪਿਕ ਵਿੱਚ ਇਜ਼ਰਾਈਲੀ ਐਥਲੀਟਾਂ ਦੀ ਹੱਤਿਆ ਵਿੱਚ ਸ਼ਾਮਲ ਅੱਤਵਾਦੀਆਂ ਦਾ ਖਾਤਮਾ ਕਰਨਾ ਇਸ ਦੇ ਲਈ ਮੋਸਾਦ ਨੇ ਪੂਰੀ ਦੁਨੀਆ ਵਿਚ ਆਪਣੇ ਏਜੰਟ ਭੇਜ ਕੇ ਅੱਤਵਾਦੀਆਂ ਨੂੰ ਮਾਰਿਆ ਸੀ।

ਅਜੋਕੇ ਸਮੇਂ ਵਿੱਚ ਬਹੁਤ ਸਾਰੇ ਸੁਰੱਖਿਆ ਮਾਹਿਰ ਰਾਅ ਨੂੰ ਆਪਣਾ ਇੱਕ ਜਨਤਕ ਚਿਹਰਾ ਰੱਖਣ ਦੀ ਸਲਾਹ ਦੇ ਰਹੇ ਹਨ। ਇਸ ਦਾ ਕਾਰਨ ਪਿਛਲੇ ਸਮੇਂ ਵਿਚ ਰਾਅ ਬਾਰੇ ਫੈਲਾਈ ਗਈ ਜਾਣਕਾਰੀ ਹੈ, ਜਿਸ ਵਿਚ ਮੁੱਖ ਤੌਰ ’ਤੇ ਅਮਰੀਕਾ ਵਿਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਤੇ ਕੈਨੇਡਾ ਵਿਚ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿਝਰ ਦਾ ਕਤਲ ਸ਼ਾਮਲ ਹੈ। ਇਸ ਕਾਰਣ ਭਾਰਤ ਦੀ ਬਦਨਾਮੀ ਹੋ ਰਹੀ ਹੈ। ਕੈਨੇਡਾ ਤੇ ਅਮਰੀਕਾ ਨੇ ਇਨ੍ਹਾਂ ਘਟਨਾਵਾਂ ਲਈ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਭਾਰਤ ਨੇ ਇਸ ਤੋਂ ਸਾਫ਼ ਇਨਕਾਰ ਕੀਤਾ ਹੈ। ਰਾਅ ਅਜੇ ਤਕ ਇਸ ਸੰਬੰਧ ਵਿਚ ਭੇਦ ਨਹੀਂ ਖੋਲ ਸਕੀ। ਅਮਰੀਕਾ ਵਲੋਂ ਇਨ੍ਹਾਂ ਘਟਨਾਵਾਂ ਬਾਰੇ ਲਗਾਏ ਦੋਸ਼ਾਂ ਵਿਚ ਫੇਲ ਹੋਈ ਹੈ।

# ਸਿੱਖ ਆਗੂਆਂ ਵੱਲੋਂ ਬਰਤਾਨਵੀ ਚੋਣਾਂ ਦੌਰਾਨ ਸਿੱਖ ਉਮੀਦਵਾਰਾਂ ਨੂੰ ਵੋਟਾਂ ਪਾਉਣ ਦੀ ਅਪੀਲ



ਸ: ਰਾਜਿੰਦਰ ਸਿੰਘ ਪੁਰੇਵਾਲ, ਸ: ਜਗਤਾਰ ਸਿੰਘ ਗਿੱਲ

ਡਰਬੀ (ਪੰਜਾਬ ਟਾਈਮਜ਼) – ਯੂ ਕੇ ਦੀਆਂ 4 ਜੁਲਾਈ 2024 ਦਿਨ ਵੀਰਵਾਰ ਨੂੰ ਹੋ ਰਹੀਆਂ ਆਮ ਚੋਣਾਂ ਵਿੱਚ ਕਾਫ਼ੀ ਸਾਰੇ ਸਿੱਖ ਉਮੀਦਵਾਰ ਵੱਖ–ਵੱਖ ਪਾਰਟੀਆਂ ਵੱਲੋਂ ਚੋਣ ਲੜ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਸਿੱਖ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੇ ਹਲਕੇ ਜਿੱਥੇ ਵੀ ਸਿੱਖ ਉਮੀਦਵਾਰ ਖੜ੍ਹੇ ਹਨ, ਉਹਨਾਂ ਨੂੰ ਹੀ ਵੋਟਾਂ ਪਾਉਣ ਤਾਂ ਜੋ ਸਿੱਖਾਂ ਦੇ ਯੂ ਕੇ ਵਿੱਚ ਅਤੇ ਭਾਰਤ ਅੰਦਰ ਮਸਲਿਆਂ ਸਬੰਧੀ ਯੂ ਕੇ ਦੀ ਸੰਸਦ ਵਿੱਚ ਅਵਾਜ਼ ਉਠਾਈ ਜਾ ਸਕੇ ਅਤੇ ਸਾਡੇ ਭਾਈਚਾਰੇ ਦੇ ਅਹਿਮ ਮਸਲਿਆਂ ਨੂੰ ਹੱਲ ਕਰਨ ਲਈ ਬੱਲ ਮਿਲੇ।

ਇਸੇ ਤਰ੍ਹਾਂ ਸ: ਜਗਤਾਰ ਸਿੰਘ ਗਿੱਲ ਨੇ ਕਿਹਾ ਕਿ ਸਾਡੇ ਗਰੁੱਪ ਵੱਲੋਂ ਸਾਰੀਆਂ ਸਿਆਸੀ ਪਾਰਟੀਆਂ, ਨਾਲ ਮੀਟਿੰਗਾਂ ਕੀਤੀਆਂ ਗਈਆਂ ਸਨ। ਅਸੀਂ ਉਹਨਾਂ ਨੂੰ ਸਿੱਖ ਜਨ–ਸੰਖਿਆ ਮੁਤਾਬਕ ਸਿੱਖ ਉਮੀਦਵਾਰਾਂ ਨੂੰ ਟਿਕਟਾਂ ਦੇਣ ਲਈ ਕਿਹਾ ਸੀ। ਸ: ਗਿੱਲ ਨੇ ਕਿਹਾ ਕਿ ਲੇਬਰ ਪਾਰਟੀ ਨੇ ਬਹੁਤ ਸਾਰੇ ਸਿੱਖ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ। ਉਹਨਾਂ ਕਿਹਾ ਸਾਨੂੰ ਉਮੀਦ ਹੈ ਕਿ ਇਸ ਵਾਰ 8–10 ਸਿੱਖ ਉਮੀਦਵਾਰ ਜ਼ਰੂਰ ਜਿੱਤ ਹਾਸਲ ਕਰਨਗੇ। ਬਾਕੀ ਪਾਰਟੀਆਂ ਨੂੰ ਜਿਸ ਤਰ੍ਹਾਂ ਕਿਹਾ ਉਸ ਮੁਤਾਬਕ ਸਿੱਖ ਉਮੀਦਵਾਰਾਂ ਨੂੰ ਟਿਕਟਾਂ ਨਹੀਂ ਦਿੱਤੀਆਂ ਗਈਆਂ। ਜਿਹਨਾਂ ਨੂੰ ਟਿਕਟਾਂ ਦਿੱਤੀਆਂ ਵੀ ਗਈਆਂ, ਉਹਨਾਂ ਦੇ ਜਿੱਤਣ ਦੇ ਚਾਂਨਸ ਬੇਸ਼ੱਕ ਘੱਟ ਲਗਦੇ ਹਨ, ਪਰ ਸਾਨੂੰ ਆਪਣੇ ਸਾਰੇ ਸਿੱਖ ਉਮੀਦਵਾਰਾਂ ਨੂੰ ਜਿਤਾਉਣ ਲਈ ਪੂਰਾ ਸਮਰਥਨ ਦੇਣਾ ਚਾਹੀਦਾ ਹੈ।

# ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਤਨਮਨਜੀਤ ਸਿੰਘ ਢੇਸੀ ਨੂੰ ਵੋਟਾਂ ਪਾਉਣ ਲਈ ਸਲੋਹ ਵਾਸੀਆਂ ਨੂੰ ਅਪੀਲ



ਸ: ਰਾਜਿੰਦਰ ਸਿੰਘ ਪੁਰੇਵਾਲ, ਸ: ਤਨਮਨਜੀਤ ਸਿੰਘ ਢੇਸੀ

ਡਰਬੀ – ਬਰਤਾਨੀਆ ਦੀਆਂ 4 ਜੁਲਾਈ 2024 ਵੀਰਵਾਰ ਨੂੰ ਹੋਣ ਜਾ ਰਹੀਆਂ ਚੋਣਾਂ ਦੌਰਾਨ ਸ: ਤਨਮਨਜੀਤ ਸਿੰਘ ਢੇਸੀ ਇਸ ਵਾਰ ਫਿਰ ਲੇਬਰ ਪਾਰਟੀ ਲਈ ਸਲੋਹ ਪਾਰਲੀਮੈਂਟ ਹਲਕੇ ਤੋਂ ਚੋਣ ਲੜ ਰਹੇ ਹਨ। ਉਹ ਇੱਕ ਚੰਗੇ ਗੁਰਸਿੱਖ ਤੇ ਨਿਹਾਇਤ ਹੀ ਇਮਾਨਦਾਰ ਉਮੀਦਵਾਰ ਹਨ। ਪੰਜਾਬ ਟਾਈਮਜ਼ ਦੇ ਸੇਵਾਦਾਰ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਆਗੂ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਸ: ਤਨਮਨਜੀਤ ਸਿੰਘ ਢੇਸੀ ਵੱਲੋਂ ਬੀਤੇ ਸਮੇਂ ਵਿੱਚ ਕੀਤੀਆਂ ਸੇਵਾਵਾਂ ਬਾਰੇ ਜ਼ਿਕਰ ਕਰਦਿਆਂ ਸਲੋਹ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜਿਵੇਂ ਪਿਛਲੀ ਵਾਰ ਤੁਸੀਂ ਉਹਨਾਂ ਦਾ ਸਾਥ ਦਿੱਤਾ ਸੀ, ਇਸ ਵਾਰ ਵੀ ਵੱਧ ਚੜ੍ਹ ਕੇ ਉਹਨਾਂ ਦਾ ਸਾਥ ਦਿਓ ਤੇ ਵੋਟਾਂ ਪਾ ਕੇ ਕਾਮਯਾਬ ਕਰੋ।

ਸ: ਪੁਰੇਵਾਲ ਨੇ ਕਿਹਾ ਕਿ ਸ: ਤਨਮਨਜੀਤ ਸਿੰਘ ਢੇਸੀ ਨੇ ਆਪਣੇ ਬੀਤੇ ਕਾਰਜਕਾਲ ਵਿੱਚ ਕੌਮਾਂਤਰੀ ਪੱਧਰ ਦੇ ਮਸਲੇ, ਸਥਾਨਕ ਭਾਈਚਾਰੇ ਦੇ ਅਤੇ ਸਿੱਖਾਂ ਨਾਲ ਸਬੰਧਿਤ ਬਹੁਤ ਸਾਰੇ ਮਾਮਲੇ ਬਰਤਾਨਵੀ ਸੰਸਦ ਵਿੱਚ ਉਠਾਏ ਅਤੇ ਸਰਕਾਰ ਪਾਸੋਂ ਸਵਾਲ ਪੁੱਛੇ। ਸ: ਪੁਰੇਵਾਲ ਨੇ ਕਿਹਾ ਕਿ ਐਮ ਪੀ ਢੇਸੀ ਸੰਸਦ ਵਿੱਚ ਖੁੱਲ੍ਹ ਕੇ ਬੋਲਦੇ ਰਹੇ ਹਨ। ਸਾਰੇ ਭਾਈਚਾਰੇ ਨੂੰ ਉਹਨਾਂ ਪਾਸੋਂ ਬਹੁਤ ਉਮੀਦਾਂ ਹਨ, ਉਹ ਇੱਕ ਹੋਣਹਾਰ ਉਮੀਦਵਾਰ ਹਨ, ਜਿਸ ਲਈ ਉਹਨਾਂ ਦਾ ਸਾਥ ਦੇਣਾ ਸਾਡਾ ਸਭ ਦਾ ਫਰਜ਼ ਬਣਦਾ ਹੈ।

ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ। ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ।

GSD
GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2–3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's First Asian Marriage Bureau
UK office based matchmaking service for BRITISH ASIANS of all ages from mid 20's to 60's. Professional, graduates and non-graduates, single, divorced and widowed, with and without children
Guaranteed introduction service - Since 1972



Please feel free to contact Parag or Ashaa Bhargava to discuss your requirements confidentially and without obligation!
*We are available from 10.00am to 5.00pm Monday to Saturday (Closed Sunday and Bank Holiday Weekends)*
*Clients/customers are requested to make an appointment if wishing to visit the office or meet us personally.*
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

## -ਮਾਮਲਾ ਮੁਰਗਿਆਂ ਦੀ ਲੜਾਈ ਨੂੰ ਲੈ ਕੇ ਝਗੜੇ ਦਾ-

# ਸ਼ੋਸ਼ਲ ਮੀਡੀਆ ਉਪਰ ਹਥਿਆਰਾਂ ਨਾਲ ਲੈਸ ਹੋ ਕੇ ਸ਼ਰੇਆਮ ਬੜਕਾਂ ਮਾਰੀਆਂ, ਦੋਸ਼ੀਆਂ ਖਿਲਾਫ ਪਰਚਾ ਦਰਜ

ਗੁਰਦਾਸਪੁਰ-ਗੁਰਦਾਸਪੁਰ ਜ਼ਿਲ੍ਹੇ ਅੰਦਰ ਬੀਤੇ ਦਿਨੀਂ ਸ਼ੋਸ਼ਲ ਮੀਡੀਆ 'ਤੇ ਕੁਝ ਨੌਜਵਾਨਾਂ ਵੱਲੋਂ ਹਥਿਆਰ ਫੜ ਕੇ ਸ਼ਰੇਆਮ ਲਲਕਾਰੇ ਮਾਰਨ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਸ ਨੇ ਉਕਤ ਨੌਜਵਾਨਾਂ ਦੀ ਸ਼ਨਾਖਤ ਕਰ ਕੇ ਪਰਚਾ ਦਰਜ ਕੀਤਾ ਹੈ।

ਦੱਸਣਯੋਗ ਹੈ ਉਕਤ ਵਾਇਰਲ ਹੋਈ ਵੀਡੀਓ ਵਿਚ ਪਿਸਤੌਲਾਂ ਅਤੇ ਵੱਡੀਆਂ ਬੰਦੂਕਾਂ ਨਾਲ ਲੈਸ ਹੋ ਕੇ ਕੁਝ ਨੌਜਵਾਨ ਧਾਰੀਵਾਲ ਦੇ ਰਹਿਣ ਵਾਲੇ ਕਾਕਾ ਮਸੀਹ ਨਾਂ ਦੇ ਨੌਜਵਾਨ ਨੂੰ ਗਾਲਾਂ ਕੱਢਦੇ ਹੋਏ ਧਮਕੀਆਂ ਦਿੰਦੇ ਨਜ਼ਰ ਆ ਰਹੇ ਸਨ। ਇਸ ਕਾਰਨ ਇਹ ਵੀਡੀਓ ਕਾਫੀ ਚਰਚਾ ਵਿਚ ਸੀ, ਜਿਸ 'ਤੇ ਦੀਨਾਨਗਰ ਦੀ ਪੁਲਸ ਨੇ ਇਨ੍ਹਾਂ ਵਿਚ ਤਿੰਨ ਨੌਜਵਾਨਾਂ ਦੀ ਸ਼ਨਾਖਤ ਕਰ ਕੇ ਉਨ੍ਹਾਂ ਖਿਲਾਫ ਅਤੇ ਉਨ੍ਹਾਂ ਦੇ ਅਣਪਛਾਤੇ ਸਾਥੀਆਂ ਖਿਲਾਫ ਪਰਚਾ ਦਰਜ ਕੀਤਾ ਹੈ।

ਡੀਐੱਸਪੀ ਸੁਖਰਾਜ ਸਿੰਘ ਸਿੰਘ ਢਿੱਲੋਂ ਤੇ ਥਾਣਾ ਮੁਖੀ ਕ੍ਰਿਸ਼ਮਾ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਨੌਜਵਾਨਾਂ ਦਾ ਧਾਰੀਵਾਲ ਦੇ ਨੌਜਵਾਨ ਕਾਕਾ ਮਸੀਹ ਨਾਲ ਮੁਰਗਿਆਂ ਦੀ ਲੜਾਈ ਨੂੰ ਲੈ ਕੇ ਝਗੜਾ ਹੋਇਆ ਸੀ, ਜਿਸ ਤੋਂ ਬਾਅਦ ਦੋਵਾਂ ਧਿਰਾਂ ਨੇ ਇਕ ਦੂਜੇ ਨੂੰ ਦੀਨਾਨਗਰ ਬਾਈਪਾਸ 'ਤੇ ਆਉਣ ਅਤੇ ਇਕ-ਦੂਜੇ ਨੂੰ



ਦੇਖਣ ਦਾ (ਲੜਾਈ ਝਗੜਾ ਕਰਨ ਲਈ) ਟਾਈਮ ਦਿੱਤਾ ਸੀ।

ਇਨ੍ਹਾਂ 'ਚੋਂ ਪਠਾਨਕੋਟ ਨਾਲ ਸਬੰਧਤ ਧਿਰ ਨੇ ਪੁਲਸ ਤੋਂ ਬਚ ਕੇ ਇਕ ਵੀਡੀਓ ਬਣਾ ਲਈ ਜੋ ਵਾਇਰਲ ਹੋ ਰਹੀ ਹੈ। ਪੁਲਸ ਨੇ ਉਕਤ ਵਾਇਰਲ ਵੀਡੀਓ ਦੇ ਆਧਾਰ 'ਤੇ ਤਿੰਨ ਨੌਜਵਾਨਾਂ ਦੀ ਪਛਾਣ ਕਰਨ ਲਈ ਹੈ, ਜਿਨ੍ਹਾਂ 'ਚੋਂ ਇਕ ਪਠਾਨਕੋਟ ਦਾ ਵਸਨੀਕ ਵਿਸ਼ਾਲ ਠਾਕੁਰ ਹੈ, ਜਦੋਂ ਕਿ ਉਸ ਨਾਲ ਅੰਮ੍ਰਿਤ ਸਿੰਘ ਅਤੇ ਜਰਮਨਜੀਤ ਸਿੰਘ ਸਮੇਤ ਹੋਰ ਨੌਜਵਾਨ ਹਨ। ਇਨ੍ਹਾਂ ਵਿਚੋਂ ਅੰਮ੍ਰਿਤ ਸਿੰਘ 'ਤੇ ਕਈ ਮੁਕੱਦਮੇ ਚਲ ਰਹੇ ਹਨ ਜਦੋਂ ਕਿ ਜਰਮਨਜੀਤ ਸਿੰਘ ਖਿਲਾਫ ਵੀ ਪਰਚਾ ਦਰਜ ਹੈ। ਇਸ ਤੋਂ ਇਲਾਵਾ ਕਾਕਾ ਮਸੀਹ 'ਤੇ ਵੀ ਨਾਜਾਇਜ਼ ਸ਼ਰਾਬ ਦੇ ਮਾਮਲੇ ਦਰਜ ਹਨ।

ਦੱਸਣਯੋਗ ਹੈ ਕਿ ਵੀਡੀਓ 'ਚ ਦਿਖ ਰਿਹਾ ਹੈ ਕਿ ਪਠਾਨਕੋਟ ਦੇ ਨੌਜਵਾਨ ਕਰੀਬ 10 ਗੱਡੀਆਂ 'ਤੇ ਪਿਸਤੌਲਾਂ ਨਾਲ ਲੈਸ ਹੋ ਕੇ ਆਉਂਦੇ ਹਨ ਅਤੇ ਲਲਕਾਰੇ ਮਾਰਦੇ ਅਤੇ ਗੰਦੀਆਂ ਗਾਲਾਂ ਕੱਢਦੇ ਸੋਸ਼ਲ ਮੀਡੀਆ ਤੇ ਆਪਣੀ ਵੀਡੀਓ ਪਾਕੇ ਦੂਜੀ ਧਿਰ ਦੇ ਧਾਰੀਵਾਲ ਦੇ ਨੋਜਵਾਨ ਨੂੰ ਲਲਕਾਰ ਰਹੇ ਹਨ, ਜਿਸ ਨਾਲ ਉਹਨਾਂ ਦਾ ਝਗੜਾ ਹੋਇਆ ਸੀ।

## ਸੁਲਤਾਨਪੁਰ ਲੋਧੀ ਵਿਚ ਕਾਰੋਬਾਰੀ ਦਾ ਕਤਲ



ਸੁਲਤਾਨਪੁਰ ਲੋਧੀ-ਸੁਲਤਾਨਪੁਰ ਲੋਧੀ ਦੇ ਨਾਮੀ ਕਾਰੋਬਾਰੀ ਗੁਰਚਰਨ ਸਿੰਘ ਚੰਨ ਡੀਪੂ ਵਾਲਾ ਮੁਹੱਲਾ ਨਾਈਆਂ ਰੇਲਵੇ ਰੋਡ, ਸੁਲਤਾਨਪੁਰ ਲੋਧੀ ਦਾ ਸ਼ੱਕੀ ਹਾਲਾਤ ਵਿਚ ਉਸਦੇ ਘਰ ਵਿਚ ਕਤਲ ਕਰ ਦਿੱਤਾ ਗਿਆ। ਥਾਣਾ ਸੁਲਤਾਨਪੁਰ ਲੋਧੀ ਦੇ ਐੱਸ. ਐੱਚ. ਓ. ਕਤਲ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਕਤ ਵਿਅਕਤੀ ਹੈਂਡ ਲੂਮ ਦਾ ਕਾਰੋਬਾਰ ਕਰਦਾ ਸੀ।

## ਗੈਂਗਸਟਰ ਲੰਡਾ ਦੇ 5 ਸਾਥੀ ਪਾਕਿਸਤਾਨ ਤੋਂ ਮੰਗਵਾਏ ਹਥਿਆਰ ਸਮੇਤ ਜਲੰਧਰ ਵਿਚੋਂ ਗ੍ਰਿਫਤਾਰ

ਜਲੰਧਰ-ਜਲੰਧਰ ਕਮਿਸ਼ਨਰੇਟ ਪੁਲਿਸ ਨੇ ਗੈਂਗਸਟਰ ਲਖਬੀਰ ਲੰਡਾ ਦੇ 5 ਸਾਥੀਆਂ ਨੂੰ ਜਲੰਧਰ ਵਿਚੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਕਰੀਬ 4 ਵਿਦੇਸ਼ੀ ਪਿਸਤੌਲ, ਇੱਕ ਰਿਵਾਲਵਰ, 2 ਮੈਗਜ਼ੀਨ ਤੇ 2 ਕਾਰਤੂਸ ਬਰਾਮਦ ਕੀਤੇ ਹਨ।

## ਪੰਨੂ ਨੂੰ ਮਾਰਨ ਦੀ ਸਾਜਿਸ਼ ਦਾ ਕੇਸ ਮਾਮਲੇ ਵਿਚ ਦੋਸ਼ੀ ਨਿਖਿਲ ਗੁਪਤਾ ਪਹਿਲੀ ਵਾਰ ਅਦਾਲਤ ਵਿਚ ਪੇਸ਼

### ✪ ਮਾਮਲੇ ਦੀ ਸੁਣਵਾਈ ਲਈ 13 ਸਤੰਬਰ ਦੀ ਤਰੀਕ ਤੈਅ

ਨਿਊਯਾਰਕ-ਕੱਟੜਪੰਥੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਕਥਿਤ ਹੱਤਿਆ ਦੀ ਨਾਕਾਮ ਸਾਜ਼ਿਸ਼ ਸਬੰਧੀ ਕੇਸ ਵਿੱਚ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਪਹਿਲੀ ਵਾਰ ਅਦਾਲਤ ਵਿਚ ਪੇਸ਼ ਕੀਤਾ ਗਿਆ। ਸੰਘੀ ਜੱਜ ਵਿਕਟਰ ਮਾਰੇਰੋ ਨੇ ਬੀਤੇ ਦਿਨ ਸੰਖੇਪ ਸੁਣਵਾਈ ਮਗਰੋਂ ਮਾਮਲੇ ਦੀ ਸੁਣਵਾਈ ਲਈ 13 ਸਤੰਬਰ ਦੀ ਤਰੀਕ ਤੈਅ ਕੀਤੀ ਹੈ। ਇਸ ਦੌਰਾਨ ਅਦਾਲਤ ਨੇ ਸਰਕਾਰੀ ਧਿਰ ਨੂੰ ਆਪਣੇ ਕੋਲ ਮੌਜੂਦ ਸਬੂਤ ਬਚਾਅ ਪੱਖ ਨਾਲ ਸਾਂਝੇ ਕਰਨ ਦਾ ਹੁਕਮ ਦਿੱਤਾ। ਸਤੰਬਰ ਮਹੀਨੇ ਕੇਸ ਦੀ ਸੁਣਵਾਈ ਦੌਰਾਨ ਜਦੋਂ ਬਚਾਅ ਪੱਖ ਨੂੰ ਆਪਣਾ ਕੇਸ ਤਿਆਰ ਕਰਨ ਲਈ ਸਰਕਾਰੀ ਸਬੂਤਾਂ ਨਾਲ ਜਾਣ ਦਾ ਮੌਕਾ ਮਿਲੇਗਾ ਤਾਂ ਅਗਲੇਰੀ ਸੁਣਵਾਈ ਦੀ ਕਾਰਵਾਈ ਨਿਰਧਾਰਤ ਕੀਤੀ ਜਾਵੇਗੀ।



## ਤਰਨਤਾਰਨ ਵਿਚ ਨਸ਼ੇ ਦੀ ਓਵਰਡੋਜ਼ ਕਾਰਣ ਨੌਜਵਾਨ ਦੀ ਮੌਤ, ਨਸ਼ਾ ਦੇਣ ਵਾਲੇ 'ਤੇ ਕੇਸ ਦਰਜ

ਤਰਨਤਾਰਨ-ਤਰਨਤਾਰਨ ਦੇ ਪਿੰਡ ਕੋਟ ਜਸਪਤ ਤੇਜਾ ਸਿੰਘ ਵਾਲਾ ਵਿਚ 21 ਸਾਲਾ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਹਾਲਾਂਕਿ ਪਹਿਲਾਂ ਪਰਿਵਾਰ ਨੇ ਬਿਨਾ ਪੁਲਿਸ ਨੂੰ ਸੂਚਿਤ ਕੀਤਿਆਂ ਸਸਕਾਰ ਕਰ ਦਿੱਤਾ ਪਰ ਬਾਅਦ ਵਿਚ ਉਨ੍ਹਾਂ ਵੱਲੋਂ ਦਿੱਤੀ ਸ਼ਿਕਾਇਤ 'ਤੇ ਪੁਲਿਸ ਨੇ ਨੌਜਵਾਨ ਨੂੰ ਨਸ਼ਾ ਦੇਣ ਦੇ ਕਥਿਤ ਦੋਸ਼ ਹੇਠ ਇਕ ਵਿਅਕਤੀ ਵਿਰੁੱਧ ਗੈਰ ਇਰਾਦਨ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਬਲਵਿੰਦਰ ਸਿੰਘ ਪਿੰਡ ਕੋਟ ਜਸਪਤ ਤੇਜਾ ਸਿੰਘ ਵਾਲਾ ਨੇ ਦੱਸਿਆ ਕਿ ਉਸ ਦੇ ਭਤੀਜੇ ਥੌਮਸ ਸਿੰਘ (21) ਦੀ 27 ਜੂਨ ਦੀ ਰਾਤ ਦੌਰਾਨ ਨਸ਼ੇ ਦਾ ਟੀਕਾ ਲਗਾਉਣ ਕਾਰਨ ਮੌਤ ਹੋ ਗਈ।



ਉਨ੍ਹਾਂ ਦੱਸਿਆ ਕਿ ਥੌਮਸ ਸਿੰਘ ਨਸ਼ਾ ਕਰਨ ਦਾ ਆਦੀ ਸੀ ਤੇ ਉਸ ਦੀ ਮੌਤ ਓਵਰਡੋਜ਼ ਕਰਕੇ ਹੋਈ ਹੈ। ਹਾਲਾਂਕਿ ਉਸ ਦੇ ਪਰਿਵਾਰ ਨੇ ਸਦਮੇ ਵਿਚ ਹੋਣ ਕਰਕੇ ਕੋਈ ਪੁਲਿਸ ਕਾਰਵਾਈ ਨਾ ਕਰਵਾਉਦਿਆਂ ਲਾਸ਼ ਦਾ ਸਸਕਾਰ ਕਰ ਦਿੱਤਾ ਪਰ ਉਸ ਸਮੇਂ ਇਕ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਪੂਰਾ ਸਹਿਯੋਗ ਕੀਤਾ ਹੈ ਤੇ 27 ਜੂਨ ਨੂੰ ਥੌਮਸ ਸਿੰਘ ਨੇ ਜਿਸ ਵਿਅਕਤੀ ਕੋਲੋਂ ਨਸ਼ਾ ਲਿਆ ਸੀ, ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸਿਮਰਜੀਤ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ ਦੇ ਬਿਆਨ ਕਲਮਬੰਦ ਕਰਕੇ ਇਸ ਕੇਸ ਵਿਚ ਲਖਵਿੰਦਰ ਸਿੰਘ ਲੱਖਾ ਨੂੰ ਨਾਮਜ਼ਦ ਕਰ ਲਿਆ ਗਿਆ ਹੈ ਤੇ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ।

## ਸ਼ਰਾਬ ਘੋਟਾਲੇ ਦੇ ਕੇਸ ਦੌਰਾਨ ਅਰਵਿੰਦ ਕੇਜਰੀਵਾਲ 14 ਦਿਨ ਨਿਆਇਕ ਹਿਰਾਸਤ ਵਿਚ

ਨਵੀਂ ਦਿੱਲੀ-ਦਿੱਲੀ ਦੀ ਰਾਊਜ਼ ਐਵੀਨਿਊ ਕੋਰਟ ਨੇ ਦਿੱਲੀ ਸ਼ਰਾਬ ਘੁਟਾਲਾ ਮਾਮਲੇ 'ਚ ਸੀ.ਬੀ.ਆਈ. ਦੀ ਮੰਗ 'ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 14 ਦਿਨ ਦੀ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਹੈ। ਸੁਣਵਾਈ ਦੌਰਾਨ ਸੀ.ਬੀ.ਆਈ. ਨੇ ਕੇਜਰੀਵਾਲ ਦੀ 14 ਦਿਨ ਦੀ ਨਿਆਇਕ ਹਿਰਾਸਤ ਦੀ ਮੰਗ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ ਹੈ। ਹੁਣ ਕੇਜਰੀਵਾਲ ਨੂੰ 12 ਜੁਲਾਈ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

## ਨਸ਼ੇੜੀ ਪਤੀ ਤੋਂ ਪਰੇਸ਼ਾਨ ਹੋ ਕੇ ਵਿਆਹੁਤਾ ਨੇ ਕੀਤੀ ਆਤਮ-ਹੱਤਿਆ

ਬਠਿੰਡਾ-ਬੀੜ ਤਾਲਾਬ ਕਾਲੋਨੀ ਦੀ ਰਹਿਣ ਵਾਲੀ ਇਕ ਵਿਆਹੁਤਾ ਔਰਤ ਪਰਮਜੀਤ ਕੌਰ ਵੱਲੋਂ ਨਸ਼ੇੜੀ ਪਤੀ ਟਹਿਲ ਸਿੰਘ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ। ਕਿਉਂਕਿ ਉਹ ਨਸ਼ਿਆਂ ਲਈ ਪੈਸੇ ਮੰਗਦਾ ਸੀ।ਇਸ ਮਾਮਲੇ ਵਿਚ ਥਾਣਾ ਸਦਰ ਬਠਿੰਡਾ ਦੀ ਪੁਲਿਸ ਨੇ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ 'ਤੇ ਕਥਿਤ ਦੋਸ਼ੀ ਪਤੀ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਵਿਚ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਰਮਿੰਘਮ ਸ਼ਹੀਦੀ ਫੁੱਟਬਾਲ ਟੂਰਨਾਮੈਂਟ 2024

*ਸ਼ਹੀਦਾਂ ਕੀ ਚਿਤੌਂ ਪਰ*
*ਲਗੈਗੈ ਹਰ ਬਰਸ ਮੇਲੇ,*
*ਵਤਨ ਪਰ ਮਰਨੇ ਵਾਲੋਂ ਕਾ*
*ਯਹੀ ਬਚੀ ਨਿਸ਼ਾਨ ਹੋਵੇਗਾ...*

ਬਰਮਿੰਘਮ ਦਾ ਸਲਾਨਾ ਸ਼ਹੀਦੀ ਫੁਟਬਾਲ ਟੂਰਨਾਮੈਂਟ ਜਿਸਦਾ ਪ੍ਰਬੰਧ ਖਾਲਸਾ ਫੁਟਬਾਲ ਫੈਡਰਸ਼ਨ ਅਤੇ ਬਰਮਿੰਘਮ ਖਾਲਸਾ ਫੁਟਬਾਲ ਫਿਡਰੇਸ਼ਨ ਨੇ ਸਥਾਨਕ ਗੁਰਦਵਾਰਾ ਸਾਹਿਬ ਅਤੇ ਹੋਰ ਕਾਰੋਬਾਰਾਂ ਦੇ ਸਿਹਯੋਗ ਨਾਲ 8 ਤੇ 9 ਜੂਨ ਨੂੰ ਐਸਟਨ ਯੂਨਿਵਰਸਿਟੀ ਰੀਕਰੇਸ਼ਨ ਗਰਾਂਉਂਡਜ ਵਿਖੇ ਕਰਵਾਰਿਆ, ਇਹ ਭਹੁੱਤ ਕਾਮਯਾਬ ਸੀ ਜਿਸਨੂੰ ਦੇਖਣ ਲਈ ਹਜਾਰਾਂ ਹੀ ਖੇਡ ਪ੍ਰੇਮੀਆਂ ਨੇ ਦੇਖਿਆਂ ਅਤੇ ਬਰਤਾਨੀਆਂ ਦੇ ਵੱਖ ਵੱਖ ਸ਼ਹਿਰਾਂ ਜਿਵੇਂ ਲੰਡਨ, ਨੌਟਿੰਘਮ, ਕਵੈਂਟਰੀ, ਲੈਸਟਰ, ਡਰਬੀ, ਸਲੋਅ, ਗਰੇਵਜੰਡ, ਸਾਊਥਾਲ, ਵੋਲਵਰਹੈਂਪਟ ਆਦਿ ਸ਼ਹ੍ਰਿਰਾਂ ਦੀਆਂ ਤਕਰੀਬਨ 100 ਟੀਮਾਂ ਨੇ ਭਾਗ ਲਿਆ।

ਵਾਲਸਾਲ ਟੂਰਨਾਮੈਂਟ ਪ੍ਰਿਮੀਅਰ ਅਤੇ ਫਸਟ ਡਿਵਿਯਨ ਜਿੱਤਣ ਵਾਲੇ ਸ਼ਾਨਦਾਰ ਕਲੱਬ ਸਿੰਘ ਬਰਦਰਜ ਡਰਬੀ ਇਸ ਟੂਰਨਾਮੈਂਟ ਵਿਚ ਵੀ ਦੋਨੋ ਫਾਈਨਲ ਵਿੱਚ ਪਹੁੰਚੇ ਪਰ ਇਸ ਵਾਰ ਜੀ.ਐਸ.ਏ. ਅਤੇ ਵੋਲਵਜ ਨੂੰ ਹਾਰ ਗਏ।

13 ਸਾਲ ਤੋਂ ਘੱਟ ਉਮਰ ਦੇ ਜੇਤੂ ਟੀਮ ਸਿੰਘ ਬਰਦਰਜ ਡਰਬੀ ਦੇ ਕੋਚ ਸਤਨਾਮ ਸਿੰਘ ਜੀ ਨੇ ਕਲੱਬ ਦੇ ਪ੍ਰਬੰਧਕਾਂ, ਖਿਡਾਰੀਆਂ ਅਤੇ



ਖਿਡਾਰੀਆਂ ਦੇ ਮਾਪਿਆਂ ਦਾ ਤਿਹ ਦਿਲੋਂ ਧੰਨਵਾਦ ਕੀਤਾ। ਅੰਡਰ 8 ਜੇਤੂ ਸਨ ਸਿੱਖ ਲਾਓਂਜ ਨੌਟਿੰਘਮ ਜਿਨ੍ਹਾ ਦੇ ਕੋਚ ਸੁੱਖੀ ਨੇ ਕਿਹਾ ਕਿ ਸਾਨੂੰ ਇਨ੍ਹਾਂ ਖਿਡਾਰੀਆਂ ਤੇ ਬੇ-ਹੱਦ ਮਾਣ ਹੈ ਜਿਨ੍ਹਾ ਨੇ ਸਾਡੇ ਸ਼ਹਿਰ ਨੌਟਿੰਘਮ ਦਾ ਨਾਮ ਉੱਚਾ ਤੇ ਰੋਸ਼ਨ ਕੀਤਾ ਹੈ।

ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਸਾਹਿਬ ਕਵੈਂਟਰੀ ਦੀ ਟੀਮ ਦੇ ਕੋਚ ਪਰਦੀਪ ਸਿੰਘ ਜੀ ਨੇ ਕਿਹਾ ਕਿ ਜਿਆਦਾ ਟੀਮਾਂ ਹੋਣ ਕਰਕੇ ਲੜਕੀਆਂ ਦੇ ਮੈਚਾਂ ਲਈ ਜਿਆਦਾ ਪ੍ਰਬੰਧ ਦੀ ਤੁਰੰਤ ਜਰੂਰਤ ਹੈ।

### ਸਿੰਘ ਸਭਾ ਗੁਰਦਵਾਰਾ ਸਾਹਿਬ, ਹੰਸਲੋਅ

ਇਸ ਗੁਰਦਵਾਰਾ ਸਾਹਿਬ ਇੱਕ ਮੁੰਡਾ ਜਦੋਂ ਵੀ ਹੋ ਸਕੇ ਜਾਂਦਾ ਸੀ ਅਤੇ ਫਿਰ ਉਹ ਸਿੰਘ ਸਭਾ ਹੰਸਲੋਅ ਦੀ ਫੁਟਬਾਲ ਟੀਮ ਲਈ 16 ਸਾਲ ਦੀ ਉਮਰ ਤੋਂ ਕਈ ਸਾਲ ਖੇਡਿਆ ਅਤੇ ਪਿਛਲੇ ਸਾਲ ਓਹੀ ਮੁੰਡਾ ਸਨੀ ਸਿੰਘ ਗਿੱਲ ਬਰਤਾਨੀਆ ਦੀ ਦੁਨੀਆ ਵਿਚੋਂ ਜਾਣੀ ਪਿਹਚਾਣੀ ਪਰਿਮੀਅਰ ਲੀਗ ਦਾ ਰੈਫਰੀ ਸਥਾਪਤ ਕੀਤੇ ਗਏ ਹਨ ਜਿਸ ਤੇ ਆਪਾਂ ਸਾਰਿਆਂ ਨੂੰ ਬਹੁੱਤ ਹੀ ਜਿਆਦਾ ਮਾਣ ਹੋਣਾ ਚਾਹੀਦਾ ਹੈ। ਇਸੀ ਟੀਮ ਦੇ ਸਾਬਕਾ ਖਿਡਾਰੀ ਅਤੇ ਮੈਨੇਜਰ ਸਰਦਾਰ ਸਰਬਜੀਤ ਸਿੰਘ ਗਾਰਚਾ ਜੀ ਜਿਨ੍ਹਾ ਨੂੰ ਹਾਊਸ ਔਫ ਕੌਮਨਜ ਵਿਖੇ ਫੁਟਬਾਲ ਖੇਡ ਦੀਆਂ ਪ੍ਰਾਪਤੀਆਂ ਲਈ ਇਨਾਮ ਦਿੱਤਾ ਗਿਆ ਸੀ। ਸਰਬਜੀਤ ਸਿੰਘ ਜੀ ਨੇ ਦਾਸ ਨੂੰ 2009 ਦੀ ਲੈਸਟਰ ਟੂਰਨਾਮੈਂਟ ਜਿੱਤਣ ਸਮੇ ਦੱਸਿਆ ਸੀ ਕਿ ਸਾਡੀ ਟੀਮ ਦਾ ਲਗਾਤਾਰ ਜਿੱਤਣ ਦਾ ਕਾਰਨ ਸਿਰਫ ਇੱਕ ਹੀ ਹੈ ਤੇ ਓਹ ਹੈ ਸਿੰਘ ਸਭਾ ਗੁਰਦਵਾਰਾ ਹੰਸਲੋਅ ਦਾ ਪੂਰਾ ਸਿਹਯੋਗ।

### ਫੁਟਬਾਲ ਵਿੱਚ ਤਰੱਕੀ ਲਈ ਆਪਣੀਆ ਗਰਾਂਉਡਾਂ ਜਰੂਰੀ

ਜਿਵੇਂ ਜੇ ਕਿਸੇ ਕੌਮ ਕੋਲ ਅਪਣਾ ਦੇਸ਼ ਨਾ ਹੋਵੇ ਤਾਂ ਓਹ ਕੌਮ ਤਰੱਕੀ ਨਹੀਂ ਕਰ ਸਕਦੀ। ਆਪਣੇ ਖਿਡਾਰੀਆਂ ਨੂੰ ਜੇ ਅਸੀਂ ਸੱਚ ਮੁੱਚ ਹੀ ਤਰੱਕੀਆਂ ਕਰਕੇ ਪ੍ਰੌਫੈਸ਼ਨਲ ਫੁਟਬਾਲ ਖਿਡਾਰੀ ਬਣਵਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਜਿਵੇਂ ਫੁੱਟਬਾਲ ਕਲੱਬਜ, ਗੁਰਦਵਾਰਾ ਸਾਹਿਬਾਨ, ਸਾਬਕਾ ਤੇ ਮਾਜੂਦਾ ਖਿਡਾਰੀ, ਕਾਰੋਬਾਰ ਵਾਲੇ, ਸਮੂਹ ਮੀਡੀਆ ਵਾਲੇ, ਸੱਭ ਨੂੰ ਇਸ ਬਾਰੇ ਵਿਚਾਰ ਵਿਟਾਂਦਰਾ ਕਰਨਾ ਚਾਹੀਦਾ ਹੈ। ਜੇ ਕਿਸੇ ਨੇ ਵੀ ਇਨ੍ਹਾਂ ਇੱਕ ਵੀ ਮੀਟਿੰਗ ਸਮੇ ਕੁੱਝ ਵੀ ਗਲਤ ਬੋਲਿਆ ਜਾਂ ਫਿਰ ਭੰਨ ਤੋੜ ਕੀਤੀ ਫਿਰ ਸਰਦਾਰ ਭੁਪਿੰਦਰ ਸਿੰਘ ਗਿੱਲ ਉਨ੍ਹਾ ਨੂੰ ਪੀਲਾ ਜਾਂ ਲਾਲ ਕਾਰਡ ਦਿਖਾ ਕੇ ਮੀਟਿੰਗ ਤੋਂ ਬਾਹਰ ਕੱਡ ਦੇਵਣਗੇ।

ਜੇ ਪੰਜਾਬ ਜਾਂ ਇੰਡੀਆ ਸਰਕਾਰ ਮੁਫਤ ਵਿੱਚ ਚੀਜਾਂ ਦਿੰਦੇ ਹਨ ਤਾਂ ਆਪਾਂ ਉਨ੍ਹਾ ਦਾ ਮਖੌਲ ਕਰਨ ਲੱਗ ਪੈਂਦੇ ਹਾਂ ਪਰ ਹਰ ਇੱਕ ਫੁਟਬਾਲ ਟੂਰਨਾਮੈਂਟ ਤੇ ਸੱਭ ਕੁੱਝ ਮੁਫਤ ਹੀ ਹੁੰਦਾ ਹੈ ਜਿਵੇਂ ਸਾਰਾ ਦਿੰਨ ਪਾਰਕਿੰਗ, ਖਾਣਾ-ਪੀਣਾ, ਮੈਚ ਦੇਖਣੇ, ਮੈਚ ਪ੍ਰੋਗਰਾਮ, ਅਤੇ ਵਾਲਸਾਲ ਦੇ ਟੂਰਨਾਮੈਂਟ ਤੇ ਛੋਟੇ ਬੱਚਿਆਂ ਲਈ ਮੇਲੇ ਦੇ ਸਾਰੇ ਦੇ ਸਾਰੇ ਝੁਟੇ ਵੀ ਬਿਲਕੁੱਲ ਮੁਫਤ ਹੁੰਦੇ ਹਨ। ਮੁਫਤ ਚੀਜ ਦੀ ਕੋਈ ਜਿਆਦਾ ਕਦਰ ਨਹੀਂ ਹੁੰਦੀ। ਕੰਮ ਸੇ ਕੰਮ ਕੁੱਝ ਡੱਬੇ ਹੀ ਰੱਖ ਦੇਣੇ ਚਾਹੀਦੇ ਹਨ ਤਾਂ ਕਿ ਜੇ ਕੋਈ ਖਾਣ-ਪੀਣ, ਪਾਰਕਿੰਗ ਦੇ ਲਈ ਜਾਂ ਫਿਰ ਫੁਟਬਾਲ ਖੇਡਾਂ ਲਈ ਪੈਸਾ ਦੇਣਾ ਚਾਹੁੰਦਾ ਤਾਂ ਫਿਰ ਇਸ ਦਾ ਹਰਜ ਵੀ ਕੀ ਹੈ ਜੀ।

ਯੂ.ਕੇ. ਵਿੱਚ ਫੁਟਬਾਲ ਖੇਡ ਦੀ ਤਰੱਕੀ ਲਈ ਇੱਕ ਟਰਸਟ ਖੋਲਣਾ ਚਾਹੀਦਾ ਹੈ ਅਤੇ ਸਾਰੇ ਹੀ ਕਲੱਬਾਂ ਨੂੰ ਬਰਤਾਨੀਆ ਦੇ ਤਕਰੀਬਨ 300 ਗੁਰਦਵਾਰਾ ਸਾਹਿਬ ਤੋਂ ਪੂਰੇ ਸਿਹਯੋਗ ਦੀ ਬੇਨਤੀ ਕਰਨੀ ਚਾਹੀਦੀ ਹੈ।

**ਤਰਲੋਚਨ ਸਿੰਘ ਵਿਰਕ ਲੈਸਟਰ**

## ਅਮਰੀਕਾ ਵਿਚ ਗੰਨ ਹਿੰਸਾ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ-ਵਿਵੇਕ ਮੂਰਤੀ

### ✪ ਗੰਨ ਹਿੰਸਾ ਰੋਕਣ ਲਈ ਅਮਰੀਕੀਆਂ ਨੂੰ ਅੱਗੇ ਆਉਣ ਦਾ ਸੱਦਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਸਰਜਨ ਜਨਰਲ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿਚ ਗੰਨ ਹਿੰਸਾ ਇਕ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ। ਉਨਾਂ ਨੇ ਅਮਰੀਕੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਗੰਨ ਹਿੰਸਾ ਨਾਲ ਵਧ ਰਹੀਆਂ ਮੌਤਾਂ ਤੇ ਇਸ ਦੇ ਖਾਸ ਕਰਕੇ ਕਾਲੇ ਅਮਰੀਕੀਆਂ, ਅਮਰੀਕੀ ਨੌਜਵਾਨਾਂ ਤੇ ਹੋਰ ਵੱਸੋਂ ਉਪਰ ਪੈ ਰਹੇ ਬੁਰੇ ਪ੍ਰਭਾਵਾਂ ਨੂੰ ਰੋਕਣ ਲਈ ਅਗੇ ਆਉਣ। ਗੰਨ ਹਿੰਸਾ ਬਾਰੇ ਆਪਣੀ ਪਹਿਲੀ ਜਨਤਿਕ ਸਿਹਤ ਸਲਾਹ ਵਿਚ ਦੇਸ਼ ਦੇ ਚੋਟੀ ਦੇ ਜਨਤਿਕ ਸਿਹਤ ਅਧਿਕਾਰੀ ਵਿਵੇਕ ਮੂਰਤੀ ਨੇ ਕਿਹਾ ਹੈ ਕਿ ਜੋ ਕੁਝ ਹੋ ਰਿਹਾ ਹੈ ਇਸ ਬਹੁਤ ਭਿਆਨਕ ਹੈ।

ਇਸ ਨੂੰ ਰੋਕਣ ਲਈ ਹੋਰ ਖੋਜ਼ ਫੰਡਾਂ, ਵਧੀਆ ਮਾਨਸਿਕ ਸਿਹਤ ਮੁਲਾਂਕਣ ਤੇ ਨੁਕਸਾਨ ਨੂੰ ਘਟਾਉਣ ਲਈ ਹੋਰ ਕਦਮ ਚੁੱਕਣ ਦੀ ਲੋੜ ਹੈ। ਉਨਾਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਗਨ ਸ਼ੱਸ਼ਤਰ ਹਿੰਸਾ ਇਕ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ ਜਿਸ ਨੇ ਅਨੇਕਾਂ ਜਾਨਾਂ ਲਈਆਂ ਹਨ ਤੇ ਬਹੁਤ ਸਾਰੇ ਅਮਰੀਕੀਆਂ ਨੂੰ ਅਥਾਹ ਦੁੱਖ ਤੇ ਤਕਲੀਫਾਂ ਦਿੱਤੀਆਂ ਹਨ। ਉਨਾਂ ਕਿਹਾ ਕਿ ਗੰਨ ਹਿੰਸਾ ਦਾ ਪ੍ਰਭਾਵ ਬਹੁਤ ਵਿਆਪਕ ਹੈ ਤੇ ਇਸ ਨੇ ਲੱਖਾਂ-ਕਰੋੜਾਂ ਲੋਕਾਂ ਉਪਰ ਅਸਰ ਪਾਇਆ ਹੈ।

ਇਸ ਨੇ ਗੰਨ ਹਿੰਸਾ ਵਿਚ ਮਾਰ ਗਏ ਲੋਕਾਂ ਦੇ ਪਰਿਵਾਰਾਂ, ਬਚ ਗਏ ਲੋਕਾਂ ਦੇ ਪਰਿਵਾਰਾਂ ਤੇ ਇਸ ਦੇ ਨਾਲ ਹੀ ਜਿਨਾਂ ਲੋਕਾਂ ਨੇ ਇਨਾਂ ਘਟਨਾਵਾਂ ਨੂੰ ਅੱਖੀਂ ਵੇਖਿਆ ਜਾਂ ਖਬਰਾਂ ਰਾਹੀਂ ਪੜਿਆ ਜਾਂ ਸੁਣਿਆ, ਉਪਰ ਬਹੁਤ ਬੁਰਾ ਅਸਰ ਪਾਇਆ ਹੈ। ਉਨਾਂ ਕਿਹਾ ਕਿ ਗੰਨ ਹਿੰਸਾ ਨੂੰ ਰੋਕਣਾ ਸਾਡੀ ਫੌਰੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।

## ਜੂਨ ਚੁਰਾਸੀ ਦੇ ਸ਼ਹੀਦਾਂ ਦੀ 40ਵੀ ਵਰੇਗੰਢ ਮਨਾਉਣ ਲਈ ਇੰਗਲੈਂਡ ਫੇਰੀ ਤੇ ਆਏ ਸੰਤ ਬਾਬਾ ਹਰਨਾਮ ਸਿੰਘ ਧੁੰਮਾਂ ਦਾ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਵਿਸ਼ੇਸ਼ ਸਨਮਾਨ



*ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸੰਤ ਬਾਬਾ ਹਰਨਾਮ ਸਿੰਘ ਧੁੰਮਾਂ ਨੂੰ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਅਤੇ ਹੋਰ।*

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਜੂਨ 1984 ਚ ਉਸ ਵੇਲੇ ਦੀ ਮੌਜੂਦਾ ਸਰਕਾਰ ਵੱਲੋਂ ਸ੍ਰੀ ਆਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਕੀਤੇ ਗਏ ਫੌਜੀ ਕਾਰਵਾਈ ਦੌਰਾਨ ਸ਼ਹੀਦ ਹੋਏ ਸ਼ਹੀਦ ਸਿੰਘਾਂ ਦੀ 40ਵੀ ਸ਼ਹੀਦੀ ਵਰੇਗੰਢ ਮਨਾਉਣ ਲਈ ਵਿਸ਼ੇਸ਼ ਤੌਰ ਤੇ ਇੰਗਲੈਂਡ ਫੇਰੀ ਤੇ ਆਏ ਦਮਦਮੀ ਟਕਸਾਲ ਅਤੇ ਸੰਤ ਸਮਾਜ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਧੁੰਮਾਂ ਵੱਲੋਂ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਸਮੇਤ ਵੱਖ ਵੱਖ ਗੁਰੂ ਘਰਾਂ ਚ ਕਥਾ ਕਰਕੇ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾਇਆ ਗਿਆ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਦੇ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਧੁੰਮਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਇੰਗਲੈਂਡ ਦੀਆਂ ਸੰਗਤਾਂ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਜੀ ਧੁੰਮਾਂ ਨੂੰ ਇੰਗਲੈਂਡ ਆਉਣ ਤੇ ਜੀ ਆਇਆਂ ਆਖਿਆ ਗਿਆ ਅਤੇ ਦਮਦਮੀ ਟਕਸਾਲ ਅਤੇ ਸੰਤ ਸਮਾਜ ਨੂੰ ਇੰਗਲੈਂਡ ਦੀਆਂ ਸੰਗਤਾਂ ਵੱਲੋਂ ਹਰੇਕ ਤਰ੍ਹਾਂ ਦਾ ਸਹਿਯੋਗ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਚ ਸੰਗਤਾਂ ਹਾਜ਼ਿਰ ਹੋਈਆ। ਇਸ ਮੌਕੇ ਤੇ ਇੰਗਲੈਂਡ ਭਰ ਚੋਂ ਵੱਡੀ ਗਿਣਤੀ ਚ ਵਿਦਆਰਥੀ ਵੀ ਹਾਜ਼ਿਰ ਸਨ। ਉਪਰੰਤ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਦੇ ਗ੍ਰਹਿ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਸੰਤ ਬਾਬਾ ਹਰਨਾਮ ਸਿੰਘ ਜੀ ਧੁੰਮਾਂ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਚ ਪੁੱਜੀਆਂ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਿੱਧੂ ਮੂਸੇਵਾਲਾ ਦਾ ਮੁੱਦਾ ਲੋਕ ਸਭਾ ਵਿਚ ਭਖਿਆ !

**✪ ਰਾਜਾ ਵੜਿੰਗ ਨੇ ਕਿਸਾਨ ਮੁੱਦੇ, ਸਿੱਧੂ ਮੂਸੇ ਵਾਲਾ ਕਤਲ ਕੇਸ, ਲੁਧਿਆਣਾ ਵਿਚ ਘੱਟ ਰਹੇ ਉਦਯੋਗ ਦੇ ਮਸਲੇ ਉਠਾਏ**



ਦਿੱਲੀ-ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੰਸਦ ਦੇ ਆਪਣੇ ਪਹਿਲੇ ਭਾਸ਼ਣ ਵਿੱਚ ਕਿਸਾਨਾ ਮੁੱਦਿਆਂ, ਸਿੱਧੂ ਮੂਸੇ ਵਾਲਾ ਕਤਲ ਕੇਸ ਵਿੱਚ ਇਨਸਾਫ ਦੀ ਮੰਗ ਦੇ ਨਾਲ ਨਾਲ ਲੁਧਿਆਣਾ ਵਿਚ ਘੱਟ ਰਹੇ ਉਦਯੋਗ ਨੂੰ ਲੈ ਕੇ ਸਵਾਲ ਕੀਤੇ। ਰਾਜਾ ਵੜਿੰਗ ਨੇ ਕਿਹਾ ਕਿ ਸਿੱਧੂ ਮੂਸੇ ਵਾਲਾ ਪੂਰੀ ਦੁਨੀਆਂ ਵਿੱਚ ਮਸ਼ਹੂਰ ਸੀ। ਉਸ ਦੇ ਗਾਣੇ ਪੂਰੀ ਦੁਨੀਆਂ ਤੱਕ ਚਲਦੇ ਹਨ। ਉਨ੍ਹਾਂ ਗ੍ਰਹਿ ਮੰਤਰੀ ਤੋਂ ਇਨਸਾਫ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ 28 ਸਾਲਾ ਨੌਜਵਾਨ ਨੂੰ 10 ਗੋਲੀਆਂ ਮਾਰ ਕੇ ਸ਼ਰੇਆਮ ਮਾਰ ਦਿੱਤਾ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੈਠੇ ਲਾਰੈਂਸ ਬਿਸਨੋਈ ਨੇ ਇਸ ਦੀ ਹੱਤਿਆ ਕਰਵਾਈ ਹੈ ਅਤੇ ਉਹ ਜੇਲ੍ਹ ਵਿੱਚ ਬੈਠ ਕੇ ਮੰਨ ਰਿਹਾ ਹੈ ਕਿ ਕਤਲ ਉਸ ਨੇ ਕਰਵਾਇਆ ਹੈ। ਉਹ ਸ਼ਰੇਆਮ ਕਹਿ ਰਿਹਾ ਹੈ ਕਿ ਉਸ ਨੇ ਸਿੱਧੂ ਨੂੰ ਮਾਰਿਆ ਹੈ ਅਤੇ ਉਸ ਦੇ ਪਿਤਾ ਨੂੰ ਵੀ ਮਾਰਾਂਗੇ। ਉਨ੍ਹਾਂ ਪੁੱਛਿਆ ਕਿ ਉਸ ਨੂੰ ਕਦੋਂ ਇਨਸਾਫ ਦੇਵੋਗੇ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੈਠੇ ਗੈਂਗਸਟਰ ਉਤੇ ਕਾਰਵਾਈ ਕੀਤੀ ਜਾਵੇ।

### ਕਿਸਾਨਾਂ ਦਾ ਚੁੱਕਿਆ ਮੁੱਦਾ

ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦਾ ਕਿਸਾਨ ਗਰਮੀ ਵਿੱਚ ਧਰਨੇ ਉੱਤਾ ਬੈਠਾ ਹੋਇਆ ਹੈ ਪਰ ਹਰਿਆਣਾ ਸਰਕਾਰ ਵੱਲੋਂ ਉਨ੍ਹਾਂ ਉੱਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਹਜ਼ਾਰਾਂ ਕਿਸਾਨ ਜ਼ਖ਼ਮੀ ਹੋਏ ਹਨ ਅਤੇ ਕਈਆਂ ਦੀ ਮੌਤ ਹੋ ਗਈ ਪਰ ਸਰਕਾਰ ਨੇ ਹਰਿਆਣਾ ਪੁਲਿਸ ਨੂੰ ਆਦੇਸ਼ ਹਨ ਕਿ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਇਹ ਆਦੇਸ਼ ਗ੍ਰਹਿ ਮੰਤਰੀ ਵੱਲੋਂ ਹਰਿਆਣਾ ਪੁਲਿਸ ਨੂੰ ਦਿੱਤੇ ਹਨ।

### ਲੁਧਿਆਣਾ 'ਚ ਘੱਟ ਰਹੇ ਉਦਯੋਗ ਦਾ ਮੁੱਦਾ ਚੁੱਕਿਆ

ਰਾਜਾ ਵੜਿੰਗ ਨੇ ਕਿਹਾ ਕਿ ਪਿਛਲੇ 10 ਸਾਲਾ ਤੋਂ ਇਸ ਸਰਕਾਰ ਨੇ ਲੁਧਿਆਣਾ ਨੂੰ ਕਝ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਸਾਈਕਲ ਇੰਡਸਟਰੀ ਖਤਮ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਚਾਇਨਾ ਦਾ ਪਰਡੱਕਸ਼ਨ ਲੁਧਿਆਣਾ ਨਾਲੋਂ ਕੀਤੇ ਅੱਗੇ ਹੈ। ਇਸ ਸਰਕਾਰ ਦੀਆਂ ਗਲਤ ਪਾਲਸੀਆਂ ਕਰਕੇ ਇੱਥੋਂ ਇੰਡਸਟਰੀ ਜਾ ਰਹੀ ਹੈ। ਕੋਈ ਸਮਾਂ ਸੀ ਜਦੋਂ ਲੁਧਿਆਣਾ ਨੂੰ ਈਸਟ ਮਨਚੈਸਟਰ ਕਿਹਾ ਜਾਂਦਾ ਸੀ ਪਰ ਹੁਣ ਇਸ ਸਰਕਾਰ ਦੀਆਂ ਗਲਤ ਪਾਲਸੀਆਂ ਦੀ ਵਜਾ ਕਰਕੇ ਲੁਧਿਆਣਾ ਦੀ ਇੰਡਸਟਰੀ ਦਾ ਬੁਰਾ ਹਾਲ ਹੈ।

## ਅਮਰੀਕਾ ਵਿਚ ਭੱਖਿਆ ਅੰਮ੍ਰਿਤਪਾਲ ਦੀ ਸਹੁੰ ਦਾ ਮੁੱਦਾ

**✪ ਸਿੱਖ ਵਕੀਲ ਨੇ ਅਮਰੀਕੀ ਉਪ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ, ਐਨ.ਐਸ.ਏ ਨੂੰ ਦੱਸਿਆ ਗ਼ਲਤ**



ਵਸ਼ਿੰਗਟਨ-ਖਡੂਰ ਸਾਹਿਬ ਸੀਟ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕ ਸਮਾਗਮ ਵਿੱਚ ਦੇਰੀ ਦਾ ਮਾਮਲਾ ਹੁਣ ਅਮਰੀਕਾ ਵਿੱਚ ਉੱਠਿਆ ਹੈ। ਅਮਰੀਕਾ ਦੇ ਪ੍ਰਸਿੱਧ ਸਿੱਖ ਵਕੀਲ ਜਸਪ੍ਰੀਤ ਸਿੰਘ ਨੇ ਇਸ ਮਾਮਲੇ ਵਿੱਚ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਮੁਲਾਕਾਤ ਕੀਤੀ। ਜਸਪ੍ਰੀਤ ਨੇ ਕਿਹਾ ਕਿ ਜਲਦੀ ਹੀ ਕੋਈ ਹੱਲ ਕੱਢ ਲਿਆ ਜਾਵੇਗਾ। ਜਸਪ੍ਰੀਤ ਸਿੰਘ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ 'ਤੇ ਬਿਲਕੁਲ ਗ਼ਲਤ ਤਰੀਕੇ ਨਾਲ ਐਨ. ਐਸ. ਏ. ਲਾਇਆ ਗਿਆ ਹੈ। ਇਹ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਹੈ। ਸਿੱਖ ਵਕੀਲ ਜਸਪ੍ਰੀਤ ਸਿੰਘ ਨੇ ਕਮਲਾ ਹੈਰਿਸ ਨੂੰ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਭਾਰਤੀ ਲੋਕ ਸਭਾ ਚੋਣਾਂ ਵੀ ਜਿੱਤ ਚੁੱਕਾ ਹੈ ਪਰ ਭਾਰੀ ਬਹੁਮਤ ਨਾਲ ਜਿੱਤਣ ਤੋਂ ਬਾਅਦ ਉਸ 'ਤੇ ਲਗਾਏ ਗਏ ਐਨਐਸਏ ਦੀ ਮਿਆਦ ਇੱਕ ਸਾਲ ਲਈ ਵਧਾ ਦਿੱਤੀ ਗਈ ਸੀ।

## ਅੰਮ੍ਰਿਤਸਰ ਪੁਲਿਸ ਵਲੋਂ 6 ਨਸ਼ਾ ਤਸਕਰ ਗ੍ਰਿਫਤਾਰ

**✪ ਆਈਸ ਡਰੱਗ, ਹੈਰੋਇਨ, ਡਰੱਗ ਮਨੀ, ਤਿੰਨ 12 ਬੋਰ ਰਾਈਫ਼ਲਾਂ, ਦੋ ਗੱਡੀਆਂ, ਗਹਿਣੇ ਤੇ 9 ਮੋਬਾਈਲ ਫੋਨ ਬਰਾਮਦ**



ਰਾਜਾਸਾਂਸੀ-ਸੀ. ਆਈ. ਏ. ਸਟਾਫ ਜ਼ਿਲ੍ਹਾ ਅੰਮਿਬਸਰ ਦਿਹਾਤੀ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਉਨ੍ਹਾਂ ਵਲੋਂ ਗੁਪਤ ਸੂਚਨਾ ਦੇ ਆਧਾਰ 'ਤੇ 6 ਨਸ਼ਾ ਤਸਕਰਾਂ ਜੁਵਰਾਜ ਸਿੰਘ ਬੱਲ, ਰਣਜੀਤ ਸਿੰਘ, ਪ੍ਰਭਜੀਤ ਸਿੰਘ ਭਾਨਾ, ਮਦਨ ਲਾਲ, ਮੰਗਲ ਸਿੰਘ, ਜਗਰੂਪ ਸਿੰਘ ਰਾਜੂ ਅਤੇ ਅਕਾਸ਼ਦੀਪ ਸਿੰਘ ਨੂੰ ਕਾਬੂ ਕੀਤਾ ਗਿਆ। ਉਕਤ ਨਸ਼ਾ ਤਸਕਰਾਂ ਕੋਲੋਂ 500 ਗ੍ਰਾਮ ਆਈਸ ਡਰੱਗ (ਮੇਥਾਮਫੇਟਾਮਾਈਨ), ਇਕ ਕਿੱਲੋ ਹੈਰੋਇਨ, 4 ਲੱਖ 95 ਹਜ਼ਾਰ 850 ਰੁਪਏ ਡਰੱਗ ਮਨੀ, ਤਿੰਨ 12 ਬੋਰ ਰਾਈਫਲਾਂ, ਦੋ ਗੱਡੀਆਂ (ਇਕ ਕਰੋਲਾ ਤੇ ਇਕ ਬਰੀਜਾ), ਸੋਨੇ ਦੇ ਗਹਿਣੇ (7 ਮੁੰਦਰੀਆਂ, ਇਕ ਚੇਨ ਅਤੇ ਇਕ ਨੈੱਕਲਸ) ਅਤੇ 9 ਮੋਬਾਈਲ ਫੋਨ ਬਰਾਮਦ ਕੀਤੇ ਗਏ, ਜਿਸ ਸੰਬੰਧੀ ਉਕਤ ਵਿਅਕਤੀਆਂ ਖ਼ਿਲਾਫ਼ ਥਾਣਾ ਕੰਬੋਅ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਿਸ ਵਲੋਂ ਸ਼ੁਰੂਆਤੀ ਪੁੱਛਗਿੱਛ ਦੌਰਾਨ ਇਹ ਸਾਹਮਣੇ ਆਇਆ ਕਿ ਉਕਤ ਬਰਾਮਦ ਤਿੰਨ 12 ਬੋਰ ਰਾਈਫਲਾਂ ਗੋਪੀ ਯੂ. ਕੇ. ਨਾਮਕ ਗੈਂਗਸਟਰ ਵਲੋਂ ਇਨ੍ਹਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਸਨ।

ਦੱਸਣਯੋਗ ਹੈ ਕਿ ਉਕਤ ਮੰਗਲ ਸਿੰਘ ਦੇ ਪਾਕਿਸਤਾਨੀ ਤਸਕਰ ਕਾਲੂ ਚੇਅਰਮੈਨ ਨਾਲ ਸੰਬੰਧ ਸਨ ਅਤੇ ਮੰਗਲ ਸਿੰਘ ਉਸ ਕੋਲੋ ਹੈਰੋਇਨ ਮੰਗਵਾਉਂਦਾ ਸੀ ਅਤੇ ਜੁਵਰਾਜ ਸਿੰਘ ਦੇ ਘਰ ਠਾਹਰ ਲੈ ਕੇ ਆਪਣੇ ਬਾਕੀ ਉਕਤ ਗ੍ਰਿਫਤਾਰ ਸਾਥੀਆਂ ਨਾਲ ਮਿਲ ਕੇ ਖੈਰਾਬਾਦ, ਢੀਂਗਰਾ ਕਾਲੋਨੀ, ਕੰਬੋਅ ਅਤੇ ਅੰਮਿਬਸਰ ਸ਼ਹਿਰ ਦੇ ਹੋਰ ਇਲਾਕਿਆਂ ਵਿਚ ਹੈਰੋਇਨ ਸਪਲਾਈ ਕਰਦਾ ਸੀ। ਜਗਰੂਪ ਸਿੰਘ ਤੇ ਰਣਜੀਤ ਸਿੰਘ ਖ਼ਿਲਾਫ਼ ਪਹਿਲਾਂ ਵੀ ਮੁਕੱਦਮੇ ਦਰਜ ਹਨ।

## ਜਲੰਧਰ 'ਚ ਭਾਜਪਾ ਨੂੰ ਛਡਕੇ ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਭਾਟੀਆ 'ਆਪ' 'ਚ ਸ਼ਾਮਲ



ਜਲੰਧਰ-ਜਲੰਧਰ ਵਿਚ ਭਾਜਪਾ ਨੂੰ ਵੱਡਾ ਝਟਕਾ ਲੱਗਾ ਹੈ। ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਭਾਟੀਆ ਭਾਜਪਾ ਛੱਡ ਕੇ ਆਪ ਪਾਰਟੀ 'ਚ ਸ਼ਾਮਲ ਹੋ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਟੀਆ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਦੱਸ ਦੇਈਏ ਕਿ ਕਮਲਜੀਤ ਸਿੰਘ ਭਾਟੀਆ ਲੋਕ ਸਭਾ ਚੋਣਾਂ ਤੋਂ ਪਹਿਲਾਂ 15 ਆਗੂਆਂ ਸਮੇਤ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਪਹਿਲਾਂ ਕਮਲਜੀਤ ਭਾਟੀਆ 'ਆਪ' ਵਿਚ ਸਨ ਪਰ ਲੋਕ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਭਾਜਪਾ ਨਾਲ ਹੱਥ ਮਿਲਾਇਆ ਸੀ।

## ਨਸ਼ੇੜੀ ਕੁੜੀ ਨੂੰ ਪੁਲਸ ਨੇ ਫੜਿਆ, ਮੁਆਫੀਨਾਮਾ ਲਿਖਾ ਕੇ ਛਡਿਆ



ਅੰਮ੍ਰਿਤਸਰ-ਨਸ਼ੇ 'ਚ ਧੁੱਤ ਹੋ ਕੇ ਜੀ. ਟੀ. ਰੋਡ ਦੇ ਚੌਕ 'ਤੇ ਨਸ਼ੇ ਵਿਚ ਝੂਮਦੀ ਜਿਹੜੀ ਕੁੜੀ ਦੀ ਵੀਡੀਓ ਪੰਜਾਬ ਭਰ ਵਿਚ ਵਾਇਰਲ ਹੋਈ ਸੀ, ਨੂੰ ਥਾਣਾ ਏ ਡਵੀਜ਼ਨ ਦੀ ਪੁਲਸ ਨੇ ਹਿਰਾਸਤ ਵਿਚ ਲੈ ਲਿਆ। ਇਸ ਦੌਰਾਨ ਜਦੋਂ ਪੁਲਸ ਨੇ ਉਸ ਤੋਂ ਪੁੱਛਗਿੱਛ ਕੀਤੀ ਤਾਂ ਕੁੜੀ ਨੇ ਮੰਨਿਆ ਕਿ ਉਹ ਬੁਰੀ ਸੰਗਤ ਵਿਚ ਪੈ ਗਈ ਸੀ ਅਤੇ ਇਸ ਦੌਰਾਨ ਉਸ ਨੂੰ ਸ਼ਰਾਬ ਪੀਣ ਦੀ ਭੈੜੀ ਆਦਤ ਪੈ ਗਈ ਸੀ। ਇਸ ਤੋਂ ਬਾਅਦ ਪੁਲਸ ਨੇ ਉਸ ਨੂੰ ਮੁਆਫੀਨਾਮਾ ਲਿਖ ਕੇ ਭਵਿੱਖ ਵਿਚ ਨਸ਼ੇ ਨਾ ਕਰਨ ਦੀ ਚਿਤਾਵਨੀ ਦੇ ਕੇ ਛੱਡ ਦਿੱਤਾ। ਜਾਣਕਾਰੀ ਅਨੁਸਾਰ ਕੁੜੀ ਨੇ ਪੁਲਸ ਨੂੰ ਦੱਸਿਆ ਕਿ ਉਹ ਮਾੜੀ ਸੰਗਤ ਵਿੱਚ ਪੈ ਗਈ ਸੀ ਅਤੇ ਉਥੋਂ ਹੀ ਉਸ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ। ਉਸ ਨੇ ਦੋ ਦਿਨ ਪਹਿਲਾਂ ਹੀ ਆਪਣੇ ਦੋਸਤਾਂ ਨਾਲ ਸ਼ਰਾਬ ਪੀਤੀ ਸੀ। ਅੱਧੀ ਰਾਤ ਨੂੰ ਕੁਝ ਨੌਜਵਾਨਾਂ ਨੇ ਸ਼ਰਾਬ ਪੀ ਕੇ ਝੂਮਦੀ ਹੋਈ ਉਸ ਦੀ ਵੀਡੀਓ ਬਣਾ ਲਈ। ਉਸ ਨੇ ਪੁਲਸ ਨੂੰ ਪੂਰਾ ਭਰੋਸਾ ਦਿੱਤਾ ਹੈ ਕਿ ਉਹ ਭਵਿੱਖ ਵਿੱਚ ਕਦੇ ਵੀ ਸ਼ਰਾਬ ਨਹੀਂ ਪੀਵੇਗੀ। ਉਨ੍ਹਾਂ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਵਾਲੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਕ੍ਰਿਪਾ ਕਰ ਕੇ ਇਸ ਵੀਡੀਓ ਨੂੰ ਸੋਸ਼ਲ ਮੀਡੀਆ ਤੋਂ ਡਿਲੀਟ ਕਰ ਦਿਓ, ਕਿਉਂਕਿ ਇਹ ਉਨ੍ਹਾਂ ਦੇ ਭਵਿੱਖ ਦਾ ਸਵਾਲ ਹੈ।

## ਕਰਾਈਮ ਨਿਊਜ਼

# ਲੁਧਿਆਣੇ ਵਿਚ ਸ਼ਰਾਬੀ ਔਰਤਾਂ ਦੇ ਕਾਰਨ ਦਹਿਸ਼ਤ, ਲੋਕ ਪਰੇਸ਼ਾਨ

ਲੁਧਿਆਣਾ-ਸ਼ਹਿਰ ਦੀਆਂ ਬਾਰਾਂ ਤੋਂ ਨਿਕਲਦਿਆਂ ਸ਼ਰਾਬੀ ਔਰਤਾਂ ਵੱਲੋਂ ਕੀਤੇ ਜਾਂਦੇ ਹੰਗਾਮੇ ਅਤੇ ਦੁਰਵਿਵਹਾਰ ਕਾਰਨ ਸਥਾਨਕ ਲੋਕ ਦਹਿਸ਼ਤ ਦਾ ਸ਼ਿਕਾਰ ਹਨ। ਇਹ ਘਟਨਾਵਾਂ ਬੱਸ ਸਟੈਂਡ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿਚੋਂ ਸਾਹਮਣੇ ਆ ਕਿੱਲੋਰਹੀਆਂ ਹਨ, ਜਿਸ ਸਬੰਧੀ ਵੀਡੀਓਜ਼ ਵੱਡੇ ਪੱਧਰ 'ਤੇ ਵਾਇਰਲ ਹੋ ਰਹੀਆਂ ਹਨ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਔਰਤਾਂ ਨੇ ਬਾਰਾਂ ਤੋਂ ਬਾਹਰ ਨਿਕਲਣ ਤੋਂ ਬਾਅਦ ਹੰਗਾਮਾ ਕੀਤਾ ਤੇ ਕੁਟਮਾਰ ਕੀਤੀ। ਵਾਇਰਲ ਵੀਡੀਓ ਵਿੱਚ ਇਕ ਔਰਤ ਰਾਹਗੀਰਾਂ ਨਾਲ ਦੁਰਵਿਵਹਾਰ ਕਰਦੇ ਹੋਏ ਦਿਖਾਈ ਦੇ ਰਹੀ ਹੈ। ਰੋਜ਼ਾਨਾ ਹੋਣ ਵਾਲੀਆਂ ਇਨ੍ਹਾਂ ਘਟਨਾਵਾਂ ਤੋਂ ਉਥੋਂ ਦੇ ਵਸਨੀਕ ਰੋਸ ਵਿਚ ਹਨ। ਰਿਕਾਰਡ ਕੀਤੀਆਂ ਵੀਡੀਓਜ਼ ਵਿਚ ਔਰਤਾਂ ਪੂਰੀ ਤਰ੍ਹਾਂ ਨਸ਼ੇ ਵਿਚ ਦਿਖਾਈ ਦਿੰਦੀਆਂ ਹਨ।

ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਇਹ ਮਾਮਲਾ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

# ਡਰੱਗ ਸਮਗਲਰ ਦੇ ਘਰੋਂ 5 ਕਰੋੜ 35 ਲੱਖ ਰੁਪਏ ਦੀਆਂ ਨਸ਼ੀਲੀਆਂ ਗੋਲੀਆਂ ਬਰਾਮਦ



✪ ਨਸ਼ਾ ਰੋਕੂ ਐਕਟ ਤਹਿਤ ਮੁਕੱਦਮਾ ਦਰਜ

ਬਠਿੰਡਾ-ਬਠਿੰਡਾ ਪੁਲਿਸ ਵਲੋਂ ਇਕ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਘਰ ਰੂਪੀ ਗੋਦਾਮ ਵਿਚੋਂ ਕਰੋੜਾਂ ਰੁਪਏ ਦੀਆਂ ਨਸ਼ੀਲੀਆਂ ਗੋਲੀਆਂ ਦਾ ਜ਼ਖ਼ੀਰਾ ਬਰਾਮਦ ਕੀਤਾ ਗਿਆ ਹੈ, ਜੋ ਆਪਣੇ ਆਸ-ਪਾਸ ਦੇ ਕਈ ਖੇਤਰਾਂ ਵਿਚ ਨਸ਼ਾ ਵੇਚਣ ਦਾ ਧੰਦਾ ਕਰਦਾ ਸੀ। ਕਥਿਤ ਦੋਸ਼ੀ ਖ਼ਿਲਾਫ਼ ਥਾਣਾ ਮੌੜ ਵਿਖੇ ਨਸ਼ਾ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ, ਜਦਕਿ ਉਸ ਦੇ ਦੋ ਸਾਥੀ ਪਹਿਲਾਂ ਗ੍ਰਿਫ਼ਤਾਰ ਕਰ ਲਏ ਸਨ, ਜਿਨ੍ਹਾਂ ਦੀ ਸ਼ਨਾਖ਼ਤ 'ਤੇ ਉਕਤ ਨੂੰ ਦਬੋਚਿਆ ਗਿਆ।

ਇਸ ਸੰਬੰਧੀ ਜ਼ਿਲ੍ਹਾ ਪੁਲਿਸ ਮੁਖੀ ਦੀਪਕ ਪਾਰੀਕ ਨੇ ਦੱਸਿਆ ਕਿ ਐਸ.ਪੀ. ਡੀ. ਅਜੈ ਗਾਂਧੀ ਦੀ ਨਿਗਰਾਨੀ ਤੇ ਤਲਵੰਡੀ ਸਾਬੋ ਦੇ ਡੀ.ਐਸ.ਪੀ. ਰਾਜੇਸ਼ ਸਨੇਹੀ ਬੱਤਾ ਦੀ ਅਗਵਾਈ 'ਚ ਥਾਣਾ ਤਲਵੰਡੀ ਸਾਬੋ ਦੀ ਪੁਲਿਸ ਵਲੋਂ 20 ਜੂਨ ਨੂੰ ਜਸਵਿੰਦਰ ਸਿੰਘ ਤੇ ਇੰਦਰਪ੍ਰੀਤ ਸਿੰਘ ਵਾਸੀਆਨ ਤਲਵੰਡੀ ਸਾਬੋ ਨੂੰ 37 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਦੇ ਖ਼ਿਲਾਫ਼ ਨਸ਼ਾ ਰੋਕੂ ਕਾਨੂੰਨ ਤਹਿਤ ਥਾਣਾ ਤਲਵੰਡੀ ਸਾਬੋ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ । ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀਆਨ ਦੀ ਪੁੱਛ-ਗਿੱਛ ਦੇ ਆਧਾਰ ਉਕਤ ਮੁਕੱਦਮੇ ਵਿਚ ਤਰਸੇਮ ਚੰਦ ਢੱਪਈ ਵਾਸੀ ਬੋਹੜ ਵਾਲਾ ਚੌਕ ਮੌੜ ਮੰਡੀ ਨੂੰ ਨਾਮਜ਼ਦ ਕੀਤਾ ਗਿਆ ਤੇ ਬੀਤੇ ਕੱਲ੍ਹ ਉਸ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਤੋਂ ਇਕ ਦਿਨ ਦਾ ਪੁਲਿਸ ਰਿਮਾਂਡ ਅਤੇ ਸਰਚ ਵਰੰਟ ਹਾਸਲ ਕਰਕੇ ਉਸ ਦੇ ਘਰ ਅਤੇ ਦੁਕਾਨਾਂ ਦੀ ਡਰੱਗ ਇੰਸਪੈਕਟਰ ਦੀ ਮੌਜੂਦਗੀ ਵਿਚ ਤਲਾਸ਼ੀ ਲਈ ਗਈ ਤਾਂ ਉਸ ਦੇ ਘਰ ਰੂਪੀ ਗੋਦਾਮ ਵਿਚੋਂ 67 ਤਰ੍ਹਾਂ ਦੀਆਂ ਨਸ਼ੀਲੀਆਂ ਦਵਾਈਆਂ ਬਰਾਮਦ ਹੋਈਆਂ ਹਨ, ਜਿਨ੍ਹਾਂ ਵਿਚ 20 ਲੱਖ 42 ਹਜ਼ਾਰ 470 ਨਸ਼ੀਲੇ ਕੈਪਸੂਲ, 3 ਲੱਖ 68 ਹਜ਼ਾਰ 250 ਨਸ਼ੀਲੀਆਂ ਗੋਲੀਆਂ ਅਤੇ 3580 ਕਿੱਟਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਬਰਾਮਦ ਕੀਤੀਆਂ ਗੋਲੀਆਂ ਦੀ ਪ੍ਰਿੰਟ ਅਨੁਸਾਰ ਬਾਜ਼ਾਰੀ ਕੀਮਤ ਕਰੀਬ 5 ਕਰੋੜ 35 ਲੱਖ ਰੁਪਏ ਬਣਦੀ ਹੈ। ਇਸ ਤੋਂ ਇਲਾਵਾ 6 ਪ੍ਰਕਾਰ ਦੀਆਂ 176 ਨਸ਼ੀਲੀਆਂ ਗੋਲ਼ੀਆਂ ਅਤੇ 29 ਹਜ਼ਾਰ 900 ਰੁਪਏ ਨਗਦ ਬਰਾਮਦ ਕੀਤੇ ਗਏ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਕਥਿਤ ਦੋਸ਼ੀ ਨਸ਼ੇ ਦੇ ਵੱਡੇ ਧੰਦੇ ਨਾਲ ਜੁੜਿਆ ਹੋਇਆ ਸੀ ਤੇ ਉਹ ਮੌੜ, ਤਲਵੰਡੀ ਸਾਬੋ, ਰਾਮਾਂ ਤੇ ਨੇੜੇ ਦੇ ਇਲਾਕੇ 'ਚ ਭਾਰੀ ਮਾਤਰਾ ਵਿਚ ਨਸ਼ੀਲੀਆਂ ਦਵਾਈਆਂ, ਕੈਪਸੂਲ ਅਤੇ ਸਿਰਪ ਸਪਲਾਈ ਕਰਦਾ ਸੀ, ਜਿਸ ਦੇ ਖ਼ਿਲਾਫ਼ ਪਹਿਲਾਂ ਨਸ਼ਾ ਰੋਕੂ ਕਾਨੂੰਨ ਤਹਿਤ ਵੱਖ-ਵੱਖ ਥਾਣਿਆਂ ਵਿਚ 12 ਮੁਕੱਦਮੇ ਦਰਜ ਹਨ ਤੇ ਹੁਣ ਉਸ ਖ਼ਿਲਾਫ਼ ਥਾਣਾ ਮੌੜ ਵਿਖੇ ਨਸ਼ਾ ਰੋਕੂ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# 6 ਮਹੀਨੇ ਪਹਿਲਾਂ ਕਰਵਾਈ ਲਵ-ਮੈਰਿਜ, ਹੁਣ ਪਤਨੀ ਦਾ ਕੀਤਾ ਕਤਲ

## ✪ ਹਥਿਆਰ ਬਰਾਮਦ, ਪੁਲਸ ਮਾਮਲੇ ਦੀ ਕਰ ਰਹੀ ਏ ਜਾਂਚ



ਨਵੀਂ ਦਿੱਲੀ-ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਦੇ ਨਿਆਜ਼ੀਪੁਰ ਪਿੰਡ ਵਿੱਚ ਇੱਕ ਵਿਅਕਤੀ ਨੂੰ ਉਸ ਵੇਲੇ ਰੰਗੇ ਹੱਥੀਂ ਫੜ ਲਿਆ ਗਿਆ, ਜਦੋਂ ਉਹ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰਨ ਤੋਂ ਬਾਅਦ ਉਸਦੀ ਲਾਸ਼ ਨੂੰ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ। ਪੁਲਸ ਮੁਤਾਬਕ ਦੋਸ਼ੀ ਪਤੀ ਨੇ ਪਤਨੀ ਦਾ ਬੇਰਹਿਮੀ ਨਾਲ ਸਿਰ ਅਤੇ ਹੱਥ ਵੱਢ ਦਿੱਤੇ ਸਨ।

ਜਾਣਕਾਰੀ ਅਨੁਸਾਰ ਥਾਣਾ ਸਿਟੀ ਦੇ ਐੱਸਪੀ ਸਤਿਆਨਾਰਾਇਣ ਪ੍ਰਜਾਪਤੀ ਨੇ ਦੱਸਿਆ ਕਿ ਪੁਲਸ ਨੇ ਇਸ ਸਬੰਧ ਵਿੱਚ ਮ੍ਰਿਤਕਾਂ ਦੇ ਪਤੀ ਅਰਬਾਜ਼ ਅਤੇ ਉਸਦੇ ਦੋਸਤ ਸ਼ਾਹਰੁਖ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਅਰਬਾਜ਼ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੇ ਦੱਸਿਆ ਕਿ ਅਰਬਾਜ਼ ਨੇ ਕਰੀਬ 6 ਮਹੀਨੇ ਪਹਿਲਾਂ ਉਤਰਾਖੰਡ ਦੀ ਰਹਿਣ ਵਾਲੀ 21 ਸਾਲਾ ਚਾਹਤ ਨਾਲ ਵਿਆਹ ਕੀਤਾ ਸੀ ਅਤੇ ਪਰਿਵਾਰ ਨੂੰ ਬਿਨਾਂ ਦੱਸੇ ਕਿਰਾਏ ਦੇ ਕਮਰੇ 'ਚ ਰਹਿਣ ਲੱਗ ਪਿਆ ਸੀ। ਉਸ ਨੇ ਦੱਸਿਆ ਕਿ ਇਕ ਹਫ਼ਤਾ ਪਹਿਲਾਂ ਅਰਬਾਜ਼ ਨੇ ਚਾਹਤ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਸੀ ਅਤੇ ਉਸ ਦਾ ਸਿਰ ਅਤੇ ਹੱਥ ਵੱਢ ਦਿੱਤੇ ਸਨ।

ਪੁਲਸ ਸੁਪਰਡੈਂਟ ਮੁਤਾਬਕ ਵੀਰਵਾਰ ਨੂੰ ਉਹ ਆਪਣੇ ਦੋਸਤ ਸ਼ਾਹਰੁਖ ਦੀ ਮਦਦ ਨਾਲ ਮੋਟਰਸਾਈਕਲ 'ਤੇ ਲਾਸ਼ ਨੂੰ ਨਿਆਜੀਪੁਰ ਪਿੰਡ 'ਚ ਕਾਲੀ ਨਦੀ 'ਤੇ ਲੈ ਗਿਆ। ਪਤਨੀ ਦੀ ਲਾਸ਼ ਨੂੰ ਨਦੀ 'ਚ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਪੁਲਸ ਨੇ ਉਹਨਾਂ ਨੂੰ ਰੰਗੇ ਹੱਥੀਂ ਫੜ ਲਿਆ। ਪੁਲਸ ਨੇ ਦੱਸਿਆ ਕਿ ਕਤਲ ਵਿੱਚ ਵਰਤਿਆ ਗਿਆ ਹਥਿਆਰ ਬਰਾਮਦ ਕਰ ਲਿਆ ਗਿਆ ਹੈ।

ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਕਤਲ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਲੁਟੇਰਿਆਂ ਨੇ ਆੜ੍ਹਤੀ ਤੇ ਉਸਦੀ ਪਤਨੀ ਨੂੰ ਬੰਧਕ ਬਣਾ ਕੇ ਇਕ ਕਰੋੜ ਦੀ ਨਕਦੀ ਤੇ ਤਿੰਨ ਕਿਲੋ ਸੋਨੇ ਦੇ ਗਹਿਣੇ ਲੁੱਟੇ



ਅੰਮ੍ਰਿਤਸਰ-ਅੰਮ੍ਰਿਤਸਰ ਸ਼ਹਿਰ ਦੇ ਪਾਸ਼ ਖੇਤਰ ਕੋਰਟ ਰੋਡ ਵਿਖੇ ਸਬਜ਼ੀ ਮੰਡੀ ਵੱਲ੍ਹਾ ਵਿਖੇ ਆੜ੍ਹਤ ਦਾ ਕੰਮ ਕਰਦੇ ਕਾਰੋਬਾਰੀ ਸ੍ਰੀ ਜਿਆ ਲਾਲ ਬਹਿਲ ਤੇ ਉਸਦੀ ਪਤਨੀ ਸ੍ਰੀਮਤੀ ਵਿਮਲਾ ਬਹਿਲ ਨੂੰ 4 ਹਥਿਆਰਬੰਦ ਲੁਟੇਰਿਆਂ ਨੇ ਬੰਧਕ ਬਣਾ ਕੇ ਕੁੱਟਮਾਰ ਕੀਤੀ ਤੇ ਉਨ੍ਹਾਂ ਦੇ ਘਰੋਂ ਇਕ ਕਰੋੜ ਨਕਦੀ, ਤਿੰਨ ਕਿਲੋਗ੍ਰਾਮ ਸੋਨੇ ਦੇ ਗਹਿਣੇ, ਲਾਇਸੰਸੀ ਪਿਸਤੌਲ, ਇਕ ਐਕਟਿਵਾ ਸਕੂਟਰੀ ਆਦਿ ਸਾਮਾਨ ਦੀ ਲੁੱਟ ਖੋਹ ਕੀਤੀ। ਚਾਰੇ ਲੁਟੇਰੇ ਘਰ ਵਿਚ ਕਰੀਬ ਇਕ ਘੰਟਾ ਰੁਕੇ ਰਹੇ ਤੇ ਬੜੇ ਆਰਾਮ ਨਾਲ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਤੇ ਫਰਾਰ ਹੋ ਗਏ। ਇਸ ਸੰਬੰਧੀ ਪੁਲਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਵਾਪਰੀ ਘਟਨਾ ਸੰਬੰਧੀ ਪਰਚਾ ਦਰਜ ਕਰ ਲਿਆ ਹੈ ਤੇ ਜਲਦ ਹੀ ਲੁਟੇਰੇ ਗ੍ਰਿਫਤਾਰ ਕਰ ਲਏ ਜਾਣਗੇ।

### -ਮਾਮਲਾ ਵੀਜ਼ੇ ਦੇ ਨਾਮ ਉਪਰ ਧੋਖਾਧੜੀ ਦਾ-

# ਯੂਕੇ ਦੀ ਬੰਦ ਹੋ ਚੁੱਕੀ ਕੰਪਨੀ ਵਿਚ ਵੀਜ਼ਾ ਲਗਵਾਉਣ ਦੇ ਨਾਮ ਉਪਰ 21 ਲੱਖ ਦੀ ਮਾਰੀ ਠੱਗੀ

### ✪ ਔਰਤ ਖਿਲਾਫ਼ ਧੋਖਾਧੜੀ ਦਾ ਕੇਸ ਦਰਜ

ਤਰਨਤਾਰਨ-ਯੂਕੇ ਦੀ ਬੰਦ ਹੋ ਚੁੱਕੀ ਕੰਪਨੀ ਵਿਚ ਵੀਜ਼ਾ ਲਗਵਾ ਕੇ ਪੱਟੀ ਵਾਸੀ ਨੌਜਵਾਨ ਨਾਲ ਕਥਿਤ ਤੌਰ 'ਤੇ 21 ਲੱਖ ਤੋਂ ਵੱਧ ਦੀ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਸਿਟੀ ਪੱਟੀ ਵਿਖੇ ਔਰਤ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਹੈ। ਦਿਵਿਆਂਸ਼ੂ ਪੁੱਤਰ ਚੰਦਰ ਮੋਹਨ ਵਾਸੀ ਵਾਰਡ ਨੰਬਰ 3 ਪੱਟੀ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸਦੇ ਭਰਾ ਤੁਸ਼ਾਰ ਤੇਜੀ ਕੋਲੋਂ ਸਵਪਨਿਲ ਹਾਈਟੈਕ ਐਡੂਕਾਨ ਅੰਮ੍ਰਿਤਸਰ ਦੀ ਜਸਮੀਤ ਕੌਰ ਨੇ 21 ਲੱਖ 70 ਹਜ਼ਾਰ ਰੁਪਏ ਲਏ ਅਤੇ ਯੂਕੇ ਦੀ ਬੰਦ ਹੋ ਚੁੱਕੀ ਕੰਪਨੀ ਵਿਚ ਵੀਜ਼ਾ ਲਗਾ ਕੇ ਧੋਖਾਧੜੀ ਕੀਤੀ ਹੈ। ਉਕਤ ਸ਼ਿਕਾਇਤ ਦੀ ਪੜਤਾਲ ਡੀਐੱਸਪੀ ਪੱਟੀ ਕਵਲਪ੍ਰੀਤ ਸਿੰਘ ਵੱਲੋਂ ਕਰਨ ਉਪਰੰਤ ਜਸਮੀਤ ਕੌਰ ਖਿਲਾਫ ਥਾਣਾ ਸਿਟੀ ਪੱਟੀ ਵਿਚ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਅਗਲੀ ਜਾਂਚ ਏਐੱਸਆਈ ਗੁਰਮੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

# ਬੰਗਲਾਦੇਸ਼ੀ ਕੁੜੀਆਂ ਨੂੰ ਚੀਨੀ ਪ੍ਰੇਮ ਜਾਲ ਵਿਚ ਫਸਾਕੇ ਧਕਦੇ ਹਨ ਵੇਸ਼ਵਾਪੁਣੇ ਵਲ

## ✪ ਵੇਸ਼ਵਾਗਮਨੀ ਕਰਨ ਤੋਂ ਅਸਮਰੱਥ ਲੜਕੀਆਂ ਦੇ ਸਰੀਰ ਦੇ ਅੰਗਾਂ ਦੀ ਕੀਤੀ ਜਾਂਦੀ ਏ ਤਸਕਰੀ





ਬੀਜਿੰਗ-ਉਈਗਰ ਮੁਸਲਮਾਨਾਂ ਦੀਆਂ ਕੁੜੀਆਂ ਤੋਂ ਬਾਅਦ ਚੀਨ ਹੁਣ ਬੰਗਲਾਦੇਸ਼ੀ ਕੁੜੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਸ ਕਾਰਨ ਚੀਨੀ ਮੁੰਡੇ ਪਹਿਲਾਂ ਵੱਡੀ ਯੋਜਨਾ ਦੇ ਤਹਿਤ ਬੰਗਲਾਦੇਸ਼ੀ ਕੁੜੀਆਂ ਨੂੰ ਫਸਾਉਂਦੇ ਹਨ ਅਤੇ ਫਿਰ ਉਨ੍ਹਾਂ ਕੋਲੋਂ ਗੰਦਾ ਕੰਮ ਕਰਵਾਉਂਦੇ ਹਨ। ਇਨ੍ਹਾਂ ਚੀਨੀ ਮੁੰਡਿਆਂ ਦਾ ਕੰਮ ਗਰੀਬ ਬੰਗਲਾਦੇਸ਼ੀ ਕੁੜੀਆਂ ਨੂੰ ਵੱਡੇ-ਵੱਡੇ ਸੁਪਨੇ ਦਿਖਾ ਕੇ ਵਿਆਹ ਕਰਵਾਉਣਾ ਅਤੇ ਫਿਰ ਉਨ੍ਹਾਂ ਨੂੰ ਵੇਸਵਾਪੁਣੇ ਵਿਚ ਧੱਕਣਾ ਹੈ।

ਚੀਨ ਦੇ ਕੁਝ ਏਜੰਟ ਬੰਗਲਾਦੇਸ਼ ਵਿੱਚ ਇਹ ਕੰਮ ਕਰ ਰਹੇ ਹਨ। ਚੀਨੀ ਨਾਗਰਿਕ ਪਹਿਲਾਂ ਗਰੀਬ ਲੜਕੀਆਂ ਨੂੰ ਪਿਆਰ ਦੇ ਜਾਲਵਿੱਚ ਫਸਾ ਲੈਂਦੇ ਹਨ, ਫਿਰ ਉਨ੍ਹਾਂ ਨਾਲ ਵਿਆਹ ਕਰਵਾ ਕੇ ਉਨ੍ਹਾਂ ਨੂੰ ਚੀਨ ਵਿਚ ਵੇਸਵਾਪੁਣੇ ਵਿਚ ਧੱਕ ਦਿੰਦੇ ਹਨ। ਜਿਹੜੀਆਂ ਕੁੜੀਆਂ ਵੇਸ਼ਵਾਗਮਨੀ ਕਰਨ ਤੋਂ ਅਸਮਰੱਥ ਹੁੰਦੀਆਂ ਹਨ, ਉਨ੍ਹਾਂ ਦੇ ਸਰੀਰ ਦੇ ਅੰਗਾਂ ਦੀ ਤਸਕਰੀ ਕਰ ਦਿੱਤੀ ਜਾਂਦੀ ਹੈ।

ਯੂਰੇਸ਼ੀਅਨ ਟਾਈਮਜ਼ ਦੀ ਰਿਪੋਰਟ ਅਨੁਸਾਰ 1 ਜੁਲਾਈ, 2023 ਨੂੰ, ਇੱਕ ਗਰੀਬ ਵਿਧਵਾ ਔਰਤ ਨੇ ਬੰਗਲਾਦੇਸ਼ ਦੇ ਉੱਤਰੀ ਜ਼ਿਲ੍ਹੇ ਚੁਆਡਾਂਗਾ ਵਿੱਚ ਆਪਣੀ 19 ਸਾਲ ਦੀ ਧੀ ਦਾ ਵਿਆਹ ਚੀਨੀ ਨਾਗਰਿਕ ਕੁਈ ਪੋ ਵੇਈ ਨਾਲ ਕੀਤਾ। ਕਰੀਬ 6 ਮਹੀਨਿਆਂ ਬਾਅਦ ਕੁਈ ਪੋ ਵੇਈ ਆਪਣੀ ਪਤਨੀ ਨੂੰ ਚੀਨ ਲੈ ਗਿਆ ਅਤੇ ਉਸ ਨੂੰ ਦੇਹ ਵਪਾਰ ਲਈ ਮਜਬੂਰ ਕੀਤਾ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਪੀੜਤਾ ਦੀ ਮਾਂ ਨੇ 31 ਮਾਰਚ 2024 ਨੂੰ ਢਾਕਾ ਟ੍ਰਿਬਿਊਨਲ ਵਿੱਚ ਕੇਸ ਦਾਇਰ ਕੀਤਾ ਸੀ। ਚੀਨ ਨਾ ਸਿਰਫ਼ ਬੰਗਲਾਦੇਸ਼ ਵਿੱਚ ਇਸ ਰੈਕੇਟ ਨੂੰ ਚਲਾ ਰਿਹਾ ਹੈ ਬਲਕਿ ਇਸ ਤੋਂ ਪਹਿਲਾਂ ਪਾਕਿਸਤਾਨ ਤੋਂ ਵੀ ਅਜਿਹੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019 ਵਿੱਚ, 600 ਗਰੀਬ ਪਾਕਿਸਤਾਨੀ ਕੁੜੀਆਂ ਨੂੰ ਚੀਨੀ ਮੁੰਡਿਆਂ ਨੇ ਦੁਲਹਨ ਬਣਾਉਣ ਤੋਂ ਬਾਅਦ ਵੇਚਣ ਦੀ ਜਾਣਕਾਰੀ ਸਾਹਮਣੇ ਆਈ ਸੀ। 1 ਮਈ, 2024 ਨੂੰ, ਬੰਗਲਾਦੇਸ਼ ਦੇ ਪੂਰਬੀ ਪਹਾੜੀ ਖੇਤਰ ਵਿੱਚ ਰਹਿਣ ਵਾਲੀ ਇੱਕ ਔਰਤ ਨੇ ਵੀ ਸਥਾਨਕ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਉਸਨੇ ਦੱਸਿਆ ਕਿ ਇੱਕ ਗਿਰੋਹ ਨੇ ਉਸਦੀ ਭੈਣ ਨੂੰ ਚੀਨ ਤਸਕਰੀ ਕਰਨ ਦੇ ਇਰਾਦੇ ਨਾਲ ਢਾਕਾ ਵਿੱਚ ਬੰਧਕ ਬਣਾ ਕੇ ਰੱਖਿਆ ਹੋਇਆ ਸੀ।

21 ਸਾਲਾ ਭੈਣ ਨੂੰ ਨਰਸਿੰਗ ਵਿੱਚ ਦਾਖ਼ਲਾ ਦਿਵਾਉਣ ਦੇ ਬਹਾਨੇ ਢਾਕਾ ਲਿਜਾਇਆ ਗਿਆ, ਪਰ ਚੀਨੀ ਨਾਗਰਿਕ ਨਾਲ ਉਸ ਦਾ ਵਿਆਹ ਕਰਨ ਲਈ ਮਜਬੂਰ ਕੀਤਾ ਗਿਆ।

ਇਸ ਦੌਰਾਨ ਚਟਗਾਂਵ ਹਿੱਲ ਵੂਮੈਨ ਐਸੋਸੀਏਸ਼ਨ ਦੀ ਪ੍ਰਧਾਨ ਪਿੰਕੀ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ ਵਿੱਚ 500 ਤੋਂ ਵੱਧ ਲੜਕੀਆਂ, ਜਿਨ੍ਹਾਂ ਦੀ ਉਮਰ 13 ਸਾਲ ਦੇ ਕਰੀਬ ਹੈ, ਨੂੰ ਚੀਨ ਲਿਜਾਇਆ ਗਿਆ ਹੈ। ਪੀੜਤਾ ਦੀ ਮਾਂ ਨੇ ਦੱਸਿਆ ਕਿ ਬੇਟੀ ਨੇ 11 ਮਾਰਚ 2024 ਨੂੰ ਫੋਨ ਕਰਕੇ ਦੱਸਿਆ ਕਿ ਉਸ ਦੇ ਚੀਨੀ ਪਤੀ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਸਰੀਰਕ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਹੈ।

ਉਸ ਨੂੰ ਹਰ ਰੋਜ਼ 10-15 ਗਾਹਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ। ਜਦੋਂ ਉਸਨੇ ਵਿਰੋਧ ਕੀਤਾ ਤਾਂ ਉਸਨੇ ਧਮਕੀ ਦਿੱਤੀ ਕਿ ਜੇਕਰ ਉਸਨੇ ਅਜਿਹਾ ਨਾ ਕੀਤਾ ਤਾਂ ਉਸਦੇ ਸਰੀਰ ਦੇ ਅੰਗ ਵੇਚ ਦਿੱਤੇ ਜਾਣਗੇ। ਔਰਤ ਨੇ ਦੱਸਿਆ ਕਿ 4 ਹੋਰ ਗਰੀਬ ਔਰਤਾਂ ਨਾਲ ਵੀ ਅਜਿਹਾ ਹੀ ਹੋਇਆ ਸੀ।

# ਘਰ ਵਿਚ ਸੁੱਤੇ ਪਏ ਨਿਹੰਗ ਸਿੰਘ ਦੀ ਹੱਤਿਆ



ਰੂੜੇਕੇ ਕਲਾਂ-ਨੇੜਲੇ ਪਿੰਡ ਕਾਹਨੇ ਕੇ 'ਚ ਬੀਤੀ ਰਾਤ ਘਰ ਵਿਚ ਸੁੱਤੇ ਪਏ ਨਹਿੰਗ ਸਿੰਘ ਗੁਰਦਿਆਲ ਸਿੰਘ ਕਾਹਨੇਕੇ ਦਾ ਅਣਪਛਾਤੇ ਵਿਅਕਤੀਆਂ ਨੇ ਕਥਿਤ ਤੌਰ 'ਤੇ ਕਤਲ ਕਰ ਦਿੱਤਾ। ਜਾਣਕਾਰੀ ਅਨੁਸਾਰ ਨਿਹੰਗ ਸਿੰਘ ਗਿਆਨੀ ਗੁਰਦਿਆਲ ਸਿੰਘ ਉਰਫ਼ ਜਸਵਿੰਦਰ ਸਿੰਘ ਵਾਸੀ ਕਾਹਨੇਕੇ ਆਪਣੇ ਘਰ ਵਿੱਚ ਬਣਾਈ ਨਿਹੰਗ ਛਾਉਣੀ ਵਿਚ ਸੁੱਤਾ ਪਿਆ ਸੀ ਜਿਸ ਦਾ ਅਣਪਛਾਤੇ ਕਾਤਲਾਂ ਨੇ ਗਲੇ 'ਤੇ ਤੇਜ਼ਧਾਰ ਹਥਿਆਰਾਂ ਦੇ ਵਾਰ ਕਰਕੇ ਕਤਲ ਕਰ ਦਿੱਤਾ। ਥਾਣਾ ਰੂੜੇਕੇ ਕਲਾਂ ਵਿੱਚ ਜਰਨੈਲ ਸਿੰਘ ਵਾਸੀ ਕਾਹਨੇਕੇ ਦੇ ਬਿਆਨ ਅਨੁਸਾਰ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਕੈਨੇਡਾ ਪਹੁੰਚ ਕੇ ਇਕ ਹੋਰ ਨੂੰਹ ਨੇ ਦਿੱਤਾ ਧੋਖਾ

## ✪ ਸਹੁਰਿਆਂ ਨਾਲ ਰਿਸ਼ਤਾ ਰੱਖਣ ਤੋਂ ਹੋਈ ਇਨਕਾਰੀ ✪ ਕੈਨੇਡਾ ਭੇਜਣ ਅਤੇ ਵਰਕ ਪਰਮਿਟ ਦਵਾਉਣ 'ਤੇ ਸਾਢੇ 38 ਲੱਖ ਰੁਪਏ ਖਰਚ ਕੀਤੇ ਸਹੁਰਿਆਂ ਨੇ

ਜੀਰਾ-ਵਿਆਹ ਕਰਵਾ ਕੇ ਕੈਨੇਡਾ ਗਈ ਲੜਕੀ ਵੱਲੋਂ ਆਪਣੇ ਪਤੀ ਤੇ ਸਹੁਰੇ ਪਰਿਵਾਰ ਨਾਲ ਰਿਸ਼ਤਾ ਰੱਖਣ ਤੋਂ ਇਨਕਾਰ ਕਰ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਸਿਟੀ ਜ਼ੀਰਾ ਦੀ ਪੁਲਸ ਨੇ ਕੈਨੇਡਾ ਗਈ ਲੜਕੀ ਅਤੇ ਉਸ ਦੇ ਮਾਤਾ-ਪਿਤਾ ਤੇ ਭਰਾ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ. ਰੇਸ਼ਮ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਤੇ ਬਿਆਨਾ ਵਿੱਚ ਅੰਗਰੇਜ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਜੌਹਲ ਨਗਰ ਜ਼ੀਰਾ ਨੇ ਦੋਸ਼ ਲਗਾਉਂਦੇ ਦੱਸਿਆ ਕਿ ਉਸ ਦੇ ਪੁੱਤਰ ਲਵਪ੍ਰੀਤ ਸਿੰਘ ਦਾ ਵਿਆਹ ਸਾਲ 2019 ਵਿੱਚ ਸੰਦੀਪ ਕੌਰ ਦੇ ਨਾਲ ਹੋਇਆ ਸੀ ਤੇ ਉਨ੍ਹਾ ਵੱਲੋਂ ਸੰਦੀਪ ਕੌਰ ਨੂੰ ਕੈਨੇਡਾ ਭੇਜਣ ਅਤੇ ਵਰਕ ਪਰਮਿਟ ਦਵਾਉਣ 'ਤੇ 38 ਲੱਖ 48 ਹਜਾਰ 574 ਰੁਪਏ ਖਰਚ ਕੀਤੇ ਗਏ ਹਨ। ਪਰ ਇਸ ਤੋਂ ਬਾਅਦ ਸੰਦੀਪ ਕੌਰ ਨੇ ਉਨ੍ਹਾ ਨਾਲ ਰਿਸ਼ਤਾ ਰੱਖਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾ ਦੱਸਿਆ ਕਿ ਪੁਲਸ ਵੱਲੋਂ ਸੰਦੀਪ ਕੋਰ, ਗੁਰਨਾਮ ਸਿੰਘ, ਪਰਮਜੀਤ ਕੌਰ ਅਤੇ ਹਰਦਿਆਲ ਸਿੰਘ ਵਾਸੀਆਨ ਕੋਟ ਸਦਰ ਖਾਂ ਜ਼ਿਲ੍ਹਾ ਮੋਗਾ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ਤੇ ਦੋਸ਼ੀਆਂ ਖਿਲਾਫ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਫਿਰੋਜ਼ਪੁਰ ਵਿਖੇ ਪਤੀ ਦੇ ਦੋਸਤ ਵਲੋਂ ਵਿਆਹੀ ਬੀਬੀ ਨਾਲ ਬਲਾਤਕਾਰ

ਫਿਰੋਜ਼ਪੁਰ-ਫ਼ਿਰੋਜ਼ਪੁਰ ਵਿੱਚ ਇੱਕ ਵਿਆਹੁਤਾ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਔਰਤ ਨਾਲ ਉਸਦੇ ਪਤੀ ਦੇ ਦੋਸਤ ਨੇ ਬਲਾਤਕਾਰ ਕੀਤਾ ਸੀ। ਪੁਲਿਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਦੋਸ਼ੀ ਅਤੇ ਦੋ ਅਣਪਛਾਤੇ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਪੀੜਤਾ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਪੁਲਿਸ ਨੂੰ ਪੀੜਤਾ ਨੇ ਦੱਸਿਆ ਕਿ ਉਹ 13 ਜੂਨ ਦੀ ਦੁਪਹਿਰ ਨੂੰ ਆਪਣੇ ਸਹੁਰੇ ਘਰ ਤੋਂ ਪੈਸੇ ਲੈਣ ਲਈ ਫ਼ਿਰੋਜ਼ਪੁਰ ਸ਼ਹਿਰ ਸਥਿਤ ਆਪਣੇ ਪੇਕੇ ਆਈ ਸੀ। ਜਦੋਂ ਉਹ ਆਪਣੇ ਪੇਕੇ ਪਹੁੰਚੀ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਮਾਂ ਕਿਤੇ ਗਈ ਹੋਈ ਹੈ। ਜਦਕਿ ਉਸਦੀ ਭਰਜਾਈ ਗੁਆਂਢੀਆਂ ਦੇ ਘਰ ਗਈ ਹੋਈ ਹੈ। ਇਸੇ ਦੌਰਾਨ ਮੁਲਜ਼ਮ ਪ੍ਰਤਾਪ ਸਿੰਘ ਵਾਸੀ ਗੁਰੂਹਰਸਹਾਏ ਆਪਣੇ ਦੋ ਦੋਸਤਾਂ ਨਾਲ ਬਾਈਕ 'ਤੇ ਆਇਆ।

ਪਤੀ ਦੇ ਦੋਸਤ ਨੇ ਦਿੱਤਾ ਵਾਰਦਾਤ ਨੂੰ ਅੰਜਾਮ-ਮੁਲਜ਼ਮ ਉਸ ਦੇ ਪਤੀ ਦਾ ਦੋਸਤ ਹੈ, ਜੋ ਪਹਿਲਾਂ ਹੀ ਪੀੜਤਾ ਦੇ ਪਤੀ ਨਾਲ ਉਸ ਦੇ ਪੇਕੇ ਘਰ ਆਇਆ ਹੋਇਆ ਸੀ। ਔਰਤ ਨੂੰ ਘਰ ਵਿਚ ਇਕੱਲੀ ਦੇਖ ਕੇ ਦੋਸ਼ੀ ਨੇ ਬਲਾਤਕਾਰ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਘਟਨਾ ਦੇ ਸਮੇਂ ਉਸ ਦੇ ਦੋਵੇਂ ਦੋਸਤ ਦਰਵਾਜ਼ੇ ਦੇ ਬਾਹਰ ਖੜ੍ਹੇ ਰਹੇ।

# ਪੰਜਾਬ ਵਿਚ 14 ਸਾਲ ਦੀ ਕੁੜੀ ਨੇ ਦਿੱਤਾ ਮਰੇ ਹੋਏ ਬੱਚੇ ਨੂੰ ਜਨਮ

## ✪ ਗੁਆਂਢੀ ਨੇ ਉਸ ਨਾਲ ਕੀਤਾ ਜਬਰ ਜ਼ਿਨਾਹ

ਲੁਧਿਆਣਾ-ਪੰਜਾਬ ਲਈ ਬੇਹੱਦ ਸ਼ਰਮਨਾਕ ਖ਼ਬਰ ਸਾਹਮਣੇ ਆਈ ਹੈ। ਨਾਨਕੇ ਗਈ 14 ਸਾਲਾ ਬੱਚੀ ਨੇ ਇਕ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ ਹੈ। ਜਦੋਂ ਮਾਂ ਨੇ ਪੁੱਛਿਆ ਤਾਂ ਬੱਚੀ ਨੇ ਦੱਸਿਆ ਕਿ ਗੁਆਂਢੀ ਨੇ ਉਸ ਨਾਲ ਜਬਰ ਜ਼ਿਨਾਹ ਕੀਤਾ ਸੀ। ਪੁਲਸ ਵੱਲੋਂ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਜਾਣਕਾਰੀ ਮੁਤਾਬਕ ਬੱਚੀ ਆਪਣੀ ਮਾਂ ਦੇ ਨਾਲ ਨਾਨਕੇ ਘਰ ਦੇਹਰਾਦੂਨ ਗਈ ਹੋਈ ਸੀ, ਜਿੱਥੇ ਉਸ ਨੇ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ। ਉਸ ਨੇ ਮਾਂ ਨੂੰ ਦੱਸਿਆ ਕਿ ਲੁਧਿਆਣਾ ਵਿਚ ਗੁਆਂਢ ਵਿਚ ਰਹਿਣ ਵਾਲੇ ਅਮਿਤ ਨਾਂ ਦੇ ਨੌਜਵਾਨ ਨੇ ਉਸ ਨਾਲ ਜਬਰ ਜ਼ਿਨਾਹ ਕੀਤਾ ਸੀ। ਬੱਚੀ ਦੀ ਮਾਂ ਨੇ ਦੇਹਰਾਦੂਨ ਵਿਚ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ। ਪੁਲਸ ਨੇ ਉਸ ਜ਼ੀਰੋ ਕੇਸ ਦਰਜ ਕਰ ਲੁਧਿਆਣਾ ਪੁਲਸ ਨੂੰ ਭੇਜ ਦਿੱਤਾ। ਹੁਣ ਲੁਧਿਆਣਾ ਦੀ ਟਿੱਬਾ ਪੁਲਸ ਨੇ ਮੁਲਜ਼ਮ ਅਮਿਤ 'ਤੇ ਕੇਸ ਦਰਜ ਕਰ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਵਿਚ ਟਰੈਕਟਰ ਮੁਕਾਬਲੇ ਨੌਜਵਾਨਾਂ ਦੀ ਜਾਨ ਲੇਵਾ ਕਾਰਣ ਸਿਧ ਹੋਏ

**ਵਿਸ਼ੇਸ਼ ਰਿਪੋਟ** ✪ ਰਿਪੋਰਟ ਅਨੁਸਾਰ ਹਰ ਸਾਲ ਟਰੈਕਟਰਾਂ ਨਾਲ ਹੁੰਦੀਆਂ ਨੇ 130 ਮੌਤਾਂ






ਪਿਛਲੇ ਸਮੇਂ ਦੌਰਾਨ ਜਿਵੇਂ ਪੰਜਾਬ ਵਿੱਚ ਟਰੈਕਟਰ ਸਟੰਟਾਂ ਦਾ ਟਰੈਂਡ ਵਧਿਆ ਹੈ, ਉਥੇਂ ਹੀ ਕਈ ਸਟੰਟ ਕਰਨ ਵਾਲਿਆਂ ਵੱਲੋਂ ਆਪਣੇ ਯੂਟਿਊਬ ਚੈਨਲਾਂ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਬਾਰੇ ਵੀਡੀਓ ਅਤੇ ਉਨ੍ਹਾਂ ਦੇ ਦਰਸ਼ਕ ਵੀ ਵਧ ਰਹੇ ਹਨ। ਇਹ ਟਰੈਂਡ ਪਿਛਲੇ 6 ਤੋਂ 7 ਸਾਲਾਂ ਤੋਂ ਸ਼ੁਰੂ ਹੋਇਆ ਹੈ। ਇਹ ਸਟੰਟ ਬਹੁਤੀ ਵਾਰ ਕਬੱਡੀ ਕੱਪਾਂ ਜਾਂ ਪੇਂਡੂ ਮੇਲਿਆਂ ਤੋਂ ਬਾਅਦ ਕਰਵਾਏ ਜਾਂਦੇ ਸਨ। ਉਨ੍ਹਾਂ ਦੱਸਿਆ ਕਿ ਹਰੇਕ ਸਟੰਟਮੈਨ 15 ਮਿੰਟ ਸਟੰਟ ਦਿਖਾਉਣ ਲਈ 15 ਹਜ਼ਾਰ ਤੋਂ 60 ਹਜ਼ਾਰ ਤੱਕ ਰੁਪਏ ਲੈਂਦਾ ਹੈ। ਹਾਲਾਂਕਿ ਸਰਕਾਰ ਨੇ ਟਰੈਕਟਰ ਸਟੰਟ ਉਪਰ ਪਾਬੰਦੀ ਵੀ ਲਗਾਈ ਹੋਈ ਹੈ।

ਵੱਖ-ਵੱਖ ਥਾਵਾਂ 'ਤੇ ਟਰੈਕਟਰ ਸਟੰਟ ਕਰਦਿਆਂ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖ਼ੌਫਨਾਕ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਅਨੇਕਾਂ ਨੌਜਵਾਨ ਟਰੈਕਟਰਾਂ ਦੇ ਤਵੀਆਂ ਅਤੇ ਟੋਚਨ ਮੁਕਾਬਲਿਆਂ ਤੋਂ ਇਲਾਵਾ ਅਗਲੇ ਚੱਕੇ ਉਤਾਂਹ ਚੁਕਾ ਕੇ ਵੱਖ-ਵੱਖ ਤਰ੍ਹਾਂ ਦੇ ਸਟੰਟ ਕਰਕੇ ਫੋਕੀ ਸ਼ੋਹਰਤ ਖੱਟਣ ਲਈ ਬੇਸ਼ਕੀਮਤੀ ਜਾਨਾਂ ਤੋਂ ਹੱਥ ਧੋ ਬੈਠਦੇ ਨੇ।

ਸਰਕਾਰੀ ਰਿਪੋਰਟਾਂ ਅਨੁਸਾਰ 1992 ਤੋਂ 2001 ਦਰਮਿਆਨ 2165 ਮੌਤਾਂ ਟਰੈਕਟਰਾਂ ਨਾਲ ਸੰਬੰਧਿਤ ਦੁਰਘਟਨਾਵਾਂ ਦੌਰਾਨ ਹੋਈਆਂ ਸਨ। ਸਰਕਾਰੀ ਅੰਕੜਿਆਂ ਮੁਤਾਬਿਕ ਮੌਜੂਦਾ ਸਮੇਂ ਵਿਚ ਟਰੈਕਟਰ ਦੀਆਂ ਆਮ ਦੁਰਘਟਨਾਵਾਂ ਦੀ ਦਰ ਸਾਲਾਨਾ 60 ਮੌਤਾਂ ਅਤੇ ਗਤੀਸ਼ੀਲ ਭਾਗ ਸਾਫ਼ਟ, ਪੁਲੀ, ਬੈਲਟ ਚੇਨ, ਗੀਅਰ ਆਦਿ ਨਾਲ ਉਲਝਣ ਵਿਚ ਸਾਲਾਨਾ 10 ਮੌਤਾਂ ਹੋਣ ਦੀ ਜਾਣਕਾਰੀ ਦਰਜ ਹੈ।

**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਪੰਜਾਬ ਦੇ ਕੁਝ ਨੌਜਵਾਨ ਜਾਨਲੇਵਾ ਸਟੰਟ ਕਰਕੇ ਆਪਣੀਆਂ ਜਾਨਾਂ ਗਵਾ ਰਹੇ ਹਨ। ਅਜਿਹੇ ਨੌਜਵਾਨਾਂ ਦੇ ਮਾਪਿਆਂ ਨੂੰ ਚਾਹੀਦਾ ਹੈ ਕੀ ਉਹ ਆਪਣੇ ਬੱਚਿਆਂ ਨੂੰ ਹਰ ਤਰ੍ਹਾਂ ਨਾਲ ਇਨ੍ਹਾਂ ਮਾਰੂ ਤੇ ਖ਼ਤਰਨਾਕ ਕਾਰਨਾਮਿਆਂ ਵਿਚ ਹਿੱਸਾ ਲੈਣ ਤੋਂ ਵਰਜਣ। ਸਮਾਜਿਕ ਵਿਗਿਆਨ ਦੇ ਪ੍ਰੋਫ਼ੈਸਰ ਰਹੇ ਮਨਜੀਤ ਸਿੰਘ ਦੱਸਦੇ ਹਨ ਕਿ ਟਰੈਕਟਰ ਸਟੰਟ ਦੌਰਾਨ ਹੁੰਦੇ ਹਾਦਸਿਆਂ ਬਾਰੇ ਕਿਸੇ ਦੀ ਜ਼ਿੰਮੇਵਾਰੀ ਲਗਾਈ ਜਾਣੀ ਜ਼ਰੂਰੀ ਹੈ। ਉਹ ਦੱਸਦੇ ਹਨ ਕਿ ਇਸ ਦਾ ਰੁਝਾਨ ਵਧਣ ਨਾਲ ਪਿੱਛੇ ਕਾਰਨ "ਪੰਜਾਬੀਆਂ ਵਿੱਚ ਹੀਰੋਇਜ਼ਮ ਦੀ ਭੁੱਖ" ਅਤੇ ਜੋਖ਼ਮ ਭਰੇ ਕੰਮਾਂ ਵਿੱਚ ਦਿਲਚਸਪੀ ਰੱਖਣੀ ਵੀ ਹੈ।**

ਕੌਮੀ ਖੇਤੀ ਟਰੈਕਟਰ ਸੁਰੱਖਿਆ ਏਜੰਸੀ ਦੀ ਰਿਪੋਰਟ ਅਨੁਸਾਰ ਹਰ ਸਾਲ ਟਰੈਕਟਰਾਂ ਨਾਲ 130 ਮੌਤਾਂ ਹੁੰਦੀਆਂ ਹਨ, ਜੋ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਤੋਂ ਅੱਧੀਆਂ ਹਨ।

### ਕੁਝ ਜਾਨਲੇਵਾ ਘਟਨਾਵਾਂ

- ਅਜੇ ਕੁਝ ਦਿਨ ਪਹਿਲਾਂ ਦੀ ਇਕ ਘਟਨਾ ਫਗਵਾੜਾ ਤਹਿਸੀਲ ਦੇ ਪਿੰਡ ਡੁਮੇਲੀ ਵਿਖੇ ਵਾਪਰੀ ਜਿਥੇ ਪੁਲਿਸ ਵਲੋਂ ਮਨਜ਼ੂਰੀ ਨਾ ਦੇਣ ਦੇ ਬਾਵਜੂਦ ਵੀ ਵਟਸਐਪ ਮੈਸੇਜ ਦੇ ਕੇ ਅਤੇ ਗੁਪਤ ਜਾਣਕਾਰੀ ਪਹੁੰਚਾ ਕੇ ਟਰੈਕਟਰ ਸਟੰਟ ਬਾਜ਼ੀ ਦੇ ਮੁਕਾਬਲੇ ਕਰਵਾਏ ਗਏ, ਜਿਸ 'ਚ ਪਹਿਲੇ ਦੂਜੇ ਅਤੇ ਤੀਜੇ ਨੰਬਰ 'ਤੇ ਰਹਿਣ ਵਾਲਿਆਂ ਲਈ 41, 31 ਅਤੇ 11 ਹਜ਼ਾਰ ਦੀ ਇਨਾਮੀ ਰਾਸ਼ੀ ਰੱਖੀ ਗਈ ਸੀ। ਇਸ ਦੌਰਾਨ ਇਕ ਸਟੰਟਬਾਜ਼ਤੋਂ ਟਰੈਕਟਰ ਕੰਟਰੋਲ ਨਾ ਹੋਇਆ ਤੇ ਦਰਸ਼ਕਾਂ ਤੇ ਚੜ੍ਹ ਗਿਆ, ਜਿਸ 'ਚ ਛੇ ਤੋਂ ਸੱਤ ਦਰਸ਼ਕ ਸਮੇਤ ਖ਼ੁਦ ਟਰੈਕਟਰ ਚਾਲਕ ਵੀ ਗੰਭੀਰ ਜ਼ਖ਼ਮੀ ਹੋ ਗਏ, ਜੋ ਕਿ ਵੱਖ-ਵੱਖ ਹਸਪਤਾਲਾਂ 'ਚ ਜ਼ੇਰੇ ਇਲਾਜ ਹਨ। ਪੁਲਿਸ ਵਲੋਂ ਘਟਨਾ ਦੀ ਸੂਚਨਾ ਮਿਲਦਿਆਂ ਹੀ ਸਟੰਟ ਮੁਕਾਬਲਿਆਂ ਦੇ ਪ੍ਰਬੰਧਕ ਅਤੇ ਹਿੱਸਾ ਲੈਣ ਵਾਲਿਆਂ ਨੂੰ ਸਮੇਤ ਟਰੈਕਟਰਾਂ ਦੇ ਕਾਬੂ ਕਰ ਗਿਆ ਅਤੇ ਭੱਜਣ ਵਾਲੇ ਸੰਬੰਧਿਤ ਕੁਝ ਲੋਕਾਂ 'ਤੇ ਐੱਫ.ਆਈ.ਆਰ. ਦਰਜ ਕੀਤੀ ਗਈ। ਪੁਲਿਸ ਅਧਿਕਾਰੀ ਜਸਪ੍ਰੀਤ ਸਿੰਘ ਨੇ ਨੇ ਦੱਸਿਆ ਇਹ ਟਰੈਕਟਰ ਦੀਆਂ ਦੌੜਾਂ ਗੈਰ-ਕਾਨੂੰਨੀ ਕਰਵਾਈਆਂ ਜਾ ਰਹੀਆਂ ਸੀ। ਪੁਲਿਸ ਨੇ ਮੌਕੇ 'ਤੇ 3 ਟਰੈਕਟਰ ਨੂੰ ਕਾਬੂ ਕੀਤੇ ਅਤੇ ਨਾਲ 4 ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ।
- 26 ਫਰਵਰੀ 2024 ਨੂੰ ਹਰਿਆਣਾ ਦੇ ਗੂਹਲਾ ਚੀਕਾ ਵਿਖੇ ਸਟੰਟ ਕਰਦਾ ਨੌਜਵਾਨ ਸੀਟ ਅਤੇ ਸਟੇਅਰਿੰਗ ਦਰਮਿਆਨ ਐਸਾ ਫਸਿਆ ਕਿ ਦਮ ਘੁੱਟਣ ਨਾਲ ਉਸ ਦੀ ਪਲਾਂ 'ਚ ਹੀ ਮੌਤ ਹੋ ਗਈ।



- 9 ਜਨਵਰੀ 2023 ਨੂੰ ਆਇਸ਼ਰ ਟਰੈੱਕਟਰ ਨਾਲ ਮੇਰਠ ਵਿਖੇ ਡੈਮੋ ਦੇਣ ਗਏ ਇਕ 30-32 ਸਾਲ ਦੇ ਨੌਜਵਾਨ ਵਲੋਂ ਸਟੰਟ ਕਰਕੇ ਵਿਖਾਉਣ ਸਮੇਂ ਟਰੈਕਟਰ ਪਲਟ ਗਿਆ, ਜਿਸ ਨਾਲ ਉਸ ਦੀ ਜਾਨ ਚਲੀ ਗਈ।
- 30 ਅਕਤੂਬਰ 2023 ਨੂੰ ਟਰੈਕਟਰ ਦੇ ਅਗਲੇ ਚੱਕੇ ਚੁਕਾ ਕੇ ਡਰਾਈਵਰ ਨੌਜਵਾਨ ਹੇਠਾਂ ਉੱਤਰ ਆਇਆ ਅਤੇ ਜਦੋਂ ਟਰੈਕਟਰ ਨੂੰ ਕੰਟਰੋਲ ਕਰਨ ਲੱਗਾ ਤਾਂ ਪਿਛਲੇ ਟਾਇਰ ਥੱਲੇ ਆ ਕੇ ਦਮ ਤੋੜ ਗਿਆ।

# ਹਵਾਲਾ ਕਾਰੋਬਾਰੀ ਦਿੱਲੀ ਤੋਂ 55 ਲੱਖ ਦੀ ਡਰੱਗ ਮਨੀ ਗ੍ਰਿਫਤਾਰ



✪ ਮਾਮਲੇ ਦੀਆਂ ਪਰਤਾਂ ਹੈਰੋਇਨ ਬਰਾਮਦਗੀ ਦੇ ਮਾਮਲੇ ਵਿਚ ਗ੍ਰਿਫਤਾਰ ਤਸਕਰਾਂ ਤੋਂ ਖੁੱਲੀਆਂ

ਅੰਮ੍ਰਿਤਸਰ-ਰਾਜ 'ਚ ਨਸ਼ੀਲੇ ਪਦਾਰਥ ਹੈਰੋਇਨ ਤੇ ਗ਼ੈਰ ਕਾਨੂੰਨੀ ਹਥਿਆਰਾਂ ਤੋਂ ਕਮਾਈ ਨੂੰ ਹਵਾਲਾ ਰਾਹੀਂ ਪਾਕਿਸਤਾਨ ਭੇਜਣ ਵਾਲੇ ਇਕ ਹਵਾਲਾ ਕਾਰੋਬਾਰੀ ਨੂੰ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ ਜਿਸ ਪਾਸੋਂ ਪੁਲਿਸ ਨੇ 55 ਲੱਖ ਨਕਦੀ, ਨੋਟ ਗਿਣਨ ਵਾਲੀ ਮਸ਼ੀਨ ਤੇ ਮੋਬਾਇਲ ਫੋਨ ਆਦਿ ਬਰਾਮਦ ਕਰ ਲਿਆ ਗਿਆ ਹੈ। ਇਹ ਪ੍ਰਗਟਾਵਾ ਪੁਲ਼ਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਕੀਤਾ ਜਿਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਹਵਾਲਾ ਕਾਰੋਬਾਰੀ ਦੀ ਸ਼ਨਾਖਤ ਖੇਤਾ ਰਾਮ ਵਾਸੀ ਫਤਿਹਪੁਰ ਦਿੱਲੀ ਵਜੋਂ ਹੋਈ ਹੈ। ਇਹ ਕਾਰੋਬਾਰੀ ਰਾਜਸਥਾਨ ਨਾਲ ਸੰਬੰਧਿਤ ਹੈ ਜਿੱਥੇ ਇਹ 14 ਸਾਲਾਂ ਤੋਂ ਅੰਗੜੀਆਂ ਕਾਰੋਬਾਰ (ਪੁਰਾਣੇ ਵੇਲਿਆਂ ਦੇ ਹੁੰਡੀ ਕਾਰੋਬਾਰ ਵਾਂਗ) ਨਾਲ ਜੁੜਿਆ ਹੋਇਆ ਸੀ ਜੋ ਕਿ ਲੋਕਾਂ ਕੋਲੋਂ ਉਨ੍ਹਾਂ ਦੇ ਪੈਸੇ ਵਿਦੇਸ਼ਾਂ ਵਿਚ ਭੇਜ ਕੇ ਆਪਣੀ ਕਮਿਸ਼ਨ ਦਾ ਕਾਰੋਬਾਰ ਕਰਦੇ ਸਨ। ਇਸ ਤੋਂ ਪਹਿਲਾਂ ਵੀ ਇਕ ਹਵਾਲਾ ਸੰਚਾਲਕ ਰਾਜ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਪਾਸੋਂ 27 ਲੱਖ ਦੀ ਹਵਾਲਾ ਰਾਸ਼ੀ ਬਰਾਮਦ ਕੀਤੀ ਗਈ ਸੀ। ਇਸ ਮਾਮਲੇ ਦੀਆਂ ਪਰਤਾਂ ਥਾਣਾ ਛੇਹਰਟਾ ਤੇ ਇਸਲਾਮਾਬਾਦ ਤੋਂ 4 ਕਿਲੋਗ੍ਰਾਮ ਹੈਰੋਇਨ ਬਰਾਮਦਗੀ ਦੇ ਮਾਮਲੇ 'ਚ ਗ੍ਰਿਫਤਾਰ ਤਸਕਰਾਂ ਤੋਂ ਖੁੱਲੀਆਂ ਸਨ। ਪੁਲਿਸ ਕਮਿਸ਼ਨਰ ਸ: ਢਿੱਲੋਂ ਨੇ ਦੱਸਿਆ ਕਿ ਇਹ ਪੈਸਾ ਦੁਬਈ ਜਾਂ ਹੋਰ ਵਿਦੇਸ਼ੀ ਮੁਲਕਾਂ ਰਾਹੀਂ ਮੂਲ ਰੂਪ ਵਿਚ ਪਾਕਿਸਤਾਨ ਭੇਜਿਆ ਜਾਂਦਾ ਸੀ। ਇਸ ਤਰ੍ਹਾਂ ਪੁਲਿਸ ਵਲੋਂ ਹੁਣ ਤੱਕ ਇਸ ਮਾਮਲੇ ਵਿਚ 84 ਲੱਖ ਦੀ ਨਕਦੀ, 4 ਕਿਲੋ 10 ਗ੍ਰਾਮ ਹੈਰੋਇਨ, 2 ਪਿਸਤੌਲ, 85 ਜਿੰਦਾ ਕਾਰਤੂਸ ਤੇ 8 ਵਾਹਨ ਵੀ ਬਰਾਮਦ ਕੀਤੇ ਜਾ ਚੁਕੇ ਹਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਮੱਸਲਿਆਂ ਬਾਰੇ ਪੰਜਾਬੀ ਐਮ.ਪੀਜ਼ ਆਪਣੀ ਜ਼ਿੰਮੇਵਾਰੀ ਨਿਭਾਉਣ

**○ ਕਾਂਗਰਸੀ ਤੇ ਆਪ ਪਾਰਟੀ ਦੇ ਉਮੀਦਵਾਰਾਂ ਦੀ ਜ਼ਿੰਮੇਵਾਰੀ ਪੰਜਾਬ ਬਾਰੇ ਸਭ ਤੋਂ ਵਧ ○ ਕਿਹੜੇ ਮੁਦੇ ਉਠਾਉਣ ਪੰਜਾਬ ਦੇ ਐਮ ਪੀ ?**

ਭਾਵੇਂ ਇਸ ਵਾਰ ਸਾਰੇ ਪੰਜਾਬੀ ਐਮ.ਪੀਜ਼ ਨੇ ਪੰਜਾਬੀ ਵਿਚ ਸਹੁੰ ਚੁੱਕੀ ਹੈ ਅਤੇ ਕੁਝ ਨੇ ਤਾਂ ਫਤਹਿ ਵੀ ਬੁਲਾਈ ਹੈ। ਪਰ ਸਭ ਤੋਂ ਵੱਧ ਖੁਸ਼ੀ ਦੀ ਗੱਲ ਹੈ ਕਿ ਪ੍ਰੋ. ਵਿਸ਼ਵਾਨਾਥ ਤਿਵਾੜੀ ਜੋ ਪੰਜਾਬੀ ਦੇ ਵਧੀਆ ਲਿਖਾਰੀ ਸਨ ਤੇ ਅੰਮ੍ਰਿਤ ਕੌਰ ਦੇ ਬੇਟੇ ਮਨੀਸ਼ ਤਿਵਾੜੀ ਜੋ ਚੰਡੀਗੜ੍ਹ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਚੁਣੇ ਗਏ ਨੇ ਵੀ ਪੰਜਾਬੀ ਵਿਚ ਸਹੁੰ ਚੁੱਕੀ ਹੈ। ਹੁਣ ਰਾਸ਼ਟਰਪਤੀ ਦੇ ਭਾਸ਼ਨ 'ਤੇ ਧੰਨਵਾਦ ਮੌਕੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਬੋਲਣ ਦਾ ਮੌਕਾ ਮਿਲੇਗਾ। ਇਸ ਵਾਰ ਕਾਂਗਰਸ ਦੇ 98 ਐਮ.ਪੀ. ਹਨ, ਇਸ ਲਈ ਕਾਂਗਰਸ ਨੂੰ ਸਮਾਂ ਵੀ ਕਾਫੀ ਮਿਲੇਗਾ। ਕਾਂਗਰਸ ਦੇ ਪੰਜਾਬ ਤੋਂ ਹੀ 7 ਐਮ.ਪੀ. ਹਨ, ਸਾਡੀ ਬੇਨਤੀ ਹੈ ਕਿ ਉਹ ਸੱਤੇ ਹੀ ਆਪਸ ਵਿਚ ਸਲਾਹ ਕਰਕੇ ਸਭ ਤੋਂ ਚੰਗਾ ਬੋਲਣ ਵਾਲਾ ਤੇ ਪੰਜਾਬ ਦੇ ਮਸਲਿਆਂ ਦੀ ਸਮਝ ਰੱਖਣ ਵਾਲਾ ਇਕ ਵਿਅਕਤੀ ਚੁਣਨ ਅਤੇ ਆਪਣੇ ਨੇਤਾ ਰਾਹੁਲ ਗਾਂਧੀ ਨੂੰ ਕਾਂਗਰਸ ਨੂੰ ਮਿਲੇ ਸਮੇਂ ਵਿਚੋਂ ਉਸ ਨੂੰ ਕੁਝ ਸਮਾਂ ਦੇਣ ਲਈ ਕਹਿਣ। ਪੰਜਾਬ ਦੇ ਜਿਸ ਐਮ.ਪੀ. ਨੂੰ ਮੌਕਾ ਮਿਲੇ, ਉਹ ਪੰਜਾਬ ਦੇ ਮਸਲੇ, ਪੰਜਾਬ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਤੇ ਮੰਗਾਂ ਬਾਰੇ ਤੱਥਾਂ ਤੇ ਦਲੀਲਾਂ ਸਹਿਤ ਮੁੱਦੇ ਉਠਾਏ, ਜਿਨ੍ਹਾਂ ਵਿਚ ਪੰਜਾਬ ਦੇ ਪਾਣੀਆਂ, ਫ਼ਸਲਾਂ, ਚੰਡੀਗੜ੍ਹ, ਪੰਜਾਬ ਦੇ ਸਰਹੱਦੀ ਰਾਜ ਹੋਣ ਕਾਰਨ ਹਿਮਾਚਲ ਵਰਗੀਆਂ ਵਪਾਰਕ ਰਿਆਇਤਾਂ ਦੇ ਮਾਮਲੇ ਉਠਾਏ ਜਾਣ। ਇਹ ਸੱਚ ਹੈ ਕਿ ਬਹਿਸ ਤਾਂ ਰਾਸ਼ਟਰਪਤੀ ਦੇ ਭਾਸ਼ਨ 'ਤੇ ਹੋਣੀ ਹੈ ਪਰ ਸਿਆਣੇ ਵਕਤਾ ਹਰ ਗੱਲ ਨੂੰ ਹਰ ਸੰਦਰਭ ਨੂੰ ਆਪਣੀ ਸਿਆਣਪ ਵਰਤ ਕੇ ਆਪਣੀ ਗੱਲ ਕਹਿਣ ਲਈ ਵਰਤ ਹੀ ਜਾਂਦੇ ਹਨ। ਸਾਡੇ ਸਾਹਮਣੇ ਹੈ ਕਿ ਜੰਮੂ-ਕਸ਼ਮੀਰ ਤੋਂ ਲੋਕ ਸਭ ਮੈਂਬਰ ਆਗਾ ਰੂਹੁਲਾਹ ਮਹਿਦੀ ਨੇ ਸਪੀਕਰ ਨੂੰ ਵਧਾਈ ਦਿੰਦੇ ਸਮੇਂ ਜਿਵੇਂ ਕਸ਼ਮੀਰ ਦੀ ਗੱਲ ਕੀਤੀ। ਉਸ ਦੀ ਸ਼ਲਾਘਾ ਉਸ ਦੇ ਵਿਰੋਧੀ ਵੀ ਕਰ ਰਹੇ ਹਨ। ਉਸ ਨੇ ਦੇਸ਼ ਦੀਆਂ ਵੱਡੀਆਂ ਅਖ਼ਬਾਰਾਂ ਵਿਚ ਚੰਗੀ ਜਗ੍ਹਾ ਵੀ ਲਈ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜ ਕੁਮਾਰ ਚੱਬੇਵਾਲ ਇਸ ਮੌਕੇ ਬੋਲਦੇ ਥਿੜਕ ਗਏ ਤੇ ਆਪਣੀ ਗੱਲ ਨਹੀਂ ਕਹਿ ਸਕੇ। ਉਂਝ ਇੰਜ ਲਗਦਾ ਹੈ ਕਿ 'ਆਪ' ਨੇ 2024 ਦੀਆਂ ਆਮ ਚੋਣਾਂ ਵਿਚ ਆਪਣੀ ਹਾਰ ਤੋਂ ਕੋਈ ਸਬਕ ਨਹੀਂ ਸਿੱਖਿਆ।

ਇਹ ਸਭ ਨੂੰ ਪਤਾ ਹੈ ਕਿ 2022 ਵਿਚ ਦੇਸ਼-ਵਿਦੇਸ਼ ਦੇ ਸਿੱਖਾਂ ਨੇ ਪੂਰਾ ਜ਼ੋਰ ਲਾ ਕੇ ਪੰਜਾਬ ਵਿਚ 'ਆਪ' ਨੂੰ ਸ਼ਾਨਦਾਰ ਜਿੱਤ ਦਿਵਾਉਣ ਲਈ ਇਕ ਵੱਡਾ ਰੋਲ ਨਿਭਾਇਆ ਸੀ। ਪਰ ਦਿੱਲੀ ਵਿਚ 'ਆਪ' ਦਾ ਸਿੱਖਾਂ ਨੂੰ ਪ੍ਰਤੀਨਿਧਤਾ ਦੇਣ ਬਾਰੇ ਰਵੱਈਆ ਅਤੇ ਪੰਜਾਬ ਸਰਕਾਰ ਵਿਚ ਵੀ ਸਿੱਖ ਮਸਲਿਆਂ ਨੂੰ ਅਣਗੌਲਿਆਂ ਕਰਨ ਦਾ ਹੀ ਇਹ ਨਤੀਜਾ ਹੈ ਕਿ ਜਿਹੜੇ ਸਿੱਖਾਂ ਨੇ 1984 ਤੋਂ ਬਾਅਦ 40 ਸਾਲ ਤੱਕ ਕਾਂਗਰਸ ਨੂੰ ਵੋਟ ਨਹੀਂ ਪਾਈ ਸੀ, ਉਨ੍ਹਾਂ ਵਿਚੋਂ ਵੀ ਕਈਆਂ ਨੇ ਇਸ ਵਾਰ ਕਾਂਗਰਸ ਨੂੰ ਵੋਟ ਪਾਈ ਹੈ। ਹੈਰਾਨੀ ਦੀ ਗੱਲ ਹੈ ਕਿ 'ਆਪ' ਨੇ ਲੋਕ ਸਭਾ ਵਿਚ ਵੀ ਸ਼ਾਇਦ ਆਮ ਆਦਮੀ ਪਾਰਟੀ ਦੀ ਕੌਮੀ ਰਾਜਨੀਤੀ ਵਿਚ ਜਗ੍ਹਾ ਬਣਾਉਣ ਦੀ ਚਾਹ ਕਾਰਨ ਪਾਰਟੀ ਦੇ ਸਭ ਤੋਂ ਵਧੀਆ ਬੁਲਾਰੇ ਨੂੰ ਪਾਰਟੀ ਮੁਖੀ ਨਹੀਂ ਬਣਾਇਆ। ਪਰ 'ਆਪ' ਦੇ ਤਿੰਨੇ ਸੰਸਦ ਪੰਜਾਬ ਦੇ ਮਸਲਿਆਂ ਬਾਰੇ ਬੋਲਣ ਲਈ ਤਿਆਰੀ ਕਰਕੇ ਜਾਣ। ਰਹੀ ਗੱਲ ਅਕਾਲੀ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਦੀ, ਉਹ ਪਾਰਟੀ ਦੇ ਇਕੱਲੇ ਮੈਂਬਰ ਹਨ, ਉਨ੍ਹਾਂ ਨੂੰ ਸਮਾਂ ਵੀ ਥੋੜ੍ਹਾ ਹੀ ਮਿਲੇਗਾ, ਪਰ ਉਨ੍ਹਾਂ ਨੂੰ ਵੀ ਪਹਿਲਾਂ ਹੀ ਤਿਆਰੀ ਕਰਕੇ ਜਾਣਾ ਚਾਹੀਦਾ ਹੈ ਤੇ ਪੰਜਾਬ ਦੇ ਮਸਲਿਆਂ ਦੇ ਨਾਲ ਹੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਉਣ ਦਾ ਮਸਲਾ ਵੀ ਮਨੁੱਖੀ ਅਧਿਕਾਰ ਵਜੋਂ ਉਠਾਉਣਾ ਚਾਹੀਦਾ ਹੈ, ਭਾਵੇਂ ਕਿ ਉਨ੍ਹਾਂ ਦਾ ਅੰਮ੍ਰਿਤਪਾਲ ਨਾਲ ਸਿਆਸੀ ਵਿਰੋਧ ਹੈ। ਆਜ਼ਾਦ 'ਪੰਥਕ' ਲੋਕ ਸਭਾ ਮੈਂਬਰ ਸਰਬਜੀਤ ਸਿੰਘ ਨੂੰ ਵੀ ਹੈ ਕਿ ਉਹ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਪੰਜਾਬ ਦੇ ਮਸਲੇ ਨੂੰ ਲੋਕ ਸਭਾ ਵਿਚ ਉਭਾਰਨ।

ਪੰਜਾਬ ਦੇ ਲੋਕ ਸਭਾ ਮੈਂਬਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਨਿਘਾਰ ਭਰੇ ਹਾਲਾਤ ਲਈ ਸਮੇਂ-ਸਮੇਂ ਦੀਆਂ ਕੇਂਦਰੀ ਸਰਕਾਰਾਂ ਵੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਸੂਬੇ ਨੂੰ ਕੇਵਲ ਖੇਤੀਬਾੜੀ ਦੇ ਭਰੋਸੇ ਛੱਡੀ ਰੱਖਿਆ। ਰਾਜ ਵਿਚ ਪੂੰਜੀ ਨਿਵੇਸ਼, ਸਨਅਤਾਂ ਤੇ ਉਦਯੋਗ ਨੂੰ ਹੁਲਾਰਾ ਦੇਣ ਲਈ ਕੇਂਦਰ ਦੀਆਂ ਸਰਕਾਰਾਂ ਨੇ ਕੋਈ ਉਪਰਾਲਾ ਨਹੀਂ ਕੀਤਾ। ਪ੍ਰਤੀ ਜੀਅ ਘਟਦੀ ਗਈ ਜ਼ਮੀਨ ਅਤੇ ਖ਼ੇਤੀ ਲਾਗਤਾਂ ਵਧ ਜਾਣ ਕਾਰਨ ਇਹ ਕਿੱਤਾ ਸਮਾਂ ਬੀਤਣ ਦੇ ਨਾਲ-ਨਾਲ ਘਾਟੇ ਵਾਲਾ ਹੁੰਦਾ ਗਿਆ। ਵੱਖ-ਵੱਖ ਕੇਂਦਰ ਸਰਕਾਰਾਂ ਨੇ ਸਾਡੇ ਗੁਆਂਢੀ ਸੂਬਿਆਂ ਨੂੰ ਜੀਅ ਭਰ ਕੇ ਸਨਅਤੀ ਰਿਆਇਤਾਂ ਦਿੱਤੀਆਂ ਜਿਸ ਦੇ ਸਿੱਟੇ ਵਜੋਂ ਪੰਜਾਬ ਦੀ ਸਨਅਤ ਵੱਡੀ ਗਿਣਤੀ ਵਿਚ ਉਥੇ ਪਲਾਇਨ ਕਰ ਗਈ। ਕੇਂਦਰੀ ਏਜੰਸੀਆਂ ਦੇ ਅਧਿਕਾਰੀਆਂ ਦੀ ਦਖ਼ਲ ਅੰਦਾਜ਼ੀ ਦੇਸ਼ ਦੇ ਬਾਰਡਰ ਦੇ ਇਲਾਕਿਆਂ ਵਿੱਚ 50 ਕਿਲੋਮੀਟਰ ਦੀ ਬਜਾਇ 5 ਕਿਲੋਮੀਟਰ ਦੀ ਵਿਵਸਥਾ ਬਹਾਲ ਕੀਤਾ ਜਾਵੇ। ਜੀਐੱਸਟੀ ਨਾਲ ਸੂਬਿਆਂ ਦੇ ਵਿੱਤੀ ਅਧਿਕਾਰਾਂ ਨੂੰ ਡੂੰਘੀ ਸੱਟ ਵੱਜੀ ਹੈ। ਇਸ ਨੂੰ ਮੁੜ ਵਿਚਾਰ ਕੇ ਸੂਬਿਆਂ ਦੇ ਅਧਿਕਾਰ ਬਹਾਲ ਕੀਤੇ ਜਾਣ। ਫੌਰੀ ਤੌਰ 'ਤੇ ਸੂਬਿਆਂ ਦੇ ਹਿੱਸੇ ਦੇ ਟੈਕਸਾਂ ਨੂੰ ਕੇਂਦਰ ਦੇ ਦਖ਼ਲ ਤੋਂ ਬਗੈਰ ਸਿੱਧਾ ਤਬਦੀਲ ਕੀਤਾ ਜਾਵੇ।

ਕੇਂਦਰ ਵੱਲੋਂ ਰਿਜ਼ਰਵ ਬੈਂਕ ਵੱਲੋਂ ਨੋਟ ਛਾਪਣ ਅਤੇ ਹੋਰ ਆਮਦਨ ਨੂੰ ਸੂਬਿਆਂ ਵਿੱਚ ਪ੍ਰਵਾਨਤ ਤਰੀਕੇ ਨਾਲ ਵੰਡਿਆ ਜਾਵੇ। ਕੇਂਦਰ ਸਰਕਾਰ ਵੱਲੋਂ ਸਰਚਾਰਜ ਲਗਾ ਕੇ ਇਕੱਠੇ ਕੀਤੇ ਫੰਡ ਵੀ ਸੂਬਿਆਂ ਵਿੱਚ ਵੰਡੇ ਜਾਣ। ਕੇਂਦਰੀ ਏਜੰਸੀਆਂ ਖਾਸ ਕਰ ਕੇ ਸੀਬੀਆਈ, ਆਮਦਨ ਕਰ ਦੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਸੂਬਾ ਸਰਕਾਰਾਂ ਦੀ ਪ੍ਰਵਾਨਗੀ ਬਗੈਰ ਸੂਬਿਆਂ ਦੇ ਵਸਨੀਕਾਂ ਨੂੰ ਹਿਰਾਸਤ ਵਿਚ ਲਏ ਜਾਣ 'ਤੇ ਰੋਕ ਲਗਾਈ ਜਾਵੇ।

ਬਦਨਾਮ ਯੂਏਪੀ ਐਕਟ, ਮਨੀ ਲਾਂਡਰਿੰਗ ਐਕਟ, ਕਿਰਤ ਕਾਨੂੰਨਾਂ ਦੀਆਂ ਸੋਧਾਂ ਅਤੇ ਇੰਡੀਅਨ ਪੀਨਲ ਕੋਡ ਵਿੱਚ ਤਬਦੀਲੀਆਂ ਵਾਪਸ ਲਈਆਂ ਜਾਣ ਤਾਂ ਕਿ ਨਾਗਰਿਕਾਂ ਦੇ ਜਮਹੂਰੀ ਹੱਕ ਬਚਾਏ ਜਾ ਸਕਣ।

ਪੰਜਾਬ ਦੇ ਪਾਣੀਆਂ ਤੇ ਪੰਜਾਬ ਦਾ ਹੱਕ ਤਸਲੀਮ ਕਰਨਾ ਚਾਹੀਦਾ ਹੈ। ਪਹਿਲਾਂ ਦਿੱਤੇ ਜਾ ਰਹੇ ਪਾਣੀ ਦੀ ਰਾਇਲਟੀ ਮਿਲਣੀ ਚਾਹੀਦੀ ਹੈ। ਪੰਜਾਬ ਦੇ ਹੈੱਡ ਵਰਕਸ ਪੰਜਾਬ ਦੇ ਹਵਾਲੇ ਕੀਤੇ ਜਾਣ। ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਮਿਲਾਏ ਜਾਣ।

ਗੁਆਂਢੀ ਦੇਸ਼ਾਂ ਨਾਲ ਸਬੰਧ ਨਿਰਧਾਰਤ ਕਰਦੇ ਸਮੇਂ ਸਰਹੱਦ ਨਾਲ ਲੱਗਦੇ ਸੂਬੇ ਨੂੰ ਵਿਸ਼ਵਾਸ ਵਿਚ ਲਿਆ ਜਾਵੇ। ਪਾਕਿਸਤਾਨ ਨਾਲ ਸਬੰਧ ਖਰਾਬ ਹੋਣ ਨਾਲ ਪੰਜਾਬ ਵਰਗੇ ਸੂਬਿਆਂ ਦਾ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਨੁਕਸਾਨ ਹੁੰਦਾ ਹੈ। ਇਸ ਨੁਕਸਾਨ ਦੀ ਭਰਪਾਈ ਕੇਂਦਰ ਸਰਕਾਰ ਕਰੇ।

**ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਦੇ ਲੋਕ ਸਭਾ ਮੈਂਬਰਾਂ ਨੂੰ ਯਾਦ ਰੱਖਣ ਦੀ ਲੋੜ ਹੈ ਕਿ ਖੇਤੀ ਸੰਕਟ ਹੁਣ ਇਕੱਲੇ ਪੰਜਾਬ ਦਾ ਮਸਲਾ ਨਹੀਂ ਰਿਹਾ। ਪੰਜਾਬ ਖੇਤੀ ਵਾਲੀਆਂ ਨਵੀਆਂ ਤਕਨੀਕਾਂ ਅਪਨਾਉਣ ਅਤੇ ਕਿਸਾਨੀ ਮਸਲੇ ਹੱਲ ਕਰਵਾਉਣ ਲਈ ਵੀ ਮੋਹਰੀ ਭੂਮਿਕਾ ਨਿਭਾਉਣ ਲਈ ਹਮੇਸ਼ਾ ਸਰਗਰਮ ਰਹਿੰਦਾ ਹੈ। ਭਾਰਤ ਦਾ ਖੇਤੀ ਸੰਕਟ ਸੰਸਾਰ ਵਪਾਰ ਸੰਗਠਨ ਦੀਆਂ ਨੀਤੀਆਂ ਨਾਲ ਜੁੜਿਆ ਹੋਣ ਕਰ ਕੇ ਦੇਸੀ ਤੇ ਬਦੇਸੀ ਕਾਰਪੋਰੇਟ ਕੰਪਨੀਆਂ ਦੀ ਜਕੜ ਦਾ ਸ਼ਿਕਾਰ ਹੈ। ਜਦੋਂ ਤੱਕ ਇਹ ਜਕੜ ਤੋੜ ਕੇ ਮੁਲਕ ਨੂੰ ਆਤਮ-ਨਿਰਭਰ ਨਹੀਂ ਬਣਾਇਆ ਜਾਂਦਾ, ਤਦ ਤੱਕ ਪੰਜਾਬ ਵਰਗੀ ਕਿਸੇ ਵੀ ਸਰਕਾਰ ਵੱਲੋਂ ਸਿਫ਼ਤੀ ਤੌਰ 'ਤੇ ਵੱਖਰੀ ਖੇਤੀ ਨੀਤੀ ਲਾਗੂ ਕਰਨਾ ਮੁਸ਼ਕਿਲ ਹੋਵੇਗਾ। ਇਸ ਲਈ ਇਸ ਦਿਸ਼ਾ ਵੱਲ ਠੋਸ ਕਦਮ ਪੁੱਟਣ ਲਈ ਫੈਡਰਲ ਢਾਂਚੇ ਦੀ ਮਜ਼ਬੂਤੀ ਲਈ ਯਤਨ ਕਰਨੇ ਪੈਣਗੇ।**

## ਕੀ ਕੈਪਟਨ ਪਰਿਵਾਰ ਦਾ ਸਿਆਸੀ ਯੁਗ ਬੀਤ ਗਿਆ ?

**○ ਕਾਂਗਰਸ ਵਿਚ ਮੁੜ ਜਾਣ ਦੀਆਂ ਸੰਭਾਵਨਾਵਾਂ ਬਣੀਆਂ ○ ਪੰਜਾਬ ਵਿਚ ਭਾਜਪਾ ਦੀ ਹਾਰ ਬਾਅਦ ਜਾਖੜ ਦੀ ਪ੍ਰਧਾਨਗੀ ਖਤਰੇ ਵਿਚ**



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾ ਘਰ ਦੇ ਰਹੇ ਨਾ ਘਾਟ ਦੇ। ਦੋ ਕਾਰਜਕਾਲ ਵਿਚ ਕਰੀਬ ਸਾਢੇ ਨੌਂ ਸਾਲ ਮੁੱਖ ਮੰਤਰੀ ਰਹਿਣ ਤੋਂ ਬਾਅਦ ਜਦੋਂ ਕਾਂਗਰਸ ਹਾਈਕਮਾਂਡ ਨੇ ਉਨ੍ਹਾਂ ਨੂੰ ਹਟਾਇਆ ਤਾਂ ਉਹ ਬਾਗੀ ਹੋ ਗਏ।ਉਨ੍ਹਾਂ ਨੂੰ ਇਹ ਉਮੀਦ ਸੀ ਕਿ ਜਦੋਂ ਉਹ ਪਾਰਟੀ ਛੱਡਣਗੇ ਤਾਂ ਪੰਜਾਬ ਦੇ ਬਹੁਤੇ ਵੱਡੇ ਕਾਂਗਰਸੀ ਚਿਹਰੇ ਉਨ੍ਹਾਂ ਦੇ ਨਾਲ ਆ ਖੜੇ ਹੋਣਗੇ, ਪਰ ਅਜਿਹਾ ਨਹੀਂ ਹੋਇਆ। ਕੁਝ ਕੁ ਨਾਮੀ ਚਿਹਰਿਆਂ ਨੂੰ ਛੱਡ ਕੇ ਹੋਰ ਕੋਈ ਨੇਤਾ ਉਨ੍ਹਾਂ ਨਾਲ ਭਾਜਪਾ ਵਿਚ ਨਹੀਂ ਗਿਆ। ਜੋ ਗਏ ਸਨ ਉਨ੍ਹਾਂ ਵਿਚੋਂ ਵੀ ਰਾਜ ਕੁਮਾਰ ਵੇਰਕਾ ਆਪਣੇ ਸਾਥੀਆਂ ਸਮੇਤ ਮੁੜ ਗਲਤੀ ਸੁਧਾਰ ਕਹਿ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਉਸ ਨੇ ਕਾਂਗਰਸ ਛੱਡ ਕੇ ਵੱਖਰੀ ਪਾਰਟੀ ਬਣਾਈ ਅਤੇ ਬਾਅਦ ਵਿੱਚ ਉਸ ਪਾਰਟੀ ਨੂੰ ਭਾਜਪਾ ਵਿੱਚ ਮਿਲਾ ਦਿੱਤਾ। ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਸੰਸਦ ਮੈਂਬਰ ਪ੍ਰਨੀਤ ਕੌਰ ਭਾਜਪਾ ਵਿਚ ਸ਼ਾਮਲ ਹੋ ਗਏ ਹਨ ਅਤੇ ਪਟਿਆਲਾ ਤੋਂ ਚੋਣ ਲੜੀ ਸੀ। ਪਰ ਉੱਥੇ ਉਹ ਬੁਰੀ ਤਰ੍ਹਾਂ ਹਾਰ ਗਈ। 2019 ਵਿਚ ਕਾਂਗਰਸ ਦੀ ਟਿਕਟ 'ਤੇ ਜਿੱਤਣ ਵਾਲੀ ਪ੍ਰਨੀਤ ਕੌਰ ਇਸ ਵਾਰ ਤੀਜੇ ਨੰਬਰ 'ਤੇ ਰਹੀ। ਇਸ ਸੀਟ ਤੋਂ ਕਾਂਗਰਸ ਦੇ ਧਰਮਵੀਰ ਗਾਂਧੀ ਜੇਤੂ ਰਹੇ ਅਤੇ ਆਪ ਦੇ ਉਮੀਦਵਾਰ ਡਾ. ਬਲਬੀਰ ਸਿੰਘ ਦੂਜੇ ਨੰਬਰ 'ਤੇ ਰਹੇ। ਕੈਪਟਨ ਅਮਰਿੰਦਰ ਸਿੰਘ ਪੂਰੀ ਚੋਣ ਮੁਹਿੰਮ ਦੌਰਾਨ ਬਾਹਰ ਨਹੀਂ ਆਏ। ਦੱਸਿਆ ਗਿਆ ਸੀ ਕਿ ਕੈਪਟਨ ਦੀ ਸਿਹਤ ਖਰਾਬ ਸੀ।

ਉਨ੍ਹਾਂ ਦੀ ਦੂਜੀ ਸਮੱਸਿਆ ਇਹ ਹੈ ਕਿ ਜੱਟ ਸਿੱਖ ਆਗੂ ਵਜੋਂ ਭਾਜਪਾ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਨੂੰ ਅੱਗੇ ਕੀਤਾ ਹੈ। ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਵੀ ਉਸ ਨੂੰ ਕੇਂਦਰ ਸਰਕਾਰ ਵਿੱਚ ਮੰਤਰੀ ਬਣਾਇਆ ਗਿਆ ਹੈ। ਫਿਰ ਸਵਾਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਪਰਿਵਾਰ ਹੁਣ ਕੀ ਕਰੇਗਾ ? ਹੁਣ ਤੋਂ ਹੀ ਚਰਚਾ ਸ਼ੁਰੂ ਹੋ ਗਈ ਹੈ ਕਿ ਪ੍ਰਨੀਤ ਕੌਰ ਅਤੇ ਪੁੱਤਰ ਰਣਇੰਦਰ ਮੁੜ ਕਾਂਗਰਸ ਵਿੱਚ ਵਾਪਸ ਆ ਸਕਦੇ ਹਨ। ਹਾਲਾਂਕਿ ਇਹ ਬਹੁਤ ਆਸਾਨ ਨਹੀਂ ਹੈ। ਕਿਉਂਕਿ ਜਿਸ ਤਰ੍ਹਾਂ ਕੈਪਟਨ ਨੇ ਕਾਂਗਰਸ ਛੱਡਣ ਤੋਂ ਬਾਅਦ ਸੋਨੀਆ ਅਤੇ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਿਆ ਸੀ, ਉਸ ਤੋਂ ਉਨ੍ਹਾਂ ਦੀ ਵਾਪਸੀ ਦੇ ਰਾਹ ਵਿਚ ਕਈ ਰੁਕਾਵਟਾਂ ਆਉਂਦੀਆਂ ਨਜ਼ਰ ਆ ਰਹੀਆਂ ਹਨ। ਹਾਲਾਂਕਿ ਦੋਵਾਂ ਪਰਿਵਾਰਾਂ ਦਾ ਰਿਸ਼ਤਾ ਇੰਨਾ ਪੁਰਾਣਾ ਹੈ ਕਿ ਕੋਈ ਕੁਝ ਨਹੀਂ ਕਹਿ ਸਕਦਾ। ਉਨ੍ਹਾਂ ਦੇ ਨਾਲ ਹੀ ਭਾਜਪਾ ਵਿਚ ਸ਼ਾਮਲ ਹੋਏ ਸੁਨੀਲ ਜਾਖੜ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਤੋਂ ਪਤਾ ਲਗਾ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਵੀ ਖਤਰੇ ਵਿਚ ਹੈ। ਜਾਖੜ ਵੀ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਪੰਜਾਬ ਵਿਚ ਇਕ ਸੀਟ ਵੀ ਨਹੀਂ ਜਿਤਾ ਸਕੇ।

ਤੁਹਾਨੂੰ ਯਾਦ ਕਰਾ ਦੇਈਏ ਕਿ ਅਕਾਲੀ ਸਰਕਾਰ ਵਿਚ ਪੰਜਾਬ ਦੇ ਖਜ਼ਾਨਾ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਗਏ ਸਨ। ਉਸ ਤੋਂ ਬਾਅਦ ਕਾਂਗਰਸ ਛੱਡ ਕੇ ਭਾਜਪਾ ਵਿਚ ਚਲੇ ਗਏ। ਪਰ ਭਾਜਪਾ ਵਿਚ ਬਹੁਤੀ ਅਹਿਮੀਅਤ ਨਾ ਮਿਲਣ ਕਾਰਨ ਨਿਰਾਸ਼ ਹੋ ਕੇ ਘਰ ਬੈਠੇ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਉਹ ਆਪਣੇ ਸਿਆਸੀ ਭਵਿੱਖ ਨੂੰ ਬਚਾਉਣ ਲਈ ਮੁੜ ਆਪਣੇ ਭਰਾ ਸੁਖਬੀਰ ਬਾਦਲ ਨਾਲ ਹੱਥ ਮਿਲਾ ਸਕਦੇ ਹਨ। ਪਰ ਪੰਜਾਬ ਵਿਚ ਅਕਾਲੀ ਦਲ ਦਾ ਭਵਿੱਖ ਹਨੇਰਿਆਂ ਵਿਚ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 03 ਜੁਲਾਈ ਬੁੱਧਵਾਰ 10 ਜੁਲਾਈ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਇਸ ਹਫਤੇ ਜ਼ਮੀਨ ਵਾਹਨ ਆਦਿ ਦੀ ਖਰੀਦੋ-ਫਰੋਖਤ ਦੀ ਸਕੀਮ ਬਣੇਗੀ। ਧਨ ਲਾਭ ਦੇ ਮੌਕੇ ਮਿਲਣਗੇ। ਪਰਿਵਾਰਕ ਜੀਵਨ ਵਿੱਚ ਜੋਸ਼, ਸਹਿਯੋਗ ਅਤੇ ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਸਮਾਜ ਵਿੱਚ ਤੁਹਾਡਾ ਮਾਣ-ਸਤਿਕਾਰ ਹੋਵੇ ਤਾਂ ਖੁਦ ਵੀ ਸਭ ਦਾ ਇਜ਼ਤ-ਮਾਣ ਕਰੋ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਧਨ ਦਾ ਖਰਚ ਜ਼ਿਆਦਾ, ਘਰੇਲੂ ਉਲਝਣਾਂ ਤੇ ਤਣਾਉ ਵੀ ਵਧੇਗਾ। ਕਰਜਾ ਆਦਿ ਲੈਣ ਦੀ ਨੌਬਤ ਵੀ ਆ ਸਕਦੀ ਹੈ। ਕਾਰੋਬਾਰੀ ਖੇਤਰ ਵਿੱਚ ਕਈ ਤਰ੍ਹਾਂ ਦੇ ਉਤਾਰ-ਚੜ੍ਹਾਵ ਅਤੇ ਸੰਘਰਸ਼ ਦਾ ਸਾਹਮਣਾ ਰਹੇਗਾ। ਗੁੱਸੇ 'ਤੇ ਕੰਟਰੋਲ ਰੱਖੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਸੁਭਾਅ ਵਿੱਚ ਤੇਜ਼ੀ ਨਾਲ ਮਾਨਸਿਕ ਤਣਾਅ ਰਹੇਗਾ। ਪਰਿਵਾਰ ਵਿੱਚ ਫਜ਼ੂਲ ਦੀਆਂ ਉਲਝਣਾਂ ਵੱਧਣਗੀਆਂ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦਾ ਡਰ ਹੈ। ਕਾਰੋਬਾਰੀ ਪ੍ਰੇਸ਼ਾਨੀਆਂ ਕਾਰਨ ਮਨ ਪ੍ਰੇਸ਼ਾਨ ਰਹੇਗਾ। ਨਸ਼ਿਆਂ 'ਚ ਫਸੇ ਸਮਾਜ ਨੂੰ ਬਾਹਰ ਕੱਢਣ ਵਿੱਚ ਪੂਰਾ ਯੋਗਦਾਨ ਪਾਉ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਸਰੀਰਕ ਕਸ਼ਟ ਜਾਂ ਮੁਕੱਦਮੇ ਆਦਿ ਦੀ ਪ੍ਰੇਸ਼ਾਨੀ ਹੋ ਸਕਦੀ ਹੈ। ਗੁੱਸਾ ਅਤੇ ਉਤੇਜਨਾ ਨਾਲ ਕੋਈ ਬਣਿਆ ਹੋਇਆ ਕੰਮ ਵਿਗੜ ਸਕਦਾ ਹੈ। ਧਨ ਦਾ ਨੁਕਸਾਨ ਤੇ ਖਰਚ ਵੀ ਜ਼ਿਆਦਾ ਹੋਣਗੇ। ਆਯਾਤ-ਨਿਰਯਾਤ ਦੇ ਖੇਤਰ ਵਿੱਚ ਕੰਮ ਕਰਨ ਦੀ ਯੋਜਨਾ ਬਣ ਸਕਦੀ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਸਿਹਤ ਕੁਝ ਢਿੱਲੀ ਰਹੇਗੀ। ਰੁਕਾਵਟਾਂ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਘਰੇਲੂ ਪ੍ਰੇਸ਼ਾਨੀਆਂ ਕਰਕੇ ਤਣਾਅ ਦੇ ਹਾਲਾਤ ਰਹਿਣਗੇ। ਸੰਤਾਨ ਸਬੰਧੀ ਚਿੰਤਾ ਤੇ ਉਤੇਜਨਾ ਨਾਲ ਨਿਕਟ-ਬੰਧੂਆਂ ਨਾਲ ਵਿਰੋਧ ਵੀ ਹੋ ਸਕਦਾ ਹੈ। ਮਾਤਾ-ਪਿਤਾ ਕੋਲ ਬੈਠ ਕੇ ਗੱਲਾਂ ਸਾਂਝੀਆਂ ਕਰੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਵਪਾਰਕ ਖੇਤਰ ਵਿੱਚ ਕਈ ਤਰ੍ਹਾਂ ਦੇ ਉਤਾਰ-ਚੜ੍ਹਾਵ ਅਤੇ ਬਦਲਾਵ ਆਉਣਗੇ। ਸੰਘਰਸ਼ ਦੇ ਹਾਲਾਤ ਬਣੇ ਰਹਿਣਗੇ। ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹਿਣਗੇ। ਨਜ਼ਦੀਕੀ ਬੰਧੂਆਂ ਦੀ ਮਦਦ ਮਿਲੇਗੀ, ਪਰ ਵਿਹਾਰ ਵਿੱਚ ਬਦਲਾਵ ਕਰਨ ਦੀ ਲੋੜ ਹੈ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਧਨ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਆਮ ਲੋਕਾਂ ਲਈ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਵਪਾਰਕ ਖੇਤਰ ਵਿੱਚ ਸੰਘਰਸ਼ ਵਾਲੇ ਹਾਲਾਤ ਹੋਣ ਦੇ ਬਾਵਜੂਦ ਸ਼ੁੱਭ ਫੱਲ ਮਿਲੇਗਾ। ਮਾਣ-ਇੱਜ਼ਤ ਵਿੱਚ ਵਾਧਾ, ਧਰਮ-ਕਰਮ ਵੱਲ ਧਿਆਨ ਤੇ ਉਮੀਦਾਂ ਵਿੱਚ ਸਫਲਤਾ ਮਿਲੇਗੀ। ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਆਮਦਨ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ-ਨਾਲ ਖਰਚ ਵੀ ਵਧੇਰੇ ਹੋਣਗੇ। ਕੁਝ ਖਾਸ ਕੰਮਾਂ ਵਿੱਚ ਭਾਈ-ਬੰਧੂਆਂ ਦਾ ਸਹਿਯੋਗ ਜ਼ਰੂਰੀ ਹੋਵੇਗਾ। ਮਨ ਉਦਾਸ ਅਤੇ ਅਸੰਤੁਸ਼ਟ ਰਹੇਗਾ। ਸੁਚੇਤ ਰਹਿਣ ਦੀ ਲੋੜ ਹੈ। ਆਪਣੇ ਬੱਚਿਆਂ ਨਾਲ ਇਕ ਘੰਟਾ ਜ਼ਰੂਰ ਪਰਿਵਾਰ ਦੀਆਂ ਗੱਲਾਂ ਬਾਤਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਸੰਘਰਸ਼ ਭਰੇ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਆਮਦਨ ਘੱਟ ਪਰ ਖਰਚ ਜ਼ਿਆਦਾ ਹੋਣਗੇ। ਕਾਰੋਬਾਰ ਵਿੱਚ ਰੁਕਾਵਟਾਂ ਅਤੇ ਘਰੇਲੂ ਉਲਝਣਾਂ ਕਰਕੇ ਮਨ ਚਿੰਤਤ ਰਹੇਗਾ। ਸਰੀਰਕ ਕਸ਼ਟ ਅਤੇ ਗੁੱਸੇ ਦੀ ਭਾਵਨਾ ਜ਼ਿਆਦਾ ਰਹੇਗੀ। ਮਨ ਅਸ਼ਾਂਤ ਤੇ ਅਸੰਤੁਸ਼ਟ ਰਹੇਗਾ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ,

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਦਿਮਾਗੀ ਤਣਾਅ/ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਨਜ਼ਦੀਕੀ ਬੰਧੂਆਂ ਨਾਲ ਮਨਮੁਟਾਵ ਹੋ ਸਕਦਾ ਹੈ। ਘਰੇਲੂ ਤੇ ਕਾਰੋਬਾਰੀ ਖੇਤਰਾਂ ਵਿੱਚ ਰੁਕਾਵਟਾਂ ਜਾਂ ਦੇਰੀ ਦਾ ਸਾਹਮਣਾ ਰਹੇਗਾ। ਕਿਸੇ ਸਹਿਯੋਗੀ ਤੋਂ ਧੋਖਾ ਮਿਲਣ ਦੀ ਵੀ ਉਮੀਦ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਧਨ ਲਾਭ ਤੇ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਕਾਰੋਬਾਰੀ ਸਬੰਧੀ ਨਵੀਆਂ-ਨਵੀਆਂ ਯੋਜਨਾਵਾਂ ਵੀ ਬਣਨਗੀਆਂ। ਵਪਾਰ ਵਿੱਚ ਕੁਝ ਬਦਲਾਵ ਦਾ ਵਿਚਾਰ ਵੀ ਬਣੇਗਾ। ਗੁਪਤ ਚਿੰਤਾ, ਸੁਭਾਵ ਵਿੱਚ ਤੇਜ਼ੀ ਤੇ ਚਿੜਚਿੜਾਪਨ ਜ਼ਿਆਦਾ ਰਹੇਗਾ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਹੋਵੋ, ਕਾਰੋਬਾਰ ਠੀਕ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਸੁਭਾਅ ਵਿੱਚ ਤੇਜ਼ੀ ਤੇ ਉਲਝਣਾਂ ਵੱਧਣਗੀਆਂ। ਘਰੇਲੂ ਕੰਮਾਂ ਵਿੱਚ ਧਨ ਦਾ ਖਰਚ ਜ਼ਿਆਦਾ ਹੋਵੇਗਾ। ਕਾਰੋਬਾਰੀ ਪ੍ਰੇਸ਼ਾਨੀਆਂ ਜਾਂ ਕਿਸੇ ਉੱਚ ਅਧਿਕਾਰੀ ਨਾਲ ਵਿਰੋਧ ਪੈਦਾ ਹੋ ਸਕਦਾ ਹੈ। ਆਮਦਨ ਤੋਂ ਜ਼ਿਆਦਾ ਖਰਚ ਹੋਵੇਗਾ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ।

## ਹਾਸੇ ਦੀ ਪਟਾਰੀ

**ਕੁੜੀ,** ਜੇ ਮੈਂ ਮਰ ਗਈ ਤਾਂ ਤੂੰ ਕੀ ਕਰੇਂਗਾ?

ਮੁੰਡਾ, ਮੈਂ ਵੀ ਮਰ ਜਾਵਾਂਗਾ।

ਕੁੜੀ, ਸੱਚ, ਤੂੰ ਮੈਨੂੰ ਇੰਨਾ ਪਿਆਰ ਕਰਦਾ ਏਂ।

ਮੁੰਡਾ, ਨਹੀਂ ਪਾਗਲੇ, ਤੇਰੇ ਚੱਕਰ ਵਿੱਚ ਉਧਾਰੀ ਏਨੀ ਹੋ ਗਈ ਹੈ ਕਿ ਜਿਊਣਾ ਔਖਾ ਹੈ।

*----*----*

**ਸੁਰੇਸ਼,** ਅੱਜ ਬਾਈਕ ਵਿੱਚ ਪੈਟਰੋਲ ਪੁਆਉਣ ਗਿਆ ਤਾਂ ਦੇਖਿਆ ਕਿ ਲੋਕ ਆਪਣੀਆਂ ਘਰਵਾਲੀਆਂ ਨੂੰ ਪੈਟਰੋਲ ਪੰਪ ਤੋਂ ਬਾਹਰ ਹੀ ਮੋਟਰਸਾਈਕਲ ਤੋਂ ਲਾਹ ਰਹੇ ਸਨ।

ਰਮੇਸ਼, ਉਹ ਕਿਉਂ?

ਸੁਰੇਸ਼, ਉਥੇ ਲੱਗੇ ਇਕ ਬੋਰਡ 'ਤੇ ਲਿਖਿਆ ਸੀ-ਅੱਗ ਲਾਉਣ ਵਾਲੀਆਂ ਚੀਜ਼ਾਂ ਦੂਰ ਰੱਖੋ।

*----*----*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

| | |
|---|---|
| 6 MONTHS ---- £95 | ☐ |
| 1 YEAR ---- £180 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................

ADDRESS..................................................................

..........................................POST CODE...........................

TEL..........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਲੰਡਨ ਦਾ ਖਤਰਨਾਕ ਭੂਤਾਂ ਵਾਲਾ ਪਿੰਡ ਪਲਕਲੇ ਜਿਸਦਾ ਗਿਨੀਜ਼ ਬੁੱਕ ਵਿਚ ਹੈ ਨਾਮ ਦਰਜ਼





ਲੰਡਨ-ਲੰਡਨ ਤੋਂ ਇਕ ਘੰਟੇ ਦੀ ਦੂਰੀ 'ਤੇ ਸਥਿਤ ਇਕ ਪਿੰਡ, ਪਲਕਲੇ ਦੇਖਣ ਵਿਚ ਭਾਵੇਂ ਸਾਧਾਰਨ ਲੱਗੇ, ਪਰ ਇੱਥੇ ਦੀਆਂ ਕਹਾਣੀਆਂ ਸੁਣ ਤੁਹਾਡੇ ਰੌਂਗਟੇ ਖੜ੍ਹੇ ਹੋ ਜਾਣਗੇ। ਇਸ ਪਿੰਡ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਭਿਆਨਕ ਕਤਲ, ਡਰਾਉਣੇ ਚਿਹਰੇ ਅਤੇ ਚੀਕਾਂ ਨਾਲ ਭਰੇ ਜੰਗਲ ਦੀਆਂ ਕਹਾਣੀਆਂ ਸੁਣਨ ਤੇ ਦੇਖਣ ਨੂੰ ਮਿਲ ਸਕਦੀਆਂ ਹਨ। ਇਹ ਬ੍ਰਿਟੇਨ ਦੇ ਸਭ ਤੋਂ ਹਾਂਟੇਡ ਥਾਵਾਂ ਵਿੱਚੋਂ ਇੱਕ ਹੈ ਅਤੇ 1989 ਵਿੱਚ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਵੀ ਆਪਣੀ ਜਗ੍ਹਾ ਬਣਾ ਚੁੱਕਾ ਹੈ। ਪਲਕਲੇ ਦਾ ਇਤਿਹਾਸ ਅਜਿਹਾ ਰਿਹਾ ਹੈ ਕਿ ਇਥੇ ਬਹੁਤ ਸਾਰੇ ਕਤਲ ਹੋਏ ਹਨ, ਅਤੇ ਬਹੁਤ ਸਾਰੇ ਲੋਕ ਦਾਅਵਾ ਕਰਦੇ ਹਨ ਕਿ ਇਥੇ ਸਭ ਤੋਂ ਵੱਧ ਆਤਮਾਵਾਂ ਘੁੰਮਦੀਆਂ ਹਨ। ਇੰਨਾ ਹੀ ਨਹੀਂ ਇਸ ਪਿੰਡ ਦਾ ਨਾਂ ਗਿਨੀਜ਼ ਬੁੱਕ ਰਿਕਾਰਡ ਵਿੱਚ ਵੀ ਦਰਜ ਹੈ। ਕਿਹਾ ਜਾਂਦਾ ਹੈ ਕਿ ਬ੍ਰਿਟੇਨ ਦੇ ਇਸ ਛੋਟੇ ਜਿਹੇ ਪਿੰਡ ਦੀਆਂ ਗਲੀਆਂ ਤੇ ਸੜਕਾਂ ਉੱਤੇ ਅੱਜ ਕੱਲ ਮਰੇ ਹੋਏ ਲੋਕਾਂ ਦੀਆਂ ਆਤਮਾਵਾਂ ਅਤੇ ਜਾਨਵਰ ਘੁੰਮਦੇ ਹਨ। ਆਓ ਤੁਹਾਨੂੰ ਦੱਸਦੇ ਹਾਂ ਇਸ ਜਗ੍ਹਾ ਬਾਰੇ।

### 12 ਥਾਵਾਂ ਹਨ ਭੂਤੀਆ

ਇਸ ਪਿੰਡ ਵਿੱਚ 12 ਅਜਿਹੀਆਂ ਥਾਵਾਂ ਹਨ, ਜਿੱਥੇ ਭੂਤ ਖੁੱਲ੍ਹੇਆਮ ਘੁੰਮਦੇ ਦੇਖੇ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਇਹ ਜਗ੍ਹਾ ਛੁੱਟੀਆਂ ਬਿਤਾਉਣ ਲਈ ਮਸ਼ਹੂਰ ਹੋ ਗਈ ਹੈ। ਕਿਉਂਕਿ ਇਹ ਪਿੰਡ ਭੂਤੀਆ ਹੋਣ ਦੀ ਵਜ੍ਹਾ ਨਾਲ, ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਗਿਆ ਹੈ। ਕਿਹਾ ਜਾਂਦਾ ਹੈ ਕਿ 12 ਅਜਿਹੀਆਂ ਥਾਵਾਂ ਹਨ ਜਿੱਥੇ ਲੋਕਾਂ ਨੇ ਕਈ ਭੂਤ ਵੇਖੇ ਹਨ। ਇੰਨਾ ਹੀ ਨਹੀਂ, ਜੇਕਰ ਤਹਾਨੂੰ ਤੁਰੇ ਜਾਂਦਿਆਂ ਨੂੰ ਪਿੱਛਿਓਂ ਕੋਈ ਆਵਾਜ਼ ਮਾਰਦਾ ਹੈ ਤਾਂ ਜ਼ਰੂਰੀ ਨਹੀਂ ਕਿ ਉਹ ਇਨਸਾਨ ਹੀ ਹੋਵੇ, ਹੋ ਸਕਦਾ ਹੈ ਕਿ ਕੋਈ ਆਤਮਾ ਤੁਹਾਨੂੰ ਪਿੱਛੋਂ ਆਵਾਜ਼ਾਂ ਮਾਰ ਰਹੀ ਹੋਵੇ।

### ਪਿੰਡ ਦੀਆਂ ਹਨ ਵੱਖ-ਵੱਖ ਭੂਤਾਂ ਦੀਆਂ ਕਹਾਣੀਆਂ

ਹਾਲਾਂਕਿ, ਇਹ ਪਿੰਡ ਬਹੁਤ ਸੁੰਦਰ ਹੈ ਅਤੇ ਤੁਹਾਨੂੰ ਇਸ ਪਿੰਡ ਵਿੱਚ ਸਾਰੀਆਂ ਸਹੂਲਤਾਂ ਦੇਖਣ ਨੂੰ ਮਿਲਣਗੀਆਂ। ਇਸ ਵਿੱਚ ਚਰਚ, ਸਕੂਲ, ਰੈਸਟੋਰੈਂਟ ਅਤੇ ਕਈ ਦੁਕਾਨਾਂ ਵੀ ਸ਼ਾਮਲ ਹਨ। ਇਸ ਪਿੰਡ ਦੇ ਸਥਾਨਕ ਲੋਕ ਮੀਡੀਆ ਨੂੰ ਦੱਸਦੇ ਹਨ ਕਿ ਇੱਥੇ ਹਰ ਭੂਤ ਦੀ ਆਪਣੀ ਕਹਾਣੀ ਹੈ। ਕਿਹਾ ਜਾਂਦਾ ਹੈ ਕਿ 18ਵੀਂ ਸਦੀ 'ਚ ਕੁਝ ਲੋਕਾਂ ਨੇ ਇਕ ਵਿਅਕਤੀ ਨੂੰ ਹਾਈਵੇਅ ਹੰਟਿੰਗ 'ਤੇ ਤਲਵਾਰ ਨਾਲ ਵੱਢ ਕੇ ਲਟਕਾ ਦਿੱਤਾ ਸੀ, ਉਦੋਂ ਤੋਂ ਉਸ ਦੀ ਆਤਮਾ ਇੱਥੇ ਭਟਕ ਰਹੀ ਹੈ। ਇਸ ਤੋਂ ਇਲਾਵਾ ਹੋਰ ਵੀ ਭੂਤ ਹਨ ਜਿਨ੍ਹਾਂ ਦੀਆਂ ਵੱਖ-ਵੱਖ ਕਹਾਣੀਆਂ ਹਨ।

### ਇਹ ਹਨ ਕੁਝ ਭੂਤਾਂ ਦੀਆਂ ਕਹਾਣੀਆਂ

ਚੀਕਾਂ ਮਾਰਦਾ ਆਦਮੀ : ਪਲਕਲੇ ਦੇ ਸਭ ਤੋਂ ਮਸ਼ਹੂਰ ਭੂਤਾਂ ਵਿੱਚੋਂ ਇੱਕ ਚੀਕਾਂ ਮਾਰਦਾ ਆਦਮੀ ਹੈ। ਮੰਨਿਆ ਜਾਂਦਾ ਹੈ ਕਿ ਉਹ ਪਿੰਡ ਵਿੱਚ ਇੱਟਾਂ ਬਣਾਉਣ ਵਾਲੀ ਥਾਂ 'ਤੇ ਕੰਮ ਕਰਦਾ ਸੀ ਅਤੇ ਬਦਕਿਸਮਤੀ ਨਾਲ ਡਿੱਗ ਕੇ ਉਸਦੀ ਮੌਤ ਹੋ ਗਈ।

ਹਾਈਵੇਮੈਨ: ਹਾਈਵੇਮੈਨ ਨੂੰ ਵੀ ਤਲਵਾਰ ਨਾਲ ਮਾਰਿਆ ਗਿਆ ਸੀ ਅਤੇ ਉਸ ਨੂੰ ਇੱਕ ਦਰੱਖਤ 'ਤੇ ਲਟਕਾ ਦਿੱਤਾ ਗਿਆ ਸੀ, ਜਿਸ ਨੂੰ ਹੁਣ ਫ੍ਰਾਈਟ ਕਾਰਨਰ ਵਜੋਂ ਜਾਣਿਆ ਜਾਂਦਾ ਹੈ। ਉਹ ਹੁਣ ਸਥਾਨਕ ਲੋਕਾਂ ਅਤੇ ਸੈਲਾਨੀਆਂ ਲਈ ਇੱਕ ਪਰਛਾਵੇਂ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ।

ਬਜ਼ੁਰਗ ਔਰਤ : ਕਈ ਵਾਰ ਬਜ਼ੁਰਗ ਔਰਤ ਦਾ ਭੂਤ ਦੇਖਿਆ ਜਾ ਸਕਦਾ ਹੈ। ਮੰਨਿਆ ਜਾਂਦਾ ਹੈ ਕਿ ਉਸ ਨੇ ਸੌਂਦੇ ਸਮੇਂ ਗਲਤੀ ਨਾਲ ਆਪਣੇ ਆਪ ਨੂੰ ਅੱਗ ਲਗਾ ਲਈ ਸੀ।

### ਘੁੰਮਣ ਆਉਂਦੇ ਹਨ ਲੋਕ

ਇਸ ਪਿੰਡ ਦੇ ਭੂਤਾਂ ਦੀ ਜਾਣਕਾਰੀ ਬਹੁਤੇ ਲੋਕਾਂ ਨੂੰ ਹੈ। ਪਰ ਇਸ ਤੋਂ ਬਾਅਦ ਵੀ ਉਹ ਇੱਥੇ ਛੁੱਟੀਆਂ ਮਨਾਉਣ ਆਉਂਦੇ ਹਨ। ਇਸ ਪਿੰਡ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪਹਿਲੇ ਵਿਸ਼ਵ ਯੁੱਧ ਦੌਰਾਨ ਇਥੇ ਕਈ ਫੌਜੀ ਰਹਿੰਦੇ ਸਨ। ਕਿਹਾ ਜਾਂਦਾ ਹੈ ਕਿ ਇਹ ਫੌਜੀ ਆਪਣੀ ਮੌਤ ਤੋਂ ਬਾਅਦ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਭੂਤ ਬਣ ਕੇ ਇੱਥੇ ਆਏ ਸਨ ਅਤੇ ਫਿਰ ਕਦੇ ਵਾਪਸ ਨਹੀਂ ਪਰਤੇ।

## ਜਸਵੰਤ ਸਿੰਘ ਜ਼ਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਬਣੇ, ਸੰਭਾਲਿਆ ਅਹੁਦਾ

✪ ਕਿਹਾ-ਕਿ ਆਧੁਨਿਕ ਤਕਨੀਕ ਨਾਲ ਮਾਂ ਬੋਲੀ ਨੂੰ ਸਿਖਰਾਂ 'ਤੇ ਪਹੁੰਚਾਵਾਂਗੇ



ਲੁਧਿਆਣਾ-ਬੀਤੇ ਦਿਨੀਂ ਭਾਸ਼ਾ ਵਿਭਾਗ ਪਟਿਆਲਾ ਵਿਖੇ ਲੁਧਿਆਣਾ ਦੇ ਸ਼ਾਇਰ ਜਸਵੰਤ ਸਿੰਘ ਜ਼ਫ਼ਰ ਨੇ ਬਤੌਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵਜੋਂ ਅਹੁਦਾ ਸੰਭਾਲ ਲਿਆ। ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਬਲਬੀਰ ਕੌਰ ਵੀ ਉਨ੍ਹਾਂ ਦੇ ਨਾਲ ਸਨ। ਅਹੁਦਾ ਸੰਭਾਲਣ ਪਿੱਛੋਂ ਸੰਬੋਧਨ ਕਰਦੇ ਹੋਏ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਭਾਸ਼ਾ ਵਿਭਾਗ ਸਾਹਿਤ ਦੇ ਪ੍ਰਸਾਰ ਲਈ ਦ੍ਰਿੜ ਨਿਸ਼ਚੇ ਨਾਲ ਕੰਮ ਕਰਨ ਦੇ ਨਾਲ ਆਧੁਨਿਕ ਤਕਨਾਲੋਜੀ ਦੀ ਭਰਪੂਰ ਵਰਤੋਂ ਕਰਦੇ ਹੋਏ ਮਾਤ ਭਾਸ਼ਾ ਪੰਜਾਬੀ ਨੂੰ ਬੁਲੰਦੀਆਂ ਵੱਲ ਲੈ ਕੇ ਜਾਵੇਗਾ।

## ਅਕਾਲੀ ਦਲ ਵਿਚ ਬਾਗੀਆਂ ਖਿਲਾਫ ਫਤਿਹਗੜ੍ਹ ਸਾਹਿਬ ਦੇ ਅਕਾਲੀਆਂ ਵਿਚ ਤਿੱਖਾ ਰੋਸ

✪ ਪਾਸ ਕੀਤਾ ਗਿਆ ਮਤਾ, ਬਾਗੀਆਂ ਨੂੰ ਪਾਰਟੀ 'ਚੋਂ ਕੱਢੋ

ਫ਼ਤਹਿਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ ਦਾ ਅੰਦਰੂਨੀ ਕਲੇਸ਼ ਵਧਦਾ ਜਾ ਰਿਹਾ ਹੈ। ਹੁਣ ਫ਼ਤਹਿਗੜ੍ਹ ਸਾਹਿਬ ਵਿੱਚ ਜ਼ਿਲ੍ਹਾ ਜਥੇਬੰਦੀ ਨੇ ਮੀਟਿੰਗ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਤੋਂ ਮੰਗ ਕੀਤੀ ਹੈ ਕਿ ਬਾਗੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ। ਇਸ ਤੋਂ ਇਲਾਵਾ ਸੁਖਬੀਰ ਬਾਦਲ ਦੇ ਸਮਰਥਨ ਵਿਚ ਪ੍ਰਸਤਾਵ ਵੀ ਪਾਸ ਕੀਤਾ ਗਿਆ। ਅਕਾਲੀ ਦਲ ਵਿੱਚ ਆਪਸੀ ਖਿਹਬਾਜ਼ੀ ਕਾਰਨ ਦੋਵੇਂ ਧੜੇ ਦਿਨੋਂ ਦਿਨ ਇੱਕ ਦੂਜੇ ਖ਼ਿਲਾਫ਼ ਮੀਟਿੰਗਾਂ ਕਰ ਰਹੇ ਹਨ। ਫ਼ਤਹਿਗੜ੍ਹ ਸਾਹਿਬ ਵਿਖੇ ਯੂਥ ਵਿੰਗ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਇਕਾਈ ਦੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਅਤੇ ਐਲਾਨ ਕੀਤਾ ਕਿ ਉਹ ਸੁਖਬੀਰ ਬਾਦਲ ਦੇ ਨਾਲ ਹਨ। ਝਿੰਜਰ ਨੇ ਦੱਸਿਆ ਕਿ ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇੱਕ ਮਤਾ ਪਾਸ ਕਰਕੇ ਪਾਰਟੀ ਪ੍ਰਧਾਨ ਤੋਂ ਮੰਗ ਕੀਤੀ ਗਈ ਹੈ ਕਿ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਬਾਹਰ ਕੱਢਿਆ ਜਾਵੇ ਅਤੇ ਕਦੇ ਵੀ ਮੁੜ ਅਕਾਲੀ ਦਲ ਵਿੱਚ ਸ਼ਾਮਲ ਨਾ ਕੀਤਾ ਜਾਵੇ।

ਚੰਦੂਮਾਜਰਾ ਦੇ ਕਰੀਬੀ ਗੈਰ ਹਾਜ਼ਰ ਰਹੇ-ਫਤਹਿਗੜ੍ਹ ਸਾਹਿਬ ਵਿੱਚ ਅਕਾਲੀ ਦਲ ਅੰਦਰਲੀ ਅੰਦਰੂਨੀ ਫੁੱਟ ਨੇ ਪਾਰਟੀ ਨੂੰ ਕਾਫੀ ਪਹਿਲਾਂ ਤੋਂ ਕਮਜ਼ੋਰ ਕਰ ਦਿੱਤਾ ਹੈ। ਪੰਥਕ ਹਲਕਾ ਕਿਸੇ ਸਮੇਂ ਅਕਾਲੀ ਦਲ ਦਾ ਗੜ੍ਹ ਸੀ ਅਤੇ ਅੱਜ ਉਨ੍ਹਾਂ ਲਈ ਪਾਰਟੀ ਨੂੰ ਆਪਣੇ ਹੀ ਲੋਕਾਂ ਤੋਂ ਬਚਾਉਣਾ ਵੱਡੀ ਚੁਣੌਤੀ ਬਣ ਗਿਆ ਹੈ। ਸੁਖਬੀਰ ਬਾਦਲ ਦੀ ਹਮਾਇਤ ਵਿੱਚ ਹੋਈ ਮੀਟਿੰਗ ਵਿੱਚੋਂ ਜ਼ਿਲ੍ਹੇ ਦੇ ਕਈ ਅਕਾਲੀ ਆਗੂ ਵੀ ਗਾਇਬ ਰਹੇ। ਇਨ੍ਹਾਂ ਵਿੱਚੋਂ ਕਈ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਦੇ ਕਰੀਬੀ ਹਨ।

ਵਿਸ਼ੇਸ਼ ਰਿਪੋਟ

# ਭਾਰਤ ਵਿਚ ਘੱਟ ਗਿਣਤੀਆਂ ਖਿਲਾਫ ਨਫਰਤੀ ਭਾਸ਼ਣ, ਹਿੰਸਾ ਤੇ ਅਨਿਆਂ, ਚਿੰਤਾਜਨਕ-ਅਮਰੀਕਾ ਵਲੋਂ ਸਖਤ ਟਿੱਪਣੀਆਂ

○ ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਨੂੰ ਘੱਟ ਗਿਣਤੀਆਂ ਵਿਰੁੱਧ ਨਫਰਤ ਫੈਲਾਉਣ ਦਾ ਦੋਸ਼ੀ ਠਹਿਰਾਇਆ ○ ਰਿਪੋਰਟ ਵਿੱਚ ਮਣੀਪੁਰ ਹਿੰਸਾ ਅਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਜ਼ਿਕਰ ○ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਵਲੋਂ ਭਾਰਤ ਨੂੰ "ਵਿਸ਼ੇਸ਼ ਚਿੰਤਾ ਦਾ ਦੇਸ਼" ਵਜੋਂ ਨਾਮਜ਼ਦ ਕਰਨ ਦੀ ਮੰਗ ○ ਭਾਰਤ ਵਿਚ ਵੀ ਅਜਿਹਾ ਫਾਸ਼ੀਵਾਦ ਹਿੰਦੂ ਰਾਸ਼ਟਰਵਾਦ ਦੇ ਰੂਪ ਵਿਚ ਵਧਿਆ

ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਤੇ ਘੱਟਗਿਣਤੀਆਂ ਪ੍ਰਤੀ ਅਨਿਆਂ ਕਾਰਣ ਭਾਰਤ ਅਮਰੀਕਾ ਦੇ ਨਿਸ਼ਾਨੇ ਉਪਰ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਭਾਰਤ ਵਿਚ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ, ਨਫ਼ਰਤੀ ਭਾਸ਼ਣਾਂ ਅਤੇ ਘੱਟਗਿਣਤੀ ਭਾਈਚਾਰਿਆਂ ਦੀਆਂ ਪੂਜਣਯੋਗ ਥਾਵਾਂ ਤੇ ਘਰਾਂ ਨੂੰ ਢਾਹੁਣ ਦੀਆਂ ਘਟਨਾਵਾਂ ਵਿਚ 'ਚਿੰਤਾਜਨਕ ਵਾਧੇ' ਉੱਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੀਨੀਅਰ ਅਮਰੀਕੀ ਅਧਿਕਾਰੀ 2023 ਵਿਚ ਭਾਰਤ ਸਰਕਾਰ ਅਤੇ ਇਸਦੇ ਮੰਤਰੀਆਂ ਦੀਆਂ ਫਿਰਕੂ ਨੀਤੀਆਂ, ਆਜ਼ਾਦੀ ਤੇ ਧਾਰਮਿਕ ਮੁੱਦਿਆਂ 'ਤੇ ਚਿੰਤਾਵਾਂ ਪ੍ਰਗਟਾਉਂਦੇ ਰਹੇ ਹਨ। ਰਿਪੋਰਟ ਮੁਤਾਬਕ ਸਾਲ 2023 ਵਿਚ ਵੀ ਭਾਰਤ 'ਵਿਚ ਧਾਰਮਿਕ ਆਜ਼ਾਦੀ ਦੇ ਹਾਲਾਤ ਖਰਾਬ ਰਹੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਪੱਖਪਾਤੀ ਰਾਸ਼ਟਰਵਾਦੀ ਨੀਤੀਆਂ ਨੂੰ ਅੱਗੇ ਵਧਾਇਆ ਹੈ, ਜਿਸ ਨਾਲ ਸਮਾਜ ਵਿੱਚ ਨਫ਼ਰਤ ਵਧੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਮੁਸਲਮਾਨਾਂ, ਈਸਾਈਆਂ, ਸਿੱਖਾਂ, ਦਲਿਤਾਂ, ਯਹੂਦੀਆਂ ਅਤੇ ਆਦਿਵਾਸੀਆਂ ਵਿਰੁੱਧ ਫਿਰਕੂ ਹਿੰਸਾ ਨਾਲ ਨਜਿੱਠਣ ਵਿਚ ਅਸਫ਼ਲ ਰਹੀ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚ ਯੂਏਪੀਏ, ਐਫਸੀਆਰਏ, ਸੀਏਏ, ਧਰਮ ਪਰਿਵਰਤਨ ਅਤੇ ਗਊ ਹੱਤਿਆ ਵਿਰੋਧੀ ਕਾਨੂੰਨਾਂ ਕਾਰਨ ਧਾਰਮਿਕ ਘੱਟ ਗਿਣਤੀਆਂ ਅਤੇ ਉਨ੍ਹਾਂ ਦੇ ਵਕੀਲਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਾਲਾਂਕਿ, ਭਾਰਤ ਵਿੱਚ ਆਮ ਚੋਣਾਂ 2024 ਦੌਰਾਨ ਨਰਿੰਦਰ ਮੋਦੀ ਦੇ ਭਾਸ਼ਣ ਵਿਵਾਦਾਂ ਵਿੱਚ ਰਹੇ ਹਨ। ਮੋਦੀ ਨੇ ਆਪਣੇ ਚੋਣ ਭਾਸ਼ਣਾਂ ਵਿਚ ਸਿੱਧੇ ਤੌਰ 'ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਸੀ।

ਮੋਦੀ ਨੇ ਮੁਸਲਮਾਨਾਂ ਨੂੰ ਘੁਸਪੈਠੀਏ ਕਿਹਾ ਸੀ ਜੋ ਬਹੁਤ ਸਾਰੇ ਬੱਚੇ ਪੈਦਾ ਕਰਦਾ ਹੈ। ਹਿੰਦੂਆਂ ਨੂੰ ਮੁਸਲਮਾਨਾਂ ਦਾ ਡਰ ਦਿਖਾਉਂਦੇ ਹੋਏ ਹਿੰਦੂ ਔਰਤਾਂ ਦੇ ਮੰਗਲਸੂਤਰ ਤੋਂ ਲੈ ਕੇ ਹਿੰਦੂਆਂ ਦੀਆਂ ਮੱਝਾਂ ਤੱਕ ਹਰ ਚੀਜ਼ ਨੂੰ ਮੁਸਲਮਾਨਾਂ ਤੋਂ ਖਤਰਾ ਦੱਸਿਆ ਗਿਆ ਸੀ। ਭਾਰਤ ਦੇ ਚੋਣ ਕਮਿਸ਼ਨ ਨੇ ਮੋਦੀ ਦੇ ਭਾਸ਼ਣਾਂ ਦਾ ਕੋਈ ਸਿੱਧਾ ਨੋਟਿਸ ਨਹੀਂ ਲਿਆ। ਇੱਥੋਂ ਤੱਕ ਕਿ ਭਾਰਤ ਦੀਆਂ ਅਦਾਲਤਾਂ ਵੀ ਚੁੱਪ ਰਹੀਆਂ, ਜਦੋਂ ਕਿ ਭਾਰਤੀ ਅਦਾਲਤਾਂ ਨੇ ਨਫ਼ਰਤ ਭਰੇ ਭਾਸ਼ਣ ਵਿਰੁੱਧ ਹੁਕਮ ਜਾਰੀ ਕੀਤੇ ਸਨ।

ਕੌਮਾਂਤਰੀ ਧਾਰਮਿਕ ਆਜ਼ਾਦੀ 'ਤੇ ਅਮਰੀਕੀ ਵਿਦੇਸ਼ ਮੰਤਰਾਲੇ ਦੀ ਰਿਪੋਰਟ (2023) ਉੱਤੇ ਟਿੱਪਣੀ ਕਰਦਿਆਂ ਬਲਿੰਕਨ ਨੇ ਕਿਹਾ ਕਿ ਭਾਰਤ ਵਿੱਚ ਇਸਾਈ ਸਮੂਹਾਂ ਨੇ ਭੀੜਾਂ ਵੱਲੋਂ ਹਮਲੇ ਕਰਨ ਬਾਰੇ ਦੱਸਿਆ ਹੈ, 'ਧਰਮ ਪਰਿਵਰਤਨ' ਦੇ ਦੋਸ਼ਾਂ ਤਹਿਤ ਇਹ ਹਮਲੇ ਕਥਿਤ ਤੌਰ 'ਤੇ ਪੁਲੀਸ ਨਾਲ ਰਲ ਕੇ ਕੀਤੇ ਗਏ ਹਨ।

ਭਾਰਤ ਨੇ ਹਮੇਸ਼ਾ ਹੀ ਅਮਰੀਕਾ ਵਿੱਚ ਧਾਰਮਿਕ ਆਜ਼ਾਦੀ ਬਾਰੇ ਰਿਪੋਰਟਾਂ ਨੂੰ ਰੱਦ



ਕੀਤਾ ਹੈ। ਉਸਨੇ ਇਸਨੂੰ ਕਦੇ ਸਵੀਕਾਰ ਨਹੀਂ ਕੀਤਾ। ਭਾਰਤ ਦਾ ਕਹਿਣਾ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਦੀਆਂ ਸਾਲਾਨਾ ਮਨੁੱਖੀ ਅਧਿਕਾਰ ਰਿਪੋਰਟਾਂ "ਗਲਤ ਜਾਣਕਾਰੀ ਤੇ ਗਲਤ ਸਮਝ" 'ਤੇ ਆਧਾਰਿਤ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਖਤ ਟਿੱਪਣੀ ਕਰਦੇ ਹੋਏ ਕਿਹਾ ਕਿ ਇਹ ਰਿਪੋਟ ਪੱਖਪਾਤੀ ਹੈ ਤੇ ਵੋਟ ਬੈਂਕ ਦੀਆਂ ਭਾਵਨਾਵਾਂ ਨੂੰ ਦਰਸਾਉਂਦੀ ਹੈ। ਅਸੀਂ 2023 ਲਈ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 'ਤੇ ਅਮਰੀਕੀ ਵਿਦੇਸ਼ ਵਿਭਾਗ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਨੂੰ ਨੋਟ ਕੀਤਾ ਹੈ। ਪਹਿਲਾਂ ਵਾਂਗ, ਇਹ ਰਿਪੋਰਟ ਵੀ ਪੂਰੀ ਤਰ੍ਹਾਂ ਪੱਖਪਾਤੀ ਹੈ, ਭਾਰਤ ਦੇ ਸਮਾਜਿਕ ਤਾਣੇ-ਬਾਣੇ ਦੀ ਸਮਝ ਦੀ ਘਾਟ ਹੈ।

ਹਾਲਾਂਕਿ, ਵਿਦੇਸ਼ੀ ਮੀਡੀਆ ਸਮੇਂ-ਸਮੇਂ 'ਤੇ ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰਾਂ ਬਾਰੇ ਰਿਪੋਰਟਾਂ ਜਾਰੀ ਕਰਦਾ ਹੈ। ਪਰ ਭਾਰਤ ਸਰਕਾਰ ਇਨ੍ਹਾਂ ਰਿਪੋਰਟਾਂ ਦਾ ਦਲੀਲਾਂ ਤੇ ਸਬੂਤਾਂ ਨਾਲ ਖੰਡਨ ਨਹੀਂ ਕਰ ਸਕੀ। ਇੱਥੋਂ ਤੱਕ ਕਿ ਜਦੋਂ ਮਨੀਪੁਰ ਵਿੱਚ ਜਾਤੀ ਹਿੰਸਾ ਦੌਰਾਨ 300 ਤੋਂ ਵੱਧ ਈਸਾਈ ਚਰਚਾਂ ਨੂੰ ਸਾੜ ਦਿੱਤਾ ਗਿਆ ਜਾਂ ਢਾਹ ਦਿੱਤਾ ਗਿਆ ਸੀ, ਸਰਕਾਰ ਇਸ ਰਿਪੋਰਟ ਦਾ ਖੰਡਨ ਨਹੀਂ ਕਰ ਸਕੀ।

ਪ੍ਰਧਾਨ ਮੰਤਰੀ ਮੋਦੀ ਨੇ ਧਾਰਮਿਕ ਭਾਈਚਾਰਿਆਂ ਲਈ ਵੱਖਰੇ ਨਿੱਜੀ ਕਾਨੂੰਨਾਂ ਦੀ ਬਜਾਏ ਰਾਸ਼ਟਰੀ ਪੱਧਰ 'ਤੇ ਯੂਨੀਫਾਰਮ ਸਿਵਲ ਕੋਡ (ਯੂਸੀਸੀ) ਨੂੰ ਲਾਗੂ ਕਰਨ ਦਾ ਸੱਦਾ ਦਿੱਤਾ ਸੀ। ਇਸ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੁਸਲਿਮ, ਸਿੱਖ, ਈਸਾਈ ਅਤੇ ਕਬਾਇਲੀ ਨੇਤਾਵਾਂ ਅਤੇ ਰਾਜ ਸਰਕਾਰ ਦੇ ਕੁਝ ਅਧਿਕਾਰੀਆਂ ਨੇ ਇਸ ਆਧਾਰ 'ਤੇ ਮੋਦੀ ਸਰਕਾਰ ਦਾ ਵਿਰੋਧ ਕੀਤਾ ਕਿ ਇਹ ਦੇਸ਼ ਨੂੰ "ਹਿੰਦੂ ਰਾਸ਼ਟਰ" ਵਿੱਚ ਬਦਲਣ ਦੇ ਇੱਕ ਪ੍ਰੋਜੈਕਟ ਦਾ ਹਿੱਸਾ ਸੀ।

ਇਸ ਵਾਰ ਅਮਰੀਕੀ ਮਨੁੱਖੀ ਅਧਿਕਾਰ ਸਮੂਹ ਦੀ ਰਿਪੋਰਟ ਹੋਰ ਵੀ ਚਿੰਤਾਜਨਕ ਹੈ। ਇਸ ਸਾਲ ਦੀ ਰਿਪੋਰਟ ਵਿੱਚ, ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਈਸਾਈਆਂ ਤੇ ਮੁਸਲਮਾਨਾਂ ਨੂੰ ਜਬਰੀ ਧਰਮ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨਾਂ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

ਇੰਡੀਅਨ ਅਮਰੀਕਨ ਮੁਸਲਿਮ ਕੌਂਸਲ (ਆਈਏਐਮਸੀ) ਨੇ ਇਸ ਅਮਰੀਕੀ ਰਿਪੋਰਟ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਧਾਰਮਿਕ ਘੱਟਗਿਣਤੀ ਸਮੂਹਾਂ ਦੇ ਮੈਂਬਰਾਂ ਨੂੰ ਝੂਠੇ ਅਤੇ ਮਨਘੜਤ ਦੋਸ਼ਾਂ 'ਤੇ ਪ੍ਰੇਸ਼ਾਨ ਕੀਤਾ ਗਿਆ ਸੀ ਇਹੀ ਨਤੀਜੇ ਇੱਕ ਰਿਪੋਰਟ ਵਿੱਚ ਪੇਸ਼ ਕੀਤੇ ਗਏ ਹਨ ਜਿਸ ਵਿੱਚ ਅਮਰੀਕਾ ਨੂੰ ਭਾਰਤ ਨੂੰ "ਵਿਸ਼ੇਸ਼ ਚਿੰਤਾ ਦਾ ਦੇਸ਼" ਵਜੋਂ ਨਾਮਜ਼ਦ ਕਰਨ ਦੀ ਮੰਗ ਕੀਤੀ ਗਈ ਹੈ। ਆਈਏਐਮਸੀ ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਇੱਕ ਵਾਰ ਫਿਰ, ਵਿਦੇਸ਼ ਵਿਭਾਗ ਦੀ ਆਪਣੀ ਰਿਪੋਰਟਿੰਗ ਇਹ ਸਪੱਸ਼ਟ ਕਰਦੀ ਹੈ ਕਿ ਭਾਰਤ ਸੀਪੀਸੀ ਵਿੱਚ ਸ਼ਾਮਲ ਕਰਨ ਲਈ ਯੋਗ ਹੈ। ਅਮਰੀਕਾ ਵਲੋਂ ਇਹ ਤਿੱਖੀ ਆਲੋਚਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਐੱਨਡੀਏ ਸਰਕਾਰ ਵੱਲੋਂ ਤੀਜਾ ਕਾਰਜਕਾਲ ਸ਼ੁਰੂ ਕਰਨ ਤੋਂ ਕੁਝ ਹਫ਼ਤੇ ਬਾਅਦ ਸਾਹਮਣੇ ਆਈ ਹੈ। ਇਸ ਦਾ ਪਰਛਾਵਾਂ ਭਾਰਤ-ਅਮਰੀਕਾ ਦੇ ਰਿਸ਼ਤਿਆਂ ਉੱਤੇ ਪੈਣ ਦਾ ਖ਼ਦਸ਼ਾ ਹੈ ਜਿਹੜੇ ਹਾਲ ਦੇ ਸਾਲਾਂ ਵਿੱਚ ਰਣਨੀਤਕ ਤੇ ਰੱਖਿਆ ਖੇਤਰਾਂ ਵਿੱਚ ਕਾਫ਼ੀ ਤੇਜ਼ੀ ਨਾਲ ਅੱਗੇ ਵਧੇ ਹਨ।

ਦੋ ਸਾਲ ਪਹਿਲਾਂ ਵੀ ਕੌਮਾਂਤਰੀ ਧਾਰਮਿਕ ਸੁਤੰਤਰਤਾ 'ਤੇ 2021 ਦੀ ਰਿਪੋਰਟ ਰਿਲੀਜ਼ ਕਰਨ ਮੌਕੇ ਆਪਣੀਆਂ ਟਿੱਪਣੀਆਂ ਵਿੱਚ ਬਲਿੰਕਨ ਨੇ ਭਾਰਤ ਦਾ ਜ਼ਿਕਰ ਕੀਤਾ ਸੀ ਤੇ ਦੇਸ਼ ਵਿੱਚ ਲੋਕਾਂ ਤੇ ਇਬਾਦਤ ਵਾਲੀਆਂ ਥਾਵਾਂ 'ਤੇ ਵਧੇ ਹਮਲਿਆਂ 'ਤੇ ਚਿੰਤਾ ਜ਼ਾਹਿਰ ਕੀਤੀ ਸੀ। ਭਾਰਤ ਸਰਕਾਰ ਨੂੰ ਘੱਟਗਿਣਤੀ ਮੋਰਚੇ 'ਤੇ ਸਥਿਤੀ ਵਿਚ ਸੁਧਾਰ ਦੀ ਲੋੜ ਹੈ।ਅਮਰੀਕਾ ਨੂੰ ਨਾਰਾਜ਼ ਕਰਨਾ ਭਾਰਤ ਲਈ ਮਹਿੰਗਾ ਪੈ ਸਕਦਾ ਹੈ, ਕਿਉਂਕਿ ਚੀਨ ਭਾਰਤ ਨਾਲ ਲਗਾਤਾਰ ਸਰਹੱਦੀ ਛੇੜਖਾਨੀਆਂ ਕਰ ਰਿਹਾ ਹੈ। ਖ਼ਾਸ ਕਰ ਕੇ ਉਦੋਂ ਜਦੋਂ ਗੁਰਪਤਵੰਤ ਸਿੰਘ ਪੰਨੂ ਕੇਸ ਪਹਿਲਾਂ ਹੀ ਦੁਵੱਲੇ ਰਿਸ਼ਤਿਆਂ ਦੀ ਮਜ਼ਬੂਤੀ ਅਗੇ ਅੜਿਕਾ ਬਣਿਆ ਹੋਇਆ ਹੈ। ਉਂਝ, ਪਿਛਲੇ ਸਮੇਂ ਦੌਰਾਨ ਜਿਹੜੀ ਹਕੀਕਤ ਉਭਰੀ ਹੈ, ਉਹ ਇਹੀ ਹੈ ਕਿ ਕਈ ਮੁਲਕਾਂ ਵਿਚ ਸੱਜੇ ਪੱਖੀ ਸਿਆਸਤ ਮੁਕਾਬਲਤਨ ਵਧ-ਫੁੱਲ ਰਹੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ ਪਰ ਇੱਕ ਵੱਡਾ ਕਾਰਨ ਸਿਆਸਤ ਵਿੱਚ ਕਾਰਪੋਰੇਟਾਂ ਦਾ ਵਧ ਰਿਹਾ ਦਖ਼ਲ ਹੈ। ਕਾਰਪੋਰੇਟੀ ਨੀਤੀਆਂ ਕਾਰਨ ਆਰਥਿਕ ਪਾੜਾ ਵਧ ਰਿਹਾ ਹੈ ਅਤੇ ਇਸ ਦੇ ਨਾਲ-ਨਾਲ ਵੱਖ-ਵੱਖ ਸਮਾਜਾਂ ਦੇ ਧਾਰਮਿਕ ਅਤੇ ਹੋਰ ਅਜਿਹੇ ਪੱਖਾਂ 'ਤੇ ਵੀ ਅਸਰ ਪੈ ਰਿਹਾ ਹੈ। ਭਾਰਤ ਵਿਚ ਵੀ ਅਜਿਹਾ ਫਾਸ਼ੀਵਾਦ ਹਿੰਦੂ ਰਾਸ਼ਟਰਵਾਦ ਦੇ ਰੂਪ ਵਿਚ ਵਧ ਰਿਹਾ ਹੈ। ਇਸ ਰਿਪੋਰਟ ਵਿੱਚ ਦੁਨੀਆ ਦੇ ਲਗਭਗ 200 ਦੇਸ਼ਾਂ ਵਿਚ ਧਾਰਮਿਕ ਸਥਿਤੀ ਦਾ ਸਰਵੇ ਹੈ।

## ਕੈਨੇਡਾ ਵਿਚ ਕਤਲ ਹਰਦੀਪ ਨਿੱਝਰ ਬਾਰੇ ਭਾਰਤੀ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਵੱਲੋਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲਿਆਂ ਵਿੱਚ ਵੀ ਵਾਧਾ ਹੋਇਆ ਹੈ। ਇਸਦੇ ਮੁਤਾਬਕ ਸਤੰਬਰ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਇਲਜ਼ਾਮ ਲਾਇਆ ਸੀ। ਇਸ ਤੋਂ ਬਾਅਦ ਨਵੰਬਰ ਮਹੀਨੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ ਸੀ।

ਕਸ਼ਮੀਰ ਵਿੱਚ ਧਾਰਾ 370 ਹਟਾਉਣ ਤੇ ਕਸ਼ਮੀਰੀਆਂ ਉਪਰ ਜ਼ੁਲਮ ਦੀ ਨਿਖੇਧੀ-ਸਾਲ 2019 ਵਿੱਚ, ਕੇਂਦਰ ਦੀ ਭਾਜਪਾ ਸਰਕਾਰ ਨੇ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਹਟਾ ਦਿੱਤਾ ਸੀ, ਜਿਸ ਨਾਲ ਰਾਜ ਨੂੰ ਕੁਝ ਵਿਸ਼ੇਸ਼ ਅਧਿਕਾਰ ਮਿਲੇ ਸਨ। ਇਸ ਦੇ ਨਾਲ ਹੀ, ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ। ਇਸ ਬਾਰੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਕਸ਼ਮੀਰੀ ਪੱਤਰਕਾਰਾਂ, ਧਾਰਮਿਕ ਆਗੂਆਂ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲਾਂ ਨੂੰ ਨਜ਼ਰਬੰਦ ਕਰਦੀ ਰਹੀ ਹੈ। ਰਿਪੋਰਟ ਵਿੱਚ ਇਰਫਾਨ ਮਹਿਰਾਜ ਦੀ ਗ੍ਰਿਫ਼ਤਾਰੀ ਦਾ ਵੀ ਜ਼ਿਕਰ ਹੈ। ਰਿਪੋਰਟ ਮੁਤਾਬਕ ਉਸ ਨੂੰ ਮਾਰਚ ਮਹੀਨੇ ਵਿੱਚ ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ 'ਤੇ ਰਿਪੋਰਟ ਕਰਨ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

## ਨਿਊਜ਼ ਕਲਿੱਕ ਵਾਲੀ ਘਟਨਾ ਦਾ ਵੀ ਰਿਪੋਟ ਵਿਚ ਜ਼ਿਕਰ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਧਾਰਮਿਕ ਘੱਟ ਗਿਣਤੀਆਂ ਬਾਰੇ ਗੱਲ ਕਰਨ ਵਾਲੇ ਸਾਰੇ ਨਿਊਜ਼ ਆਊਟਲੈਟਸ ਜਾਂ ਐਨਜੀਓਜ਼ ਉੱਤੇ ਐਫਸੀਆਰਏ ਦੇ ਤਹਿਤ ਸਖ਼ਤ ਨਜ਼ਰ ਰੱਖੀ ਗਈ ਹੈ। ਇਸ ਵਿੱਚ ਫਰਵਰੀ 2023 ਵਿੱਚ ਸੈਂਟਰ ਫਾਰ ਪਾਲਿਸੀ ਰਿਸਰਚ ਨਾਮਕ ਇੱਕ ਐਨਜੀਓ ਦੇ ਐਫਸੀਆਰਏ ਲਾਇਸੈਂਸ ਨੂੰ ਰੱਦ ਕਰਨ ਦਾ ਜ਼ਿਕਰ ਹੈ। ਰਿਪੋਰਟ ਮੁਤਾਬਕ ਇਹ ਐਨਜੀਓ ਸਮਾਜਿਕ, ਧਾਰਮਿਕ ਅਤੇ ਜਾਤੀ ਪੱਧਰ 'ਤੇ ਹੋ ਰਹੇ ਵਿਤਕਰੇ ਬਾਰੇ ਰਿਪੋਰਟ ਕਰਨ ਦਾ ਕੰਮ ਕਰਦੇ ਹਨ ਪਰ ਗ੍ਰਹਿ ਮੰਤਰਾਲੇ ਨੇ ਇਸ ਦਾ ਐਫਸੀਆਰਏ ਲਾਇਸੈਂਸ ਰੱਦ ਕਰ ਦਿੱਤਾ। ਇਸ ਵਿੱਚ ਕਿਹਾ ਗਿਆ ਹੈ, 'ਇਸੇ ਤਰ੍ਹਾਂ, ਅਧਿਕਾਰੀਆਂ ਨੇ ਨਿਊਜ਼ਕਲਿਕ ਪੱਤਰਕਾਰਾਂ ਦੇ ਘਰਾਂ ਅਤੇ ਦਫਤਰਾਂ 'ਤੇ ਛਾਪੇਮਾਰੀ ਕੀਤੀ। ਇਸ ਵਿੱਚ ਤੀਸਤਾ ਸੇਤਲਵਾੜ ਵੀ ਸ਼ਾਮਲ ਹੈ, ਜਿਸ ਨੇ 2002 ਦੇ ਗੁਜਰਾਤ ਦੰਗਿਆਂ ਦੌਰਾਨ ਮੁਸਲਿਮ ਵਿਰੋਧੀ ਹਿੰਸਾ ਬਾਰੇ ਰਿਪੋਰਟ ਕੀਤੀ ਸੀ।'

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**548. ਅਸਲ ਪਾਰਖੂ ਕੌਣ ਹੈ? ਸਿਆਣਾ ਵੈਦ ਕੌਣ ਹੈ?**

ਹੇ ਨਾਨਕ ! (ਦੂਜਿਆਂ ਨੂੰ ਪਰਖਣ ਦੀ ਥਾਂ) ਜੇ ਮਨੁੱਖ ਆਪਣੇ ਆਪ ਨੂੰ ਪਰਖੇ, ਤਾਂ ਉਸ ਨੂੰ ਪਾਰਖੂ ਸਮਝੋ । ਜਿਹੜਾ ਰੋਗ (ਹਉਮੈ) ਤੇ ਦਵਾ (ਪ੍ਰਭੂ ਨਾਮ) ਦੋਨੋਂ ਬੁੱਝ ਲਏ ਉਸ ਨੂੰ ਸਿਆਣਾ ਹਕੀਮ ਜਾਣੋ । (ਇਹੋ ਜਿਹਾ ਵੈਦ) ਜ਼ਿੰਦਗੀ ਦੇ ਸਫਰ ਵਿਚ (ਹੋਰਨਾਂ ਨਾਲ਼) ਝਗੜਾ ਨਹੀਂ ਕਰਦਾ, ਉਹ ਆਪਣੇ ਆਪ ਨੂੰ ਜਗਤ ਵਿਚ ਮੁਸਾਫ਼ਿਰ ਜਾਣਦਾ ਹੈ। ਆਪਣੇ ਅਸਲੇ (ਪ੍ਰਭੂ) ਨੂੰ ਜਾਣ ਕੇ, ਗੱਲਾਂ ਕਰਦਾ ਹੈ ਤੇ ਆਪਣਾ ਸਮਾਂ ਸਤ-ਸੰਗੀਆਂ ਨਾਲ਼ ਗੁਜ਼ਾਰਦਾ ਹੈ । ਅਜਿਹਾ ਮਨੁੱਖ ਲੱਬ (ਖਾਣ ਦੇ ਲੋਭ) 'ਚ ਨਹੀਂ ਫਸਦਾ, ਸੱਚੇ ਨਾਮ ਵਿਚ ਟਿਕਿਆ ਰਹਿੰਦਾ ਹੈ ਤੇ ਪ੍ਰਭੂ ਮਿਲਾਪ ਲਈ ਹੋਰਨਾਂ ਦਾ ਪਰਮਾਣੀਕ ਵਿਚੋਲਾ ਬਣ ਜਾਂਦਾ ਹੈ । (ਪਰ ਜੇ ਆਪ ਹੋਵੇ ਮਨਮੁਖ ਤੇ ਅੜੇ ਗੁਰਮੁਖਾਂ ਨਾਲ, ਉਹ ਇਉਂ ਹੀ ਹੈ ਜਿਵੇਂ ਕੋਈ ਆਕਾਸ਼ ਨੂੰ ਤੀਰ ਮਾਰੇ); ਜੇ ਕੋਈ ਆਕਾਸ਼ ਵਲ ਤੀਰ ਚਲਾਵੇ ਤਾਂ ਉਸ ਦਾ ਤੀਰ ਉੱਥੇ ਕਿਵੇਂ ਅੱਪੜੇ ? ਉਹ ਆਕਾਸ਼ ਤਾਂ ਅੱਗੋਂ ਅਪਹੁੰਚ ਹੈ, ਸਗੋਂ ਤੀਰ ਚਲਾਣ ਵਾਲ਼ਾ ਹੀ ਵਿੰਨ੍ਹਿਆ ਜਾਂਦਾ ਹੈ ।2। "ਮਹਲਾ 2 ॥ ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ ਵਾਟ ਨ ਕਰਈ ਮਾਮਲਾ ਜਾਣੈ ਮਿਹਰਮਾਣੁ ॥ ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥ ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ ਸਰੁ ਸੰਧੈ ਆਗਾਸ ਕਉ ਕਿਉ ਪਹੁਚੈ ਬਾਣੁ ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥2॥ ਅੰਗ 148" ।

**549. ਖਸਮ ਪ੍ਰਭੂ ਪਾਸ ਕਿਹੜੀਆਂ ਜੀਵ ਇਸਤਰੀਆਂ ਸੋਂਹਦੀਆਂ (ਸੋਹਣੀਆਂ ਲੱਗਦੀਆਂ) ਹਨ?**

ਜਿਨ੍ਹਾਂ ਜੀਵ-ਇਸਤ੍ਰੀਆਂ ਦਾ ਪ੍ਰਭੂ-ਪਤੀ ਨਾਲ਼ ਪਿਆਰ ਹੈ, ਉਹ ਇਸ ਪਿਆਰ ਨਾਲ਼ ਸ਼ਿੰਗਾਰੀਆਂ ਹੋਈਆਂ ਹਨ । ਉਹ ਦਿਨ ਰਾਤ (ਪ੍ਰਭੂ-ਪਤੀ ਦੀ) ਭਗਤੀ ਕਰਦੀਆਂ ਹਨ; ਵਰਜਿਆਂ ਵੀ ਭਗਤੀ ਤੋਂ ਰੁਕਦੀਆਂ ਨਹੀਂ । ਸਤਿਗੁਰੂ ਦੇ ਸ਼ਬਦ ਦੀ ਬਰਕਤਿ ਨਾਲ਼ ਸਵਾਰੀਆਂ ਹੋਈਆਂ ਉਹ (ਪ੍ਰਭੂ ਦੇ) ਮਹਿਲਾਂ ਵਿਚ ਵਸਦੀਆਂ ਹਨ । ਅਜਿਹੀਆਂ ਵਿਚਾਰਵਾਨ ਇਸਤ੍ਰੀਆਂ ਸਦਾ-ਥਿਰ ਰਹਿਣ ਵਾਲ਼ੀ ਅਰਦਾਸ ਹੀ ਕਰਦੀਆਂ ਹਨ (ਭਾਵ, ਦੁਨੀਆਂ ਦੇ ਨਾਸਵੰਤ ਪਦਾਰਥ ਨਹੀਂ ਮੰਗਦੀਆਂ, ਸਦਾ-ਕਾਇਮ ਰਹਿਣ ਵਾਲ਼ਾ 'ਪ੍ਰਭੂ ਪਿਆਰ' ਹੀ ਮੰਗਦੀਆਂ ਹਨ) । (ਪ੍ਰਭੂ ਪਤੀ ਦੇ) ਹੁਕਮ ਅਨੁਸਾਰ (ਪ੍ਰਭੂ ਪਤੀ ਤਕ) ਅੱਪੜੀਆਂ ਹੋਈਆਂ ਉਹ ਖਸਮ-ਪ੍ਰਭੂ ਦੇ ਕੋਲ (ਬੈਠੀਆਂ) ਸੋਹਣੀਆਂ ਲੱਗਦੀਆਂ ਹਨ । "ਪਉੜੀ ॥ ਨਾਰੀ ਪੁਰਖੁ ਪਿਆਰੁ ਪ੍ਰੇਮਿ ਸੀਗਾਰੀਆ ॥ ਕਰਨਿ ਭਗਤਿ ਦਿਨੁ ਰਾਤਿ ਨਾ ਰਹਨੀ ਵਾਰੀਆ ॥ ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥ ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ ਅੰਗ 148"।

**550. ਕਿਹਦਾ ਜਨਮ ਵਿਅਰਥ ਜਾਂਦਾ ਹੈ?**

ਜੋ ਮਨੁੱਖ ਅਕਾਲ ਪੁਰਖ ਨੂੰ ਨਹੀਂ ਪਛਾਣਦਾ (ਵਿਚਾਰਦਾ/ਸਿਮਰਦਾ) ਉਸਦਾ ਜਨਮ ਵਿਅਰਥ ਹੈ । ਗੁਰੂ ਦੀ ਕਿਰਪਾ ਨਾਲ਼ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ । ਨਾਨਕ ਵਿਚਾਰ ਕੇ ਆਖਦਾ ਹੈ ਕਿ ਸਮਰੱਥ ਪ੍ਰਭੂ ਸ੍ਰਿਸ਼ਟੀ ਦੇ ਕਰਨ-ਜੋਗ ਹੈ । ਜਿਸ ਕਰਤਾਰ ਨੇ ਸ੍ਰਿਸ਼ਟੀ ਨੂੰ ਆਪਣੀ ਸੱਤਿਆ ਰਾਹੀਂ ਟਿਕਾਇਆ ਹੋਇਆ ਹੈ, ਉਹ ਸ੍ਰਿਸ਼ਟੀ ਉਸਦੇ ਵੱਸ ਵਿਚ ਹੈ (ਉਸ ਦਾ ਧਿਆਨ ਧਰ!) ।2। "ਮਹਲਾ 2 ॥ ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸਿ ਗੁਰਪਰਸਾਦਿ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥2॥ ਅੰਗ 148" ।

**551. ਕੀ ਧੋਤਿਆਂ (ਇਸ਼ਨਾਨ ਕੀਤਿਆਂ) ਗੱਲਤੀਆਂ (ਪਾਪਾਂ) ਦੀ ਮੈਲ਼ ਉਤਰ ਜਾਂਦੀ ਹੈ?**

ਜੀ ਨਹੀਂ! ਗੱਲਤੀਆਂ (ਪਾਪਾਂ) ਦੇ ਕਾਰਨ ਜੀਵ ਜੰਮਦੇ ਹਨ, (ਫਿਰ) ਪਾਪ ਕਰਦੇ ਹਨ ਤੇ (ਅਗਾਂਹ ਭੀ ਇਹਨਾਂ ਕੀਤੇ ਪਾਪਾਂ ਦੇ ਸੰਸਕਾਰਾਂ ਕਰਕੇ) ਪਾਪਾਂ ਵਿਚ ਹੀ ਪ੍ਰਵਿਰਤ ਹੁੰਦੇ ਹਨ । ਇਹ ਪਾਪ ਧੋਤਿਆਂ (ਸਰੀਰਿਕ/ਤੀਰਥ ਇਸ਼ਨਾਨ ਕੀਤਿਆਂ) ਉੱਕਾ ਹੀ ਨਹੀਂ ਉੱਤਰਦੇ ਭਾਵੇਂ ਸੌ ਵਾਰੀ ਧੋਈਏ) । ਹੇ ਨਾਨਕ ! ਜੇ ਪ੍ਰਭੂ ਮਿਹਰ ਕਰੇ (ਤਾਂ ਇਹ ਪਾਪ) ਬਖ਼ਸ਼ੇ ਜਾਂਦੇ ਹਨ, ਨਹੀਂ ਤਾਂ ਜੁੱਤੀਆਂ ਹੀ ਪੈਂਦੀਆਂ ਹਨ ।1। "ਸਲੋਕੁ ਮ: 1 ॥ ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥ ਨਾਨਕ ਬਖਸੇ ਬਖਸੀਅਹਿ ਨਾਹੀ ਤ ਪਾਹੀ ਪਾਹਿ ॥1॥ ਅੰਗ 149" । ਕਿਉਂਕਿ ਪਾਪਾਂ ਦੀ ਮੈਲ਼ ਮਨ ਨੂੰ ਲੱਗਦੀ ਹੈ, ਸਰੀਰ ਨੂੰ ਨਹੀਂ, ਇਸ ਕਰਕੇ ਸਰੀਰ ਨੂੰ ਧੋਣ (ਇਸ਼ਨਾਨ ਕਰਨ ਨਾਲ਼) ਮਨ ਦੀ ਮੈਲ਼ ਨਹੀਂ ਲੱਥਦੀ । ਸਤਿਗੁਰੂ ਅਰਜਨ ਦੇਵ ਜੀ ਦੇ ਰਾਗ ਗਉੜੀ ਤੇ ਸੁਖਮਨੀ ਸਾਹਿਬ 'ਚ ਸੁੰਦਰ ਬਚਨ ਹਨ "ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ॥2॥ ਅੰਗ 199" । ਅਤੇ "ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥ ਅੰਗ 265" । ਜਪੁਜੀ ਸਾਹਿਬ 'ਚ ਸਤਿਗੁਰੂ ਨਾਨਕ ਦੇਵ ਜੀ ਨੇ ਸਾਨੂੰ ਦੱਸਿਆ ਹੈ ਕਿ ਇਸ਼ਨਾਨ ਕਰਨ ਨਾਲ਼ ਮਨ ਦੀ ਪਵਿਤਰਤਾ ਨਹੀਂ ਹੁੰਦੀ ਭਾਵੇਂ ਲੱਖਾਂ ਵਾਰ ਇਸ਼ਨਾਨ ਕਰ ਲਈਏ! "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਅੰਗ 1" । ਹੱਲ ਕੀ ਹੈ? ਪਰਮੇਸ਼ਰ ਦਾ ਨਾਮ ਕਰੋੜਾਂ ਪਾਪਾਂ ਦਾ ਨਾਸ ਕਰਦਾ ਹੈ । ਇਹ ਨਾਮ ਸਾਧ (ਗੁਰੂ) ਦੀ ਸੰਗਤ ਵਿਚ ਪ੍ਰਾਪਤ ਹੁੰਦਾ ਹੈ ਤੇ ਅਜੇਹੇ ਨਾਮ ਨੂੰ ਪਿਆਰ ਨਾਲ਼ ਜਪਣਾ ਚਾਹੀਦਾ ਹੈ। "ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥3॥ ਅੰਗ 264"।

ਬਾਕੀ ਅਗਲੇ ਹਫ਼ਤੇ ਪੜ੍ਹੋ


ਪੰਜਾਬੀ ਸਿੱਖਣ ਲਈ ਕਿਤਾਬਾਂ

ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk


## ਮੈਕਸੀਕੋ-ਚੀਨ ਨੂੰ ਪਛਾੜ ਕੇ ਨੰਬਰ 1 ਬਣਿਆ ਭਾਰਤ! ਵਿਦੇਸ਼ੀ ਭਾਰਤੀਆਂ ਨੇ 2023 ਵਿਚ ਭੇਜੇ 120 ਅਰਬ ਡਾਲਰ

ਭਾਰਤ ਦੇ ਲੋਕ ਦੁਨੀਆ ਦੇ ਹਰ ਕੋਨੇ ਵਿਚ ਰਹਿੰਦੇ ਹਨ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਦੇਸ਼ ਦੀ ਆਰਥਿਕਤਾ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਵਿਦੇਸ਼ੀ ਭਾਰਤੀਆਂ ਕਾਰਨ ਦੇਸ਼ ਦੀ ਆਰਥਿਕਤਾ ਨੂੰ ਕਾਫੀ ਫਾਇਦਾ ਹੋ ਰਿਹਾ ਹੈ। ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਨੇ ਇਸ ਵਾਰ ਨਵਾਂ ਰਿਕਾਰਡ ਬਣਾਇਆ ਹੈ। ਉਨ੍ਹਾਂ ਨੇ ਚੀਨ-ਮੈਕਸੀਕੋ ਵਰਗੇ ਦੇਸ਼ਾਂ ਨੂੰ ਪਿੱਛੇ ਛੱਡ ਦਿਤਾ ਹੈ। ਅਸਲ ਵਿਚ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਅਪਣੇ ਦੇਸ਼ ਵਿਚ ਇੰਨਾ ਪੈਸਾ ਭੇਜਦੇ ਹਨ ਜਿਸ ਨਾਲ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੇ ਇਕ ਵਾਰ ਫਿਰ ਪੈਸੇ ਭੇਜਣ ਦੇ ਮਾਮਲੇ ਵਿਚ ਸੱਭ ਨੂੰ ਪਿੱਛੇ ਛੱਡ ਦਿਤਾ ਹੈ।

ਵਿਦੇਸ਼ੀ ਭਾਰਤੀਆਂ ਨੇ ਪਿਛਲੇ ਸਾਲ 2023 ਵਿਚ ਭਾਰਤ ਨੂੰ 120 ਅਰਬ ਡਾਲਰ (10 ਲੱਖ ਕਰੋੜ ਰੁਪਏ ਤੋਂ ਵੱਧ) ਭੇਜੇ ਸਨ। ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਕ ਵਿਦੇਸ਼ਾਂ 'ਚ ਵਸੇ ਭਾਰਤੀਆਂ ਵੱਲੋਂ ਦੇਸ਼ ਨੂੰ ਭੇਜੇ ਗਏ ਪੈਸੇ ਨੇ ਚੀਨ ਅਤੇ ਮੈਕਸੀਕੋ ਵਰਗੇ ਦੇਸ਼ਾਂ ਨੂੰ ਪਿੱਛੇ ਛੱਡ ਦਿਤਾ ਹੈ। ਇਸ ਤਰ੍ਹਾਂ ਦੇ ਪੈਸੇ ਦੀ ਗੱਲ ਕਰੀਏ ਤਾਂ ਚੀਨ ਕੋਲ ਭਾਰਤ ਦੇ ਮੁਕਾਬਲੇ ਅੱਧੇ ਤੋਂ ਵੀ ਘੱਟ ਰਕਮ ਹੈ। ਪਾਕਿਸਤਾਨ ਦੀ ਗੱਲ ਕਰੀਏ ਤਾਂ ਵਿਦੇਸ਼ਾਂ ਵਿਚ ਰਹਿੰਦੇ ਪਾਕਿਸਤਾਨੀ ਭਾਰਤੀਆਂ ਦੇ ਮੁਕਾਬਲੇ ਇਕ ਚੌਥਾਈ ਪੈਸਾ ਵੀ ਨਹੀਂ ਭੇਜਦੇ। ਪਿਛਲੇ ਸਾਲ, ਵਿਦੇਸ਼ਾਂ ਵਿਚ ਰਹਿ ਰਹੇ ਮੈਕਸੀਕਨਾਂ ਨੇ ਅਪਣੇ ਦੇਸ਼ ਵਿਚ $66 ਬਿਲੀਅਨ ਭੇਜੇ। ਅਮਰੀਕਾ 'ਚ ਰਹਿ ਰਹੇ ਭਾਰਤੀਆਂ ਨੇ ਸੱਭ ਤੋਂ ਵੱਧ ਪੈਸੇ ਘਰ ਵਾਪਸ ਭੇਜੇ ਹਨ। ਵਿਸ਼ਵ ਬੈਂਕ ਵੱਲੋਂ ਵਿਦੇਸ਼ਾਂ ਤੋਂ ਭੇਜੇ ਗਏ ਪੈਸੇ ਦੇ ਅੰਕੜਿਆਂ ਨੂੰ ਲੈ ਕੇ ਇਕ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਸੂਚੀ ਦੇ ਅਨੁਸਾਰ, ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਨੇ ਸਾਲ 2023 ਵਿਚ ਭਾਰਤ ਨੂੰ 120 ਬਿਲੀਅਨ ਡਾਲਰ ਯਾਨੀ 10 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਭੇਜੀ ਹੈ। ਭਾਵ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੇ ਹਰ ਮਿੰਟ ਵਿਚ ਲਗਭਗ 2 ਕਰੋੜ ਰੁਪਏ ਦੇਸ਼ ਨੂੰ ਭੇਜੇ। ਇਸੇ ਤਰ੍ਹਾਂ ਮੈਕਸੀਕੋ ਨੂੰ 66 ਬਿਲੀਅਨ ਡਾਲਰ, ਚੀਨ ਨੂੰ 50 ਬਿਲੀਅਨ ਡਾਲਰ, ਫਿਲੀਪੀਨਜ਼ ਨੂੰ 39 ਬਿਲੀਅਨ ਡਾਲਰ ਅਤੇ ਪਾਕਿਸਤਾਨ ਨੂੰ ਸਿਰਫ 27 ਬਿਲੀਅਨ ਡਾਲਰ ਰੈਮਿਟੈਂਸ ਵਜੋਂ ਮਿਲੇ ਹਨ।

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ


ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਕੋਸੀ ਧੁੱਪ ਦਾ ਨਿੱਘ

ਉਹ ਸੂਰਜ ਦੀ ਪਹਿਲੀ ਕਿਰਨ ਨਾਲ਼ ਹੀ ਸੂਰਤ ਸਿੰਘ ਦੀ ਕੋਠੀ ਪਹੁੰਚ ਗਏ। ਪਰ ਐੱਮ. ਐੱਲ. ਏ. ਸਾਹਿਬ ਦੀ ਕੋਠੀ ਤਾਂ ਜਿਵੇਂ ਅਜੇ ਵੀ ਸੁੱਤੀ ਹੋਈ ਸੀ। ਕੋਠੀ ਅੰਦਰ ਕੋਈ ਹਰਕਤ ਨਹੀਂ ਸੀ। ਚੁੱਪ ਚਾਂ ਅਤੇ ਸੁੰਨ ਸਰਾਂ ਸੀ। ਉਹ ਨਿਮੋਝੂਣੇ ਜਿਹੇ ਹੋ ਕੇ ਕੋਠੀ ਦੇ ਬਾਹਰ ਲੱਗੇ ਤਖ਼ਤਪੋਸ਼ਾਂ ਉਪਰ ਬੈਠ ਗਏ। ਸੂਰਤ ਸਿੰਘ ਦਾ ਸੈਕਟਰੀ ਨਛੱਤਰ ਵੀ ਅਜੇ ਬਹੁੜਿਆ ਨਹੀਂ ਸੀ। ਕੋਠੀ ਕਈ ਮਿਲਣ ਵਾਲ਼ੇ ਆਏ ਅਤੇ ਕੋਠੀ ਦਾ ਮੁੱਖ ਦਰਵਾਜਾ ਬੰਦ ਦੇਖ ਕੇ ਮੁੜ ਗਏ। ਪਰ ਜੰਟੇ ਹੋਰੀਂ ਓਥੋਂ ਨਾ ਹਿੱਲੇ। ਉਹ ਧਰਨਾ ਦੇਣ ਵਾਲ਼ਿਆਂ ਵਾਂਗ ਤਖ਼ਤਪੋਸ਼ਾਂ ਉਪਰ ਹੀ ਬੈਠੇ ਰਹੇ। ਅਖ਼ੀਰ ਦਸ ਕੁ ਵਜੇ ਨਛੱਤਰ ਨੇ ਦਰਸ਼ਣ ਦਿੱਤੇ। ਜੰਟਾ ਭਰਿਆ ਪੀਤਾ ਦੁਖੀ ਜਿਹਾ ਬੈਠਾ ਸੀ।
ਇਹੀ ਹਾਲਤ ਕੌਰੇ ਅਤੇ ਬਖਤੌਰ ਦੀ ਸੀ।




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ-58

## ਕਾਂਡ 24

-"ਪੈੱਗ ਹੁਣ ਤੁਸੀਂ ਪੀ ਲਿਆ, ਹੁਣ ਰੋਟੀ ਖਾਓ...!"

ਉਸ ਦੀ ਘਰਵਾਲ਼ੀ ਅਤੇ ਨਛੱਤਰ ਨੇ ਸੂਰਤ ਸਿੰਘ ਨੂੰ ਰੋਟੀ ਖੁਆ ਦਿੱਤੀ ਅਤੇ ਤਰਲੇ ਮਿੰਨਤਾਂ ਕਰ-ਕਰ ਪਾ ਦਿੱਤਾ।

ਸਵੇਰ ਹੋਈ।

ਜੰਟੇ ਹੋਰਾਂ ਨੂੰ ਕਿੱਥੇ ਟੇਕ ਸੀ...? ਉਹਨਾਂ ਨੇ ਹੀਰੇ ਵਾਲ਼ਾ ਭੇਦ ਕਿਸੇ ਕੋਲ਼ ਵੀ ਨਹੀਂ ਖੋਲ੍ਹਿਆ ਸੀ। ਉਹ ਸੋਚਦੇ ਸਨ ਕਿ ਘਿਉ ਸਿੱਧੀ ਉਂਗਲ਼ੀ ਨਾਲ਼ ਹੀ ਨਿਕਲ਼ ਆਵੇ ਤਾਂ ਬਿਹਤਰ ਸੀ। ਜੇ ਬੁੜ੍ਹੀਆਂ ਨੂੰ ਪਤਾ ਲੱਗਦਾ ਤਾਂ ਉਹਨਾਂ ਨੇ ਹੋਰ ਪਿੱਟ ਸਿਆਪਾ ਕਰਨ ਲੱਗ ਪੈਣਾ ਸੀ। ਜੇ ਕਿਸੇ ਨੇ ਹੀਰੇ ਬਾਰੇ ਪੁੱਛਿਆ ਤਾਂ ਉਹਨਾਂ ਨੇ "ਹਾਂ - ਹੂੰ" ਕਰ ਕੇ ਕੰਨ ਮੁੱਢ ਮਾਰ ਛੱਡਿਆ। ਪਰ ਕੋਈ ਰਾਜ਼ ਨਾ ਖੋਲ੍ਹਿਆ।

ਉਹ ਸੂਰਜ ਦੀ ਪਹਿਲੀ ਕਿਰਨ ਨਾਲ਼ ਹੀ ਸੂਰਤ ਸਿੰਘ ਦੀ ਕੋਠੀ ਪਹੁੰਚ ਗਏ। ਪਰ ਐੱਮ. ਐੱਲ. ਏ. ਸਾਹਿਬ ਦੀ ਕੋਠੀ ਤਾਂ ਜਿਵੇਂ ਅਜੇ ਵੀ ਸੁੱਤੀ ਹੋਈ ਸੀ। ਕੋਠੀ ਅੰਦਰ ਕੋਈ ਹਰਕਤ ਨਹੀਂ ਸੀ। ਚੁੱਪ ਚਾਂ ਅਤੇ ਸੁੰਨ ਸਰਾਂ ਸੀ। ਉਹ ਨਿਮੋਝੂਣੇ ਜਿਹੇ ਹੋ ਕੇ ਕੋਠੀ ਦੇ ਬਾਹਰ ਲੱਗੇ ਤਖ਼ਤਪੋਸ਼ਾਂ ਉਪਰ ਬੈਠ ਗਏ। ਸੂਰਤ ਸਿੰਘ ਦਾ ਸੈਕਟਰੀ ਨਛੱਤਰ ਵੀ ਅਜੇ ਬਹੁੜਿਆ ਨਹੀਂ ਸੀ। ਕੋਠੀ ਕਈ ਮਿਲਣ ਵਾਲ਼ੇ ਆਏ ਅਤੇ ਕੋਠੀ ਦਾ ਮੁੱਖ ਦਰਵਾਜਾ ਬੰਦ ਦੇਖ ਕੇ ਮੁੜ ਗਏ। ਪਰ ਜੰਟੇ ਹੋਰੀਂ ਓਥੋਂ ਨਾ ਹਿੱਲੇ। ਉਹ ਧਰਨਾ ਦੇਣ ਵਾਲ਼ਿਆਂ ਵਾਂਗ ਤਖ਼ਤਪੋਸ਼ਾਂ ਉਪਰ ਹੀ ਬੈਠੇ ਰਹੇ। ਅਖ਼ੀਰ ਦਸ ਕੁ ਵਜੇ ਨਛੱਤਰ ਨੇ ਦਰਸ਼ਣ ਦਿੱਤੇ। ਜੰਟਾ ਭਰਿਆ ਪੀਤਾ ਦੁਖੀ ਜਿਹਾ ਬੈਠਾ ਸੀ।
ਇਹੀ ਹਾਲਤ ਕੌਰੇ ਅਤੇ ਬਖਤੌਰ ਦੀ ਸੀ।

-"ਯਾਰ ਆਪਣਾ ਬੰਦਾ ਕਦੋਂ ਕੁ ਉਠੂ...?" ਜੰਟੇ ਨੇ ਨਿਰਾਸ਼ਾ ਅਤੇ ਗੁੱਸਾ ਦੱਬ ਕੇ ਨਛੱਤਰ ਨੂੰ ਕਰੜਾ ਜਿਹਾ ਹੋ ਕੇ ਪੁੱਛਿਆ।

-"ਅਸੀਂ ਪੁੱਛਣ ਜਾਂ ਦੱਸਣ ਆਲ਼ੇ ਕੌਣ ਹੁੰਨੇ ਆਂ ਬਾਈ ਜੰਟਿਆ...? ਅਗਲੇ ਸਿਰੋਂ ਸਰਦਾਰ ਐ, ਇਲਾਕੇ ਦੀ ਹਸਤੀ ਐ, ਜਦੋਂ ਜੀਅ ਕਰੂ, ਓਦੋਂ ਈ ਉਠੂ...!" ਨਛੱਤਰ ਨੇ ਸੱਚਾਈ ਦੱਸੀ।

-"ਸਾਡੇ ਘੰਡੀ 'ਚ ਸਾਹ ਅੜੇ ਪਏ ਐ, ਰਾਤ ਦੀ ਬੁਰਕੀ ਅੰਦਰ ਨੀ ਲੰਘੀ..!"

-"ਥੋਡਾ ਦਰਦ ਮੈਂ ਸਮਝਦੈਂ ਬਾਈ ਜੰਟਿਆ, ਪਰ ਅੰਦਰਲੇ ਸਮਝਣ ਫ਼ੇਰ ਐ ਨ੍ਹਾਂ..?"

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

-"ਤੇਰੇ ਸਾਹਮਣੇ ਐਂ, ਵੋਟਾਂ ਵੇਲ਼ੇ ਅਸੀਂ ਕਦੇ ਪੈਰ ਜੁੱਤੀ ਨੀ ਪਾਈ..! ਮਰਨ ਮਾਰਨ ਨੂੰ ਅੱਗੇ ਰਹੀਦਾ..! ਪਰ ਹੁਣ ਸਾਡੇ 'ਤੇ ਬਖਤ ਪਿਐ, ਤੇ ਇਹ ਹੁਣ ਤੱਕ ਸੁੱਤਾ ਪਿਐ..!"

-"..........।" ਨਛੱਤਰ ਨਿਰੁੱਤਰ ਸੀ। ਉਸ ਦੇ ਵੀ ਕੀ ਵੱਸ ਸੀ?

-"ਜੇ ਆਹੀ ਹਾਲ ਰਿਹਾ, ਅਖ਼ੀਰ ਨੂੰ ਇਹਦੇ ਨਾਲ਼ੋਂ ਟੁੱਟਾਂਗੇ ਈ, ਹੋਰ ਕੀ ਕਰਾਂਗੇ...?"

-"ਜੰਟਿਆ ਬਾਈ, ਮੈਨੂੰ ਲੱਗਦੈ ਓਹਨੂੰ ਪਤਾ ਈ ਨੀ ਹੋਣਾ ਬਈ ਤੁਸੀਂ ਰਾਤ ਆਏ ਸੀ..।"

-"ਫ਼ੇਰ ਨਾ ਡੱਫਿਆ ਕਰੇ ਐਨੀ...! ਓਧਰ ਮੁੰਡੇ ਦੀ ਉਘ ਸੁੱਘ ਨੀ, ਪੁਲ਼ਸ ਗੱਲ ਨੀ ਸੁਣਦੀ, ਤੇ ਐਧਰ ਐੱਮ. ਐੱਲ. ਏ. ਦਾਰੂ ਨਾਲ਼ ਰੱਜ ਕੇ ਲੰਮੀਆਂ ਤਾਣ ਕੇ ਪਿਐ ਦੁਪਿਹਰ ਤੱਕ...!" ਜੰਟੇ ਨੇ ਕਰੋਧ ਨਾਲ਼ ਬਾਰੀ 'ਚ ਮੁੱਕੀ ਮਾਰੀ।

-"ਸਰਦਾਰ ਜੀ ਉਠ ਗਏ...! ਤੁਹਾਨੂੰ ਬੁਲਾਂਦੇ ਪਏ ਨੇ...!" ਗੰਗਾ ਰਾਮ ਨੇ ਆ ਕੇ ਖ਼ਬਰ ਦਿੱਤੀ।

-"ਉਹਨੂੰ ਕਰ ਕਾਇਮ ਯਾਰ ਚਾਹ ਚੂਹ ਪਿਆ ਕੇ...!"

ਨਛੱਤਰ ਚਲਿਆ ਗਿਆ। ਜੰਟੇ ਹੋਰੀਂ ਮੁੜ ਚੁੱਪ ਹੋ ਕੇ ਬੈਠ ਗਏ।

ਘੰਟਾ ਫ਼ਿਰ ਲੰਘ ਗਿਆ। ਜੰਟਾ ਦਧਨ ਹੋਇਆ ਬੈਠਾ ਸੀ। ਉਸ ਦਾ ਦਿਲ ਕਰਦਾ ਸੀ ਕਿ ਸੂਰਤ ਸਿਉਂ ਦੇ ਘਰੋਂ "ਬੂਅ" ਕਰ ਕੇ ਨਿਕਲ਼ ਜਾਵੇ। ਪਰ ਸਮਾਂ ਕਸੂਤਾ ਸੀ। ਮਜਬੂਰੀ ਕਾਰਨ ਉਹਨਾਂ ਨੂੰ ਬੱਝ ਕੇ ਬੈਠਣਾ ਪੈ ਰਿਹਾ ਸੀ।

ਦੁਪਿਹਰ ਦੇ ਇੱਕ ਵਜੇ ਨਛੱਤਰ ਉਹਨਾਂ ਨੂੰ ਹਾਕ ਮਾਰ ਕੇ ਲੈ ਗਿਆ।

ਸੂਰਤ ਸਿਉਂ ਵਿਹੜੇ ਵਿੱਚ ਕੁਰਸੀ ਡਾਹੀ ਬੈਠਾ ਸੀ। ਆਸੇ ਪਾਸੇ ਉਸ ਦੇ ਚਾਪਲੂਸ ਅਤੇ ਟੁੱਕੜਬੋਚ ਜਿਹੇ ਖੜ੍ਹੇ ਸਨ।

ਜੰਟੇ ਨੇ ਜਾ "ਸਤਿ ਸ੍ਰੀ ਅਕਾਲ" ਬੁਲਾਈ।

-"ਆ ਬਈ ਗੁਰਜੰਟ ਸਿਆਂ..! ਕੀ ਹਾਲ ਨੇ...?" ਸੂਰਤ ਸਿੰਘ ਰਾਤ ਵਾਲ਼ਾ ਨਹੀਂ ਸੀ। ਜੰਟੇ ਨੇ ਵੀ ਭਾਂਪ ਲਿਆ ਕਿ ਉਸ ਨੂੰ ਰਾਤ ਦੀ ਕੋਈ ਸੁਰਤ ਨਹੀਂ ਸੀ। ਰਾਤ ਵਾਲ਼ੇ ਵਪਾਰੀ ਲੱਦ ਗਏ ਸਨ।

ਜੰਟੇ ਨੇ ਹੀਰੇ ਵਾਲ਼ੀ ਸਾਰੀ ਕਹਾਣੀ ਬਿਆਨ ਕਰ ਦਿੱਤੀ।

-"ਨਛੱਤਰ ਸਿਆਂ..!"

-"ਜੀ ਸਰ...?"

-"ਠਾਣੇਦਾਰ ਦਮਨ ਸਿਉਂ ਨੂੰ ਫ਼ੋਨ ਮਿਲ਼ਾ...!" ਹੁਕਮ ਹੋ ਗਿਆ। ਨਛੱਤਰ ਨੇ ਹੁਕਮ ਦੀ ਤਾਮੀਲ ਕੀਤੀ ਅਤੇ ਠਾਣੇਦਾਰ ਨੂੰ ਫ਼ੋਨ ਮਿਲ਼ਾ ਲਿਆ। ਐੱਮ. ਐੱਲ. ਏ. ਸੂਰਤ ਸਿੰਘ ਨੇ ਸੰਖੇਪ ਵਾਰਤਾਲਾਪ ਕਰ ਕੇ ਠਾਣੇਦਾਰ ਤੋਂ ਜਾਇਜ਼ਾ ਲਿਆ ਅਤੇ ਫ਼ੋਨ ਰੱਖ ਦਿੱਤਾ।

-"ਗੁਰਜੰਟ ਸਿਆਂ, ਤੁਸੀਂ ਠਾਣੇ ਜਾ ਕੇ ਲਾਪਤਾ ਹੋਣ ਦੀ ਰਪਟ ਤਾਂ ਲਿਖਾਓ..! ਬਾਕੀ ਕਾਰਵਾਈ ਬਾਅਦ 'ਚ ਸ਼ੁਰੂ ਹੋਊਗੀ..!"

-"ਸਰਦਾਰ ਜੀ, ਮੁੰਡਾ ਲਾਪਤਾ ਨਹੀਂ, ਮੁੰਡਾ ਲਾਪਤਾ ਕੀਤਾ ਗਿਐ...! ਪੁਲ਼ਸ ਨੇ ਗੱਲ ਈ ਨੀ ਗੌਲ਼ੀ, ਜੇ ਓਸ ਬਾਬੂ ਜੇ ਨੂੰ ਫ਼ੜ ਕੇ ਉਲੱਦ ਕੇ ਪੁੱਠਾ ਸਿੱਟਿਆ ਹੁੰਦਾ, ਮੁੰਡਾ ਹੁਣ ਨੂੰ ਮਿਲ਼ ਜਾਣਾ ਸੀ, ਬੱਸ ਪੁਲ਼ਸ 'ਚ ਈ ਕਣ ਕੰਡਾ ਨੀ..! ਜਾਂ ਪੁਲ਼ਸ ਜਾਣ ਬੁੱਝ ਕੇ ਕੁਛ ਕਰਨਾ ਨੀ ਚਾਹੁੰਦੀ, ਦਾਲ਼ 'ਚ ਕੁਛ ਕਾਲ਼ਾ ਜ਼ਰੂਰ ਐ...!" ਜੰਟਾ ਪੂਰੇ ਤਾਅ ਨਾਲ਼ ਬੋਲਿਆ ਸੀ।

-"ਜੋਸ਼ ਨਾਲ਼ੋਂ ਹੋਸ਼ ਤੋਂ ਵੀ ਕੰਮ ਲੈਣਾ ਪੈਣਾਂ ਗੁਰਜੰਟ ਸਿਆਂ..! ਕਈ ਵਾਰ ਤੱਤਾ ਚੱਲਿਆਂ ਘਾਟਾ ਖਾਈਦੈ..! ਤੁਸੀਂ ਜਾ ਕੇ ਰਪਟ ਲਿਖਾਓ, ਤੇ ਬਾਕੀ ਕਾਰਵਾਈ ਪੁਲ਼ਸ ਨੂੰ ਕਰਨ ਦਿਓ...!" ਸੂਰਤ ਸਿੰਘ ਦੇ ਕਹਿਣ 'ਤੇ ਜੰਟੇ ਨੇ ਬੁਰੀ ਤਰ੍ਹਾਂ ਮਹਿਸੂਸ ਕੀਤਾ ਕਿ ਐੱਮ. ਐੱਲ. ਏ. ਵੀ "ਛਿੱਟੇ ਮਾਰੂ" ਗੱਲਾਂ ਕਰਦੈ, ਇਹਨਾਂ ਤਿਲ਼ਾਂ ਵਿੱਚ ਵੀ ਤੇਲ ਨਹੀਂ ਦਿਸਦਾ!

-"ਜੇ ਉਹਨਾਂ ਨੇ ਕੁਛ ਕਰਨਾ ਹੁੰਦਾ, ਉਹ ਓਦੋਂ ਈ ਕਰ ਲੈਂਦੇ ਸਰਦਾਰ ਜੀ, ਇਹ ਤਾਂ ਸਿਰਫ਼ ਖਾਨਾਪੂਰਤੀ ਈ ਹੋਊ, ਕਰਨਾ ਕਿਸੇ ਕੰਜਰ ਨੇ ਕੱਖ ਨੀ..!"

-"ਤੁਸੀਂ ਰਪਟ ਤਾਂ ਦਰਜ ਕਰਵਾਓ, ਜੇ ਫ਼ੇਰ ਨਾ ਹੱਥ ਪੱਲਾ ਹਿਲਾਉਣਗੇ, ਫ਼ੇਰ ਕੋਈ ਐਕਸ਼ਨ ਵੀ ਲਵਾਂਗੇ..!"

-"................।" ਗੁਰਜੰਟ ਚੁੱਪ ਸੀ।

-"ਜੇ ਕਾਂ ਮਾਰਨਾ ਹੋਵੇ ਤਾਂ ਗੁਲੇਲ ਚਾਹੀਦੀ ਐ, ਬਾਂਹਾਂ ਹਿਲਾਈਆਂ ਤੋਂ ਕਾਂ ਨੀ ਮਰਦੇ ਗੁਰਜੰਟ ਸਿਆਂ, ਮੰਨ ਲੈ ਮੇਰੀ ਗੱਲ..!"
ਗੁਰਜੰਟ ਹੋਰੀਂ ਚੁੱਪ ਚਾਪ ਉਠ ਕੇ ਤੁਰ ਆਏ।

-"ਕੌਰਿਆ, ਰਪਟ ਆਪਾਂ ਜਮਾਂ ਨੀ ਲਿਖਾਉਣੀ..! ਪੁਲ਼ਸ ਦਾ ਰਵੱਈਆ ਆਪਾਂ ਦੇਖ ਹੀ ਲਿਆ ਸੀ..! ਕੁੱਤੀ ਚੋਰਾਂ ਨਾਲ਼ ਰਲ਼ੀ ਹੋਈ ਐ, ਇਹਨਾਂ ਨੇ ਕੱਖ ਨੀ ਕਰਨਾ, ਇਹ ਤਾਂ ਆਪਾਂ ਨੂੰ ਬਾਰ 'ਚੋਂ ਰੂੜੀ ਚੱਕਣੀ ਪੈਣੀ ਐਂ..!"

ਉਹਨਾਂ ਨੇ ਪਰਦੇ ਨਾਲ਼ ਨਸ਼ਾ ਛੁਡਾਊ ਕੇਂਦਰ ਵਾਲ਼ੀ ਸੜਕ ਉਪਰ ਦੀ ਗੇੜਾ ਦਿੱਤਾ।

ਜੰਟੇ ਨੂੰ ਦੂਰੋਂ ਆਉਂਦਾ ਗੇਟ ਦਾ ਚੌਂਕੀਦਾਰ ਮਿਲ਼ ਪਿਆ।

ਉਹ ਚੌਂਕੀਦਾਰ ਨੂੰ ਫ਼ੜ ਕੇ ਢਾਬੇ ਦੇ ਅੰਦਰ ਲੈ ਗਏ।

-"ਲੈ ਮਿੱਤਰ ਪਿਆਰਿਆ, ਤੇਰੇ ਸਾਡੇ ਸੰਨ੍ਹ 'ਚ ਰੱਬ ਐ...! ਅਸੀਂ ਭਾਫ਼ ਨੀ ਕੱਢਦੇ, ਪਰ ਸਾਨੂੰ ਸੱਚ ਦੱਸ ਬਈ ਸਾਡਾ ਬੰਦਾ ਇਹਨਾਂ ਨੇ ਗਾਇਬ ਕਿੱਥੇ ਕੀਤੈ..?"

-"ਤੁਸੀਂ ਕਿਹੜੇ ਬੰਦੇ ਦੀ ਗੱਲ ਕਰਦੇ ਓਂ ਜਨਾਬ..?" ਚੌਂਕੀਦਾਰ ਸਿੱਧਾ ਹੀ ਮੁੱਕਰ ਗਿਆ। ਜੰਟੇ ਨੇ ਇੱਕ ਪਾਸੇ ਲਿਜਾ ਕੇ ਉਸ 'ਤੇ ਚੁਪੇੜਾਂ ਦਾ ਮੀਂਹ ਵਰ੍ਹਾ ਦਿੱਤਾ।

-"ਜੇ ਸਾਹ ਵੀ ਕੱਢਿਆ ਨ੍ਹਾਂ, ਤੇਰੀ ਸੰਘੀ ਤੋੜਦੂੰ ਸਾਲ਼ਿਆ...!" ਜੰਟੇ ਨੇ ਚਾਰ ਚੁਪੇੜਾਂ ਹੋਰ ਜੜ ਦਿੱਤੀਆਂ।

-"ਸਰਦਾਰ ਜੀ ਨਾ ਮਾਰੋ, ਦੱਸਦੈਂ... ਦੱਸਦੈਂ...!" ਉਸ ਨੇ ਲੇਰ ਮਾਰੀ।
ਜੰਟੇ ਨੇ ਬੋਚ ਕੇ ਉਸ ਨੂੰ ਬੈਂਚ 'ਤੇ ਬਿਠਾ ਲਿਆ।

-"ਹੁਣ ਬੋਲ...! ਝੂਠ ਜਮਾਂ ਨਾ ਮਾਰੀਂ, ਨਹੀਂ ਫ਼ੇਰ ਪੈਣਗੀਆਂ...! ਇੱਕ ਬਚਨ ਤੇਰੇ ਨਾਲ਼ ਕਰਦੈਂ, ਬਈ ਤੇਰੀ ਕਹੀ ਗੱਲ ਦਾ ਕਾਲ਼ੇ ਚੋਰ ਨੂੰ ਵੀ ਪਤਾ ਨੀ ਚੱਲੂ...!"

-"ਪਰ ਸਹੁੰ ਖਾ ਕੇ ਕਹੋ ਬਈ ਮੇਰਾ ਨਾਂ ਕਿਤੇ ਵੀ ਨੀ ਆਊਗਾ, ਹੋਰ ਨਾ ਮੈਨੂੰ ਨਰੜਾ ਧਰਿਓ ਭਰਾਵੋ...!"

-"ਤੈਨੂੰ ਕਿਹੈ ਨ੍ਹਾਂ...? ਬਈ ਤੇਰੇ ਸਾਡੇ ਸੰਨ੍ਹ 'ਚ ਰੱਬ ਐ, ਤੇ ਓਸੇ ਰੱਬ ਦੀ ਕਸਮ ਖਾ ਕੇ ਕਹਿੰਨੈ, ਤੇਰਾ ਕਿਤੇ ਵੀ ਜ਼ਿਕਰ ਨੀ ਆਊਗਾ..!"

-"ਏਥੋਂ ਬੰਦੇ ਗਾਇਬ ਕੀਤੇ ਜਾਂਦੇ ਐ ਸਰਦ-ਾਰਾ...!" ਆਖ ਕੇ ਚੌਂਕੀਦਾਰ ਨੇ ਸਾਰਿਆਂ ਦੇ ਹੱਥਾਂ ਦੇ ਤੋਤੇ ਉੜਾ ਦਿੱਤੇ।

-"ਕਿੱਥੇ...?"

-"ਇਹ ਨੀ ਪਤਾ, ਪਰ ਪੁਲ਼ਸ ਤੇ ਨਸ਼ਾ ਛੁਡਾਊ ਕੇਂਦਰ ਦੇ ਵੱਡੇ ਕਰਮਚਾਰੀ ਸਭ ਰਲ਼ ਮਿਲ਼ ਕੇ ਕੰਮ ਕਰਦੇ ਐ...!"

-"ਤੇ ਬੰਦਿਆਂ ਦਾ ਕਰਦੇ ਕੀ ਐ...?"

-"ਪੂਰਾ ਤਾਂ ਪਤਾ ਨੀ, ਪਰ ਕਿਸੇ ਕਰਮਚਾਰੀ ਨੂੰ ਖਾਧੀ ਪੀਤੀ 'ਚ ਕਿਸੇ ਨਾਲ਼ ਗੱਲ ਕਰਦੇ ਨੂੰ ਸੁਣਿਆਂ ਸੀ ਬਈ ਇਹ ਮੁੰਡਿਆਂ ਦੇ ਗੁਰਦੇ, ਅੱਖਾਂ, ਦਿਲ ਤੇ ਹੋਰ ਮਾਨੁੱਖੀ ਅੰਗ ਕੱਢ ਕੇ ਵੱਡੇ ਹਸਪਤਾਲਾਂ ਨੂੰ ਵੇਚਦੇ ਆ...!" ਚੌਂਕੀਦਾਰ ਦੀ ਗੱਲ ਸੁਣ ਕੇ ਸਭ ਦੇ ਜ਼ਿਹਨ ਵਿੱਚ ਬਿਜਲੀਆਂ ਕੜਕੀ ਜਾ ਰਹੀਆਂ ਸਨ।

ਚਲਦਾ...

# ਅਰੰਧਤੀ ਰਾਇ ਬਨਾਮ ਕਾਣਾ ਮੀਣਾ ਇਨਕਲਾਬ

## ✪ ਅਰੁੰਧਤੀ ਨੂੰ ਅਵਾਰਡ ਮਿਲਿਆ ਠੀਕ ਹੈ ਪਰ ਸਿਖ ਦੁਖਾਂਤ ਬਾਰੇ ਚੁਪ ਕਿਉਂ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਬੀਤੇ ਦਿਨੀਂ ਬੁੱਕਰ ਪ੍ਰਾਈਜ਼' ਜੇਤੂ ਲੇਖਕਾ ਅਰੁੰਧਤੀ ਰਾਏ ਨੂੰ 'ਨਿਡਰ ਤੇ ਸਪਸ਼ਟ' ਲਿਖਤਾਂ ਲਈ ਵੱਕਾਰੀ 'ਪੈੱਨ ਪਿੰਟਰ ਪ੍ਰਾਈਜ਼-2024' ਦੇਣ ਦਾ ਐਲਾਨ ਕੀਤਾ ਗਿਆ ਸੀ। ਉਨ੍ਹਾਂ ਨੂੰ ਇਹ ਪੁਰਸਕਾਰ ਅਜਿਹੇ ਸਮੇਂ ਦਿੱਤਾ ਜਾ ਰਿਹਾ ਹੈ ਜਦੋਂ ਉਹ ਕਸ਼ਮੀਰ ਬਾਰੇ 14 ਸਾਲ ਪਹਿਲਾਂ ਕੀਤੀਆਂ ਇਤਿਹਾਸਕ ਟਿੱਪਣੀਆਂ ਦੇ ਮਾਮਲੇ ਵਿੱਚ ਮੁਕੱਦਮੇ ਦੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ।

ਹੁਣੇ ਜਿਹੇ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾਕਟਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਸ 'ਤੇ 'ਆਜ਼ਾਦੀ-ਇਕੋ ਇਕ ਰਸਤਾ'ਦੇ ਬੈਨਰ ਹੇਠ ਆਯੋਜਿਤ ਇਕ ਸੰਮੇਲਨ ਵਿਚ ਕਥਿਤ ਤੌਰ 'ਤੇ 'ਭੜਕਾਊ' ਭਾਸ਼ਣ ਦੇਣ ਦਾ ਦੋਸ਼ ਹੈ। ਉਸਨੇ ਇਸ ਤੱਥ ਦਾ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਸੀ ਅਤੇ ਇਸ 'ਤੇ ਭਾਰਤੀ ਹਥਿਆਰਬੰਦ ਬਲਾਂ ਨੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਸੀ। ਇੱਥੋਂ ਤੱਕ ਕਿਹਾ ਕਿ ਜੰਮੂ-ਕਸ਼ਮੀਰ ਦੀ ਭਾਰਤ ਤੋਂ ਆਜ਼ਾਦੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਦਰਅਸਲ ਇਹ ਮਾਮਲਾ ਸਾਲ 2010 ਨਾਲ ਸਬੰਧਤ ਹੈ। ਇਸ ਮਾਮਲੇ ਸਬੰਧੀ ਸ਼ਿਕਾਇਤ ਸੁਸ਼ੀਲ ਪੰਡਿਤ ਵੱਲੋਂ 28 ਅਕਤੂਬਰ 2010 ਨੂੰ ਅਦਾਲਤ ਵਿੱਚ ਦਾਇਰ ਕੀਤੀ ਗਈ ਸੀ। ਜਿਸ ਤੋਂ ਬਾਅਦ ਅਦਾਲਤ ਨੇ 27 ਨਵੰਬਰ ਨੂੰ ਐਫਆਈਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਸ਼ਿਕਾਇਤ ਦੇ ਇਕ ਮਹੀਨੇ ਬਾਅਦ 29 ਨਵੰਬਰ 2010 ਨੂੰ ਸੁਸ਼ੀਲ ਪੰਡਿਤ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਸੀ।

62 ਸਾਲਾ ਅਰੁੰਧਤੀ ਰਾਏ ਗੰਭੀਰ ਤੇ ਬੇਬਾਕ ਲੇਖਕਾ ਹੈ। ਪਰ ਸੁਆਲ ਇਹ ਹੈ, ਉਹ ਕਸ਼ਮੀਰ ਬਾਰੇ ਬੇਬਾਕੀ ਨਾਲ ਅਵਾਜ਼ ਬੁਲੰਦ ਕਰ ਰਹੀ ਹੈ ਪਰ ਪੰਜਾਬ ਦੇ ਦੁਖਾਂਤ ਤੇ ਮੱਸਲਿਆਂ ਦਰਿਆਈ ਪਾਣੀਆਂ, ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਸਿਖਾਂ, ਲਵਾਰਸ ਲਾਸ਼ਾਂ ਕਹਿਕੇ ਸਸਕਾਰ ਕੀਤੇ ਸਿਖਾਂ, ਪੰਜਾਬ ਦੀ ਖੁਦਮੁਖਤਿਆਰੀ ਬਾਰੇ ਚੁਪ ਕਿਉਂ ਹੈ ?

ਮੈਨੂੰ ਅਫਸੋਸ ਇਸ ਗਲ ਦਾ ਹੈ ਕਿ ਪੰਜਾਬ ਦੇ ਕੁਝ ਖਬੇਪਖੀ ਲੇਖਕਾਂ , ਚਿੰਤਕਾਂ ਨੇ ਪੰਜਾਬ ਦੇ ਮਸਲੇ ਉਪਰ ਉਸਨੂੰ ਗੁਮਰਾਹ ਕੀਤਾ ਹੋਇਆ ਹੈ। ਇਹਨਾਂ ਚਿੰਤਕਾਂ ਦਾ ਵਿਚਾਰ ਹਮੇਸ਼ਾਂ ਸਿਖ ਪੰਥ ਤੇ ਪੰਜਾਬ ਦੇ ਵਿਰੁੱਧ ਭੁਗਤਦਾ ਰਿਹਾ ਹੈ।

ਹਾਲਾਂਕਿ ਗੁਰਪੁਰਵਾਸੀ ਸਿਖ ਲੇਖਕਾਂ ਗੁਰਬਚਨ ਸਿੰਘ ਦੇਸ ਪੰਜਾਬ, ਦਲਬੀਰ ਸਿੰਘ ਪੱਤਰਕਾਰ ਨੇ ਉਸਨੂੰ ਮੀਟਿੰਗ ਲਈ ਸਦਾ ਦਿਤਾ ਸੀ ਤੇ ਦਿਲੀ 84 ਬਾਰੇ ਤੇ ਪੰਜਾਬ ਸੰਤਾਪ ਬਾਰੇ ਲਿਟਰੇਚਰ ਵੀ। ਸੀਨੀਅਰ ਪੰਥਕ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਲਿਖਦੇ ਰਹੇ ਕਿ ਅਰੁੰਧਤੀ ਪੰਜਾਬ ਤੇ ਸਿਖ ਮਸਲਿਆਂ ਨੂੰ ਸਮਝੇ।

ਪਰ ਅਰੁੰਧਤੀ ਚੁਪ ਰਹੀ। ਜੋ ਅਰੁੰਧਤੀ ਵਿਚ ਬੋਧਿਕਤਾ ਦੀ ਸੰਪੂਰਨਤਾ ਦੇ ਗੁਣ ਸਨ ਉਹਨਾਂ ਨਾਲ ਅਰੁੰਧਤੀ ਨਹੀਂ ਨਿਭ ਸਕੀ। ਅਰੁੰਧਤੀ ਪੰਜਾਬ ਨਾਲ ਨਿਆਂ ਨਹੀਂ ਕਰ ਸਕੀ। ਹਾਲਾਂਕਿ ਉਹ ਕਿਹੜਾ ਨਹੀ ਜਾਣਦੀ ਕਿ ਸਿਖ ਆਪਣੀ ਸਮਰਥਾ ਤੋਂ ਵੱਧ ਮਨੁੱਖਤਾ ਦੇ ਪਹਿਰੇਦਾਰ ਹਨ। ਫਿਰਕੂ ਰਾਜਨੀਤੀ ਵਿਰੁੱਧ ਹੁਣ ਤਕ ਜੂਝ ਰਹੇ ਹਨ। ਇਹ ਤਾਂ ਕੌਮਾਂਤਰੀ ਸਰਕਾਰਾਂ, ਬੁਧੀਜੀਵੀਆਂ, ਪੱਤਰਕਾਰਾਂ ਨੂੰ ਵੀ ਸਮਝ ਹੈ ਕਿ ਸਿਖ ਪੰਥ ਦੀਨ- ਦੁਖੀਆਂ ਦੀ ਹਰੇਕ ਸੰਕਟ ਵਿਚ ਸੇਵਾ ਨਿਭਾਉਂਦਾ ਰਿਹਾ ਹੈ। ਉਸਨੇ ਆਪਣੇ ਗੁਰੂ ਸਾਹਿਬਾਨਾਂ ਦਾ ਸਭਿਆਚਾਰ ਜੀਉਂਦਾ ਰਖਿਆ ਹੈ। ਇਹ ਉਦਾਹਰਣ ਦੁਨੀਆਂ ਦੀ ਕਿਸੇ ਕੌਮ ਵਿਚ ਨਹੀਂ ਮਿਲੇਗੀ। ਸਿਖ ਪੰਥ ਦੀ ਮਨੁੱਖਤਾ ਪ੍ਰਤੀ ਸੇਵਾ ਬਾਰੇ ਇਹੋ ਜਿਹੀਆਂ ਖਬਰਾਂ ਆਮ ਨਿਊਯਾਰਕ ਟਾਈਮਜ਼ , ਵਸ਼ਿੰਗਟਨ ਟਾਈਮਜ, ਡੇਲੀ ਮੇਲ ਯੂਕੇ ਵਿਚ ਛਪਦੀਆਂ ਹਨ ,ਜਿਸ ਅਖਬਾਰਾਂ ਨੂੰ ਨੀਝ ਲਗਾਕੇ ਅਰੁੰਧਤੀ ਰਾਇ ਵੀ ਪੜ੍ਹਦੀ ਹੈ।

ਅਰੁੰਧਤੀ ਨੂੰ ਅਹਿਸਾਸ ਹੋਣਾ ਚਾਹੀਦਾ ਸੀ ਕਿ ਸਿਖ ਫਿਰਕਾਪ੍ਰਸਤੀ ਤੇ ਨਸਲਵਾਦ ਦੇ ਵਿਰੁੱਧ ਹਾਂ। ਦੁਨੀਆਂ ਨੂੰ ਰੱਬ ਦਾ ਘਰ ਸਮਝਦੇ ਹਾਂ। ਇਸ ਦੁਨੀਆਂ ਵਿਚ ਰਹਿੰਦਾ ਹਰ ਮਨੁੱਖ ਸਾਡਾ ਭਾਈ ਬੰਧੂ ਹੈ। ਗੁਰੂ ਗ੍ਰੰਥ ਸਾਹਿਬ ਦਾ ਸਾਨੂੰ ਹੁਕਮ ਹੈ-

ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ (ਪੰ: ੬੭੧)

ਕੁੱਝ ਸਾਲ ਪਹਿਲਾਂ ਮੈਂ ਦੇਸ ਭਗਤ ਯਾਦਗਾਰ ਹਾਲ ਗਦਰੀ ਮੇਲੇ ਤੇ ਬੀਬੀ ਅਰੁੰਧਤੀ ਮਿਲਿਆ। ਗਲਬਾਤ ਜਾਣਕਾਰੀ ਤਕ ਸੀਮਤ ਰਹੀ। ਖੱਬੇਪਖੀ ਚਿੰਤਕਾਂ ਦਾ ਇਕ ਗਰੁਪ ਉਸਨੂੰ ਘੇਰੇ ਵਿਚ ਲੈਕੇ ਹੋਟਲ ਵਲ ਲੈ ਗਿਆ ਤਾਂ ਜੋ ਉਹ ਸਾਡੇ ਨਾਲ ਗਲਬਾਤ ਨਾ ਕਰ ਸਕਣ। ਹੁਣ ਇਹਨਾਂ ਅਗਿਆਨੀਆਂ ਨੂੰ ਕੌਣ ਸਮਝਾਏ ਭਾਈ ਇਨਕਲਾਬ ਡਬੀ ਵਿਚ ਨਹੀਂ ਬੰਦ ਕਰੀਦੇ।

ਇਨਕਲਾਬ ਦਾ ਰੰਗ ਸਿਰਫ ਲਾਲ ਨਹੀਂ ਹੁੰਦਾ ਨੀਲਾ ਸੁਰਮਈ ਵੀ ਹੁੰਦਾ ਹੈ। ਦੇਗ ਤੇਗ ਫਤਹਿ ਦੀ ਧੁਣ ਛਾਣ ਕਰ ਲਵੋ। ਅੰਮ੍ਰਿਤ ਛਕਾਉਣ ਤੋਂ ਪਹਿਲਾਂ ਸਾਰੀਆਂ ਜਾਤਾਂ ਤੇ ਵੱਖ ਵੱਖ ਧਰਮ ਸੰਸਕਾਰਾਂ ਵਾਲਿਆਂ ਨੂੰ ਗੁਰੂ ਦਸ਼ਮੇਸ਼ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸੱਦਾ ਦਿੱਤਾ ਸੀ, ਪਰ ਜਾਤ ਅਭਿਮਾਨੀ ਰਾਜਪੂਤ ਰਾਜਿਆਂ ਨੇ ਕਿਹਾ ਕਿ ਅਸੀਂ ਅੰਮ੍ਰਿਤ ਛਕਣ ਲਈ ਤਿਆਰ ਹਾਂ ਪਰ ਨੀਵੀਆਂ ਜਾਤਾਂ ਨਾਲੋਂ



ਸਾਨੂੰ ਅੱਡ ਅੰਮ੍ਰਿਤ ਛਕਾਉ।

ਗੁਰੂ ਦਸ਼ਮੇਸ਼ ਨੇ ਕਿਹਾ ਕਿ ਇਹ ਬਿਨਾ ਭਿੰਨ ਭੇਦ ਦੇ ਸਭ ਲਈ ਇਕ ਸਮਾਨ ਹੋਵੇਗਾ। ਰਾਜਪੂਤਾਂ ਨੇ ਇਨਕਾਰ ਕਰਦਿਆਂ ਕਿਹਾ ਕਿ 'ਯਹ ਸਭ ਚਿੜੀ ਲਖੇ ਮਹਾਰਾਜਾ, ਹਮ ਹੈ ਰਾਜਪੂਤ ਵਡ ਰਾਜਾ'।

ਗੁਰੂ ਦਸ਼ਮੇਸ਼ ਦਾ ਜਵਾਬ ਸੀ ਕਿ ਜਿਹੜੇ ਚਿੜੀ ਦੇ ਫਰਕਨ ਤੇ ਡਰ ਜਾਂਦੇ ਹਨ ਉਨ੍ਹਾਂ ਨੂੰ 'ਸ਼੍ਰੀ ਅਸ਼ਿਪਾਨਜ ਤਬੈ ਕਹਾਊ ਚਿੜੀਅਨ ਤੇ ਜਬ ਬਾਜ ਤੁੜਾਊ' ਐਸੀ ਸਪਿਰਟ ਭਰ ਦੇਵਾਗਾਂ 'ਸਵਾ ਲਾਖ ਸੇ ਏਕ ਲੜਾਊ ਤਬੈ ਗੋਬਿੰਦ ਸਿੰਘ ਨਾਮ ਕਹਾਊ''।

ਇਸ ਤੇ ਪਹਾੜੀ ਰਾਜਪੂਤ ਰਾਜਿਆਂ ਨੇ ਕਿਹਾ ਅਸੀਂ ਇਹਨਾਂ ਦੇ ਘਰਾਂ ਵਿਚ ਕੋਈ ਧਾਰਮਿਕ ਰਸਮ ਨਹੀ ਨਿਭਾਵਾਂਗੇ। ਦਾਨ ਵੀ ਕਬੂਲ ਨਹੀ ਕਰਾਂਗੇ ਤਾਂ ਗੁਰੂ ਦਸ਼ਮੇਸ਼ ਨੇ ਫਰਮਾਇਆ ਕਿ ਹੁਣ ਤੋਂ ਕੋਈ ਸਿੱਖ ਬ੍ਰਾਹਮਣਾਂ ਨੂੰ ਦਾਨ ਨਹੀ ਦੇਵੇਗਾ ਅਤੇ ਨਾਂਹ ਹੀ ਕਿਸੇ ਧਰਮ ਕਰਮ ਲਈ ਤੁਹਾਨੂੰ ਬੁਲਾਵੇਗਾ।

ਹੁਣ ਦਾਨ ਮਨੁੱਖਤਾ ਦੇ ਭਲੇ ਲਈ ਖਰਚ ਹੋਵੇਗਾ 'ਦਾਨ ਦੀਉ ਇਨ ਹੀ ਕੋ ਭਲੋ ਔਰ ਆਨ ਕੋ ਦਾਨ ਨ ਲਾਗਤ ਨੀਕੋ' 'ਇਨ ਤੇ ਗਹਿ ਪੰਡਿਤ ਉਪਜਾਊ ਕਥਾ ਕਰਨ ਕੀ ਰੀਤ ਸਿਖਾਊ' 'ਇਨ ਗਰੀਬ ਸਿੰਘਨ ਕੋ ਦੇਊ ਪਾਤਸ਼ਾਹੀ ਯੇ ਯਾਦ ਕਰੇ ਹਮਰੀ ਗੁਰਿਆਈ' 'ਜੀਵਤ ਰਹੇ ਤੋਂ ਰਾਜ ਕਰੇ ਹੈ ਮਰਹਿ ਤਾ ਗੁਰ ਪੁਰ ਜਾਈ'।

ਸਿਖ ਪੰਥ ਦੀ ਗੁਰੂ ਹੁਕਮ ਵਿਚ ਇਹ ਜੱਦੋ ਜਹਿਦ ਉਦੋਂ ਤੱਕ ਜਾਰੀ ਰਹੀ ਜਦੋਂ ਤੱਕ ਦਰਾ ਏ ਖੈਬਰ ਤੋਂ ਹੋਣ ਵਾਲੇ ਹਮਲੇ ਸਦਾ ਲਈ ਬੰਦ ਨਹੀ ਹੋ ਗਏ। ਸਾਰੇ ਪੰਜਾਬ, ਕਸ਼ਮੀਰ, ਅਫਗਾਨਿਸਤਾਨ ਤੇ ਜਮਰੌਦ ਦੇ ਕਿਲ੍ਹੇ ਤੇ ਖਾਲਸੇ ਦਾ ਨੀਲਾ ਸੁਰਮਈ ਨਿਸ਼ਾਨ ਸਾਹਿਬ ਝੂਲਿਆ।

ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ-'ਸਿੱਖ ਦੀ ਹਸਤੀ ਪੰਥ ਦੇ ਨਾਲ ਪੰਥ ਜੀਵੇ ਗੁਰੂ ਗ੍ਰੰਥ ਦੇ ਨਾਲ'।

ਨੀਲਾ ਸੁਰਮਈ ਗੁਰੂ ਗੋਬਿੰਦ ਸਿੰਘ ਦਾ ਸੌਂਪਿਆ ਬ੍ਰਹਿਮੰਡੀ ਕ੍ਰਾਂਤੀ ਰੰਗ ਹੈ ਤੇ ਇਸ ਪਿਛੇ ਦਬੇ ਕੁਚਲੇ ਤੇ ਕਿਰਤੀ ਵਰਗ ਦੀ ਮੁਕਤੀ ਦਾ ਇਤਿਹਾਸਕ ਤੇ ਦਾਰਸ਼ਨਿਕ ਸੰਕਲਪ ਹੈ। ਪੂਰੇ ਭਾਰਤ ਵਿਚ ਦਬੇ ਕੁਚਲਿਆਂ ਦਾ ਰੰਗ ਵੀ ਖਾਲਸਾ ਜੀ ਵਰਗਾ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਖਾਲਸੇ ਦੀ ਵਡਿਆਈ ਇਹ ਹੈ ਕਿ ਉਹ ਦੇਗ ਤੋਂ ਹੱਥ ਹਟਾਂਦੇ ਨਹੀਂ ਤੇ ਵੰਡ ਖਾਉਣ ਤੋਂ ਹਟਦੇ ਨਹੀਂ।

ਯਹੀ ਲਾਇਕੀ ਖਾਲਸੇ ਮਾਹਿ।
ਲੜਨ ਮਰਨ ਮੋ ਰਹੇ ਅਗਾਹਿੰ।
ਔਰ ਪ੍ਰਸ਼ਾਦਿ ਵੰਡਕੇ ਖਾਹਿ।
ਮਿਠਾ ਬੋਲਹਿ, ਸਿੱਖੀ ਕਮਾਹਿ ॥
(ਪ੍ਰਾਚੀਨ ਪੰਥ ਪ੍ਰਕਾਸ਼)

ਖਬੇਪਖੀ ਚਿੰਤਕਾਂ ਨੂੰ ਸਾਡਾ ਇਤਿਹਾਸ ਤੇ ਫਲਸਫਾ ਸਮਝਣ ਦੀ ਲੋੜ ਹੈ ਕਿ ਮਨੁੱਖਤਾ ਦੇ ਹਿਤ ਸਾਂਝੇ ਹੁੰਦੇ ਹਨ। ਫਿਰਕੂ ਸਟੇਟ ਦਾ ਫਾਸ਼ੀਵਾਦੀ ਨਜ਼ਰੀਆ ਹਰੇਕ ਇਨਕਲਾਬ ਤੇ ਕਿਰਤੀ ਜਨਤਾ ਦੇ ਵਿਰੋਧ ਵਿਚ ਹੁੰਦਾ ਹੈ। ਲੋਕਾਂ ਦਾ ਭਲਾ ਟੀਰੇ ਨਜ਼ਰੀਏ ਵਿਚ ਨਹੀਂ, ਸਾਂਝੀਵਾਲਤਾ ਵਿਚ ਹੁੰਦਾ ਹੈ। ਨਸਲਵਾਦ ਵਰਤਾਰੇ ਵਿਰੁੱਧ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਲੋੜ ਹੁੰਦੀ ਹੈ। ਨਾ ਕਿ ਇਨਕਲਾਬੀ ਧਿਰਾਂ ਇਕ ਦੂਜੇ ਵਿਰੁੱਧ ਖਲੋਂ ਜਾਣ।

## ਭਾਰਤੀ ਮੂਲ ਦੇ ਰਿਸ਼ੀ ਸ਼ਾਹ ਨੂੰ ਅਰਬਾਂ ਡਾਲਰ ਦੀ ਫਰਜ਼ੀ ਸਕੀਮ ਚਲਾਉਣ ਦੇ ਦੋਸ਼ਾਂ ਤਹਿਤ ਸਾਢੇ 7 ਸਾਲ ਜੇਲ , ਘਰ ਹੋਵੇਗਾ ਜ਼ਬਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੇ ਆਊਟਕਮ ਹੈਲਥ ਸੀ ਈ ਓ ਰਿਸ਼ੀ ਸ਼ਾਹ ਨੂੰ ਇਕ ਅਰਬਾਂ ਡਾਲਰ ਦੀ ਫਰਜ਼ੀ ਸਕੀਮ ਚਲਾਉਣ ਦੇ ਦੋਸ਼ਾਂ ਤਹਿਤ ਸਾਢੇ 7 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਯੂ ਐਸ ਡਿਸਟ੍ਰਿਕਟ ਜੱਜ ਥਾਮਸ ਡਰਕਿਨ ਨੇ ਸ਼ਾਹ ਦੇ ਨਾਲ ਸਹਿ ਦੋਸ਼ੀ ਸਾਬਕਾ ਆਊਟਕਮ ਪ੍ਰਧਾਨ ਸ਼ਾਰਧਾ ਅਗਰਵਾਲ ਤੇ ਸਾਬਕਾ ਚੀਫ ਆਪਰੇਟਿੰਗ ਅਫਸਰ ਬਰੈਡ ਪੁਰਡੀ ਵਿਰੁੱਧ ਸੁਣਵਾਈ ਉਪਰੰਤ ਸ਼ਾਹ ਨੂੰ ਸਜ਼ਾ ਸੁਣਾਉਣ ਦਾ ਐਲਾਨ ਕੀਤਾ। ਸ਼ਿਕਾਗੋ ਦੇ ਉੱਤਰ ਵਿੱਚ ਸਥਿੱਤ ਸ਼ਾਹ ਦਾ 80 ਲੱਖ ਡਾਲਰ ਦੀ ਕੀਮਤ ਦਾ ਘਰ ਵੀ ਜ਼ਬਤ ਕੀਤਾ ਜਾਵੇਗਾ। ਅਗਰਵਾਲ ਨੂੰ ਸਜ਼ਾ ਬਾਅਦ ਵਿਚ ਸੁਣਾਈ ਜਾਵੇਗੀ। ਇਸ ਮਾਮਲੇ ਵਿਚ ਆਊਟਕਮ ਦੇ 3 ਸਾਬਕਾ ਮੁਲਾਜ਼ਮ ਪਹਿਲਾਂ ਹੀ ਆਪਣਾ ਗੁਨਾਹ ਮੰਨ ਚੁੱਕੇ ਹਨ ਜਿਨਾਂ ਵਿਚ ਅਸ਼ੀਕ ਡਿਸਾਈ, ਕੈਥਰਾਇਨ ਚੋਈ ਤੇ ਓਲੀਵਰ ਹੈਨ ਸ਼ਾਮਿਲ ਹਨ।

# ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਦੀ ਕੁਰਬਾਨੀ ਨੂੰ ਯਾਦ ਕਰਦਿਆਂ


(9 ਜੁਲਾਈ) ਸ਼ਹੀਦੀ ਦਿਵਸ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਗੁਰੂ ਘਰ ਦੇ ਅਨਿਨ ਗੁਰਸਿੱਖ ਸ਼੍ਰੋਮਣੀ ਵਿਦਵਾਨ ਤੇ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸੰਪੂਰਨਤਾ ਦੇਣ ਸਮੇਂ ਲਿਖਾਰੀ ਵਜੋਂ ਜਿਹੜਾ ਕਾਰਜ ਕੀਤਾ, ਉਹ ਇਤਿਹਾਸਕ ਅਤੇ ਵਿਲੱਖਣ ਹੈ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿੱਚ ਜਿਥੇ ਪਾਵਨ ਬੀੜ ਨੂੰ ਲਿਖਣ ਦੀ ਸੇਵਾ ਕੀਤੀ, ਉਥੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਵੀ ਦਰਜ ਕੀਤੀ। ਭਾਈ ਸਾਹਿਬ ਨੂੰ 9 ਜੁਲਾਈ, 1734 ਈ: ਨੂੰ ਲਾਹੌਰ ਦੇ ਨਖਾਸ ਚੌਕ ਵਿੱਚ ਸ਼ਹੀਦ ਕੀਤਾ ਗਿਆ। ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਭਾਈ ਸਾਹਿਬ ਗੁਰੂ ਘਰ ਦੇ ਇਕ ਮਹਾਨ ਸਿਦਕੀ ਸਿੱਖ ਹੋਣ ਦੇ ਨਾਲ–ਨਾਲ ਨੇਮੀ, ਪ੍ਰੇਮੀ ਤੇ ਸ਼ਰਧਾਵਾਨ ਵਿਦਵਾਨ ਵੀ ਸਨ। ਭਾਈ ਸਾਹਿਬ ਨੇ ਸਮੇਂ–ਸਮੇਂ ਜੰਗਾਂ–ਯੁੱਧਾਂ ਵਿੱਚ ਜੰਗੀ ਕਰਤਵ ਵੀ ਦਿਖਾਏ। ਸਮਾਂ ਆਉਣ 'ਤੇ ਗੁਰਬਾਣੀ ਦੇ ਅਰਥ ਕਥਾ ਵਿਆਖਿਆ ਅਤੇ ਪ੍ਰਵਚਨਾਂ ਦੁਆਰਾ ਵੀ ਸਿੱਖ ਧਰਮ ਦੀ ਫਿਲਾਸਫੀ, ਸਿਧਾਂਤਾਂ ਅਤੇ ਪਰੰਪਰਾਵਾਂ ਦਾ ਪ੍ਰਚਾਰ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਸਿੱਖ ਧਰਮ ਦੀ ਮਰਿਯਾਦਾ ਅਤੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਬੰਦ–ਬੰਦ ਕਟਵਾਉਣ ਤੋਂ ਵੀ ਸੰਕੋਚ ਨਹੀਂ ਕੀਤਾ। ਇਤਿਹਾਸਕ ਹਵਾਲਿਆਂ ਮੁਤਾਬਕ ਬੰਦਈ ਅਤੇ ਤੱਤ ਖ਼ਾਲਸੇ ਦੇ ਝਗੜੇ ਨੂੰ ਬੜੀ ਸੂਝ–ਬੂਝ ਨਾਲ ਨਿਬੇੜਨ ਵਿੱਚ ਮਹਾਨ ਯੋਗਦਾਨ ਪਾਇਆ। ਸਿੱਖ ਵਿਦਵਾਨ ਵਜੋਂ ਭਾਈ ਸਾਹਿਬ ਵੱਲੋਂ ਲਿਖੀਆਂ ਦੋ ਮਹਾਨ ਪੁਸਤਕਾਂ ਜਨਮਸਾਖੀ (ਗਿਆਨ ਰਤਨਾਵਲੀ) ਅਤੇ ਸਿੱਖਾਂ ਦੀ ਭਗਤ ਮਾਲਾ (ਭਗਤ ਰਤਨਾਵਲੀ) ਸਿੱਖ ਜਗਤ ਵਿੱਚ ਸ਼ਰਧਾ ਨਾਲ ਪੜ੍ਹੀਆਂ ਜਾਂਦੀਆਂ ਹਨ।

ਸ਼ਹੀਦ ਭਾਈ ਮਨੀ ਸਿੰਘ ਨੂੰ ਸਿੱਖ ਇਤਿਹਾਸ ਦੇ ਵੱਖ–ਵੱਖ ਸਰੋਤਾਂ ਮੁਤਾਬਿਕ ਕਿਸੇ ਨੇ ਪਰਮਾਰ ਰਾਜਪੂਤ, ਕਿਸੇ ਨੇ ਕੰਬੋਜ ਅਤੇ ਕਿਸੇ ਨੇ ਦੁਲਟ ਜੱਟ ਦੱਸਿਆ ਹੈ। ਇਤਿਹਾਸਕ ਹਵਾਲਿਆਂ ਮੁਤਾਬਿਕ ਆਪ ਦਾ ਜਨਮ ਭਾਈ ਮਾਈ ਦਾਸ ਦੇ ਗ੍ਰਹਿ ਵਿਖੇ ਮਾਤਾ ਮਧਰੀ ਜੀ ਦੀ ਕੁੱਖ ਤੋਂ ਹੋਇਆ। ਜਦੋਂ ਆਪ 13 ਸਾਲ ਦੇ ਸਨ ਤਾਂ ਆਪਣੇ ਪਿਤਾ ਜੀ ਦੇ ਨਾਲ ਕੀਰਤਪੁਰ ਸਾਹਿਬ ਵਿਖੇ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨਾਂ ਨੂੰ ਆਏ। ਦੋ ਸਾਲ ਤੱਕ ਆਪ ਗੁਰੂ ਹਰਿ ਰਾਏ ਸਾਹਿਬ ਦੀ ਸੰਗਤ ਵਿੱਚ ਵਿਚਰੇ। ਇਸ ਤੋਂ ਪਿੱਛੋਂ ਆਪ ਜੀ ਦੇ ਪਿਤਾ ਜੀ ਆਪ ਜੀ ਨੂੰ ਸ਼ਾਦੀ ਕਰਨ ਲਈ ਵਾਪਸ ਲੈ ਗਏ। ਆਪ ਜੀ ਦੀ ਸ਼ਾਦੀ ਭਾਈ ਲੱਖੀ ਸ਼ਾਹ ਵਣਜਾਰਾ ਦੀ



ਸਪੁੱਤਰੀ ਬੀਬੀ ਸੀਤੋ ਦੇਵੀ ਨਾਲ ਹੋਈ ਦੱਸੀ ਜਾਂਦੀ ਹੈ। ਵਿਆਹ ਤੋਂ ਕੁਝ ਸਮਾਂ ਪਿੱਛੋਂ ਆਪ ਦੁਬਾਰਾ ਫਿਰ ਆਪਣੇ ਦੋ ਭਾਈਆਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਨਾਲ ਕੀਰਤਪੁਰ ਸਾਹਿਬ ਆ ਗਏ। ਕਈ ਇਤਿਹਾਸਕਾਰਾਂ ਮੁਤਾਬਕ ਭਾਈ ਸਾਹਿਬ ਅੱਠਵੇਂ ਪਾਤਸ਼ਾਹ ਨਾਲ ਦਿੱਲੀ ਵੀ ਗਏ ਅਤੇ ਨੌਵੇਂ ਪਾਤਸ਼ਾਹ ਨਾਲ ਬਾਬਾ ਬਕਾਲਾ ਸਾਹਿਬ ਵਿਖੇ ਵੀ ਗਏ ਸਨ। ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਜੀ ਦਸ਼ਮੇਸ਼ ਪਿਤਾ ਜੀ ਪਾਸ ਆ ਗਏ। ਦੱਸਵੇਂ ਪਾਤਸ਼ਾਹ ਦੇ ਹੁਕਮ ਮੁਤਾਬਕ ਹਰ ਸਮੇਂ ਜੰਗਾਂ ਯੁੱਧਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ। ਇਸ ਤਰ੍ਹਾਂ ਸੱਤਵੇਂ ਪਾਤਸ਼ਾਹ ਤੋਂ ਲੈ ਕੇ ਦੱਸਵੇਂ ਪਾਤਸ਼ਾਹ ਤੱਕ ਆਪ ਜੀ ਗੁਰੂ ਘਰ ਦੇ ਅੰਗ–ਸੰਗ ਰਹਿ ਕੇ ਸੇਵਾ ਨਿਭਾਉਂਦੇ ਰਹੇ। ਇਤਿਹਾਸਕ ਹਵਾਲਿਆਂ ਅਨੁਸਾਰ 30 ਮਾਰਚ, 1699 ਈ: ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਸਾਜਨਾ ਸਮੇਂ ਆਪ ਜੀ ਨੇ ਆਪਣੇ ਪੰਜ ਪੁੱਤਰਾਂ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਿਨ ਸਿੰਘ, ਭਾਈ ਅਜਬ ਸਿਘ ਅਤੇ ਭਾਈ ਅਜਾਇਬ ਸਿੰਘ ਨੂੰ ਨਾਲ ਲੈ ਕੇ ਦਸਮ ਪਾਤਸ਼ਾਹ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਸਾਰਿਆਂ ਨੇ ਇਕੱਠਿਆਂ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਆਪ ਨੂੰ ਸੋਢੀ ਹਰਿ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਸੰਭਾਲੀ। ਇਤਿਹਾਸਕ ਹਵਾਲਿਆਂ ਮੁਤਾਬਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦੌਰਾਨ ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਿਹੜਾ ਯੋਗਦਾਨ ਪਾਇਆ, ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਵੇਲੇ ਆਪ ਦਸਮ ਪਾਤਸ਼ਾਹ ਜੀ ਦੇ ਨਾਲ ਹੀ ਸਨ। ਸਰਸਾ ਨਦੀ ਦੇ ਪਵਿੱਤਰ ਵਿਛੋੜੇ ਸਮੇਂ ਨਦੀ ਪਾਰ ਕਰਨ ਦੇ ਵਕਤ ਸਰਬੰਸਦਾਨੀ ਪਿਤਾ ਜੀ ਦੇ ਆਪਣੇ ਮਹਿਲ (ਧਰਮ ਸੁਪਤਨੀਆਂ) ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਭੇਜਿਆ। ਦੱਸਿਆ ਜਾਂਦਾ ਹੈ ਜਦੋਂ ਦਸਮ ਪਿਤਾ ਜੀ ਦਮਦਮਾ ਸਾਹਿਬ ਪਹੁੰਚੇ ਤਾਂ ਭਾਈ ਮਨੀ ਸਿੰਘ ਦਿੱਲੀ ਤੋਂ ਦਮਦਮਾ ਸਾਹਿਬ ਪਹੁੰਚ ਗਏ। ਇਥੇ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦੀ ਸੇਵਾ ਨਿਭਾਈ। ਗੁਰੂ ਸਾਹਿਬ ਨੇ ਇਸ ਪਾਵਨ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਨੂੰ ਅਰਥਾਂ ਸਹਿਤ ਵਿਚਾਰਿਆ। ਅਰਥ ਸਰਵਣ ਕਰਨ ਸਮੇਂ 48 ਮਹਾਨ ਵਿਦਵਾਨਾਂ ਵਿੱਚ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਵੀ ਸ਼ਾਮਿਲ ਸਨ। ਦਸਮ ਪਿਤਾ ਜੀ ਨੇ ਇਨ੍ਹਾਂ ਦੋਵੇਂ ਪਿਆਰੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਨੂੰ ਜਾਰੀ ਰੱਖਣ ਦੇ ਆਦੇਸ਼ ਦਿਤੇ। ਪੜ੍ਹਨ–ਪੜ੍ਹਾਉਣ ਦਾ ਮਹਾਨ ਕਾਰਜ ਇਨ੍ਹਾਂ ਦੋਵਾਂ ਆਦਰਸ਼ ਜੀਵਨ ਵਾਲੇ ਗੁਰੂ ਪਿਆਰਿਆਂ ਨੇ ਸ਼ਹਾਦਤ ਦਾ ਜਾਮ ਪੀਣ ਤੱਕ ਨਿਭਾਇਆ, ਜੋ ਹੁਣ ਤੱਕ ਨਿਰੰਤਰ ਚੱਲ ਰਿਹਾ ਹੈ। ਦਸਮ ਪਾਤਸ਼ਾਹ ਨੇ ਇਨ੍ਹਾਂ ਦੋਵਾਂ ਕਹਿਣੀ ਤੇ ਕਰਣੀ ਦੇ ਪੂਰੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਦੀ ਟੀਕਾ ਪ੍ਰਣਾਲੀ ਨੂੰ ਜਾਰੀ ਰੱਖਣ ਦੇ ਆਦੇਸ਼ ਦਿੱਤੇ।

ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਚਲੇ ਗਏ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਪੁੱਜ ਗਏ। ਦੀਵਾਲੀ ਅਤੇ ਵਿਸਾਖੀ ਦੇ ਪਾਵਨ ਅਵਸਰਾਂ 'ਤੇ ਕਰ (ਟੈਕਸ) ਨਾ ਦੇ ਸਕਣ ਕਾਰਨ ਲਾਹੌਰ ਦੀ ਹਕੂਮਤ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ।

ਭਾਈ ਸਾਹਿਬ ਨੇ ਹਕੂਮਤ ਵੱਲੋਂ ਜਬਰੀ ਧਰਮ ਤਬਦੀਲ ਕਰਨ ਦੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਤਾਂ ਜ਼ਕਰੀਆ ਖਾਨ ਨੇ ਬੰਦ–ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਇਸ ਤਰ੍ਹਾਂ ਭਾਈ ਸਾਹਿਬ ਨੇ ਸਿੱਖੀ ਸਿਦਕ ਨਿਭਾਉਂਦਿਆਂ ਸ਼ਹਾਦਤ ਤਾਂ ਪ੍ਰਾਪਤ ਕਰ ਲਈ ਪਰ ਸਿੱਖ ਸਿਧਾਂਤਾਂ, ਰਵਾਇਤਾਂ ਅਤੇ ਮਰਿਯਾਦਾ ਨੂੰ ਕਾਇਮ ਰੱਖਣ ਲਈ ਆਪਾ ਵਾਰ ਦਿੱਤਾ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਹਮੇਸ਼ਾਂ ਲਈ ਕੌਮ ਦੇ ਮਰਜੀਵੜਿਆਂ ਨੂੰ ਚਾਨਣ ਮੁਨਾਰੇ ਵਾਂਗ ਰੁਸ਼ਨਾਉਂਦੀ ਰਹੀ ਹੈ ਅਤੇ ਰੁਸ਼ਨਾਉਂਦੀ ਰਹੇਗੀ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਸਾਡਾ ਪ੍ਰਣਾਮ।

** * ** ***

## ਅਮਰੀਕਾ ਚੋਣਾਂ : ਪਹਿਲੀ ਬਹਿਸ ਵਿਚ ਡੌਨਲਡ ਟਰੰਪ ਜੇਤੂ



**ਐਟਲਾਂਟਾ :** ਅਮਰੀਕਾ ਵਿਚ ਆਮ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਦਰਮਿਆਨ ਹੋਈ ਬਹਿਸ ਇਕਪਾਸੜ ਸਾਬਤ ਹੋਈ ਅਤੇ ਡੈਮੋਕ੍ਰੈਟਿਕ ਪਾਰਟੀ ਦੇ ਹਮਾਇਤੀਆਂ ਨੇ ਵੀ ਟਰੰਪ ਨੂੰ ਜੇਤੂ ਮੰਨ ਲਿਆ। ਬਹਿਸ ਦੌਰਾਨ ਨਾਜਾਇਜ਼ ਪ੍ਰਵਾਸ, ਅਬੌਰਸ਼ਨ, ਇਜ਼ਰਾਇਲ ਹਮਾਸ ਜੰਗ, ਰੂਸ–ਯੂਕਰੇਨ ਜੰਗ, ਟੈਕਸ, ਮਹਿੰਗਾਈ, ਬੇਰੁਜ਼ਗਾਰੀ ਅਤੇ ਕਲਾਈਮੇਟ ਚੇਂਜ ਵਰਗੇ ਮੁੱਦਿਆਂ ਨੂੰ ਛੋਹਿਆ ਗਿਆ ਪਰ ਆਪਣੀ ਪਤਨੀ ਜਿਲ ਬਾਇਡਨ ਨਾਲ ਪੁੱਜੇ ਜੋਅ ਬਾਇਡਨ ਦੀ ਸਰੀਰਕ ਕਮਜ਼ੋਰੀ ਸਾਫ ਨਜ਼ਰ ਆ ਰਹੀ ਸੀ। ਜੋਅ ਬਾਇਡਨ ਦਾ ਸਭ ਤੋਂ ਮਾੜਾ ਪੱਖ ਇਹ ਰਿਹਾ ਕਿ ਉਹ ਬੋਲਦੇ ਬੋਲਦੇ ਰੁਕ ਜਾਂਦੇ ਸਨ ਅਤੇ ਟਰੰਪ ਦੀਆਂ ਦਲੀਲਾਂ ਨੂੰ ਅਸਰਦਾਰ ਤਰੀਕੇ ਨਾਲ ਗਲਤ ਠਹਿਰਾਉਣ ਵਿਚ ਸਫਲ ਨਾ ਹੋ ਸਕੇ।

ਤਿੱਖੇ ਹਮਲਿਆਂ ਦਾ ਠੋਕਵਾਂ ਜਵਾਬ ਨਾ ਦੇ ਸਕੇ ਰਾਸ਼ਟਰਪਤੀ ਬਾਇਡਨ ਡੇਲੀ ਮੇਲ ਦੀ ਰਿਪੋਰਟ ਮੁਤਾਬਕ ਡੈਮੋਕ੍ਰੈਟਿਕ ਪਾਰਟੀ ਦੇ ਆਗੂਆਂ ਵੱਲੋਂ ਉਮੀਦਵਾਰ ਬਦਲਣ ਦੀਆਂ ਸੰਭਾਵਨਾਵਾਂ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਆਲੋਚਕਾਂ ਦਾ ਕਹਿਣਾ ਸੀ ਕਿ ਬਹਿਸ ਦੌਰਾਨ ਇਉਂ ਮਹਿਸੂਸ ਹੋਇਆ ਜਿਵੇਂ ਟਰੰਪ ਸਾਹਮਣੇ ਫੁੱਟਬਾਲ ਦੇ ਮੈਦਾਨ ਵਿਚ ਖੁੱਲ੍ਹਾ ਗੋਲ ਮੌਜੂਦ ਹੋਵੇ ਅਤੇ ਉਹ ਆਪਣੀ ਮਰਜ਼ੀ ਗੋਲ ਕਰਦੇ ਰਹਿਣ। ਬਹਿਸ ਦੌਰਾਨ ਟਰੰਪ ਨੇ ਬਾਇਡਨ ਨੂੰ ਮਨਚੂਰੀਅਨ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਚੀਨ ਉਨ੍ਹਾਂ ਨੂੰ ਪੈਸੇ ਦਿੰਦਾ ਹੈ। ਦੂਜੇ ਪਾਸੇ ਬਾਇਡਨ ਨੇ ਕਿਹਾ ਕਿ ਟਰੰਪ ਦੀ ਪਤਨੀ ਗਰਭਵਤੀ ਸੀ ਜਦੋਂ ਉਨ੍ਹਾਂ ਨੇ ਪੋਰਨ ਸਟਾਰ ਨਾਲ ਸਬੰਧ ਕਾਇਮ ਕੀਤੇ। ਇਥੇ ਦਸਣਾ ਬਣਦਾ ਹੈ ਕਿ ਪਹਿਲੀ ਬਹਿਸ ਜਾਰਜੀਆ ਦੇ ਐਟਲਾਂਟਾ ਸ਼ਹਿਰ ਵਿਚ ਹੋਈ। ਬਹਿਸ ਵਿਚ ਦੋ ਮੇਜ਼ਬਾਨ ਮੌਜੂਦ ਸਨ ਜਿਨ੍ਹਾਂ ਵੱਲੋਂ ਸਵਾਲਾਂ ਦੇ ਜਵਾਬ ਦੇਣ ਲਈ ਟਰੰਪ ਅਤੇ ਬਾਇਡਨ ਨੂੰ ਸਮਾਂ ਦਿਤਾ ਜਾਂਦਾ। ਟਰੰਪ ਦੀ ਉਮਰ ਇਸ ਵੇਲੇ 78 ਸਾਲ ਹੈਅਤੇ ਬਾਇਡਨ 81 ਸਾਲ ਦੇ ਹੋ ਚੁੱਕੇ ਹਨ। ਇਥੇ ਦਸਣਾ ਬਣਦਾ ਹੈ ਕਿ ਹੁਣ ਤੱਕ ਅਮਰੀਕਾ ਦੇ ਕਿਸੇ ਵੀ ਪ੍ਰਮੁੱਖ ਪਾਰਟੀ ਵੱਲੋਂ ਅਧਿਕਾਰਤ ਤੌਰ ਤੇ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਜਿਸ ਦੇ ਮੱਦੇਨਜ਼ਰ ਬਾਇਡਨ ਨੂੰ ਹਟਾ ਕੇ ਬਰਾਕ ਓਬਾਮਾ ਦੀ ਪਤਨੀ ਨੂੰ ਉਮੀਦਵਾਰੀ ਸੌਂਪੀ ਜਾ ਸਕਦੀ ਹੈ। ਡੌਨਲਡ ਟਰੰਪ ਨੂੰ ਟੱਕਰ ਦੇਣ ਵਾਸਤੇ ਡੈਮੋਕ੍ਰੈਟਿਕ ਪਾਰਟੀ ਨੂੰ ਇਕ ਮਜ਼ਬੂਤ ਉਮੀਦਵਾਰ ਦੀ ਜ਼ਰੂਰ ਹੈ ਜੋ ਮਿਸ਼ੇਲ ਓਬਾਮਾ ਤੋਂ ਸਿਵਾਏ ਕੋਈ ਹੋਰ ਨਹੀਂ ਹੋ ਸਕਦਾ।

ਤਹਿਰੀਕ ਮੇ ਮਹਿਲ ਵੀ ਹੈਂ, ਹਾਕਮ ਵੀ ਔਰ ਤਖਤ ਵੀ, ਗੁਮਨਾਮ ਜੋ ਹੂਏ ਹੈਂ ਵੋ ਲਸ਼ਕਰ ਤਲਾਸ਼ ਕਰ

# ਪੰਜਾਬ – ਜ਼ਿਮਨੀ ਚੋਣਾਂ ਪ੍ਰਤੀ ਲੋਕਾਂ ਵਿਚ ਵੱਖਰੀ ਉਤਸੁਕਤਾ ਯੂ ਕੇ ਚੋਣਾਂ ਵਿਚ ਦੇਸੀ ਉਮੀਦਵਾਰਾਂ ਦੀਆਂ ਝੜਪਾਂ ਤੇ ਬੜ੍ਹਕਾਂ

ਜਾਗ ਮਨ ਜਾਗਣ ਦਾ ਵੇਲਾ

ਕੁਲਵੰਤ ਸਿੰਘ ਢੇਸੀ
ਕਾਵੈਂਟਰੀ, ਯੂ ਕੇ
Kulwantsinghdhesi
@hotmail.com
07854 136 413



ਪੰਜਾਬ ਦੇ ਜਿਹਨਾ ਇਲਾਕਿਆਂ ਵਿਚ ਜਿਮਨੀ ਚੋਣਾਂ ਹੋ ਰਹੀਆਂ ਹਨ ਉਹਨਾ ਬਾਬਤ ਇੱਕ ਅਹਿਮ ਗੱਲ ਉਭਰ ਕੇ ਆ ਰਹੀ ਹੈ ਕਿ ਪੰਥਕ ਮੁੱਦਿਆਂ ‘ਤੇ ਕੀ ਖਡੂਰ ਸਾਹਿਬ ਦੇ ਲੋਕ ਸਭਾ ਹਲਕੇ ਦਾ ਅਮਲ ਮੁੜ ਵੀ ਦੁਹਰਾਇਆ ਜਾ ਸਕਦਾ ਹੈ, ਜਿਸ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਜਿੱਤ ਨੇ ਪੰਥ ਵਿਚ ਵੱਖਰੀ ਕਿਸਮ ਦਾ ਜੋਸ਼ ਅਤੇ ਚਾਅ ਭਰ ਦਿੱਤਾ ਸੀ। ਪੱਛਮੀ ਜਲੰਧਰ ਤੋਂ ਇਲਾਵਾ ਡੇਰਾ ਬਾਬਾ ਨਾਨਕ, ਗਿੱਦੜਬਾਹਾ, ਬਰਨਾਲਾ ਅਤੇ ਚੱਬੇਵਾਲ ਦੇ ਹਲਕਿਆਂ ਵਿਚ ਹੋਣ ਵਾਲੀਆ ਚੋਣਾਂ ਦੇ ਉਮੀਦਵਾਰਾਂ ਪ੍ਰਤੀ ਵੀ ਵੋਟਰਾਂ ਦੀ ਭਾਰੀ ਉਤਸੁਕਤਾ ਬਣੀ ਰਹੇਗੀ। ਪੰਜਾਬ ਦੇ ਮਾਝਾ, ਮਾਲਵਾ ਅਤੇ ਦੁਆਬਾ ਦੇ ਤਿੰਨ ਇਲਾਕਿਆਂ ਤੋਂ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੇ ਚੋਣਾਂ ਲੜਨ ਦੇ ਐਲਾਨ ਕੀਤੇ ਹਨ। ਇਹਨਾ ਹਲਕਿਆਂ ਸਬੰਧੀ ਬਰਨਾਲਾ ਤੋਂ ਕੁਲਵੰਤ ਸਿੰਘ ਰਾਊਕੇ, ਗਿੱਦੜਬਾਹਾ ਤੋਂ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ, ਡੇਰਾ ਬਾਬਾ ਨਾਨਕ ਤੋਂ ਦਲਜੀਤ ਸਿੰਘ ਕਸਲੀ ਦੇ ਨਾਮ ਵਰਨਣ ਯੋਗ ਹਨ।

ਇਹਨਾਂ ਸਬੰਧੀ ਇਹ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਰਿਹਾ ਹੋ ਕੇ ਇਹਨਾਂ ਉਮੀਦਵਾਰਾਂ ਦੇ ਹੱਕ ਵਿਚ ਆ ਨਿਤਰਦੇ ਹਨ ਤਾਂ ਨਾ ਕੇਵਲ ਇਹਨਾਂ ਦੇ ਜਿੱਤਣ ਦੀ ਪੂਰੀ ਉਮੀਦ ਕੀਤੀ ਜਾਵੇਗੀ ਸਗੋਂ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਮੁੜ ਅੰਮ੍ਰਿਤ ਸੰਚਾਰ ਲਹਿਰ ਜ਼ੋਰ ਫੜ ਜਾਵੇਗੀ ਜਿਸ ਦੇ ਦੂਰ ਰਸ ਪ੍ਰਭਾਵ ਪੰਜਾਬ ਵਾਸੀਆਂ ‘ਤੇ ਸੁਖਾਵੇਂ ਪੈਣ ਦੇ ਇਮਕਾਨ ਹਨ। ਸਿਆਸੀ ਪੰਡਤ ਇਸ ਗੱਲ ਦੇ ਵੀ ਅੰਦਾਜ਼ੇ ਲਾ ਰਹੇ ਹਨ ਕਿ ਇਹਨਾ ਪੰਥਕ ਸੁਰ ਦੇ ਉਮੀਦਵਾਰਾਂ ਦੀ ਚੜ੍ਹਤ ਕੀ ਭਲਕ ਨੂੰ ਅਕਾਲੀ ਦਲ ਦੀ ਦਲਦਲੀ ਜ਼ਮੀਨ ਨੂੰ ਨਿੱਗਰ ਪੰਥਕ ਜ਼ਮੀਨ ਵਿਚ ਬਦਲ ਸਕਦੀ ਹੈ ਕਿ ਨਹੀਂ? ਇਸ ਸਬੰਧੀ ਵੱਖੋ ਵੱਖ ਅੰਦਾਜ਼ੇ ਹਨ ਪਰ ਸਭ ਤੋਂ ਚਿੰਤਾਤੁਰ ਗੱਲ ਇਹਨਾਂ ਸ਼ਖਸੀਅਤਾਂ ‘ਤੇ ਲੱਗੇ ਹੋਏ ਐਨ ਐਸ ਏ ਦੀ ਹੈ। ਨੈਸ਼ਨਲ ਸਕਿਓਰਿਟੀ ਐਕਟ ੧੯੮੦ ਨਾਮ ਦੇ ਇਸ ਅਣਮਨੁੱਖੀ ਕਾਨੂੰਨ ਤਹਿਤ ਵਿਅਕਤੀ ਨੂੰ ਇੱਕ ਸਾਲ ਤਕ ਸਲਾਖਾਂ ਪਿੱਛੇ ਡੱਕਿਆ ਜਾ ਸਕਦਾ ਹੈ ਅਤੇ ਫਿਰ ਇੱਕ ਸਾਲ ਪੂਰਾ ਹੋਣ ਬਾਅਦ ਵੀ ਵਿਸ਼ੇਸ਼ ਕਮੇਟੀ ਦੀਆਂ ਸਿਫਾਰਸ਼ਾਂ ‘ਤੇ ਵਿਅਕਤੀ ਦੀ ਮਿਆਦ ਵਧਾਈ ਵੀ ਜਾ ਸਕਦੀ ਹੈ। ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਇਸੇ ਕਾਨੂੰਨ ਤਹਿਤ ਮਾਰਚ ੨੦੨੩ ਤੋਂ ਅਸਾਮ ਦੀ ਡਿਬਰੂਗੜ੍ਹ ਜਿਹਲ ਵਿਚ ਡੱਕੇ ਹੋਏ ਹਨ। ਭਾਰਤੀ ਦੰਡਾਵਲੀ ਮੁਤਾਬਕ ਜਿਥੇ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ ੨੪ ਘੰਟਿਆਂ ਦੇ ਅੰਦਰ ਅੰਦਰ ਅਦਾਲਤ ਵਿਚ ਪੇਸ਼ ਕਰਨਾ ਜਰੂਰੀ ਹੁੰਦਾ ਹੈ ਪਰ ਐਨ ਐਸ ਏ ਦਾ ਕੌਮੀ


ਅੰਮ੍ਰਿਤਪਾਲ ਸਿੰਘ


ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ

ਸੁਰੱਖਿਆ ਦਾ ਇਹ ਕਾਨੂੰਨ ਸ਼ਹਿਰੀਆਂ ਦਾ ਇਹ ਹੱਕ ਖੋਹੰਦਾ ਹੈ ਅਤੇ ਇਹ ਰਾਜ ਕਰ ਰਹੀਆਂ ਪਾਰਟੀਆਂ ਦੇ ਹੱਥਾਂ ਵਿਚ ਐਨ ਐਸ ਏ ਇੱਕ ਹਥਿਆਰ ਵਾਂਗ ਕੰਮ ਕਰਦਾ ਹੈ ਕਿ ਇਸ ਜੰਗਲ ਦੇ ਕਾਨੂੰਨ ਤਹਿਤ ਸਰਕਾਰ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਵਾ ਸਕਦੀ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਭਾਈ ਕੁਲਵੰਤ ਸਿੰਘ ਰਾਊਕੇ ਸਿੱਖੀ ਸਰੂਪ ਵਿਚ ਹਨ ਜਿਹਨਾ ਦਾ ਪਰਿਵਾਰਕ ਸਬੰਧ ਖਾੜਕੂ ਲਹਿਰ ਨਾਲ ਰਿਹਾ ਹੈ ਅਤੇ ਭਾਈ ਰਾਊਕੇ ਦੇ ਪਿਤਾ ਜੀ ਖਾੜਕੂ ਲਹਿਰ ਦੌਰਾਨ ਸੰਨ ੧੯੯੩ ਨੂੰ ਪੁਲਿਸ ਨੇ ਘਰੋਂ ਚੁੱਕ ਕੇ ਲਾਪਤਾ ਕਰ ਦਿੱਤਾ ਸੀ ਜਿਹਨਾ ਬਾਰੇ ਅੱਜ ਤਕ ਕੁਝ ਪਤਾ ਨਹੀਂ। ਭਾਈ ਰਾਊਕੇ ਐਨ ਐਸ ਏ ਤਹਿਤ ਡਿਬਰੂਗੜ੍ਹ ਜਿਹਲ ਵਿਚ ਬੰਦ ਹਨ।

ਭਾਈ ਅੰਮ੍ਰਿਤਪਾਲ ਸਿੰਘ ਦੇ ਦੂਜੇ ਸਾਥੀ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਨੇ ਸੋਸ਼ਲ ਮੀਡੀਏ ਰਾਹੀਂ ਮਜ਼ਾਕੀਆ ਲਹਿਜ਼ੇ ਨਾਲ ਲੋਕਾਂ ਵਿਚ ਆਪਣੀ ਪਛਾਣ ਬਣਾਈ ਅਤੇ ਫਿਰ ਭਾਈ ਅੰਮ੍ਰਿਤਪਾਲ ਸਿੰਘ ਦੇ ਹਿਮਾਇਤੀ ਬਣ ਗਏ ਤਾਂ ਪੁਲਿਸ ਨੇ ਉਸ ਨੂੰ ੧੯ ਮਾਰਚ ੨੦੨੪ ਨੂੰ ਗ੍ਰਿਫਤਾਰ ਕਰ ਲਿਆ। ਭਾਈ ਬਾਜੇਕੇ ਗਰੀਬ ਕਿਸਾਨ ਪਰਿਵਾਰ ਨਾਲ ਜੁੜੇ ਹੋਏ ਹਨ। ਚੋਣਾ ਲਈ ਲੋੜੀਂਦੇ ਹੀਲੇ ਵਸੀਲਿਆਂ ਤੋਂ ਬਿਰਵੇ ਉਮੀਦਵਾਰ ਦੀ ਸਫਲਤਾ ਦਾ ਮੁਨੱਸਰ ਲੋਕ ਲਹਿਰ ‘ਤੇ ਹੁੰਦਾ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਤੀਸਰੇ ਸਾਥੀ ਦਲਜੀਤ ਸਿੰਘ ਕਲਸੀ ਇੱਕ ਫਿਲਮੀ ਅਦਾਕਾਰ ਹਨ ਜੋ ਕਿ ਕਦੀ ਦੀਪ ਸਿੱਧੂ ਦੇ ਬਹੁਤ ਨੇੜਲੇ ਸਾਥੀ ਰਹੇ ਸਨ। ਦਲਜੀਤ ਸਿੰਘ ‘ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ ਨੂੰ ਮਾਇਕ ਸਹਾਇਤਾ ਦੇਣ ਦੇ ਦੋਸ਼ ਹਨ। ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਹਿਮਾਇਤੀ ਰਹੇ ਦਲਜੀਤ ਸਿੰਘ ਕਲਸੀ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਇਸ ਜਥੇਬੰਦੀ ਦੀ ਅਗਵਾਈ ਸੰਭਾਲਣ ਵਿਚ ਮੁਖ ਭੂਮਿਕਾ ਨਿਭਾਈ ਸੀ ਅਤੇ ਉਹਨਾ ਦਾ ਸਬੰਧ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਹੈ।

## ਯੂ ਕੇ ਚੋਣਾਂ ਵਿਚ ਦੇਸੀ ਉਮੀਦਵਾਰਾਂ ਦੀਆਂ ਝੜਪਾਂ ਤੇ ਬੜ੍ਹਕਾਂ

ਬਰਤਾਨੀਆਂ ਵਿਚ ਚੋਣ ਬੁਖਾਰ ਮਘਦਾ ਜਾ ਰਿਹਾ ਹੈ ਅਤੇ ਇਹਨਾ ਚੋਣਾਂ ਨੂੰ ਕੈਸ਼ ਕਰਨ ਲਈ ਰਾਜਨੀਤਕ ਦਲ ਆਪੋ ਆਪਣੇ ਦਾਅਵੇ ਕਰਨ ਅਤੇ ਵਿਰੋਧੀਆਂ ਨੂੰ ਨਿੰਦਣ ਵਿਚ ਲੱਗੇ ਹੋਏ ਹਨ। ਇਹ ਮੁਕਾਬਲਾ ਪ੍ਰਮੁਖ ਤੌਰ ‘ਤੇ ਦੋ ਧਿਰਾਂ ਦਰਮਿਆਨ ਹੈ। ਇੱਕ ਧਿਰ ਟੋਰੀਆਂ ਦੀ ਹੈ ਅਤੇ ਦੂਜੀ ਲੇਬਰਾਂ ਦੀ। ਪੇਸ਼ਨਗੋਈਆਂ ਇਹ ਹੋ ਰਹੀਆਂ ਹਨ ਕਿ ਆਉਣ ਵਾਲੀਆਂ ਪਾਰਲੀਮੈਂਟਰੀ ਚੋਣਾ ਵਿਚ ਲੇਬਰ ਪਾਰਟੀ ਨੂੰ ਭਾਰੀ ਬਹੁ ਮੱਤ ਮਿਲਣ ਵਾਲਾ ਹੈ ਇਸ ਕਰਕੇ ਟੋਰੀ ਪਾਰਟੀ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ। ਬਰਤਾਨੀਆਂ ਦਾ ਯੂਰਪੀਨ ਯੂਨੀਅਨ ਵਿਚੋਂ ਬਾਹਰ ਆਉਣਾ ਅਤੇ ਫਿਰ ਕੋਵਿਡ ਦੀ ਬਿਮਾਰੀ ਨਾਲ ਮੁਕਾਬਲਾ ਕਰਨ ਮਗਰੋਂ ਇਜ਼ਰਾਈਲ ਫਲਸਤੀਨ ਦੀ ਜੰਗ ਕਾਰਨ ਕਈ ਪੱਖਾਂ ਤੋਂ ਵੋਟਰ ਪ੍ਰਭਾਵਿਤ ਹੋਏ ਹਨ। ਫਲਸਤੀਨ ਦੀ ਜੰਗ ਨੂੰ ਮੁਖ ਰੱਖ ਕੇ ਬਰਤਾਨੀਆਂ ਦਾ ਮੁਸਲਿਮ ਭਾਈਚਾਰਾ ਟੋਰੀਆਂ ਦੀ ਇਜ਼ਰਾਈਲ ਪੱਖੀ ਉਲਾਰ ਨੀਤੀ ਕਾਰਨ ਵੱਡੀ ਗਿਣਤੀ ਵਿਚ ਟੋਰੀਆਂ ਵਿਰੁਧ ਹੋ ਗਿਆ ਹੈ ਅਤੇ ਰਾਜਨੀਤਕ ਪੰਡਤਾਂ ਵਲੋਂ ਇਹ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਇਹਨਾ ਚੋਣਾ ਵਿਚ ਮੁਸਲਮਾਨਾਂ ਦੀ ਵੱਡੀ ਵੋਟ ਟੋਰੀਆਂ ਵਿਰੁਧ ਭੁਗਤੇਗੀ ਜਦ ਕਿ ਭਾਰਤ ਦਾ ਪੰਜਾਬੀ ਭਾਈਚਾਰਾ ਤਾਂ ਪਹਿਲਾਂ ਹੀ ਵੱਡੀ ਗਿਣਤੀ ਵਿਚ ਲੇਬਰ ਪੱਖੀ ਰਿਹਾ ਹੈ। ਬਰਤਾਨੀਆਂ ਦੇ ਸੱਜੀ ਪੱਖੀ ਲੋਕਾਂ ਵਲੋਂ ਇਹ ਵੀ ਸੰਸਾ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਲੇਬਰ ਪਾਰਟੀ ਦੀਆਂ ਉਦਾਰਵਾਦੀਆਂ ਨੀਤੀਆਂ ਕਾਰਨ ਮੁਸਲਮਾਨਾ ਦੀਆਂ ਫਿਰਕੂ ਅਤੇ ਉਲਾਰ ਰੁਚੀਆਂ ਨੂੰ ਬਲ ਮਿਲੇਗਾ ਜੋ ਕਿ ਭਵਿੱਖ ਵਿਚ ਦੇਸ਼ ਦੀ ਇਕਸੁਰਤਾ ਨੂੰ ਵੱਡੀ ਸੱਟ ਮਾਰੇਗਾ ਜਿਸ ਕਾਰਨ ਫਿਰਕੂ ਅਤੇ ਨਸਲੀ ਖਿਚਾਅ ਵਧੇਗਾ ਅਤੇ ਹੋ ਸਕਦਾ ਹੈ ਕਿ ਇਸੇ ਕਾਰਨ ਭਵਿੱਖ ਵਿਚ ਵੱਡੀ ਪੱਧਰ ‘ਤੇ ਫਸਾਦ ਵੀ ਹੋ ਜਾਣ। ਬਰਤਾਨੀਆਂ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ ਦੀਆਂ ਕੁਲ ੬੫੦ ਸੀਟਾਂ ਹਨ ਜਿਹਨਾ ਵਿਚ ਪੰਜਾਬੀਆਂ ਜਾਂ ਸਿੱਖਾਂ ਦੀ ਗਿਣਤੀ ਤਾਂ ਨਾ ਮਾਤਰ ਹੈ ਪਰ ਮੁਸਲਮਾਨ ਸਾਂਸਦਾ ਦੀ ਗਿਣਤੀ ਵਿਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਅੰਦਾਜ਼ੇ ਲਗਾਏ ਜਾ ਰਹੇ ਸਨ ਕਿ ਇਸ ਵਾਰ ਦੀਆਂ ਚੋਣਾਂ ਵਿਚ ਸਿੱਖ ਉਮੀਦਵਾਰਾਂ ਦੀ ਗਿਣਤੀ ਸ਼ਾਇਦ ੧੦ ਤਕ ਪਹੁੰਚ ਜਾਵੇ ਪਰ ਅਸਲ ਗਿਣਤੀ ਤਾਂ ਪੰਜਾਬੀਆਂ ਦੀ ਵੀ ਪੰਜ ਸੱਤ ਉਮੀਦਵਾਰਾਂ ਦੀ ਦੱਸੀ ਜਾ ਰਹੀ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਭਾਰਤ ਵਿਚ ਸਿੱਖ ਸੰਕਟ ਕਾਰਨ ਬਰਤਾਨੀਆਂ ਦੇ ਹਿੰਦੂ ਉਮੀਦਵਾਰਾਂ ਨੂੰ ਸਿੱਖ ਹਲਕਿਆਂ ਵਿਚ ਪ੍ਰਚਾਰ ਕਰਨ ਵਿਚ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਇਸ ਮੁੱਦੇ ਤੇ ਵੰਡੇ ਹੋਏ ਪੰਜਾਬੀਆਂ ਨੇ ਪੰਜਾਬੀ ਉਮੀਦਵਾਰਾਂ ਦੀ ਗਿਣਤੀ ਅਤੇ ਸਫਲਤਾ ਨੂੰ ਬੁਰੀ ਤਰਾਂ ਨਾਲ ਪ੍ਰਭਾਵਤ ਕਰਨਾ ਹੈ।

## ਪੰਜਾਬੀ ਉਮੀਦਵਾਰਾਂ ਦੇ ਨਾਵਾਂ ਦੇ ਚਰਚੇ



**ਤਨਮਨਜੀਤ ਸਿੰਘ ‘ਢੇਸੀ’** – ੨੦੧੭ ਤੋਂ ਸਲੋਅ ਤੋਂ ਚਲੇ ਆ ਰਹੇ ਲੇਬਰ ਪਾਰਟੀ ਦੇ ਐਮ ਪੀ ਸਰਦਾਰ ਢੇਸੀ ਨੂੰ ਇਸ ਵਾਰ ਫਿਰ ਇਸੇ ਹਲਕੇ ਤੋਂ ਪਾਰਟੀ ਉਮੀਦਵਾਰ ਹਨ। ਸ: ਢੇਸੀ ਸੁਨਕ ਸਰਕਾਰ ਵਿਚ ਸ਼ੈਡੋ ਨਿਰਯਾਤ ਮੰਤਰੀ ਦੀ ਸੇਵਾ ਨਿਭਾ ਰਹੇ ਹਨ। ਫਲਸਤੀਨ ਦੇ ਮੁੱਦੇ ‘ਤੇ ਸ: ਢੇਸੀ ਗਾਜ਼ਾ ਵਿਚ ਸ਼ਾਂਤੀ ਦੇ ਮੁਦੱਈ ਰਹੇ ਹਨ ਪਰ ਸਮੇਂ ਸਮੇਂ ਉਹਨਾ ਨੂੰ ਲੋਕਾਂ ਦੀਆਂ ਗਲਤ ਫਹਿਮੀਆਂ ਕਾਰਨ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਹੈ। ਸ: ਢੇਸੀ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਦੇ ਚੇਅਰਮੈਨ ਵਜੋਂ ਜਾਣੇ ਜਾਂਦੇ ਹਨ ਅਤੇ ਉਹ ਬਰਤਾਨੀਆਂ ਵਿਚ ਸਿੱਖ ਵਾਰ ਮੈਮੋਰੀਅਲ ਲਹਿਰ ਦੀ ਅਗਵਾਈ ਵੀ ਕਰ ਰਹੇ ਹਨ। ਨੌਂ ਸਾਲ ਦੀ ਉਮਰ ਵਿਚ ਬਰਤਾਨੀਆਂ ਆਏ ਸ: ਢੇਸੀ ਦੀ ਪੰਜਾਬੀ ਭਾਸ਼ਾ ਦੀ ਮੁਹਾਰਤ ਅਤੇ ਲਹਿਜ਼ਾ ਬਾ-ਕਮਾਲ ਹੈ। ਹੁਣ ਜੇਕਰ ਇਸ ਵਾਰ ਦੀਆਂ ਚੋਣਾਂ ਵਿਚ ਲੇਬਰ ਪਾਰਟੀ ਨੂੰ ਬਹੁਮੱਤ ਮਿਲ ਜਾਂਦੀ ਹੈ ਤਾਂ ਢੇਸੀ ਕਿਸ ਮਰਾਤਬੇ ਨੂੰ ਪ੍ਰਾਪਤ ਕਰਦੇ ਹਨ ਇਹ ਗੱਲ ਦੇਖਣ ਵਾਲੀ ਹੋਵੇਗੀ।

**ਪ੍ਰੀਤ ਕੌਰ ਗਿੱਲ** – ੨੦੧੭ ਤੋਂ ਬ੍ਰਮਿੰਘਮ ਦੇ ਐਜਬੈਸਟਨ ਤੋਂ ਚਲੀ ਆ ਰਹੀ ਬੀਬੀ ਗਿੱਲ ਨੂੰ ਮੁੜ ਇਸੇ ਹਲਕੇ ਤੋਂ ਲੇਬਰ ਪਾਰਟੀ ਦੀ ਉਮੀਦਵਾਰ ਹੈ ਅਤੇ ਇਸ ਵਾਰ ਵੀ ਉਸ ਦੇ ਜਿੱਤਣ ਦੀ ਪੂਰੀ ਉਮੀਦ ਕੀਤੀ ਜਾਂਦੀ ਹੈ।

ਬਾਕੀ ਹਿਸਾ ਸਫਾ 32’ਤੇ ਪੜ੍ਹੋ →

31 ਸਫ਼ੇ ਦੀ ਬਾਕੀ



ਸੁਨਿਕ ਮੰਤਰਾਲੇ ਵਿਚ ਬੀਬੀ ਗਿੱਲ ਦਾ ਰੁਤਬਾ ਸ਼ੈਡੋ ਪ੍ਰਾਈਮਰੀ ਕੇਅਰ ਦਾ ਰਿਹਾ ਹੈ। ੨੦੨੦ ਵਿਚ ਉਹਨਾ ਨੂੰ ਐਮ ਪੀ ਆਫ ਦਾ ਈਅਰ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਬੀ ਗਿੱਲ ਕੋਔਪਰੇਟਿਵ ਪਾਰਟੀ ਪਾਰਲੀਮੈਂਟਰੀ ਗਰੁੱਪ ਦੀ ਚੇਅਰ ਵਜੋਂ ਵੀ ਨਿਯੁਕਤ ਰਹੇ ਹਨ।



**ਸੀਮਾ ਮਲਹੋਤਰਾ** – ਬੀਬੀ ਸੀਮਾ ਵੀ ਪੰਜਾਬੀ ਮੂਲ ਦੀ ਫੈਲਥਮ ਅਤੇ ਹੇਸ-ਟੋਨ ਤੋਂ ਲੇਬਰ ਐਮ ਪੀ ਹੈ। ਸੀਮਾ ਸਿੱਖਿਆ ਵਿਭਾਗ ਵਿਚ ਸ਼ੈਡੋ ਮੰਤਰੀ ਹੈ। ਪੰਜਾਬ ਦੀ ਰਾਜਨੀਤੀ ਵਿਚ ਵੰਡੀ ਹੋਈ ਪੰਜਾਬੀ ਵੋਟ ਦਾ ਅਤੇ ਫਲਸਤੀਨ ਦੀ ਜੰਗ ਤੋਂ ਪ੍ਰਭਾਵਿਤ ਮੁਸਲਮਾਨਾਂ ਦੀ ਵੋਟ ਦਾ ਵੀ ਬੀਬੀ ਸੀਮਾ ਦੇ ਬੈਲਟ ਬਾਕਸ 'ਤੇ ਅਸਰ ਪੈਣਾ ਸੁਭਾਵਿਕ ਹੈ। ਪਰ ਬਰਤਾਨੀਆਂ ਦੀ ਮੂਲ ਵਸੋਂ ਕਿਓਂਕਿ ਵਿਅਕਤੀਆਂ ਦੀ ਪਛਾਣ ਨਾਲੋਂ ਰਾਜਨੀਤਕ ਸਿਧਾਂਤਾਂ ਨੂੰ ਪਹਿਲ ਦਿੰਦੀ ਹੋਣ ਕਾਰਨ ਇਸ ਵਾਰ ਫਿਰ ਵੱਡੀ ਲੇਬਰ ਵੋਟ ਬੈਂਕ ਦਾ ਸੀਮਾ ਦੇ ਹੱਕ ਵਿਚ ਭੁਗਤਣ ਦਾ ਇਮਕਾਨ ਹੈ।



**ਗਗਨ ਮੁਹਿੰਦਰਾ** – ਗਗਨ ਮੁਹਿੰਦਰਾ ਵੀ ਪੰਜਾਬੀ ਮੂਲ ਦੇ ਬਰਤਾਨਵੀ ਐਮ ਪੀ ਹਨ ਜੋ ਕਿ ਟੋਰੀ ਪਾਰਟੀ ਵਲੋਂ ਚੋਣ ਲੜ ਰਹੇ ਹਨ। ਸ਼੍ਰੀ ਮੁਹਿੰਦਰਾ ੨੦੧੯ ਤੋਂ ਵੈਸਟ ਹਰਟਫੋਰਡਸ਼ਾਇਰ ਤੋਂ ਐਮ ਪੀ ਚਲੇ ਆ ਰਹੇ ਹਨ। ਹੁਣ ਫਿਰ ਉਹ ਇਸੇ ਇਲਾਕੇ ਤੋਂ ਟੋਰੀ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਸ਼੍ਰਿ ਮੁਹਿੰਦਰਾ ਦੇ ਕੌਂਸਲਰ ਤੋਂ ਐਮ ਪੀ ਬਣਨ ਦੀ ਕਹਾਣੀ ਦਿਲਚਸਪ ਹੈ।



**ਦਰਸ਼ਨ ਸਿੰਘ ਅਜ਼ਾਦ** – ਇਸ ਵਾਰ ਦੀਆਂ ਚੋਣਾ ਵਿਚ ਸ: ਅਜ਼ਾਦ 'ਵਰਕਰਜ਼ ਪਾਰਟੀ ਆਫ ਬ੍ਰਿਟੇਨ' ਵਲੋਂ ਈਲਿੰਗ ਸਾਊਥਾਲ ਤੋਂ ਉਮੀਦਵਾਰ ਐਲਾਨੇ ਗਏ ਹਨ ਜੋ ਕਿ ਕਿਰਤੀਆਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਗੱਲ ਕਰਦੇ ਹਨ। ਸ: ਅਜ਼ਾਦ ਵਸੀਲਿਆਂ ਦੀ ਸਾਵੀਂ ਵੰਡ ਦੇ ਦਾਅਵੇਦਾਰ ਹਨ।

## ਇਸ ਵਾਰ ਦੀਆਂ ਚੋਣਾ ਵਿਚ ਪਛਾਣ ਪੱਤਰ ਦੀ ਲੋੜ

ਇਸ ਵਾਰ ਦੀਆਂ ਯੂ ਕੇ ਦੀਆਂ ਪਾਰਲੀਮੈਂਟਰੀ ਚੋਣਾ ਵਿਚ ਫੋਟੋ ਆਈ ਡੀ ਦੀ ਲੋੜ ਪਵੇਗੀ ਜਿਵੇਂ ਕਿ ਡਰਾਈਵਿੰਗ ਲਾਇਸੈਂਸ, ਪਾਸਪੋਰਟ ਜਾਂ ਬਲੂ ਬੈਜ ਵਗੈਰਾਹੋ ਸਕਦੇ ਹਨ। ਇਹ ਸ਼ਰਤ ਭਵਿੱਖ ਵਿਚ ਵੀ ਲਾਗੂ ਹੋਣ ਦੇ ਇਮਕਾਨ ਹਨ। ਯੂ ਕੇ ਵਿਚ ਇਹ ਚੋਣਾ ਹਮੇਸ਼ਾਂ ਹੀ ਬੜੇ ਹੀ ਸ਼ਾਂਤਮਈ ਮਹੌਲ ਵਿਚ ਹੁੰਦੀਆਂ ਹਨ ਅਤੇ ਪੰਜਾਬ ਜਾਂ ਭਾਰਤ ਵਾਂਗੂੰ ਮੁਕਾਬਲੇਬਾਜ਼ੀ ਦੀ ਖਿੱਚੋਤਾਣ ਅਤੇ ਕੁੜੱਤਣ ਨਹੀਂ ਹੁੰਦੀ। ਇਹ ਵੱਖਰੀ ਗੱਲ ਹੈ ਕਿ ਸਾਡੇ ਏਸ਼ੀਅਨ ਮੂਲ ਦੇ ਕਈ ਉਮੀਦਵਾਰ ਇਹਨਾ ਚੋਣਾ ਵਿਚ ਫਿਰਕੂ ਪੱਤਾ ਵਰਤਣ ਤੋਂ ਗੁਰੇਜ਼ ਨਹੀਂ ਕਰਦੇ ਅਤੇ ਫਿਰ ਆਪਣੇ ਭਾਈਚਾਰੇ ਨੂੰ ਫਿਰਕੂ ਬੋਲ ਬਾਲੇ ਦੇ ਲਾਰੇ ਵੀ ਲਉਂਦੇ ਹਨ। ਇਹਨਾ ਲੋਕਾਂ ਦੇ ਐਸੇ ਰਵੱਈਏ ਕਾਰਨ ਇਸ ਗੱਲ ਦਾ ਡਰ ਲਗਾਤਾਰ ਬਣਿਆ ਰਹਿੰਦਾ ਹੈ ਕਿ ਅਜੇਹੇ ਅਨਸਰ ਬਰਤਾਨੀਆਂ ਦੇ ਮੂਲ ਵਾਸੀਆਂ ਦੀਆਂ ਅੱਖਾਂ ਵਿਚ ਰੜਕਣਾ ਸ਼ੁਰੂ ਕਰ ਸਕਦੇ ਹਨ ਜਿਸ ਦਾ ਅਸਰ ਸਾਰੇ ਏਸ਼ੀਅਨ ਭਾਈਚਾਰੇ 'ਤੇ ਪੈਂਦਾ ਹੈ।

## ਸਾਊਥਾਲ, ਬ੍ਰੈਡਫੋਰਡ, ਲੈਸਟਰ ਅਤੇ ਬ੍ਰਮਿੰਘਮ ਵਰਗੇ ਸ਼ਹਿਰਾਂ ਦੀ ਏਸ਼ੀਅਨ ਵੋਟ ਹਾਰ ਜਿੱਤ ਨੂੰ ਪ੍ਰਭਾਵਿਤ ਕਰੇਗੀ

ਭਾਰਤ ਦਾ ਹਿੰਦੂ ਮੁਸਲਿਮ ਤਣਾਓ ਨਿਰਸੰਦੇਹ ਬਰਤਾਨੀਆਂ ਦੇ ਭਾਈਚਾਰਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਹਿੰਦੂ ਮੁਸਲਿਮ ਤਣਾਓ ਨੇ ਸੰਨ ੨੦੨੨ ਵਿਚ ਲੇਸਟਰ ਸ਼ਹਿਰ ਦੇ ਸ਼ਾਂਤਮਈ ਮਹੌਲ ਨੂੰ ਅੱਗ ਲਾ ਦਿੱਤੀ ਸੀ। ਬਰਤਾਨੀਆਂ ਵਿਚ ਹਿੰਦੂ, ਮੁਸਲਿਮ ਅਤੇ ਸਿੱਖ ਭਾਈਚਾਰੇ ਆਪਸੀ ਸੱਦਭਾਵਨਾ ਨਾਲ ਵਸਦੇ ਰਹਿਣ ਇਸ ਦਾ ਵੱਡਾ ਨਿਰਭਰ ਜਿਥੇ ਮਦਰਾਂ ,ਮਸੀਤਾਂ ਅਤੇ ਗੁਰਦੁਆਰਿਆਂ ਦੇ ਮੌਲਵੀਆਂ, ਪੁਜਾਰੀਆਂ ਅਤੇ ਗ੍ਰੰਥੀਆਂ ਦੇ ਪ੍ਰਚਾਰ 'ਤੇ ਨਿਰਭਰ ਹੈ ਉਥੇ ਇਹਨਾ ਭਾਈਚਾਰਿਆਂ ਨਾਲ ਸਬੰਧਤ ਰਾਜਨੀਤਕ ਆਗੂਆਂ 'ਤੇ ਵੀ ਨਿਰਭਰ ਕਰਦਾ ਹੈ।

ਏਸ਼ੀਅਨ ਮੂਲ ਦੇ ਜੋ ਲੋਕ ਫਿਰਕੂ ਰੰਗ ਵਿਚ ਰੰਗੇ ਹੋਏ ਆਪਣੇ ਫਿਰਕੂ ਬੋਲ ਬਾਲੇ ਦਾ ਵੱਧ ਚੜ੍ਹ ਕੇ ਪ੍ਰਚਾਰ ਕਰਦੇ ਹਨ ਉਹ ਇਥੋਂ ਦੇ ਵੱਖਵਾਦੀ ਟੋਲਿਆਂ ਦੇ ਪ੍ਰਚਾਰ ਦਾ ਮਨ ਭਉਂਦਾ ਖਾਜਾ ਹੁੰਦੇ ਰਹੇ ਹਨ। ਧਰਮ ਬਦਲੀ ਕਰਨ ਲਈ ਗੁਮਰਾਹ ਕੁੰਨ ਪ੍ਰਚਾਰ ਕਰਨ ਵਾਲੇ ਅਤੇ ਦੂਜੇ ਧਰਮਾ ਦੀਆਂ ਬਹੂ ਬੇਟੀਆਂ ਨੂੰ ਆਪਣਾ ਨਿਸ਼ਾਨਾ ਬਨਾਉਣ ਵਾਲੇ ਮੂਰਖ ਲੋਕ ਅਗਰ ਆਪਣੇ ਕੂੜ ਪ੍ਰਚਾਰ ਤੋਂ ਵਾਜ ਨਾ ਆਏ ਤਾਂ ਇਹ ਲੋਕ ਸਾਡੇ ਲੋਕਾਂ ਦੇ ਬਰਤਾਨੀਆਂ ਵਿਚ ਵਸੇਬੇ ਲਈ ਵੱਡੀਆਂ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਸਾਡੇ ਗਵਾਂਢੀ ਦੇਸ਼ ਫਰਾਂਸ ਵਿਚ ਸੱਜੇ ਪੱਖੀ ਰਾਜਨੀਤੀ ਜ਼ੋਰ ਫੜ ਚੁੱਕੀ ਹੈ ਅਤੇ ਇਸ ਵਾਰ ਦੀਆਂ ਫਰਾਂਸ ਵਿਚ ਹੋਈਆਂ ਚੋਣਾ ਵਿਚ ਸੱਜਿਆਂ ਦੀ ਹੋ ਰਹੀ ਜਿੱਤ ਦਾ ਬਰਤਾਨੀਆਂ 'ਤੇ ਵੀ ਪ੍ਰਭਾਵ ਪਵੇਗਾ।ਇਸ ਲਈ ਏਸ਼ੀਅਨ ਮੂਲ ਦੇ ਉਮੀਦਵਾਰਾਂ ਨੂੰ ਚਾਹੀਦਾ ਹੈ ਕਿ ਫਿਰਕੂ ਬੜਕਾਂ ਨੂੰ ਛੱਡ ਕੇ ਮੁੱਦਿਆਂ ਦੀ ਅਤੇ ਪਾਰਟੀ ਸਿਧਾਂਤਾਂ ਦੀ ਰਾਜਨੀਤੀ ਕਰਦੇ ਹੋਏ ਦੇਸ਼ ਵਿਚ ਇਕ-ਸੁਰਤਾ ਦੇ ਮਹੌਲ ਨੂੰ ਬਣਾਈ ਰੱਖਣ।

* * * * * * *

# ਲਹਿੰਦੇ ਪੰਜਾਬ ਵਿਚ ਸਿੱਖ ਮੈਰਿਜ ਐਕਟ ਲਾਗੂ

**✪ ਹੁਣ ਪਾਕਿ ਦੇ ਦੂਜੇ ਸੂਬਿਆਂ ਵਿਚ ਬਿੱਲ ਪਾਸ ਕਰਵਾਏ ਜਾਣਗੇ**

ਲਾਹੌਰ-ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਪ੍ਰਧਾਨਗੀ ਹੇਠ ਲਾਹੌਰ ਸੀ. ਐੱਮ. ਹਾਊਸ ਵਿਚ ਹੋਈ ਸੂਬਾਈ ਕੈਬਨਿਟ ਦੀ ਮੀਟਿੰਗ ਵਿਚ ਬੀਤੇ ਦਿਨੀਂ ਸਿੱਖ ਮੈਰਿਜ ਐਕਟ ਨੂੰ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਹੁਣ ਖ਼ੈਬਰ ਪਖਤੂਨਖਵਾ, ਬਲੋਚਿਸਤਾਨ ਤੇ ਸਿੰਧ ਸੂਬਿਆਂ ਦੀਆਂ ਅਸੈਂਬਲੀਆਂ ਵਿਚ ਵੀ ਇਹ ਐਕਟ ਲਾਗੂ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।



ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਦਾ ਕਹਿਣਾ ਹੈ ਕਿ ਉਹ ਸਾਲ 2017 ਤੋਂ ਸਿੱਖ ਮੈਰਿਜ ਐਕਟ ਨੂੰ ਲਾਗੂ ਕਰਵਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਸ੍ਰੀ ਨਨਕਾਣਾ ਸਾਹਿਬ ਤੋਂ 'ਅਜੀਤ' ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਮਨੁੱਖੀ ਅਧਿਕਾਰਾਂ ਬਾਰੇ ਸੂਬਾਈ ਪਾਰਲੀਮਾਨੀ ਸਕੱਤਰ ਮਹਿੰਦਰਪਾਲ ਸਿੰਘ ਨੇ ਦਾਅਵਾ ਕੀਤਾ ਕਿ ਉਕਤ ਬਿਲ ਸਿਆਸੀ ਅੜਚਣਾਂ ਕਾਰਨ ਲਾਗੂ ਨਹੀਂ ਹੋਣ ਦਿੱਤਾ ਗਿਆ। ਸੂਬਾ ਖ਼ੈਬਰ ਪਖਤੂਨਖਵਾ ਤੋਂ ਪਿਸ਼ਾਵਰੀ ਸਿੱਖ ਸੰਗਤ ਦੇ ਆਗੂ ਗੁਰਪਾਲ ਸਿੰਘ ਨੇ ਕਿਹਾ ਕਿ ਇਹ ਬਿਲ ਸੂਬਾ ਖ਼ੈਬਰ ਪਖਤੂਨਖਵਾ ਦੀ ਅਸੈਂਬਲੀ ਵਿਚੋਂ ਪਾਸ ਕਰਵਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਪਾਕਿ ਸਿੱਖ ਆਗੂ ਮਸਤਾਨ ਸਿੰਘ ਨੇ ਪਾਕਿ ਸਰਕਾਰ ਤੋਂ ਅਪੀਲ ਕੀਤੀ ਕਿ ਜਦੋਂ ਤਕ ਖ਼ੈਬਰ ਪਖਤੂਨਖਵਾ, ਬਲੋਚਿਸਤਾਨ ਤੇ ਸਿੰਧ ਵਿਚ ਸਿੱਖ ਅਨੰਦ ਕਾਰਜ ਮੈਰਿਜ ਐਕਟ ਲਾਗੂ ਨਹੀਂ ਹੋ ਜਾਂਦਾ, ਉਦੋਂ ਤਕ ਸਰਕਾਰੀ ਪੱਧਰ 'ਤੇ ਸੰਬੰਧਿਤ ਵਿਭਾਗ ਵਲੋਂ ਉੱਥੋਂ ਦੇ ਸਿੱਖ ਭਾਈਚਾਰੇ ਨੂੰ ਵਿਆਹ ਉਪਰੰਤ ਸਰਟੀਫਿਕੇਟ ਜਾਰੀ ਕੀਤੇ ਜਾਣ। ਪੀ. ਐੱਸ. ਜੀ. ਪੀ. ਸੀ. ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਸਿੱਖ ਵੱਖਰੀ ਕੌਮ ਹੈ, ਇਸ ਲਈ ਸਿੱਖ ਮੈਰਿਜ ਐਕਟ ਲਾਗੂ ਹੋਣਾ ਸਿਖ ਪੰਥ ਲਈ ਮਾਣ ਦੀ ਗਲ ਹੈ।

# ਫਾਜ਼ਿਲਕਾ ਦੇ 133 ਪਿੰਡਾਂ ਨਸ਼ਾ ਰੋਕਣਗੇ, ਪੰਚਾਇਤ ਪੱਧਰ 'ਤੇ ਲਿਆ ਫੈਸਲਾ

**✪ ਅਰਨੀਵਾਲਾ ਬਲਾਕ ਦੇ ਲੋਕਾਂ ਨੇ ਨਸ਼ਿਆਂ ਵਿਰੁੱਧ ਪੰਚਾਇਤੀ ਮਤਾ ਕੀਤਾ ਪਾਸ**



ਫਾਜਿਲਕਾ-ਫਾਜ਼ਿਲਕਾ ਵਿਚ ਪੁਲਿਸ ਵਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਹੁਣ ਪਿੰਡ-ਪਿੰਡ ਇਕਜੁੱਟ ਹੋ ਕੇ ਜ਼ਿਲੇ ਦੇ 133 ਪਿੰਡਾਂ ਦੇ ਲੋਕਾਂ ਨੇ ਆਪਣੇ ਪਿੰਡ ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਲਿਆ ਹੈ। ਉਨ੍ਹਾਂ ਨੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇਣ ਅਤੇ ਨਸ਼ੇ ਤੋਂ ਪੀੜਤ ਲੋਕਾਂ ਦਾ ਇਲਾਜ ਕਰਵਾਉਣ ਲਈ ਪ੍ਰਸ਼ਾਸਨ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ।

ਪਿੰਡ ਕਿੱਲਿਆਂਵਾਲੀ ਦੇ ਉਪਕਾਰ ਸਿੰਘ ਦਾ ਕਹਿਣਾ ਹੈ ਕਿ ਇਸ ਲਈ ਬਹੁਤ ਸਾਰੇ ਲੋਕ ਅੱਗੇ ਨਹੀਂ ਆ ਰਹੇ ਸਨ ਪਰ ਹੁਣ ਪਿੰਡ ਚੱਕ ਖਿਓਵਾਲੀ ਅਤੇ ਚੱਕ ਰਾਧੇਵਾਲਾ ਦੇ ਗੁਰਪਾਲ ਸਿੰਘ ਨੂੰ ਨਸ਼ਾ ਛੱਡਣ ਲਈ ਪੰਚਾਇਤ ਪੱਧਰ 'ਤੇ ਪ੍ਰੇਰਿਤ ਕੀਤਾ ਜਾਵੇਗਾ। ਬਲਜੀਤ ਸਿੰਘ ਦਾ ਕਹਿਣਾ ਹੈ ਕਿ ਜਦੋਂ ਲੋਕ ਅਤੇ ਪ੍ਰਸ਼ਾਸਨ ਮਿਲ ਕੇ ਕੰਮ ਕਰਨ ਤਾਂ ਸਫਲਤਾ ਅਟੱਲ ਹੈ।


ਡੀਸੀ ਡਾ: ਸੇਨੂੰ ਦੁੱਗਲ ਨੇ ਲੋਕਾਂ ਦੇ ਇਸ ਉਪਰਾਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਪਿੰਡਾਂ ਦੇ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਨਸ਼ਾ ਵੇਚਣ ਵਾਲੇ ਦੀ ਪਛਾਣ ਗੁਪਤ ਰੱਖ ਕੇ ਦਿੱਤੀ ਜਾਵੇਗੀ ਸਖ਼ਤ ਕਾਰਵਾਈ।

ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਦਰਸ਼ਨ ਲਾਲ ਨੇ ਦੱਸਿਆ ਕਿ ਫ਼ਾਜ਼ਿਲਕਾ ਬਲਾਕ ਵਿੱਚ 15 ਪਿੰਡਾਂ, ਜਲਾਲਾਬਾਦ ਬਲਾਕ ਵਿੱਚ 25 ਪਿੰਡਾਂ ਦੀਆਂ ਪੰਚਾਇਤੀ ਵੋਟਾਂ ਪਾਸ ਕੀਤੀਆਂ ਗਈਆਂ ਹਨ। ਅਰਨੀਵਾਲਾ ਬਲਾਕ ਦੇ ਲੋਕਾਂ ਨੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਪੰਚਾਇਤੀ ਮਤਾ ਪਾਸ ਕੀਤਾ ਗਿਆ ਹੈ।

TAIL PIECE

Dalip Singh Wasan, Advocate
Email: dalipsinghwassan@yahoo.co.in

## Larger number can make government cooperation and help of all forrunning the country- Modi



After establishing his government Mr. Narender Modi, the Prime Minister of India spoke that he has established government on the basis of numbr of Members of Parliament on his side, but as far as running the country is concerned, he shall need help and cooperation of all the members inthe Parliament. The invitation is very good, but it is totally different because such situations could not be established earlier in this country. Till date all governments had been functioning like me dictatorship having larger numbers with the mand there is no tradition on record where they could get help and cooperation from the others, means oppositions.

The results of Parliament Elections 2024 created different situation and both the contesting groups got position because of their statements made against each other. They have no love for each other and the same fight is expected in the Parliament and there are possibilities that the opposing groups may try to dislodge the government. Help and cooperation from oposition is not possible.

The both the groups can can compromise and since people have given this type of verdicts, both must work to run the country. There is no opportunity here in india that all the members become Representatives of the people. Therefore, only a Compromise can work and let the governing wing run the administration, but work in parliament must be on compromise basis and all Bills, Schemes, Projects and Policies too must be divided into two sets, one by one item be put up in Parliament by each group and the items must be considered by all members independently as per their own conscience and will and noted down and voting too must be on independent conscience and will. And in history we must talk of Parliament of India and not names of parties and groups. A situation has come where we can give independence to all the members to work as per conscience and will and the old system of supporters and oppositions must go because that had been declared as dictorial and not democratic. Resignation and re-elections rehearsal shall be too costly and none knows what shall be results. The results already in our hands gave usan opportunity to give independence to members in the parliament and let us put the country on right path of democracy. It seems impossible, but ultimately we shall have to make Parliament party-less and even Prime Minister and other Ministers must be elected in the Parliament it self and not be designated by the contesting groups. That shall be an ideal democracy and shall be followed in all the countries running of democratic lines.


## When Parliament shall turn Representative of the people?

As per provisions of our Constitution, Parliament is house of Representatives of the people and all members must work for welfare of the people and in best interest of the country. And till the contesting groups are alive from the opposing sides continuing in the Parliament the House shall remain divided into two parts, Supporters and oppositions and the same fight shall continue for victory and defeat, the House cannot turn Representatives of the people collected as Representtives of the people to work as per their conscience andwill. Situations have come when the victors shall not be able to pass Bills, Projects, Schemes and Policies with absolute majority and wholetime shall be wasted just in fights.

The nation has come at a cross and we shall have to find out the right way to go ahead. One way out is to have compromise and one by one turn could be given to each group. And the other too support and other out-way is to turn the House as Pqrty-less house and all the members may be free to work as Representatives of the people and must work as per their own conscience and will and all Bills, Schemes, Projects and Policies which should be as per provisions of the Constitution are disfussed and passed by the members only and only onmerits. The fights between suporters and oppositions would not work.The fight must end on forming government on teh basis of majority and working should be by Representatives of the people having no concern with the contesting groups.

The working update shows that all Bills, Schemes, Projects and Policies had been passed without contribution, from the side of members because the supporting side could not speak and opposition soften spoke but not heard and therefore, time has come when this dictorial type of functioning must end.

## Rahul Gandhi took oath with copy of Constitution in his hands



Mr. Rahul Gandhi who is head of Oppositions in Parliament of India took oath with copy of Constitution of India in his hands and he had declared himself as voice of the oppositions in Parliament. Where hold Constitution he declartes that he shall keep in mind the basic principles adopted by us while performing his duties in the Parliament and when he claims to be voice of the Oppositions, he says that he would not allow anything against the provisions of the Constitution and shall see all basic provisions are kept in mind while passing laws, projects, schemes and policies.

The position of oppositions till date had not been democratic, because being with larger number, the supporters side had the authority and now each Bil, Project, Scheme and policy shall been help from the side of oppositions too and therefore, oppositions too shall work in favour of the country and its people and his voice too shall be heard and necessary changes are included in the Bills, Projects, Schemes and Policies for proper getting through. The Prime Minister, Mr. Modi himself has admitted that formation of government with majority could work, but running the country shallneed help from the side of oppositions too. And Mr. Rahul Gandhi has accepted his invitation with conditions that running of country must be as per provisions of the Constitution and all Bills, Projects, Schemes and Policies must ad here to the basic provisions of Constitution of India and violation of the same would not be be allowed. The nation must be congratulated when they themselves could establish a situation where all the members in the Parliament shall work with their Conscience and Will and shall be able to speak on each item freely and shall be heard too. When Parliament is supreme, names of individuals be deleted from history of India and must all accept that Parliament has done this and that thing for nation-uplift.

## Results of Parliament-2024 Elections give no indication in favour of Hindu-Rashtra- A spokesman

There is a statement today in news papers that results of Parliament 2024 Elections give no indication that people of India arein favour of Hindu-Rashtra. Actually while adopting Constitution of India all in India irrespective of Religions, Castes, Colour and Creet accepted Secularism and taken oath that there shall be no discrimination on the basis of religions, castes, colour and creed.In fact all had taken oth that there shall be no further partititon and we shall keep India as one Nation. And because of these beginning words and because of these principles, no provision had been made inthe Constitution with regard to any further division of the country.

The people had accepted India as one Nation and if there are anysuch semi-political or religious units in the country demand Hindu Nation or Khalistan Nation these movements are just to gain poliicalgains and it is on record that the people of the Nations did not accepted such movements and it is also on record that at all times, people are found living as a united state and no public agitations and all had been found living like one Nation. All politicians too when elected are taking oath of this Constitution and only then are allowed to sit in Parliament and other elected houses. When we talk of further divisions of the country it is also a serious crime and law is there and punishments too are prescribed. And results of this Parliament Elections and even all results update gave no indication of further partition of India. The politicians must stop talking on this subject

... Continue on page 34

*... Continue from page 33*

## Centre shall call a meeting of State Agriculture Ministers to discussKisan Problems

For the last so many years, farmers of the country are agitating and till date neither teh farmers could explain what they want and neither the governemnt could understand what should be done. The disputes are very old and it seems what the government had been doing in shape of waiving loans, free supply of water, free supply of electricity, subsidies on many items and even fixination of MSP price scould not solve problems of farmers.

Farmers are a special production wing and their time is precious and must not wasted in agitations. Fixation of MSP is the most important problem and it must be solved immediately. Even all Corporate Houses, fix MSP of items they produce and because of this receipt the Corporate House are running on profits and are expanding.The farmers, whole family and whole day and night they are at work and since most of the farmers are small holdrs, with this MSP they cannot run their farms on profit basis and without profits, they suffer.

The Agriculture Ministers of States must call all farming units and discuss their problems and should go in meeting of the Centre dulyprepared so that something practicable could be there to discuss. If the main problem is of MSP that must be solved and it should be atsuch a level that the farming too become Corporate Houses running on profits for expansion. It must be kept in view that the farming wingis very important wing of the country and is keeping us alive. The people of teh country are poor and cannot face costly grain products, this is a national question and the Centre must take step to raiseincome of the people using other methods what the other evelopedcountries had adopted. We shall have to raise purchasing power of the customers and with this even Corporate House too shall flourishand shall raise employment in the country. With raise of MSP evenchildren of farmers shall be busy in establishing dairies, poultry farms, small grain processing units and small milk factories for processing milk and eggs. This revolutionary change shall bring revolution in farming sector.

## People of India have faith in Constitution and democracy--Narender Modi PM

The Prime Minister of India congratulated people of India on their peaceful participation in Parliament Elections and establishing their own government here in India. The government has been formed on simple majority, but absolute majority is still away and the government would not turn dictatorship and only those Bills, Projects, Schemeds and Policies shall be taken up which are beneficial for the people of India and even oppositions would not have any point to oppose. Participation of opposition too shall be there and only those items shall get clearance which are considered by all the members as per their conscience and will and passed in best interest of people and their welfare.

This time elections wre not helf in a friendly mood and contesting groups spoke much against each other and in spite of all these opposing remarks, the peole could had the right choice. The will of the people must be respected and let the members may not continue fighting and opposing each other while functioning in the Parliament and must take up items as per welfare of the people. Herein India governments are not formed to have dictoral spirit, but service of the people is the only consideration which must work while functiningin the parliament and even help and cooperation frim the side of opposition shall be the need for smooth running of government.The results of Parliament Elections have given oppositions too an equal status in the House and now they are not present in the Housefor mere raising objections, but now they are full participants in the functioning of Parliament. Both teh wings in eh Parliament must accept verdict and will of the people. They must forget what they had been doing while fighting elections and must work here just as Public Servants and must see Directive Principles of the Constitution are acheived with full participation of both the wings, rulers and the opositions. This time the oppositions too must have equal status andthey too must come forward with Bills, Projects, Schemes and Policies keeping in mind the welfare of the people of India and must see the out-stading problems of India too are solved and we must enter listof developed countries with honour and better show. Both the wings in Parliament may establish a new process and let this become a tradition to be followed throughout in the world where democracies have been established.

## 'ਸਚ ਸੁਣਾਇਸੀ ਸਚ ਕੀ ਵੇਲਾ' ਤੋਂ ਕਈ ਵਾਰ ਥਿੜ੍ਹਕਣ ਦਾ ਗੁਨਾਹ ਕਬੂਲ ਕਰਿਉ 'ਸੁਧਾਰਵਾਦੀ' ਅਕਾਲੀਉ !-ਦੁਪਾਲ ਪੁਰ



ਸੈਨਹੋਜ਼ੇ-ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਗਲ਼ ਪਈ ਬਾਦਲੀ-ਪੰਜਾਲ਼ੀ ਲਾਹੁਣ ਲਈ ਇਸ ਵੇਲੇ ਕਮਰਕੱਸੇ ਕਰ ਰਹੇ ਪ੍ਰਮੁੱਖ ਅਕਾਲੀ ਆਗੂਆਂ ਵਲੋਂ ਇੱਕ ਜੁਲਾਈ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਪਹੁੰਚ ਕੇ ਮੁਆਫੀ ਮੰਗਣ ਵਾਲ਼ੇ ਪ੍ਰਸਤਾਵਿਤ ਪ੍ਰੋਗਰਾਮ ਉੱਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਪ੍ਰਵਾਸੀ ਪੰਜਾਬੀ ਕਾਲਮਨਵੀਸ ਤਰਲੋਚਨ ਸਿੰਘ ਦੁਪਾਲ ਪੁਰ ਨੇ ਇੱਕ ਲਿਖਤੀ ਬਿਆਨ ਜਾਰ੍ਹੀ ਕੀਤਾ ਹੈ। ਜਿਸ ਵਿੱਚ ਉਨ੍ਹਾਂ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗਣ ਵਾਲ਼ੇ ਅਕਾਲੀ ਆਗੂਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਸਿੱਖ ਪੰਥ ਨੂੰ ਤੁਹਾਡੇ ਉੱਤੇ ਵੀ ਓਨਾ ਹੀ ਗੁੱਸਾ ਹੈ ਜਿੰਨਾਂ ਬਾਦਲ ਟੱਬਰ 'ਤੇ ਹੈ। ਕਿਉਂਕਿ ਪੰਥਕ ਪਾਰਟੀ ਅਕਾਲੀ ਦਲ ਨੂੰ 'ਬਾਦਲ ਦਲ' ਬਣਾਉਣ ਅਤੇ ਇਸਦੀ ਏਥੋਂ ਤੱਕ ਦੁਰਦਸ਼ਾ ਕਰਾਉਣ ਵਿੱਚ ਤੁਸੀਂ ਵੀ ਭਾਗੀਦਾਰ ਰਹੇ ਹੋ !

ਉਰਦੂ ਦੇ ਇਕ ਸ਼ਿਅਰ 'ਖਾਮੋਸ਼ੀ ਜ਼ੁਰਮ ਹੈ ਜਬ ਮੂੰਹ ਮੇਂ ਜ਼ੁਬਾਂ ਹੋ ਅਕਬਰ, ਚੁੱਪ ਰਹਨਾ ਭੀ ਤੋ ਹੈ ਜ਼ਾਲਿਮ ਕੀ ਹਮਾਇਤ ਕਰਨਾ' ਅਨੁਸਾਰ,ਰਾਜ-ਭਾਗ ਵੇਲੇ ਮਚੀ ਰਹੀ ਬਾਦਲ-ਗਰਦੀ ਮੌਕੇ ਤੁਹਾਡਾ ਚੁੱਪ ਰਹਣਾ ਵੀ ਬਾਦਲਾਂ ਦੀ ਹਮਾਇਤ ਹੀ ਸੀ। ਸਰਦਾਰ ਦੁਪਾਲ ਪੁਰ ਨੇ ਹੁਣ ਅਕਾਲੀ ਆਗੂਆਂ ਵਲੋਂ ਇਕ ਜੁਲਾਈ ਦੇ ਮੁਆਫੀ ਨਾਮੇ ਦੀ 'ਦੇਰ ਆਇਦ ਦਰੁਸਤ ਆਇਦ' ਨਾਲ਼ ਤੁਲਨਾ ਕਰਦਿਆਂ ਉਨ੍ਹਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਸਨਮੁੱਖ ਹੋ ਕੇ ਸਿੱਧੇ ਅਤੇ ਸਪਸ਼ਟ ਸ਼ਬਦਾਂ ਵਿੱਚ ਆਪਣੇ ਇਕ ਇਕ ਗੁਨਾਹ ਦਾ ਵੇਰਵਾ ਦੇ ਕੇ ਪੰਥ ਤੋਂ ਖਿਮਾਂ ਮੰਗਣ ! ਜੇ ਬਾਦਲਾਂ ਵਾਲ਼ੀ ਬੋਲੀ 'ਜਾਣੇ ਅਣਜਾਣੇ' ਜਾਂ 'ਜੇ ਕੋਈ ਗਲ਼ਤੀਆਂ ਹੋਈਆਂ' ਵਾਲ਼ੀ ਹੀ 'ਰਾਗਣੀ' ਗਾਈ ਤਾਂ ਸਿੱਖ ਜਗਤ ਤੁਹਾਡੀ ਮੁਆਫੀ ਨੂੰ ਵੀ 'ਜਿਨ ਮਨ ਹੋਰ ਮੁੱਖ ਹੋਰ' ਭਾਵ ਕਪਟ ਹੀ ਸਮਝੇ ਗਾ।

ਭਾਈ ਦੁਪਾਲ ਪੁਰ ਨੇ ਬਿਆਨ ਵਿੱਚ 'ਚਾਹ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰਕੇ ਪੀਣ' ਵਾਲ਼ੀ ਕਹਾਵਤ ਦਾ ਹਵਾਲਾ ਦਿੰਦਿਆਂ ਅਕਾਲੀ ਦਲ ਨਾਲ਼ੋਂ 'ਬਾਦਲ' ਸ਼ਬਦ ਲਾਹੁਣ ਤੁਰੇ ਸੁਧਾਰਵਾਦੀ ਆਗੂਆਂ ਨੂੰ ਚੇਤੇ ਕਰਾਇਆ ਕਿ 'ਮੈਂ ਬਾਦਲਾਂ ਦੀ ਮੁਕਾਣੇ ਵੀ ਨੀ ਜਾਣਾ' ਕਹਿਣ ਵਾਲ਼ੇ ਆਗੂਆਂ ਨੂੰ ਬਾਦਲਾਂ ਦੇ ਗੋਡੇ ਮੁੰਢ ਬੈਠੇ ਦੇਖਣ ਵਾਲ਼ਾ ਪੰਥ ਫਿਲਹਾਲ ਤੁਹਾਨੂੰ ਵੀ ਸ਼ੱਕ ਦੀ ਨਜ਼ਰ ਨਾਲ਼ ਦੇਖ ਰਿਹਾ ਹੈ ਅਤੇ ਅਗਾਂਹ ਤੁਹਾਡੇ 'ਤੇ ਬਾਜ ਨਜ਼ਰ ਰੱਖੇ ਗਾ !

ਤੁਹਾਡੇ ਮਿਸ਼ਨ ਵਿੱਚ ਜ਼ਰਾ ਜਿੰਨੀ ਕਚਿਆਈ ਜਾਂ ਢਿੱਲ ਸਿੱਖ ਜਗਤ ਨੇ ਬਰਦਾਸ਼ਤ ਨਹੀਂ ਕਰਨੀ। ਅਸਲ ਵਿੱਚ ਹੁਣ ਤੁਹਾਡੇ ਲਈ 'ਕਰੋ ਜਾਂ ਮਰੋ' ਦੀ ਭਾਵਨਾ ਨਾਲ਼ ਲੜਨ ਦਾ ਸਮਾਂ ਆ ਗਿਆ ਜਾਪਦਾ ਹੈ !

ਅਖੀਰ ਵਿੱਚ ਭਾਈ ਦੁਪਾਲ ਪੁਰ ਨੇ ਇਨ੍ਹਾਂ ਅਕਾਲੀ ਆਗੂਆਂ ਨੂੰ ਇਹ ਗੱਲ ਵੀ ਧਿਆਨ ਗੋਚਰੇ ਰੱਖਣ ਲਈ ਕਿਹਾ ਕਿ ਤੁਹਾਡਾ ਇੱਕ ਜੁਲਾਈ ਵਾਲ਼ਾ ਮੁਆਫੀ ਮਿਸ਼ਨ ਹਾਲੇ ਅਕਾਲੀ ਦਲ ਦੇ ਸੁਧਾਰ ਵੱਲ੍ਹ ਪਹਿਲਾ ਕਦਮ ਹੀ ਹੈ ਜਦ ਕਿ ਤੁਹਾਡੀ ਭਵਿੱਖ ਦੀ ਕਾਰਗੁਜਾਰੀ ਨੇ ਪੰਥਕ ਕਚਹਿਰੀ ਵਿੱਚ ਤੁਹਾਨੂੰ ਪ੍ਰਵਾਨਗੀ ਦੇਣੀ ਦਿਵਾਉਣੀ ਹੈ। ਬੀਤੇ ਸਮੇਂ ਵਿੱਚ ਬਾਦਲ ਦਲ ਦੇ 'ਬੇ-ਦਰਦ ਹਮਦਰਦਾਂ' ਤੋਂ ਵੀ ਸਪਸ਼ਟ ਦੂਰੀ ਬਣਾ ਕੇ ਰੱਖਣ ਦੀ ਲੋੜ ਹੈ ਤਾਂ ਕਿ ਭਵਿੱਖ ਦੇ ਅਕਾਲੀ ਦਲ ਵਿੱਚ ਕੋਈ 'ਨਵਾਂ ਬਾਦਲ' ਨਾ ਆ ਵੜੇ !

## ਜਸਟਿਨ ਟਰੂਡੋ 'ਤੇ ਅਸਤੀਫ਼ਾ ਦੇਣ ਲਈ ਦਬਾਅ ਵਧਿਆ



ਔਟਵਾ : ਲਿਬਰਲ ਪਾਰਟੀ ਦੇ ਗੜ੍ਹ ਵਿਚ ਹੋਈ ਹਾਰ ਮਗਰੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਸਤੀਫ਼ਾ ਦੇਣ ਲਈ ਦਬਾਅ ਵਧਦਾ ਜਾ ਰਿਹਾ ਹੈ। ਜੀ ਹਾਂ, ਨਿਊ ਬ੍ਰਨਜ਼ਵਿਕ ਤੋਂ ਲਿਬਰਲ ਐਮ.ਪੀ. ਵੇਨ ਲੌਂਗ ਨੇ ਕਿਹਾ ਹੈ ਕਿ ਪਾਰਟੀ ਨੂੰ ਨਵੀਂ ਲੀਡਰਸ਼ਿਪ ਦੀ ਜ਼ਰੂਰਤ ਹੈ। ਟਰੂਡੋ ਦਾ ਅਸਤੀਫ਼ਾ ਮੰਗਣ ਵਾਲੇ ਉਹ ਪਹਿਲੇ ਲਿਬਰਲ ਐਮ.ਪੀ. ਹਨ। ਉਧਰ ਸਾਬਕਾ ਕੈਬਨਿਟ ਮੰਤਰੀ ਕੈਥਰੀਨ ਮਕੈਨਾ ਨੇ ਟਰੂਡੋ ਦੇ ਅਸਤੀਫੇ ਦੀ ਮੰਗ ਕਰਦਿਆਂ ਕਿਹਾ ਕਿ ਲਿਬਰਲ ਪਾਰਟੀ ਸਿਰਫ ਇਕ ਜਣੇ ਤੱਕ ਸੀਮਤ ਨਹੀਂ। ਪਾਰਟੀ ਦੇ ਆਪਣੇ ਅਸੂਲ ਅਤੇ ਕਦਰਾਂ-ਕੀਮਤਾਂ ਹਨ ਅਤੇ ਇਸ ਵੇਲੇ ਸਭ ਤੋਂ ਵੱਡਾ ਮਸਲਾ ਕੈਨੇਡਾ ਵਾਸੀਆਂ ਦੀ ਜ਼ਿੰਦਗੀ ਬਿਹਤਰ ਬਣਾਉਣ ਦਾ ਹੈ। ਕੈਥਰੀਨ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਵਿਰਾਸਤ ਤੇ ਮਾਣ ਕੀਤਾ ਜਾ ਸਕਦਾ ਹੈ ਪਰ ਹੁਣ ਨਵੇਂ ਵਿਚਾਰਾਂ ਦਾ ਸਮਾਂ ਆ ਗਿਆ ਹੈ।

# ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ– ਸੁਰਜੀਤ ਪਾਤਰ

ਨਿਰਮਲ ਸਿੰਘ ਕੰਧਾਲਵੀ



ਭਾਰਤ ਦੀ ਸੁਪਰੀਮ ਕੋਰਟ ਵਿਚ ਅੱਜ ਕਲ ਇਕ ਮਹੀਨੇ ਲਈ ਗਰਮੀਆਂ ਦੀਆਂ ਛੁੱਟੀਆਂ ਚਲ ਰਹੀਆਂ ਹਨ। ਭਾਰਤ ਦੀਆਂ ਅਦਾਲਤਾਂ 'ਚ ਅੰਗਰੇਜ਼ ਦੇ ਰਾਜ ਵੇਲੇ ਦੇ ਹੀ ਬਹੁਤੇ ਨਿਯਮ, ਕਾਨੂੰਨ ਤੇ ਰਵਾਇਤਾਂ ਚਲੀਆਂ ਆ ਰਹੀਆਂ ਹਨ। ਠੰਡੇ ਦੇਸ਼ ਦੇ ਵਸਨੀਕ ਹੋਣ ਕਰ ਕੇ ਗੋਰੇ ਗਰਮੀ ਬਹੁਤ ਮੰਨਦੇ ਸਨ, ਸੋ ਜੂਨ ਵਿਚ ਇਕ ਮਹੀਨੇ ਦੀਆਂ ਛੁੱਟੀਆਂ ਕਰ ਕੇ ਉਹ ਪਹਾੜਾਂ 'ਤੇ ਜਾ ਚੜ੍ਹਦੇ ਸਨ। ਆਜ਼ਾਦੀ ਤੋਂ ਬਾਅਦ ਉਨ੍ਹਾਂ ਦੀ ਰੀਸੋ-ਰੀਸੀ ਭਾਰਤੀ ਅਦਾਲਤੀ ਅਮਲਾ ਵੀ ਉਨ੍ਹਾਂ ਦੇ ਹੀ ਨਕਸ਼ੇ-ਕਦਮਾਂ 'ਤੇ ਚਲ ਰਿਹਾ ਹੈ, ਇਸੇ ਕਰ ਕੇ ਹੀ ਤਾਂ ਅਦਾਲਤਾਂ 'ਚ ਕਰੋੜਾਂ ਕੇਸ ਫ਼ੈਸਲਿਆਂ ਨੂੰ ਤਰਸਦੇ ਰਹਿੰਦੇ ਹਨ। ਪੁੱਤਰਾਂ, ਪੋਤਰਿਆਂ, ਪੜੋਤਰਿਆਂ ਤੱਕ ਕੇਸ ਚਲਦੇ ਰਹਿੰਦੇ ਹਨ, ਤਾਂ ਹੀ ਸੁਰਜੀਤ ਪਾਤਰ ਨੂੰ ਲਿਖਣਾ ਪਿਆ:-

"ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ..............

ਅਦਾਲਤਾਂ ਦੇ ਅਮਲੇ-ਫੈਲੇ ਨੂੰ ਖੇਤਾਂ, ਫ਼ੈਕਟਰੀਆਂ, ਭੱਠਿਆਂ, ਸੜਕਾਂ ਆਦਿ 'ਤੇ ਸੜਦੀ ਦੁਪਹਿਰ 'ਚ ਕੰਮ ਕਰਦੇ ਮਜ਼ਦੂਰ ਕਦੀ ਨਜ਼ਰ ਨਹੀਂ ਆਉਂਦੇ। ਅਦਾਲਤਾਂ ਵਿਚ ਤਾਂ ਫੇਰ ਵੀ ਪੱਖੇ, ਏ. ਸੀ, ਕੂਲਰਾਂ ਆਦਿ ਦੀਆਂ ਸਹੂਲਤਾਂ ਤੇ ਠੰਡਾ ਪਿਆਉਣ ਵਾਲੇ ਨੌਕਰ ਚਾਕਰ ਹਰ ਵੇਲੇ ਹਾਜ਼ਰ ਰਹਿੰਦੇ ਹਨ ਤੇ ਫੇਰ ਵੀ ਇਕ ਮਹੀਨੇ ਦੀਆਂ ਛੁੱਟੀਆਂ, ਕਿਉਂ ਬਈ?

ਸਭ ਨੂੰ ਪਤਾ ਹੈ ਕਿ ਦਿੱਲੀ ਦਾ ਮੁੱਖ ਮੰਤਰੀ ਕੇਜਰੀਵਾਲ ਸ਼ੂਗਰ ਤੋਂ ਪੀੜਿਤ ਹੈ। ਇਕ ਜੂਨ ਤੱਕ ਉਸ ਨੂੰ ਅਦਾਲਤ ਨੇ ਚੋਣ ਪ੍ਰਚਾਰ ਕਰਨ ਲਈ ਜੇਲ੍ਹ ਤੋਂ ਛੁੱਟੀ ਦਿਤੀ ਹੋਈ ਸੀ ਹਾਲਾਂਕਿ ਉਸ ਦੇ ਵਕੀਲ ਨੇ ਅੰਤਰਿਮ ਜ਼ਮਾਨਤ ਲਈ ਕੋਈ ਅਰਜ਼ੀ ਨਹੀਂ ਸੀ ਲਗਾਈ ਤੇ ਨਾ ਹੀ ਪੈਰੋਲ ਮੰਗੀ ਸੀ। ਸਭ ਨੂੰ ਪਤਾ ਹੈ ਕਿ ਦੋ ਤਰੀਕ ਨੂੰ ਕੇਜਰੀਵਾਲ ਨੂੰ ਵਾਪਸ ਜੇਲ੍ਹ ਜਾਣਾ ਪੈਣਾ ਹੈ। ਇਹ ਵੀ ਸਭ ਲੋਕ ਜਾਣਦੇ ਹਨ ਕਿ ਸ਼ੂਗਰ ਦੀ ਬਿਮਾਰੀ ਅੰਦਰੋ ਅੰਦਰੀ ਹੋਰ ਕਈ ਪ੍ਰਕਾਰ ਦੇ ਰੋਗਾਂ ਨੂੰ ਜਨਮ ਦਿੰਦੀ ਹੈ। ਕੇਜਰੀਵਾਲ ਨੇ ਅਦਾਲਤ ਨੂੰ ਅਰਜ਼ੀ ਲਗਾਈ ਕਿ ਉਸ ਨੂੰ ਸਿਰਫ਼ ਇਕ ਹਫ਼ਤਾ ਹੋਰ ਦੀ ਮੁਹਲਤ ਦਿਤੀ ਜਾਵੇ ਤਾਂ ਕਿ ਉਹ ਆਪਣਾ ਡਾਕਟਰੀ ਚੈਕ-ਅੱਪ ਕਰਵਾ ਕੇ ਪਤਾ ਲਗਾ ਸਕੇ ਕਿ ਸਰੀਰ ਦੇ ਅੰਦਰ ਕੋਈ ਹੋਰ ਬਿਮਾਰੀ ਤਾਂ ਨਹੀਂ ਪਨਪ ਰਹੀ, ਪਰ ਜੱਜ ਨੇ ਉਸ ਦੀ ਅਰਜ਼ੀ ਨੂੰ ਸੂਚੀਬੱਧ ਹੀ ਨਹੀਂ ਕੀਤਾ ਤੇ ਮਾਮਲਾ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਆਉਣ ਵਾਲੇ ਰੈਗੂਲਰ ਜੱਜਾਂ ਉੱਪਰ ਛੱਡ ਦਿਤਾ ਗਿਆ ਯਾਨੀ ਕਿ ਉਸ ਨੂੰ ਮੈਡੀਕਲ ਕਰਵਾਉਣ ਲਈ ਇਕ ਹਫ਼ਤੇ ਦੀ ਮੁਹਲਤ ਨਹੀਂ ਦਿਤੀ ਗਈ। ਦੂਜੇ ਪਾਸੇ ਸਿਰਸੇ ਵਾਲਾ ਸਾਧ ਜੋ ਕਿ ਕਤਲ ਅਤੇ ਬਲਾਤਕਾਰ ਦੇ ਕੇਸਾਂ 'ਚ ਜੇਲ੍ਹ ਅੰਦਰ ਹੈ, ਜਦੋਂ ਮਰਜ਼ੀ ਪੈਰੋਲ 'ਤੇ ਬਾਹਰ ਆ ਰਿਹਾ ਹੈ। ਕੀ ਕੇਜਰੀਵਾਲ ਨੂੰ ਇਕ ਹਫ਼ਤੇ ਦੀ ਮੁਹਲਤ ਨਾ ਦੇਣ ਪਿੱਛੇ ਕੋਈ ਸਿਆਸਤ ਖੇਡੀ ਗਈ? ਪਾਠਕਾਂ ਦੇ ਗਿਆਤ ਹਿਤ



ਦੱਸ ਦੇਵਾਂ ਕਿ ਮੈਂ ਭਾਰਤ ਦੀ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਜਾਂ ਵਿਰੋਧ ਵਿਚ ਨਹੀਂ, ਹਾਂ ਗ਼ਲਤ ਨੂੰ ਗ਼ਲਤ ਅਤੇ ਸਹੀ ਨੂੰ ਸਹੀ ਕਹਿਣ ਵਿਚ ਮੈਨੂੰ ਕੋਈ ਹਿਚਕਚਾਹਟ ਨਹੀਂ। ਮਨੁੱਖੀ ਅਧਿਕਾਰਾਂ ਦੇ ਅਧੀਨ ਤਾਂ ਕੇਜਰੀਵਾਲ ਦਾ ਹੱਕ ਬਣਦਾ ਹੈ ਕਿ ਨਹੀਂ? ਯੂਰਪੀਨ ਦੇਸ਼ਾਂ ਵਿਚ ਕੋਈ ਵਿਅਕਤੀ ਕਿਤਨਾ ਵੱਡਾ ਵੀ ਅਪਰਾਧੀ ਕਿਉਂ ਨਾ ਹੋਵੇ ਉਸ ਦੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ। ਜੇ ਕਰ ਦੋਸ਼ੀ ਨੂੰ ਕਿਸੇ ਮੈਡੀਕਲ ਸਹੂਲਤ ਦੀ ਲੋੜ ਹੋਵੇ ਤਾਂ ਪਹਿਲਾਂ ਉਹ ਪੂਰੀ ਕੀਤੀ ਜਾਦੀ ਹੈ, ਕੇਜਰੀਵਾਲ ਤਾਂ ਅਜੇ ਦੋਸ਼ੀ ਵੀ ਸਿੱਧ ਨਹੀਂ ਹੋਇਆ।

ਯਾਦ ਰਹੇ ਕਿ ਛੁੱਟੀਆਂ ਦੇ ਸਮੇਂ ਅਦਾਲਤਾਂ 'ਚ ਕੰਮ ਕਰਨ ਵਾਲੇ ਜੱਜਾਂ ਨੂੰ 'ਵੈਕੇਸ਼ਨ ਜੱਜ' ਕਿਹਾ ਜਾਂਦਾ ਹੈ, ਯਾਨੀ ਕਿ ਸਮਾਂ ਲੰਘਾਉਣ ਵਾਲੇ ਜੱਜ, ਤੇ ਸਮਾਂ ਲੰਘਾਉਣ ਵਾਲੇ ਕਰਮਚਾਰੀਆਂ ਬਾਰੇ ਸਰਕਾਰੀ ਗਲਿਆਰਿਆਂ 'ਚ ਇਸ ਕਹਾਵਤ ਬਾਰੇ ਵੀ ਹਰ ਕੋਈ ਚੰਗੀ ਤਰ੍ਹਾਂ ਜਾਣਦਾ ਹੈ ਕਿ 'ਕਹਿਆ ਮੋੜਨਾ ਨਹੀਂ', ਡੱਕਾ ਤੋੜਨਾ ਨਹੀਂ'। ਇੰਜ ਹੀ ਇਨ੍ਹਾਂ ਜੱਜਾਂ ਦੀ ਇਕ ਹੋਰ ਕਿਸਮ ਵੀ ਹੁੰਦੀ ਹੈ ਜਿਸ ਨੂੰ 'ਐਡੀਸ਼ਨਲ ਜੱਜ' ਕਿਹਾ ਜਾਂਦਾ ਹੈ ਭਾਵ ਕਿ ਵਾਧੂ ਜੱਜ, ਲੋੜ ਪਈ 'ਤੇ ਇਨ੍ਹਾਂ ਨੂੰ ਕਿਸੇ ਵੀ ਅਦਾਲਤ 'ਚ ਭੇਜਿਆ ਜਾ ਸਕਦਾ ਹੈ।

'ਐਡੀਸ਼ਨਲ ਜੱਜ' ਤੋਂ ਮੈਨੂੰ ਇਕ ਕਿੱਸਾ ਯਾਦ ਆ ਗਿਆ। ਕਿਸ਼ਨ ਸਿੰਘ ਦੇ ਮੁੰਡੇ ਸੁੱਖਾ ਸਿੰਘ ਨੇ ਦਸਵੀਂ 'ਚੋਂ ਦੋ ਵਾਰੀ ਫੇਲ੍ਹ ਹੋਣ ਤੋਂ ਬਾਅਦ ਪੱਕਾ ਮਨ ਬਣਾ ਲਿਆ ਕਿ ਉਹ ਹੁਣ ਮਨ ਮਾਰ ਕੇ ਆਪਣੇ ਬਾਪ ਨਾਲ ਖੇਤੀ ਹੀ ਕਰੇਗਾ, ਹੋਰ ਕਿਸੇ ਕੰਮ-ਕਾਰ ਵਲ ਨਹੀਂ ਝਾਕੇਗਾ। ਕਿਸ਼ਨ ਸਿੰਘ ਆਪ ਭਾਵੇਂ ਚੌਥੀ ਫੇਲ੍ਹ ਸੀ ਪਰ ਚਾਹੁੰਦਾ ਸੀ ਕਿ ਸੁੱਖਾ ਪੜ੍ਹ ਕੇ ਪਟਵਾਰੀ ਜਾਂ ਮਾਸਟਰ ਹੀ ਲੱਗ ਜਾਵੇ ਪਰ ਉਸ ਦੀ ਇਹ ਉਮੀਦ ਪੂਰੀ ਨਾ ਹੋਈ।

ਜ਼ਮੀਨ ਲੋੜ ਨਾਲੋਂ ਵਾਧੂ ਸੀ ਉਨ੍ਹਾਂ ਕੋਲ। ਉਦੋਂ ਟ੍ਰੈਕਟਰ ਆਮ ਨਹੀਂ ਸੀ ਹੋਏ ਅਜੇ, ਬਹੁਤੇ ਕਿਸਾਨ ਢੱਗਿਆਂ ਨਾਲ ਹੀ ਖੇਤੀ ਕਰਦੇ ਸਨ, ਕਿਸੇ ਵਿਰਲੇ ਟਾਂਵੇਂ ਕਿਸਾਨ ਕੋਲ ਹੀ ਟ੍ਰੈਕਟਰ ਹੁੰਦਾ ਸੀ। ਦੋ ਢੱਗੇ ਪਹਿਲਾਂ ਹੀ ਸਨ ਉਨ੍ਹਾਂ ਕੋਲ ਤੇ ਇਕ ਹੋਰ ਖਰੀਦ ਲਿਆ ਉਨ੍ਹਾਂ ਨੇ ਤਾਂ ਕਿ ਦੂਸਰੇ ਦੋਨਾਂ ਨੂੰ ਵਾਰੀ ਵਾਰੀ ਦਮ ਦੁਆਇਆ ਜਾ ਸਕੇ।

ਨਵਾਂ ਢੱਗਾ ਲਏ ਨੂੰ ਅਜੇ ਮਹੀਨਾ ਕੁ ਹੀ ਹੋਇਆ ਸੀ ਕਿ ਕਿਸੇ ਚੋਰ ਨੇ ਉਹ ਚੋਰੀ ਕਰ ਲਿਆ। ਪਿੰਡ ਦੇ ਹੀ ਇਕ ਬੰਦੇ ਨੇ ਕਿਸ਼ਨ ਸਿੰਘ ਨੂੰ ਚੋਰ ਦੀ ਸੂਹ ਦਿਤੀ ਸੀ ਤੇ ਉਹ ਗਵਾਹੀ ਦੇਣ ਲਈ ਵੀ ਤਿਆਰ ਸੀ, ਸੋ ਕਿਸ਼ਨ ਸਿੰਘ ਨੇ ਨਿਸ਼ੰਗ ਹੋ ਕੇ ਚੋਰ ਦਾ ਨਾਮ ਪੁਲਸ ਰਿਪੋਰਟ 'ਚ ਲਿਖਵਾ ਦਿਤਾ। ਉਸ ਨੇ ਇਕ ਮੰਨੇ-ਪ੍ਰਮੰਨੇ ਵਕੀਲ ਨੂੰ ਵੀ ਕੇਸ ਲੜਨ ਲਈ ਤਿਆਰ ਕਰ ਲਿਆ ਤੇ ਅਖੀਰ ਕੇਸ ਅਦਾਲਤ 'ਚ ਪਹੁੰਚ ਗਿਆ। ਉਧਰ ਸ਼ਹਿਰ ਦੇ ਲਾਲਿਆਂ ਦਾ ਇਕ ਮੁੰਡਾ ਮੁਕਾਬਲੇ ਦਾ ਇਮਤਿਹਾਨ ਪਾਸ ਕਰ ਕੇ ਜੱਜ ਬਣ ਗਿਆ। ਅਦਾਲਤ ਦੇ ਕਲਰਕਾਂ ਪਾਸੋਂ ਕਿਸ਼ਨ ਸਿੰਘ ਦੇ ਵਕੀਲ ਨੂੰ ਪਤਾ ਲੱਗਿਆ ਕਿ ਦੋ ਤਿੰਨ ਜੱਜਾਂ ਦੇ ਅਚਾਨਕ ਬਿਮਾਰ ਹੋਣ ਕਾਰਨ ਇਕ ਨਵੇਂ ਬਣੇ ਐਡੀਸ਼ਨਲ ਜੱਜ ਦੀ ਅਦਾਲਤ 'ਚ ਉਨ੍ਹਾਂ ਦਾ ਕੇਸ ਸੁਣਿਆ ਜਾਵੇਗਾ। ਵਕੀਲ ਨੇ ਕਿਸ਼ਨ ਸਿੰਘ ਨੂੰ ਵੀ ਸਮਝਾ ਦਿਤਾ ਕਿ ਐਡੀਸ਼ਨਲ ਜੱਜ ਕੌਣ ਹੁੰਦਾ ਹੈ ਤੇ ਉਨ੍ਹਾਂ ਦਾ ਕੇਸ ਕਿਸ ਕਾਰਨ ਐਡੀਸ਼ਨਲ ਜੱਜ ਦੀ ਅਦਾਲਤ 'ਚ ਲਗਾਇਆ ਗਿਆ ਹੈ।

ਜੱਜ ਨੇ ਕੇਸ ਪੜ੍ਹਿਆ ਪਰ ਉਸ ਨੂੰ ਇਸ ਗੱਲ ਦੀ ਸਮਝ ਨਾ ਆਵੇ ਕਿ ਜਦ ਹਲ਼ ਨੂੰ, ਖੂਹ ਨੂੰ ਤੇ ਗੱਡੇ ਆਦਿ ਨੂੰ ਦੋ ਹੀ ਢੱਗੇ ਲਗਦੇ ਹਨ ਤਾਂ ਕਿਸ਼ਨ ਸਿੰਘ ਹੋਰਾਂ ਨੇ ਤੀਸਰਾ ਢੱਗਾ ਕਿਉਂ ਰੱਖਿਆ ਹੋਇਆ ਸੀ। ਜੱਜ ਨੇ ਇਹ 'ਗਿਆਨ' ਵੀ ਕਿਤਾਬਾਂ, ਰਿਸਾਲਿਆਂ ਆਦਿ ਵਿਚੋਂ ਤਸਵੀਰਾਂ ਦੇਖ ਕੇ ਤੇ ਜਾਂ ਫ਼ਿਲਮਾਂ ਰਾਹੀ ਹੀ ਪ੍ਰਾਪਤ ਕੀਤਾ ਹੋਇਆ ਸੀ, ਪੇਂਡੂ ਜੀਵਨ ਬਾਰੇ ਉਸ ਦਾ ਕੋਈ ਤਜਰਬਾ ਨਹੀਂ ਸੀ। ਉਸ ਨੂੰ ਏਨਾ ਕੁ ਜ਼ਰੂਰ ਪਤਾ ਸੀ ਕਿ ਪਿੰਡਾਂ ਦੇ ਜੱਟ ਨਿੱਕੀ ਨਿੱਕੀ ਗੱਲ ਬਦਲੇ ਲੜਾਈਆਂ ਮੁੱਲ ਲੈ ਲੈਂਦੇ ਹਨ ਤੇ ਸਾਲਾਂ ਬੱਧੀ ਅਦਾਲਤਾਂ 'ਚ ਕੇਸ ਭੁਗਤਦੇ ਰਹਿੰਦੇ ਹਨ। ਉਸ ਨੂੰ ਇਹ ਕੇਸ ਵੀ ਆਪਸੀ ਲਾਗ-ਡਾਟ ਦਾ ਹੀ ਜਾਪਦਾ ਸੀ। ਉਸ ਦੇ ਮਨ ਵਿਚ ਇਹ ਸ਼ੱਕ ਪੱਕਾ ਹੋ ਗਿਆ ਕਿ ਜਦੋਂ ਦੋ ਢੱਗੇ ਹੀ ਹਰ ਜਗ੍ਹਾ ਕੰਮ ਆਉਂਦੇ ਹਨ ਤਾਂ ਕਿਸ਼ਨ ਸਿੰਘ ਹੋਰਾਂ ਨੇ ਜ਼ਰੂਰ ਤੀਜੇ ਢੱਗੇ ਦੀ ਚੋਰੀ ਦਾ ਇਲਜ਼ਾਮ ਲਾ ਕੇ ਉਸ ਬੰਦੇ ਨੂੰ ਨਾਜਾਇਜ਼ ਕੇਸ ਵਿਚ ਫ਼ਸਾਇਆ ਹੈ।

ਉਸ ਨੇ ਜ਼ਰਾ ਸਖ਼ਤੀ ਨਾਲ਼ ਕਿਸ਼ਨ ਸਿੰਘ ਤੋਂ ਪੁੱਛਿਆ ਕਿ ਜਦ ਖੇਤੀ ਦੇ ਹਰੇਕ ਕੰਮ 'ਚ ਦੋ ਢੱਗੇ ਹੀ ਲਗਦੇ ਹਨ ਤਾਂ ਉਸ ਨੇ ਤੀਸਰਾ ਢੱਗਾ ਕਿਉਂ ਰੱਖਿਆ ਹੋਇਆ ਸੀ?

ਕਿਸ਼ਨ ਸਿੰਘ ਪੋਲੇ ਜਿਹੇ ਮੂੰਹ ਨਾਲ ਬੋਲਿਆ, "ਉਹ ਜੀ ਤੁਹਾਡੇ ਵਾਂਗੂੰ ਅੜੇ ਥੁੜੇ ਵੇਲੇ ਲਈ 'ਡੀਸ਼ਨਲ ਸੀਗਾ ਜੀ"

* * * * * *

## ਅਮਰੀਕੀ ਯੂਨੀਵਰਸਿਟੀ ਵਿਚ ਸਕਾਲਰਸ਼ਿੱਪ ਲੈਣ ਲਈ ਫਰਜ਼ੀ ਦਸਤਾਵੇਜ਼ਾਂ ਦਾ ਸਹਾਰਾ ਲੈਣ ਵਾਲੇ ਭਾਰਤੀ ਵਿਦਿਆਰਥੀ ਨੂੰ ਦੇਸ਼ ਨਿਕਾਲਾ

ਸੈਕਰਾਮੈਂਟੋ,ਕੈਲੀਫੋਰਨੀਆ- (ਹੁਸਨ ਲੜੋਆ ਬੰਗਾ)-ਇਕ ਭਾਰਤੀ ਵਿਦਿਆਰਥੀ ਆਰੀਅਨ ਅਨੰਦ ਨੂੰ ਅਮਰੀਕਾ ਦੀ ਲੀਹਾਈ ਯੁਨੀਵਰਸਿਟੀ, ਪੈਨਸਿਲਵਾਨੀਆ ਵਿੱਚ ਪੂਰੀ ਸਕਾਲਰਸ਼ਿੱਪ ਲੈਣ ਲਈ ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਤੋਂ ਬਾਅਦ ਵਾਪਿਸ ਭਾਰਤ ਭੇਜ ਦਿੱਤਾ ਗਿਆ ਹੈ। ਅਨੰਦ ਜੋ ਯੁਨੀਵਰਸਿਟੀ ਵਿਚ ਪਹਿਲਾ ਸਾਲ ਦਾ ਵਿਦਿਆਰਥੀ ਸੀ, ਨੂੰ ਆਪਣਾ ਗੁਨਾਹ ਮੰਨ ਲੈਣ ਉਪਰੰਤ ਦੋ ਮਹੀਨੇ ਪਹਿਲਾਂ ਫੜ ਲਿਆ ਗਿਆ ਸੀ। ਅਨੰਦ ਨੇ ਯੁਨੀਵਰਸਿਟੀ ਵਿਚ ਸਕਾਲਰਸ਼ਿੱਪ ਹਾਸਲ ਕਰਨ ਲਈ ਹੋਰ ਫਰਜ਼ੀ ਦਸਤਾਵੇਜ਼ ਵਰਤਣ ਤੋਂ ਇਲਾਵਾ ਆਪਣੇ ਪਿਤਾ ਬਾਰੇ ਵੀ ਝੂਠ ਬੋਲਿਆ ਕਿ ਉਹ ਮਰ ਚੁੱਕਾ ਹੈ ਹਾਲਾਂ ਕਿ ਉਹ ਜੀਂਦਾ ਹੈ। ਅਨੰਦ ਨੂੰ ਉਸ ਵਿਰੁੱਧ ਲਾਏ ਅਪਰਾਧਕ ਦੋਸ਼ਾਂ ਤਹਿਤ 20 ਸਾਲ ਜੇਲ ਹੋ ਸਕਦੀ ਸੀ ਪਰੰਤੂ ਲੀ ਹਾਈ ਯੁਨੀਵਰਸਿਟੀ ਦੀ ਬੇਨਤੀ 'ਤੇ ਉਸ ਨੂੰ ਦੇਸ਼ ਨਿਕਾਲਾ ਦੇ ਕੇ ਭਾਰਤ ਵਾਪਿਸ ਭੇਜ ਦਿੱਤਾ ਗਿਆ। ਯੁਨੀਵਰਿਸਟੀ ਨੇ ਜਾਰੀ ਇਕ ਬਿਆਨ ਵਿਚ ਮਾਮਲੇ ਦੀ ਮੁਕੰਮਲ ਜਾਂਚ ਤੇ ਅਸਲ ਮਾਮਲਾ ਸਾਹਮਣੇ ਲਿਆਉਣ ਲਈ ਅਧਿਕਾਰੀਆਂ ਵੱਲੋਂ ਨਿਭਾਈ ਭੁਮਿਕਾ ਦੀ ਸ਼ਲਾਘਾ ਕੀਤੀ ਹੈ।

## ਦਰਬਾਰ ਸਾਹਿਬ 'ਚ ਫੋਟੋ ਤੇ ਵੀਡੀਓਗ੍ਰਾਫੀ 'ਤੇ ਲੱਗਾ ਬੈਨ

ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਵਿਚ ਵੀਡੀਓ ਬਣਾਉਣ ਫ਼ਲਸਤੂੱਤੇ ਪੂਰੀ ਤਰ੍ਹਾਂ ਤੋਂ ਪਾਬੰਦੀ ਲਗਾ ਦਿੱਤੀ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਫ਼ਲਸਤੂੱਤੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਇਹ ਹੁਕਮ ਜਾਰੀ ਕੀਤੇ ਹਨ ਜਿਸ ਮੁਤਾ-ਬਕ ਹੁਣ ਸ੍ਰੀ ਦਰਬਾਰ ਸਾਹਿਬ ਵਿਚ ਹੁਣ ਫੋਟੋ ਤੇ ਵੀਡੀਓ ਬਣਾਉਣ ਫ਼ਲਸਤੂੱਤੇ ਬੈਨ ਲੱਗ ਗਿਆ ਹੈ।ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਦੇਖਿਆ ਜਾ ਰਿਹਾ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਚ ਫਿਲਮਾਂ ਦੀ ਪ੍ਰਮੋਸ਼ਨ ਕੀਤੀ ਜਾਂਦੀ ਹੈ। ਇਹ ਫਿਲਮਾਂ ਨੂੰ ਪ੍ਰਮੋਟ ਕਰਨ ਵਾਲੀ ਥਾਂ ਨਹੀਂ ਹੈ। ਇਹ ਸਿੱਖਾਂ ਦੀ ਆਸਥਾ ਦਾ ਕੇਂਦਰ ਹੈ। ਇਥੇ ਸਿੱਖਾਂ ਦੀ ਤਰ੍ਹਾਂ ਹੀ ਮੱਥਾ ਜ਼ਰੂਰ ਟੇਕੋ ਪਰ ਫਿਲਮਾਂ ਦੀ ਪ੍ਰਮੋਸ਼ਨ ਨਾਲ ਕਰੋ।

## ਹਾਸ ਵਿਅੰਗ

ਹਰਜਿੰਦਰ ਸਿੰਘ ਚੰਦੀ

# ਮੀਟਰ ਬੁੜੇ ਕਰਤਾਰੇ ਦੇ ਨਾਮ ਧਰਦੇ



'ਬੂ ਵੇ' ਸੂਰਜ ਸਿਰ ਤੇ ਚੜ੍ਹ ਆਇਆ ਤੇ ਇਨ੍ਹੇ ਸ਼ਰਮ ਲਾਈ ਆ,' ਵੇ ਉਠ ਵੇ। ਰੱਬ ਦਿਆ ਬੰਦਿਆ, ਵੇ ਮਾਸਟਰ ਦਾ ਮੁੰਡਾ ਸੀ.ਐਮ. ਬਣ ਗਿਆ। ਵੇ ਸਰਕਾਰ ਬਦਲ ਗਈ, ਤੇਰੇ ਸੁਤਿਆਂ ਸੁਤਿਆਂ। ਵੇ ਕੁਲਫੀ ਗਰਮਾਂ ਗਰਮ ਹੋ ਗਈ।

ਬੀਬੋ ਦੇ ਕੀਰਨਿਆਂ ਵਰਗੀ ਅਵਾਜ਼ ਸੁਣ ਕਿ ਨਾਜ਼ਰ ਉਬੜ ਵਾਹੇ ਉਠਿਆ ਨਾ ਕੀ ਹੋ ਗਿਆ ਹੁਣ ?

ਬੀਬੋ ਭੂਆ ਨੇ ਜਵਾਬ ਦਿੱਤਾ, ਵੇ ਫ੍ਰੀ ਯੂਨਿਟਾਂ ਉਹ ਵੀ ਛੇ ਸੌ, ਵੇ ਮੌਜਾਂ ਲੱਗ ਗਈਆਂ।

'ਨਾਜ਼ਰ ਬੋਲਿਆ' ਪਰ ਮੈ ਤਾ ਸੁਣਿਆ ਬੀਬੋ ਜੇ ਇੱਕ ਯੂਨਿਟ ਉਤੇ ਬਲ ਗਈ ਪੂਰਾਂ ਬਿੱਲ ਭਰਨਾਂ ਪਊ।'

'ਬੀਬੋ ਬੋਲੀ' ਵੇ ਹਾਹੋ, ਹੈ ਤਾਂ ਇਵੇ ਹੀ ਸੀ। ਪਰ ਕਾਣੇ ਬਾਣੀਏ ਨੇ ਸਭ ਦੀਆਂ ਬਾਰਾ ਸੌ ਯੂਨਿਟਾਂ ਮੁਆਫ ਕਰਨ ਦਾ ਜੁਗਾੜ ਕੱਢ ਲਿਆਂ,ਉਹ ਤੇਰੀ ਦੀ, ਉਹ ਕਿਵੇ ? ਨਾਜ਼ਰ ਤਬਕਿਆ। ਵੇ ਕਰਾੜ ਦੀ ਹੱਟ ਤੇ ਦੂਜੇ ਮੀਟਰ ਦੇ ਕਾਜਕ ਭਰ ਹੁੰਦੇ ਆ, ਛੇ ਸੌ ਇੱਕ ਮੀਟਰ ਦੀ ਫ੍ਰੀ, ਤੇ ਛੇ ਸੌ ਦੂਜੇ ਮੀਟਰ ਦੀ ਫ੍ਰੀ, ਹੋ ਗਈਆ ਨਾ ਨਾ ਪੂਰੀਆ ਬਾਰਾਂ ਸੌ ਫ੍ਰੀ। '

ਨਾਜ਼ਰ ਬੋਲਿਆ 'ਬੀਬੋ ਦੇਸ਼ ਤਰੱਕੀ ਕਰ ਗਿਆ, ਦੁਨੀਆਂ ਦੇ ਦਿਮਾਗ ਦੀ ਦਾਦ ਦੇਣੀ ਬਣਦੀ ਆ, ਪਰ ਬੀਬੋ ਦੂਜਾ ਮੀਟਰ ਲਗੂ ਕਿਵੇਂ ?

ਵੇ ਉਹ ਵੀ ਰਾਹ ਹੈਗੇ ਆ, ਆ ਮੀਤੋ ਕਲੱਸ਼ਣਿਆ ਦੀ ਕਹਿੰਦੀ ਸੀ, ਮੈ ਤਾ ਖਾਵੰਦ ਨੂੰ ਕਹਿ ਦਿੱਤਾ, ਇੱਕ ਮੀਟਰ ਬੁੜੇ ਕਰਤਾਰੇ ਦੇ ਨਾਮ ਧਰਦੇ, ਬਾਰਾਂ ਸੌ ਈ ਕਰਨੀਆ।

'ਨਾਜਰ ਬੋਲਿਆ' 'ਪਰ ਬੀਬੋ' ਜੁਗਨੂੰ ਦਾ ਤੇ ਹੱਜੇ ਨਵਾਂ ਵਿਆਹ ਹੋਇਆ ਤੇ ਉਹ ਹੈ ਵੀ ਇਕੱਲਾ ਉਹਦੀ ਬਾਰਾਂ ਸੌ ਕਿਵੇਂ ਹੋਊ ਭਲਾ ?'

'ਬੀਬੋ ਬੋਲੀ' ਵੇ ਮੈ ਜੁਗਨੂੰ ਦੀ ਹੁਰ ਨੂੰ ਪੁਛਿਆ ਸੀ ਉਹ ਕਹਿੰਦੀ, ਗਈ ਸੀ ਮੈ ਵੀ, ਕਾਣੇ ਬਾਣੀਏ ਕੋਲ ਉਹਦੇ ਕੋਲ ਸਾਰੇ ਰਾਹ ਆਂ, 'ਨਾਜ਼ਰ ਬੋਲਿਆ' ਉਹ ਕਿਵੇਂ ? ਵੇ ਕਾਣਾ ਬਾਣੀਆਂ ਕਹਿੰਦਾ ਤੂੰ ਜੁਗਨੂੰ ਤੇ ਤਲਾਕ ਦਾ ਦਾਅਵਾ ਕਰ ਦੇ ਮੀਟਰ ਤੁਹਾਡੇ ਵੀ ਦੋ ਲੱਗ ਜਾਣਗੇ।

ਪਰ ਬੀਬੋ ਇੱਕ ਗੱਲ ਦੱਸ ਆ ਸਕੀਮ ਗਰੀਬਾਂ ਲਈ ਆ ਜਾ ਅਮੀਰਾਂ ਲਈ ?

ਜਾ ਵੇ' ਜੈ ਵੱਡੀ ਦਿਆ, ਨਾ ਤੂੰ ਮਰੀਕੇ ਰਹਿੰਦਾ ਵਾ, ਵੇ ਇੱਥੇ ਸਵਾਲ ਗਰੀਬ ਅਮੀਰ ਦਾ ਨਹੀ, ਸਵਾਲ ਲੱਗੀ ਫੱਬੀ ਦਾ ਆ।

ਵੇ 'ਲੀਡਰ ਪੈਨਸ਼ਨਾਂ ਤੇ ਪੈਨਸ਼ਨਾਂ ਵਧਾਈ ਜਾਂਦੇ ਆਂ, ਓ ਨਾਲੇ ਬਿੱਜਲੀ ਫ੍ਰੀ, ਟੀ. ਏ. ਡੀ. ਏ. ਵੱਖਰੇ ਇਥੇ ਜਮੀਨਾਂ ਵਾਲੇ ਸਹੂਲਤਾਂ ਲਈ ਜਾਂਦੇ ਆ।'

ਨਾ ਬੀਬੋ 'ਇਨ੍ਹਾ ਫ੍ਰੀ ਯੂਨਿਟਾਂ ਨੇ ਭਰਾ ਨਾਲੋ ਭਰਾ ਅਲੱਗ ਕਰ ਦਿੱਤਾ, ਘਰ ਵਾਲੀ ਨਾਲੋ ਘਰ ਵਾਲਾ ਅਲੱਗ ਕਰ ਦਿੱਤਾ, ਪਹਿਲਾ ਜਾਤਾਂ ਪਾਤਾਂ ਦੇ ਪਾੜੇ ਤੇ ਹੁਣ ਰਿਸ਼ਤੇ ਤੋੜ ਦਿੱਤੇ।'

'ਬੀਬੋ ਬੋਲੀ' ਵੇ ਤੂੰ ਤਾ ਸੀਰੀਅਸ ਈ ਲੈ ਗਿਆ। ਦਿਲ ਤੇ ਨੀ ਲਾਈਦਾ ਬਾਹਲਾ ਨਾਜ਼ਰਾ, ਵੇਖਸਾ ਇਹ ਰਾਜਨੀਤੀ ਆ, ਨਾਜ਼ਰ ਹੈਰਾਨ ਹੋ ਕਿ ਬੋਲਿਆਂ' ਉਹ ਕਿਵੇ ?

ਜਿਵੇਂ ਲੀਡਰ ਬਾਹਰ ਸਟੇਜਾਂ ਤੇ ਗਾਲੀਉ ਗਾਲੀ, ਮਿਹਣਿਉਂ ਮੇਹਣੀਂ, ਛਿੱਤਰੋ ਛਿੱਤਰੀ ਹੁੰਦੇ ਆ ਤੇ ਅੰਦਰ ਘਿਉ ਖਿੱਚੜੀ।

ਨਾਜ਼ਰ ਬੋਲਿਆ 'ਮੈ ਹੁਣ ਸਮਝਿਆਂ ਬੀਬੋ 'ਜਿਵੇਂ ਲੀਡਰ ਵੋਟਾਂ ਵਧਾਉਦੇ ਆ ਆਪਾ ਮੁਆਫ ਹੋਏ ਯੂਨਿਟ ਵਧਾਉਣੇ ਆ, ਨਾਜਰ ਮੁਸਕਰਾ ਕੇ ਬੋਲਿਆ, 'ਲੈ ਬੀਬੋ ਤੂੰ ਬਣਾ ਚਾਹ, ਤੇ ਮੈ ਚੱਲਿਆ ਕਾਣੇ ਬਾਣੀਏ ਕੋਲ ਦੂਜੇ ਮੀਟਰ ਦੀ ਫਾਇਲ ਭਰਾਉਣ।'

* * * * * * * *

# ★ ਮਿੰਨੀ ਕਹਾਣੀਆਂ ★

## ਟੈਸਟ ਬਨਾਮ ਇਮਤਿਹਾਨ

ਸੁੱਖ ਪੜ੍ਹਨ 'ਚ ਬਹੁਤ ਹੀ ਲਾਇਕ ਮੁੰਡਾ ਸੀ ਅਤੇ ਪਿੰਡ ਦੇ ਸਕੂਲੇ ਬਾਰ੍ਹਵੀਂ ਜਮਾਤ ਵਿੱਚ ਪੜ੍ਹਦਾ ਸੀ। ਸੋਮਵਾਰ ਤੀਸਰੇ ਪੀਰੀਅਡ ਵਿੱਚ ਪੰਜਾਬੀ ਵਾਲੀ ਕੰਮੋ ਭੈਣ ਜੀ ਨੇ ਪੰਜਾਬੀ ਦਾ ਟੈਸਟ ਲੈਣਾ ਸ਼ੁਰੂ ਕੀਤਾ। ਸੁੱਖ ਦੇ ਨੇੜੇ ਕਲਾਸ ਦਾ ਸਭ ਤੋਂ ਸ਼ਰਾਰਤੀ ਅਤੇ ਨਾਲਾਇਕ ਵਿਦਿਆਰਥੀ ਭਿੰਦਾ ਬੈਠਾ ਸੀ। ਉਸ ਨੇ ਕਾਪੀ ਉਪਰ ਇੱਕ ਵੀ ਸ਼ਬਦ ਨਾ ਲਿਖਿਆ। ਜਦੋਂ ਕੰਮੋ ਭੈਣ ਜੀ ਦਾ ਧਿਆਨ ਉਸ ਦੀ ਕਾਪੀ 'ਤੇ ਪਿਆ ਤਾਂ ਉਸ ਨੇ ਭਿੰਦੇ ਨੂੰ ਬਹੁਤ ਝਿੜਕਿਆ। ਜਦ ਉਹ ਭਿੰਦੇ ਦੀ ਸੇਵਾ ਕਰਕੇ ਅੱਗੇ ਵਧੀ ਤਾਂ ਭਿੰਦੇ ਨੇ ਹੌਲੀ ਆਵਾਜ਼ 'ਚ ਕੰਮੋ ਭੈਣ ਜੀ ਨੂੰ ਗੁੱਸੇ ਵਿੱਚ ਗਾਲਾਂ ਤੱਕ ਕੱਢ ਦਿੱਤੀਆਂ। ਜਿਸ 'ਤੇ ਸੁੱਖ ਨੂੰ ਬਹੁਤ ਗੁੱਸਾ ਆਇਆ। ਪਰ ਉਹ ਕੁੱਝ ਵੀ ਨਾ ਕਰ ਸਕਿਆ।

ਚਾਰ ਮਹੀਨੇ ਬਾਅਦ ਬੋਰਡ ਦੇ ਇਮਤਿਹਾਨ ਆ ਗਏ ਨਾਲ ਦੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਸੈਂਟਰ ਬਣ ਗਿਆ। ਕੰਮੋ ਭੈਣ ਜੀ ਦੀ ਡਿਊਟੀ ਵੀ ਉਸੇ ਸੈਂਟਰ ਵਿੱਚ ਲੱਗ ਗਈ ਕੰਮੋ ਭੈਣ ਜੀ ਆਪਣੇ ਸਕੂਲ ਦੇ ਬੱਚਿਆਂ ਨੂੰ ਦੌੜ-ਦੌੜ ਕੇ ਪਰਚੀਆਂ ਦੇਣ ਆ ਰਹੀ ਸੀ। ਕੰਮੋ ਭੈਣ ਜੀ ਦੇ ਕਈ ਵਾਰ ਕਹਿਣ ਦੇ ਬਾਵਜੂਦ ਵੀ ਸੁੱਖ ਨੇ ਪਰਚੀ ਲੈਣ ਤੋਂ ਇਨਕਾਰ ਕਰ ਦਿੱਤਾ। ਸੁੱਖ ਨੂੰ ਛੱਡ ਕੇ ਸਾਰਿਆਂ ਨੇ ਖੂਬ ਨਕਲ ਮਾਰ ਕੇ ਪੇਪਰ ਕੀਤਾ। ਪੇਪਰ ਖਤਮ ਹੋਇਆ ਸਾਰੇ ਬੱਚੇ ਬਹੁਤ ਖੁਸ਼ ਸਨ। ਕੰਮੋ ਭੈਣ ਜੀ ਨੇ ਭਿੰਦੇ ਨੂੰ ਆ ਕੇ ਪੁਛਿਆ ਕਿ ਪੇਪਰ ਕਿੱਦਾਂ ਦਾ ਹੋਇਆ ? ਭਿੰਦੇ ਨੇ ਜਵਾਬ ਦਿੱਤਾ, "ਜੀ ਆਪ ਦੀ ਮਿਹਰਬਾਨੀ ਨਾਲ ਬਹੁਤ ਵਧੀਆ"। ਇਹ ਸੁਣ ਕੇ ਕੰਮੋਂ ਭੈਣ ਜੀ ਨੇ ਭਿੰਦੇ ਨੂੰ ਸ਼ਾਬਾਸ਼ ਦਿੱਤੀ। ਪਰ ਸੁੱਖ ਨੂੰ ਪੇਪਰ ਬਾਰੇ ਪੁੱਛਿਆ ਵੀ ਨਾ। ਸੁੱਖ ਨੂੰ ਪਤਾ ਨਹੀਂ ਕਿਉਂ ਕੰਮੋ ਭੈਣ ਜੀ 'ਤੇ ਗੁੱਸੇ ਦੇ ਨਾਲ ਤਰਸ ਵੀ ਆ ਰਿਹਾ ਸੀ।

ਮਨਪ੍ਰੀਤ ਸਿੰਘ ਜੌਸ

## ਦੇਣ

ਪਿੰਡ ਦੀ ਸੱਥ ਵਿੱਚ ਪੰਚਾਇਤ ਇਕੱਠੀ ਹੋਈ। ਸਰਬਸੰਮਤੀ ਨਾਲ ਮਤਾ ਪਾਸ ਹੋਇਆ ਕਿ ਪਿੰਡ ਦੇ ਵਿਚੋਂ ਨਸ਼ਿਆਂ ਦਾ ਬਿਲਕੁੱਲ ਸਫ਼ਾਇਆ ਕਰਨਾ ਹੈ। ਗੁਰਮੀਤ ਸਿੰਘ ਨੂੰ ਸਾਰੇ ਪਿੰਡ ਦੇ ਨਸ਼ੱਈ ਮੁੰਡਿਆਂ ਦੀ ਲਿਸਟ ਬਣਾਉਣ ਦੀ ਡਿਊਟੀ ਦਿੱਤੀ ਗਈ। ਕੋਈ ਵੀਹ ਕੁ ਜਾਣਿਆਂ ਦੀ ਸੂਚੀ ਬਣਾ ਕੇ ਗੁਰਮੀਤ ਨੇ ਸਰਪੰਚ ਨੂੰ ਦੇ ਦਿੱਤੀ। ਜਿਸ ਨੂੰ ਕਿ ਪਹਿਲਾਂ ਹੀ "ਨਸ਼ਾ ਛੁਡਾਊ ਸੰਮਤੀ" ਦਾ ਪ੍ਰਧਾਨ ਨਿਯੁੱਕਤ ਕਰ ਦਿੱਤਾ ਗਿਆ ਸੀ।

ਸਮਾਂ ਨਿਸ਼ਚਿਤ ਕਰ ਨਸ਼ਾ ਛੁਡਾਊ ਕੇਂਦਰ ਵਿੱਚ ਸਾਰੇ ਹੀ ਮੁੰਡਿਆਂ ਨੂੰ ਭਰਤੀ ਕਰਵਾ ਦਿੱਤਾ ਗਿਆ। ਸਾਰਾ ਪਿੰਡ ਸਰਪੰਚ ਦੇ ਇਸ ਕਾਰਜ਼ ਤੋਂ ਬਹੁਤ ਖੁਸ਼ ਸਨ। ਹੌਲੀ ਹੌਲੀ ਬਹੁਤ ਸਾਰੇ ਮੁੰਡਿਆਂ ਨੇ ਨਸ਼ਿਆਂ ਦੀ ਨਾਮੁਰਾਦ ਬੀਮਾਰੀ ਤੋਂ ਨਿਜ਼ਾਤ ਪਾ ਲਈ। ਪਰ ਕੁੱਝ ਕੁ ਦੋਸਤ ਹਾਲੇ ਵੀ ਸੈਂਟਰ ਵਿੱਚ ਦਾਖਲ ਸਨ। ਕੁੱਝ ਕੁ ਦਿਨਾਂ ਬਾਅਦ ਜਦ ਸਰਪੰਚ/ਪ੍ਰਧਾਨ ਜੀ ਮੁੰਡਿਆਂ ਦਾ ਹਾਲ ਚਾਲ ਜਾਣਨ ਲਈ ਸੈਂਟਰ ਪਹੁੰਚਿਆ ਤਾਂ ਗੋਪੀ ਕੇ ਲਾਣੇ ਚੋਂ ਗੇਲੀ ਨੇ ਦੱਬਵੀਂ ਜਿਹੀ ਆਵਾਜ਼ 'ਚ ਪ੍ਰਧਾਨ ਜੀ ਨੂੰ ਕਹਿ ਹੀ ਦਿੱਤਾ ਕਿ ਪ੍ਰਧਾਨ ਜੀ ਤੁਸੀਂ ਬਹੁਤ ਪਰਉਪਕਾਰੀ ਕਾਰਜ਼ ਕੀਤਾ ਹੈ, ਕਿਉਂਕਿ ਪਹਿਲਾਂ ਸਰਪੰਚੀ ਦੀ ਚੋਣ ਵਿੱਚ ਆਪ ਨੇ ਹੀ ਸਾਨੂੰ ਇਸ ਚਾਟ ਤੇ ਲਾਇਆ ਤੇ ਹੁਣ ਆਪ ਹੀ ਨਸ਼ਾ ਛੁਡਾਊ ਕਮੇਟੀ ਬਣਾ ਕੇ ਓਹਦੇ ਪ੍ਰਧਾਨ ਬਣ ਕੇ ਸਾਨੂੰ ਨਸ਼ਿਆਂ ਦੇ ਪ੍ਰਕੋਪ ਚੋਂ ਬਚਾਅ ਰਹੇ ਹੋਂ ? ਇਹ ਸਭ ਆਪ ਦੀ ਹੀ ਦੇਣ ਹੈ ਸਰਪੰਚ ਸਾਹਿਬ ਜੀ। ਸਰਪੰਚ ਸਾਹਿਬ ਜਿਵੇਂ ਨਿਰਉਤਰ ਹੋ ਗਏ ਸਨ, ਉਨ੍ਹਾਂ ਕੋਲ ਗੇਲੀ ਦੀ ਇਸ ਸਮੇਂ ਕਹੀ ਸੱਚੀ ਗੱਲ ਦਾ ਕੋਈ ਜਵਾਬ ਨਹੀਂ ਸੀ। -ਜਸਵੀਰ ਸ਼ਰਮਾ ਦੱਦਾਹੂਰ

## ਗੁੰਮਰਾਹ

ਮੇਰਾ ਅਗਲੇ ਦਿਨ ਅੰਗਰੇਜੀ ਦਾ ਪੇਪਰ ਸੀ। ਮੇਰੇ ਮੰਮੀ ਪੰਡਿਤ ਜੀ ਨੂੰ ਲੈ ਆਏ ਤੇ ਮੈਨੂੰ ਕਿਹਾ ਕਿ, "ਬੇਟੀ,ਇਹਨੂੰ ਹੱਥ ਦਿਖਾ, ਜਰੂਰ ਕੁਝ....... !"

"ਪਰ ਮੰਮੀ,ਮੇਰੇ ਕੋਲ ਵਕਤ ਨਹੀਂ ਕੱਲ੍ਹ ਮੇਰਾ ਪੇਪਰ.......।" ਪਰ ਮਾਂ ਦੇ ਵਾਰ -ਵਾਰ ਕਹਿਣ ਤੇ ਮੈਂ ਪੰਡਿਤ ਜੀ ਨੂੰ ਹੱਥ ਦਿਖਾਇਆ। ਜਦੋ ਉਹਨਾ ਨੇ ਕਿਹਾ ਕਿ, "ਇਸ ਸਾਲ ਤਾ ਤੂੰ ਫੇਲਹੋ ਜਾਣਾ ਏ। ਸੱਚੀ ! ਮੈ ਮਨ ਮਸੋਸ ਕੇ ਰਹਿ ਗਈ। ਚਾਹੇ ਮੈਨੂੰ ਪੰਡਿਤ ਦੀਆਂ ਗੱਲਾ ਵਿਚ ਵਿਸਵਾਸ਼ ਨਹੀਂ ਸੀ, ਪਰ ਫਿਰ ਵੀ ਪੜਾਈ ਵਿਚ ਮਨ ਨਾ ਲੱਗੇ। ਰਹਿ-ਰਹਿ ਕੇ ਪੰਡਿਤ ਦੀ ਗੱਲ ਯਾਦ ਆਵੇ। ਆਖਿਰ ਔਖੀ-ਸੌਖੀ ਹੋ ਕੇ ਮੈਂ ਪੇਪਰ ਦੀ ਤਿਆਰੀ ਕਰ ਲਈ। ਦਿਨ ਬੀਤਦੇ ਗਏ।

ਹੁਣ ਨਤੀਜ਼ਾ ਨਜ਼ਦੀਕ ਸੀ। ਮੈਂ ਡਰ ਤੇ ਬੇਸਬਰੀ ਨਾਲ ਨਤੀਜ਼ੇ ਦਾ ਇੰਤਜਾਰ ਕਰ ਰਹੀ ਸੀ। ਨਤੀਜ਼ੇ ਵਾਲੇ ਦਿਨ ਪੰਡਿਤ ਜੀ ਫਿਰ ਸਾਡੇ ਘਰ ਪਧਾਰੇ। ਮੈਂ ਘਬਰਾ ਰਹੀ ਸੀ ਕਿ ਮੈਨੂੰ ਫਿਰ ਕੁਝ ਕਹਿਣਗੇ ਤੇ ਉਹ ਸੱਚ-ਮੁੱਚ ਹੀ ਮੇਰੇ ਕੋਲ ਆ ਕੇ ਕਹਿਣ ਲੱਗੇ, "ਬੇਟੀ, ਮੇਰੇ ਸੁਭਾਸ਼ ਦਾ ਰਿਜ਼ਲਟ ਵੀ ਪਤਾ ਕਰ ਆਵੀ,ਉਹ ਬੀਮਾਰ ਏ ਜਾ ਨਹੀਂ ਸਕਦਾ।"

"ਹੈ! ਪਰ ਤੁਸੀ ਤਾਂ ਹੱਥ ਦੇਖ ਕੇ ਹੀ....।" "ਹਾਂ, ਮੈਂ ਉਹਦਾ ਹੱਥ ਤਾ ਦੇਖਿਆ ਏ, ਉਹਦੇ ਬੜੇ ਵਧੀਆ ਨੰਬਰ ਆਉਣੇ ਨੇ, ਪਰ ਫਿਰ ਵੀ....।" ਮੈਂ ਰਿਜ਼ਲਟ ਪਤਾ ਕਰਕੇ ਜਲਦੀ ਨਾਲ ਘਰ ਆਈ ਤਾਂ ਪੰਡਿਤ ਜੀ ਅੱਗੇ ਈ ਬੈਠੇ ਸਨ।

"ਮੰਮੀ, ਮੈਂ ਫਸਟ ਆਈ......।" ਮੈਂ ਸਾਹੋ-ਸਾਹੀ ਹੋਈ ਨੇ ਕਿਹਾ।" ਤੇ ਸੁਭਾਸ਼.....?' ਪੰਡਿਤ ਜੀ ਬੋਲੇ ।

"'..ਉਹ ਤਾਂ ਫੇਲ ਹੋ ਗਿਆ ਜੀ।...ਤੁਹਾਡੀ ਭਵਿੱਖ ਬਾਣੀ.....।" ਕੁਝ ਦੇਰ ਚੁੱਪ ਰਹਿਣ ਮਗਰੋ ਪੰਡਿਤ ਜੀ ਬੋਲੇ, "ਉਹੋ ਕਦੇ-ਕਦੇ ਇੰਝ ਵੀ ਹੋ ਜਾਦੀ ਹੈ।" ਕਹਿ ਕੇ ਪੰਡਿਤ ਜੀ ਚਲੇ ਗਏ।

ਮੈਂ ਸੋਚ ਰਹੀ ਸੀ, ਕਦੇ-ਕਦੇ ਹੀ ਇੰਝ ਹੁੰਦਾ ਹੈ,ਜਾ ਫਿਰ ਲੋਕਾ ਨੂੰ ਗੁੰਮਰਾਹ ਕਰਨ ਲਈ ਹਮੇਸ਼ਾ ਹੀ.....।

-ਮਨਪ੍ਰੀਤ ਕੌਰ ਭਾਟੀਆ

# ਕਲਿਆਣਕਾਰੀ ਰਾਜ ਸਿਰਜਣ ਵਾਲਾ ਸ਼ੇਰੇ ਪੰਜਾਬ ਜੇਕਰ ਅੱਜ ਫੇਰੀ ਪਾਵੇ...

**ਇਕਬਾਲ ਸਿੰਘ ਲਾਲਪੁਰਾ**
9780003333



ਪੰਜਾਬ ਦੀ ਸਿੱਖ ਸਲਤਨਤ ਦੀ ਨੀਂਹ ਰੱਖਣ ਵਾਲ਼ਾ ਮਹਾਰਾਜਾ ਰਣਜੀਤ ਸਿੰਘ ਜੋ ਸ਼ੇਰ-ਏ-ਪੰਜਾਬ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ, ਪੰਜਾਬ ਦੇ ਇਤਿਹਾਸ ਵਿੱਚ ਇਕ ਬਹਾਦਰ ਜੰਗਜੂ, ਦਲੇਰ ਤੇ ਮਹਾਨ ਸ਼ਖ਼ਸੀਅਤ ਦਾ ਮਾਲਕ ਸੀ, ਜਿਸਨੇ ਪੰਜਾਬ ਤੇ ਹੀ ਨਹੀਂ ਬਲਕਿ ਪੰਜਾਬ ਦੇ ਲੋਕਾਂ ਦੇ ਦਿਲਾਂ ਤੇ ਵੀ ਰਾਜ ਕੀਤਾ। ਉਹਦੀ ਸ਼ੇਰ ਵਾਲੀ ਭਬਕ ਨੇ ਜਿੱਥੇ ਅਫ਼ਗਾਨਾਂ ਦੇ ਸਾਹ ਸੂਤੇ ਉੱਥੇ ਈਸਟ ਇੰਡੀਆ ਕੰਪਨੀ ਦੇ ਯੂਰਪੀਆਂ ਨੂੰ ਉਹਦੇ ਜਿਉਂਦੇ ਜੀਅ ਇਸ ਭੂਖੰਡ 'ਤੇ ਕਬਜ਼ਾ ਕਰਨ ਦਾ ਹੀਆ ਨਾ ਪਿਆ। ਪਰ ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਬਾਅਦ ਅੰਗਰੇਜ਼ਾਂ ਦੀਆਂ ਚਾਲਾਂ, ਸਾਜ਼ਿਸ਼ਾਂ ਤੇ ਬਦਨੀਤੀਆਂ ਕਰਕੇ ਇਕ ਵਿਸ਼ਾਲ ਖ਼ਾਲਸਾ ਰਾਜ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਗਿਆ। ਇਸ ਮਹਾਨ ਸ਼ਾਸ਼ਕ ਬਾਰੇ ਮੁਸਲਮਾਨ ਲਿਖਾਰੀ ਸ਼ਾਹ ਮੁਹੰਮਦ ਲਿਖਦੇ ਹਨ-


"ਮਹਾਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ
ਹੋਰ ਦੇਸ ਲੱਦਾਖ ਤੇ ਚੀਨ ਤੋੜੀ
ਸਿੱਕਾ ਆਪਣੇ ਨਾਮ ਚਲਾਇ ਗਿਆ
ਸ਼ਾਹ ਮੁਹੰਮਦਾ ਜਾਣ ਪਾਚਨ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ

ਇਸ ਵਿਸ਼ਾਲ, ਖੁਸ਼ਹਾਲ ਰਾਜ ਦੀ ਸਥਾਪਨਾ ਕਰਨ ਵਾਲੇ ਮਹਾਬਲੀ ਰਣਜੀਤ ਸਿੰਘ ਜੀ ਨੂੰ ਭਾਵੇਂ ਅੱਖਰ ਗਿਆਨ ਬਹੁਤ ਨਹੀ ਸੀ ਪਰ ਬਚਪਨ ਦਾ ਬੁੱਧ ਸਿੰਘ ਤੀਖਣ ਬੁੱਧੀ ਦਾ ਮਾਲਕ ਸੀ, ਸਮੇਂ ਤੇ ਵਿਅਕਤੀ ਦੀ ਪਹਿਚਾਨ ਕਰਨ ਤੋਂ ਇਲਾਵਾ ਉਹ ਇਕ ਪੂਰਨ ਗੁਰਸਿੱਖ, ਨਿਮਰਤਾ ਵਾਲਾ, ਦਿਆਵਾਨ, ਦਿਆਲੂ ਤੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲਾ ਵਿਅਕਤੀ ਸੀ। ਮਹਾਰਾਜੇ ਰਣਜੀਤ ਸਿੰਘ ਵਿਚ ਪ੍ਰਬੰਧਕੀ ਯੋਗਤਾ ਅਤੇ ਜਰਨੈਲਾਂ ਵਾਲੇ ਸਾਰੇ ਗੁਣ ਸਨ।

ਗਣੇਸ਼ ਦਾਸ ਬਡਹੇਰਾ ਲਿਖਦਾ ਹੈ ਕਿ "ਅਜਿਹੇ ਗੁਣ ਇੱਕੋ ਵਿਅਕਤੀ ਵਿਚ ਮਿਲਣੇ ਮੁਸ਼ਕਲ ਹਨ"। ਉਹ ਆਪਣੇ ਦਰਬਾਰੀ ਮਸਲਿਆਂ ਪ੍ਰਤੀ ਬੜਾ ਸੰਜੀਦਾ ਅਤੇ ਗੰਭੀਰ ਸੀ। ਉਸ ਦੇ ਦਰਬਾਰ ਵਿਚ ਬਿਨਾਂ ਉਸ ਦੀ ਆਗਿਆ ਕਿਸੇ ਨੂੰ ਗੱਲ ਕਹਿਣ ਦਾ ਅਧਿਕਾਰ ਨਹੀਂ ਸੀ। ਉਹ ਸਮਕਾਲੀ ਹਾਕਮਾਂ ਵਾਂਗ ਸ਼ਾਹੀ ਠਾਠ ਨਾਲ ਦਰਬਾਰ ਨਹੀਂ ਸਜਾਉਂਦਾ ਸੀ। ਉਸ ਦਾ ਦਰਬਾਰ ਬੜਾ ਸਾਦਾ ਹੁੰਦਾ ਅਤੇ ਉਹ ਪਹਿਰਾਵਾ ਵੀ ਸਾਦਾ ਹੀ ਪਹਿਨਣਾ ਪਸੰਦ ਕਰਦਾ ਸੀ। ਪਰ ਉਸ ਦੀ ਇੱਛਾ ਹੁੰਦੀ ਕਿ ਉਸ ਦੇ ਦਰਬਾਰੀ ਸੋਹਣੇ ਵਸਤਰਾਂ ਅਤੇ ਗਹਿਣਿਆਂ ਨਾਲ ਸਜੇ ਹੋਣ। ਕੋਈ ਵੀ ਬਾਹਰੀ ਪੰਜਾਬ ਆਉਂਦਾ ਤਾਂ ਰਣਜੀਤ ਸਿੰਘ ਨੂੰ ਜ਼ਰੂਰ ਮਿਲਦਾ।

ਮਹਾਰਾਜੇ ਨੂੰ ਮਿਲੇ ਬਿਨ੍ਹਾਂ ਆਪਣੀ ਯਾਤਰਾ ਅਧੂਰੀ ਸਮਝਦਾ। ਮਹਾਰਾਜਾ ਬਹੁਤ ਕਮਾਲ ਦੀ ਖਾਤਰਦਾਰੀ ਕਰਦਾ। ਉਹ ਕਿਸੇ ਵੀ ਬਾਹਰੋਂ ਆਉਣ ਵਾਲੇ ਨਾਲ ਪੂਰੇ ਸਤਿਕਾਰ ਨਾਲ ਪੇਸ਼ ਆਉਂਦਾ ਅਤੇ ਹੋਰਨਾਂ ਨੂੰ ਵੀ ਕਿਸੇ ਤਰਾਂ ਦੀ ਬਦਸਲੂਕੀ ਕਰਨ ਦੀ ਇਜਾਜ਼ਤ ਨਹੀਂ ਸੀ। 1837 ਈਸਵੀ ਵਿਚ ਈਸਟ ਇੰਡੀਆ ਕੰਪਨੀ ਦਾ ਕਮਾਂਡਰ-ਇਨ-ਚੀਫ਼ ਪੰਜਾਬ ਆਉਂਦਾ ਹੈ ਉਹ ਮਹਾਰਾਜੇ ਪ੍ਰਤੀ ਇਹ ਸ਼ਬਦ ਲਿਖਦਾ ਹੈ ਕਿ "ਪੰਜਾਬ ਦੀ ਸਾਡੀ ਸਾਰੀ ਯਾਤਰਾ ਸਮੇਂ ਰਣਜੀਤ ਸਿੰਘ ਦੇ ਅਤਿ ਮਿਹਰਬਾਨ ਸੁਭਾਅ ਅਤੇ ਉਸ ਦੀ ਅਤਿ ਦਿਆਲਤਾ ਤੋਂ ਸਾਨੂੰ ਨਿਸ਼ਚਾ ਹੋ ਗਿਆ ਕਿ ਇਹ ਉਸ ਦਾ ਅਸਲ ਚਰਿੱਤਰ ਹੈ ਸਭ ਮੌਕਿਆਂ ਤੇ ਬਿਨਾਂ ਕਿਸੇ ਨੂੰ ਮੌਤ ਦੀ ਸਜ਼ਾ ਦਿੱਤੀਆਂ ਇਸ ਹਾਕਮ ਦੀ ਅੱਖੜ ਪਰਜਾ ਇਸ ਦੀ ਪੂਰਨ ਅਧੀਨਗੀ ਵਿਚ ਰਹਿੰਦੀ ਹੈ"।

ਆਪਣੀ ਮੌਤ ਅਤੇ ਬੇਹੋਸ਼ੀ ਵਿੱਚ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਨਜ਼ਦੀਕੀ, ਰਿਸ਼ਤੇਦਾਰੀਆਂ ਅਤੇ ਦਰਬਾਰੀਆਂ ਨੂੰ ਬੰਬੋਧਿਤ ਕਰਦੇ ਹੋਏ ਆਖਿਆ ਸੀ " ਬਹਾਦਰ ਖ਼ਾਲਸਾ ਜੀ, ਆਪ ਨੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਜੋ ਅਣਥੱਕ ਘਾਲਣਾਵਾਂ ਘਾਲੀਆਂ ਹਨ, ਅਤੇ ਆਪਣੇ ਲਹੂ ਦੀਆਂ ਜੋ ਨਦੀਆਂ ਵਹਾਈਆਂ ਹਨ,ਉਹ ਨਿਸਫ਼ਲ ਨਹੀਂ ਗਈਆਂ। ਇਸ ਸਮੇਂ ਅਪਣੇ ਆਲੇ - ਦੁਆਲੇ ਜੋ ਕੁੱਝ ਦੇਖ ਰਹੇ ਹੋ, ਸਭ ਕੁੱਝ ਆਪ ਦੀਆਂ ਕੁਰਬਾਨੀਆਂ ਅਤੇ ਘਾਲਣਾਵਾਂ ਦਾ ਫਲ ਹੈ। ਮੈਂ ਗੁਰੂ ਤੇ ਆਪ ਦੇ ਭਰੋਸੇ ਇਕ ਸਾਧਾਰਨ ਪਿੰਡ ਤੋਂ ਉੱਠ ਕੇ ਲਗਭਗ ਸਾਰੇ ਪੰਜਾਬ ਤੇ ਇਸ ਤੋਂ ਬਾਹਰ ਅਫ਼ਗਾਨਿਸਤਾਨ, ਕਸ਼ਮੀਰ, ਤਿੱਬਤ, ਸਿੰਧ ਦੀਆਂ ਕੰਧਾਂ ਤਕ ਖ਼ਾਲਸੇ ਦਾ ਰਾਜ ਸਥਾਪਤ ਕਰ ਦਿੱਤਾ ਹੈ। ਹੁਣ ਕੁੱਝ ਹੀ ਦਿਨਾਂ ਦਾ ਮੇਲਾ ਹੈ, ਥੋੜ੍ਹੇ ਸਮੇ ਤਕ ਮੈਂ ਆਪ ਤੋਂ ਸਦਾ ਵਾਸਤੇ ਵਿਦਾ ਹੋ ਜਾਵਾਂਗਾ। ਮੈਥੋਂ ਜੋ ਕੁੱਝ ਸਰ ਆਈ ਏ, ਤੁਹਾਡੀ ਸੇਵਾ ਕਰ ਚੱਲਿਆ, ਹੰਨੇ - ਹੰਨੇ ਦੀ ਸਰਦਾਰੀ ਦੇ ਮਣਕੇ ਭੰਨ ਕੇ ਇਕ ਕੈਂਠਾ ਬਣਾ ਦਿਤਾ ਹੈ। ਇਕ ਲੜੀ ਵਿਚ ਪਰੁੱਚੇ ਰਹੋਗੇ ਤਾਂ ਬਾਦਸ਼ਾਹ ਬਣੇ ਰਹੋਗੇ, ਨਿਖੜ ਜਾਓਗੇ ਤਾਂ ਮਾਰੇ ਜਾਓਗੇ ਪਿਆਰੇ ਖ਼ਾਲਸਾ ਜੀ ਤੁਹਾਡੀ ਤੇਗ਼ ਦੀ ਧਾਂਕ ਸੰਸਾਰ ਵਿਚ ਪਈ ਹੋਈ ਹੈ। ਡਰ ਹੈ ਤਾਂ ਇਸ ਗੱਲ ਦਾ,ਕਿ ਕਿਤੇ ਇਹ ਤੇਗ਼ ਤੁਹਾਡੇ ਆਪਣੇ ਘਰ ਨਾ ਖੜਕਣ ਲੱਗ ਪਵੇ, ਤੁਸੀਂ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ, ਜਿਸ ਵਿੱਚ ਜ਼ਮਾਨੇ ਦੀ ਨੀਤੀ ਛੁਪੀ ਹੋਈ ਹੈ, ਸਦਾ ਪਤਾਸਿਆਂ ਵਾਂਗ ਘੁਲ ਮਿਲ ਕੇ ਰਹਿਣਾ, ਜੇ ਸਮਾਂ ਆ ਬਣੇ ਤਾਂ ਖੰਡੇ ਵਾਂਗ ਸਖਤ ਤੇ ਤੇਜ਼ ਵੀ ਹੋ ਜਾਇਓ, ਗਰੀਬ ਦੁਖੀਆਂ ਦੀ ਢਾਲ ਅਤੇ ਜ਼ਾਲਮ ਦੇ ਸਿਰ ਤੇ ਤਲਵਾਰ ਬਣ ਕੇ ਚਮਕਿਓ, ਦੁਸ਼ਮਣ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ, ਆਜ਼ਾਦੀ ਮੈਨੂੰ ਜਾਨ ਨਾਲੋਂ ਪਿਆਰੀ ਹੈ, ਸਿੱਖਾਂ ਦੇ ਝੰਡੇ ਸਦਾ ਉੱਚੇ ਰਹਿਣ, ਮੇਰੀ ਅੰਤਿਮ ਇੱਛਾ ਹੈ। ਓਪਰੇ ਜੇ ਪੰਜਾਬ ਦੀ ਧਰਤੀ ਤੇ' 'ਪੈਰ ਧਰਨਗੇ ਤਾਂ ਮੇਰੀ ਛਾਤੀ ਉੱਤੇ ਧਰਨਗੇ, ਗੈਰਾਂ ਦੇ ਝੰਡੇ ਸਾਹਮਣੇ ਝੁਕਣਾ ਮੇਰੀ ਅਣਖ ਨੂੰ ਵੇਚਣਾ ਹੋਵੇਗਾ, ਤੁਸੀਂ ਕਿਸੇ ਦੇ ਗੁਲਾਮ ਬਣ ਜਾਓਗੇ ਤਾਂ ਮੇਰੀ ਰੂਹ ਕਲਪੇਗੀ, ਹੁਣ ਹੋਰ ਵਧੇਰੇ ਕਹਿਣ ਦਾ ਸਮਾਂ ਨਹੀਂ ਹੈ। ਇਸ ਤੋਂ ਬਾਦ ਸ਼ੇਰੇ ਪੰਜਾਬ ਬੇਹੋਸ਼ ਹੋ ਗਏ ਸ਼ੇਰੇ ਪੰਜਾਬ ਦੇ ਅੱਖਾਂ ਮੀਟ ਦਿਆਂ ਹੀ ਅੰਗਰੇਜ਼ ਨੇ ਦਸ ਸਾਲ ਤੋਂ ਵੀ ਘੱਟ ਸਮੇਂ ਵਿੱਚ ਖਾਲਸਾ ਰਾਜ ਤਬਾਹ ਕਰਨ, ਮਹਾਰਾਜਾ ਸਾਹਿਬ ਦੇ ਪਰਿਵਾਰ ਦਾ ਕਤਲ ਕਰਵਾਉਣ, ਕੈਦ ਕਰਨ ਜਾਂ ਧਰਮ ਪਰਿਵਰਤਨ ਤੱਕ ਹੀ, ਸੀਮਿਤ ਨਾ ਰਹਿ ਕੇ, ਹਲੇਮੀ ਰਾਜ ਦੇ "ਸਭੈ ਸਾਂਝੀਵਾਲ ਸਦਾਇਣ" ਦੇ ਸੁਨਹਿਰੀ ਅਸੂਲ ਸਮਾਪਤ ਕਰ "ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ" ਵਾਲੇ ਰਾਜ ਨੂੰ ਫਿਰਕੂ ਤੌਰ ਤੇ ਵੰਡਣ ਦਾ ਕੰਮ ਕੀਤਾ।



ਖਾਸ ਤੌਰ ਤੇ ਅੰਗਰੇਜ ਦਾ ਜ਼ੋਰ ਹਿੰਦੂ ਤੇ ਸਿੱਖਾਂ ਵਿਚ ਦਰਾਰ ਪਾਉਣ ਵੱਲ ਸੀ ਤਾਂ ਜੋ ਭਾਰਤੀ ਫੇਰ ਇਕੱਠੇ ਹੋ ਉਸ ਲਈ ਚਣੌਤੀ ਖੜੀ ਨਾ ਕਰਨ, ਇਸ ਦੀ ਗਵਾਹੀ ਅੰਗਰੇਜ ਅਧਿਕਾਰੀਆਂ ਦੀਆਂ ਲਿਖਤਾਂ ਭਰਦੀਆਂ ਹਨ।

1849 ਈ ਤੋਂ ਬਾਅਦ ਬਹੁਤੇ ਸਿੱਖ ਸਰਦਾਰਾਂ ਨੇ, ਆਪਣੇ ਆਪ ਨੂੰ ਸ਼ਰੀਰਕ ਤੇ ਮਾਨਸਿਕ ਰੂਪ ਵਿਚ ਅੰਗਰੇਜ਼ ਦੇ ਗੁਲਾਮ ਮੰਨ ਲਿਆ। ਹੈਰਾਨੀ ਦੀ ਗੱਲ ਹੈ ਕਿ ਪਿੰਡ ਦੇ ਸਿੱਖ ਜਿੰਮੀਦਾਰ, ਆਪਣੇ ਪਿੰਡ ਦੇ ਮੈਜਿਸਟ੍ਰੇਟ ਤੇ ਰਾਜੇ ਦੇ ਖ਼ਿਤਾਬ ਪ੍ਰਾਪਤ ਕਰ ਆਪਣੀ ਤੁਲਨਾ ਰਾਜਿਆਂ ਨਾਲ ਕਰਨ ਲੱਗ ਪਏ ਤੇ ਅੱਜ ਵੀ ਰਾਜਕੁਮਾਰ ਨੂੰ ਕਲੱਬ ਦੇ ਮੈਂਬਰ ਹੋਣ ਦਾ ਦਾਅਵਾ ਕਰ, "ਏਕ ਪਿਤਾ ਏਕਸ ਕੇ ਹਮ ਬਾਰਿਕ" ਦਾ ਸਿਧਾਂਤ ਛੱਡ, ਆਪਣੇ ਆਪ ਨੂੰ ਦੂਜਿਆਂ ਸਿੱਖਾਂ ਦੇ ਬਰਾਬਰ ਨਹੀਂ ਸਮਝਦੇ, ਨਾ ਹੀ ਆਪਣੇ ਬਜ਼ੁਰਗਾਂ ਵੱਲੋਂ, ਕੌਮ ਨਾਲ ਕੀਤੀ ਗਦਾਰੀ ਤੇ ਅੰਗਰੇਜ਼ ਦੀ ਬੇਲੋੜੀ ਗ਼ੁਲਾਮੀ ਲਈ, ਸ਼ਰਮਿੰਦਾ ਹੋਣ ਦੀ ਹੀ ਹਿੰਮਤ ਹੀਂ ਰੱਖਦੇ ਹਨ, ਬਲਿਕ ਆਪਣੇ ਰਜਵਾੜੇ ਪਣੇ ਦੀ ਧੌਂਸ ਲੋਕਤੰਤਰ ਵਿੱਚ ਵੀ ਬਣਾਈ ਰੱਖਣਾ ਚਾਹੁੰਦੇ ਹਨ। ਸਭ ਤੋਂ ਵੱਡੀ ਸਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ, ਉਸ ਦੀ ਨਿਮਰਤਾ, ਬਹਾਦੁਰੀ, ਖੁਸ਼ਹਾਲੀ ਤੇ ਧਰਮ ਨਿਰਪੇਖਤਾ ਦੀ ਗੱਲ ਤਾਂ ਸਿੱਖ ਹਰ ਸਮੇਂ ਕਰਦੇ ਹਨ, ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ,ਮਹਾਰਾਣੀ ਜਿੰਦ ਕੌਰ ਤੇ ਮਹਾਰਾਜ ਦਲੀਪ ਸਿੰਘ ਦੀ ਸਹਾਇਤਾ ਲਈ ਕੋਈ ਸਿੱਖ ਅੱਗੇ ਨਹੀਂ ਆਇਆ। ਕੇਵਲ ਇਹ ਹੀ ਨਹੀਂ, ਰਾਜਕੁਮਾਰੀ ਬੰਬਾਂ ਤੇ ਰਾਜ ਕੁਮਾਰੀ ਸੋਫੀਆ ਜੋ ਭਾਰਤ ਆਈਆਂ ਸਨ, ਨਾਲ ਕਿਸੇ ਸਿੱਖ ਸਰਦਾਰ ਨੇ ਵਿਆਹ ਕਰਨ ਦੀ ਹਿੰਮਤ ਵੀ ਨਹੀਂ ਕੀਤੀ।

ਰਾਜ ਕੁਮਾਰੀ ਬੰਬਾ ਜੋ 1957 ਤੱਕ ਲਾਹੌਰ ਰਹੀ ਨੂੰ ਕਿਸੇ ਕੌਮ ਨੂੰ ਸੇਧ ਦੇਣ ਜਾ ਅਗਵਾਈ ਕਰਨ ਲਈ ਬੇਨਤੀ ਨਹੀਂ ਕੀਤੀ, ਜਦੋਂ ਕਿ ਉਹ ਭਾਰਤ ਦੇ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਸਮੇਤ ਅਨੇਕਾਂ ਆਗੂਆਂ ਨੂੰ ਮਿਲਦੀ ਤੇ ਸਹਾਇਤਾ ਕਰਦੀ ਰਹੀ ਸੀ। ਸਿੱਖ ਧਾਰਮਿਕ ਆਗੂਆਂ ਨੇ ਉਸਨੂੰ ਮੁੜ ਸਿੱਖ ਧਰਮ ਵਿੱਚ ਪਰਤਣ ਲਈ ਵੀ ਬੇਨਤੀ ਨਹੀਂ ਕੀਤੀ। ਰਾਜ ਕੁਮਾਰੀ ਸੋਫੀਆ ਤਾਂ ਆਪਣਾ ਧਰਮ ਸਿੱਖ ਹੀ ਲਿਖਦੀ ਸੀ ਤੇ ਔਰਤਾਂ ਦੇ ਅਧਿਕਾਰਾਂ ਨਈ ਬਰਤਾਨੀਆ ਵਿੱਚ ਸੰਘਰਸ਼ ਕਰਦੀ ਰਹੀ ਸੀ। ਸੱਚ ਤਾਂ ਇਹ ਹੈ ਕਿ ਕਿਸੇ ਵੀ ਸਿੱਖ ਆਗੂ ਤੇ ਸੰਸਥਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਦ ਉਸ ਦੇ ਪਰਿਵਾਰ ਨੂੰ ਨਾ ਹੀ ਕਬੂਲਿਆ ਤੇ ਨਾ ਹੀ ਸਹਾਇਤਾ ਕੀਤੀ। 1849 ਈ ਤੋਂ 1920 ਈ ਦਰਮਿਆਨ ਬਾਬਾ ਬਿਕਰਮ ਸਿੰਘ ਬੇਦੀ, ਬਾਬਾ ਮਹਾਰਾਜ ਸਿੰਘ, ਠਾਕੁਰ ਸਿੰਘ ਸੰਧਾਵਾਲੀਆ ਆਦਿ ਨੇ ਕੁਝ ਵਿਅਕਤੀਗਤ ਯਤਨ ਕੀਤੇ, ਪਰ ਅੰਗਰੇਜ਼ ਤੇ ਉਸਦੇ ਖੁਫੀਆ ਤੰਤਰ ਨੇ ਉਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਗੁਰਦੁਆਰਾ ਸੁਧਾਰ ਲਹਿਰ ਦੇ ਸਿੱਖ ਆਗੂ ਕਾਂਗਰਸ ਨਾਲ ਇਕਮਿਕ ਸਨ ਤੇ ਅੰਗਰੇਜ ਨੇ ਵੀ ਆਪਣੇ ਹਮਾਇਤੀ ਸਿੱਖ ਆਗੂਆਂ ਦੀ ਵੱਡੀ ਜਮਾਤ ਤਿਆਰ ਕਰ ਲਈ ਸੀ, ਜਿੰਨਾ ਰਾਜਨੀਤੀ ਵਿੱਚ ਦੂਜੇ ਸਿੱਖਾਂ ਨੂੰ ਅਗੇ ਨਹੀ ਆਉਣ ਦਿੱਤਾ। ਅਜ਼ਾਦੀ ਤੋਂ ਬਾਦ ਵੀ ਉਹੀ ਅੰਗਰੇਜ ਪ੍ਰਸਤ ਫੇਰ ਅੱਗੇ ਹੋ ਗਏ, ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਬਹੁਤਾ ਸਮਾਂ ਇਕ ਹੀ ਰਾਜਨੀਤਿਕ ਪਾਰਟੀ ਦੇ ਪ੍ਰਭਾਵ ਹੇਠ ਪਿਛਲੇ ਸੋ ਸਾਲ ਤੋਂ ਵੱਧ ਸਮੇਂ ਤੋਂ ਹੈ, ਕੇਵਲ ਉਸ ਧੜੇ ਦੀ ਰਾਜਨੀਤੀ ਨੂੰ ਅੱਗੇ ਵਧਾਉਣ ਤੱਕ ਹੀ ਸੀਮਿਤ ਲੱਗਦੀ ਹੈ। ਹੋਰ ਮੁਕਾਮੀ ਤੇ ਉਸਦਾ ਖੇਤਰ ਵੀ ਪੁਰਾਨੇ ਪੰਜਾਬ ਤੱਕ ਹੀ ਸੀਮਿਤ ਰਿਹਾ ਹੈ।

ਪ੍ਰਬੰਧਕ ਹੇਠ ਗੁਰਦੁਆਰਿਆਂ ਦੀ ਗਿਣਤੀ ਵੀ ਬਹੁਤ ਘੱਟ ਹੈ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਭਾਵੇਂ ਕਿਸੇ ਸੂਬੇ ਵਿਚ ਹੀ ਹਨ ਕੇਵਲ ਆਪਣੇ ਗੁਰਦੁਆਰੇ ਤੱਕ ਹੀ ਸੀਮਿਤ ਹਨ ਇਸਤਰ੍ਹਾਂ ਇੱਕ ਪਿੰਡ ਤੇ ਸ਼ਹਿਰ ਵਿਚ ਹੀ ਗੁਰਦੁਆਰਿਆਂ ਦੇ ਪ੍ਰਬੰਧ ਕਾਰਨ ਸਿੱਖ ਵੰਡੇ ਨਜ਼ਰ ਆਉਂਦੇ ਹਨ ਅਤੇ ਇੱਕ ਮਰਿਯਾਦਾ ਜਾਂ ਨੀਤੀ ਨਾਲ ਬੱਝੇ ਨਾ ਹੋਣ ਕਾਰਨ, ਨਿੱਤਨੇਮ ਦਾ ਪ੍ਰਬੰਧ ਕਰਨ ਤੱਕ ਹੀ ਸੀਮਿਤ ਹਨ। ਮਨੁੱਖਤਾ ਦੀ ਸੇਵਾ ਦੇ ਧਾਰਨੀ ਹੋਣ ਕਾਰਨ ਉਹ ਸਮਾਜ ਵਿੱਚ ਇੱਜ਼ਤ ਤਾਂ ਕਮਾਉਂਦੇ ਹਨ, ਪਰ ਆਪਣੇ ਧਰਮ ਦੇ ਬੱਚਿਆਂ ਨੂੰ ਉੱਤਮ ਸਿੱਖਿਆ ਤੇ ਆਪਣੇ ਧਰਮ ਉਪਰ ਦ੍ਰਿੜ ਪੁਰਖਿਆਂ ਵਾਲੀ ਜੀਵਨ ਜਾਚ ਸਥਾਪਿਤ ਕਰਨ ਵਿੱਚ ਅਸਮਰਥ ਨਜ਼ਰ ਆਉਂਦੇ ਹਨ। ਪੰਜਾਬ ਤੋਂ ਬਾਹਰ ਤਾਂ ਸਿੱਖ ਰਾਜਨੀਤੀ ਵਿਚ ਬਹੁਤ ਕਮਜੋਰ ਹਨ, ਇਨ੍ਹਾਂ ਕਾਰਨਾਂ ਕਰਕੇ ਸਿੱਖ ਧਰਮ ਦਿਸ਼ਾ ਹੀਨ ਹੋ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਜੇ ਕਰ ਅੱਜ ਫੇਰੀ ਪਾਵੇ ਤਾਂ ਉਸਦੀ ਤੜਫਦੀ ਆਤਮਾ ਸਾਨੂੰ ਕੋਸੇਗੀ, ਪਰ ਅੱਜ ਉਸ ਦੀ ਲੋੜ ਕੌਮ ਨੂੰ ਹੈ, ਕਿਉਕਿ ਉਹ ਆਵੇ ਤੇ ਵੇਖੇ ਕਿ, ਜੋ ਹੰਨੇ ਹੰਨੇ ਦੇ ਮਣਕੇ ਜੋੜ ਕੇ ਉਸ ਨੇ ਮਾਲਾ ਪਰੋਈ ਸੀ, ਉਹ ਟੁੱਟ ਕੇ ਖਿਲਰ ਗਈ ਹੈ। ਸਿੱਖ, ਖੰਡੇ ਬਾਟੇ ਦੇ ਪਾਹੁਲ ਪਿੱਛੇ ਛੁਪੀ ਗੁਰੂ ਫਿਲਾਸਫੀ ਭੁੱਲ, ਆਪਸ ਵਿੱਚ ਹੀ ਖੰਡਾ ਖੜਕਾ ਰਹੇ ਹਨ। ਦੁਨੀਆ ਭਰ ਵਿੱਚ ਅੱਜ ਲੋਕ ਰਾਜ ਪ੍ਰਧਾਨ ਹੈ, ਮੁੜ ਸਰਕਾਰ ਖਾਲਸਾ ਵਰਗਾ ਪ੍ਰਭਾਵ ਲੋਕ ਰਾਜ ਵਿੱਚ, ਕਿਵੇ ਬਣੇ ਇਸ ਬਾਰੇ ਵੀ ਰਾਹ ਦੱਸੇ। ਅਤੇ ਨਿਮਾਣੇ ਸਿੱਖ ਵਾਂਗ ਜੀਵਨ ਜਿਉਣ ਦੀ ਜਾਚ ਫੇਰ ਪ੍ਰਗਟ ਕਰੇ। ਜੇਕਰ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਤੋਂ ਸੇਧ ਲਈਏ ਤੇ ਆਪਣੀਆਂ ਗਲਤੀਆਂ ਤੋਂ ਸਿੱਖਣ ਦਾ ਯਤਨ ਕਰੀਏ।

ਚੈਅਰਮੈਨ ਕੌਮੀ ਘੱਟ ਗਿਣਤੀ
ਕਮਿਸ਼ਨ, ਭਾਰਤ ਸਰਕਾਰ

# ਕੁਰਸੀ, ਚੌਧਰ, ਸ਼ੋਹਰਤ, ਜ਼ੁੰਮੇਵਾਰੀ ਤੇ ਸੇਵਾ



ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ



ਕੋਈ ਬੰਦਾ ਰੋਟੀ ਪਾਣੀ ਤੋਂ ਬਿਨਾ ਕੁਝ ਸਮਾਂ ਜੀਊਂਦਾ ਰਹਿ ਸਕਦਾ ਹੈ, ਪਰ ਜਿਸ ਨੂੰ ਕੁਰਸੀ ਅਤੇ ਚੌਧਰ ਨਾਮ ਦੀਆਂ ਦੋ ਭੁੱਖਾਂ ਲੱਗ ਗਈਆਂ, ਉਹ ਨਾ ਹੀਕਦੇ ਸ਼ਾਂਤ ਹੋ ਸਕਦਾ ਹੈ ਤੇ ਨਾ ਹੀ ਉਸ ਦੀਆਂ ਇਹ ਉਕਤ ਭੁੱਖਾਂ ਕਦੇ ਪੂਰੀਆਂ ਹੋ ਸਕਦੀਆਂ ਹਨ। ਅਸਲ ਵਿੱਚ ਬੰਦੇ ਦੀਆਂ ਇਹ ਹੀ ਉਹ ਦੋ ਭੁੱਖਾਂ ਹਨਜੋ ਰਾਜਨੀਤੀ, ਲਾਣੇਦਾਰੀ, ਕੁਨਬੇਦਾਰੀ ਤੋਂ ਅੱਗੇ ਵਧਕੇ ਕਈ ਵਾਰ ਧਰਮ ਕਰਮ ਦਾ ਕਾਰਜ ਕਰਨ ਵਾਲੇ ਕਿਸੇ ਮਨੁੱਖ ਦੇ ਅਚੇਤ ਜਾਂ ਸੁਚੇਤ ਮਨ ਵਿਚ ਵੀਕਾਰਜਸ਼ੀਲ ਰਹਿੰਦੀਆ ਹਨ ਤੇ ਇਹਨਾ ਦੋ ਭੁੱਖਾਂ ਦਾ ਸ਼ਿਕਾਰ ਮਨੁੱਖ ਕਈ ਵਾਰ ਧਰਮ ਕਰਮ ਦੇ ਕਾਰਜਾਂ ਓਹਲੇ ਵੀ ਇਹਨਾਂ ਦੀ ਪੂਰਤੀ ਨੂੰ ਹੀ ਮੁੱਖ ਰੱਖਦਾਹੈ, ਮਸਲਨ ਧਾਰਮਿਕ ਸਥਾਨਾਂ ਉੱਤੇ ਧਿਰ ਤੇ ਧੜੇਬਾਜੀ ਦਾ ਹੋਣਾ, ਵੋਟਾਂ ਦਾ ਦੰਗਲ ਹੋਣਾ ਤੇ ਗੱਲ ਗੱਲ ਉੱਤੇ ਖੂਨ ਖਰਾਬੇ ਤੱਕ ਨੌਬਤ ਆ ਜਾਣੀ ਆਦਿ। ਕੁਰਸੀ ਤੇ ਚੌਧਰ ਨਾਮ ਦੀਆ ਦੋ ਭੁੱਖਾ ਜੋ ਕਿਸੇ ਮਨੁੱਖ ਵਾਸਤੇ ਬੇਚੈਨੀ ਤੇ ਘਬਰਾਹਟ ਦਾ ਕਾਰਨ ਬਣਦੀਆਂ ਹਨ ਉੱਥੇ ਕਾਮ ਪੂਰਤੀ ਦੀ ਚੇਸ਼ਟਾ ਤੋ ਬਾਅਦ, ਕਰੋਧ, ਲੋਭ, ਮੋਹ ਤੇ ਹੰਕਾਰ ਵੀ ਇਹਨਾਂ ਦੀ ਹੀ ਉਪਜ ਹੁੰਦੇ ਹਨ।

ਚੌਧਰ ਤੇ ਸੇਵਾ ਵਿਚ ਬੁਨਿਆਦੀ ਅੰਤਰ ਇਹੀ ਹੁੰਦਾ ਹੈ ਕਿ ਜੇਕਰ ਕੋਈ ਜਨਤਕ ਕਾਰਜ ਲੋਕਾਂ ਦੇ ਭਲੇ ਵਾਸਤੇ ਦਿਲੀ ਭਾਵਨਾ ਅਤੇ ਨਿਸ਼ਕਾਮਤਾ ਨਾਲ ਕੀਤਾਜਾਵੇ ਤਾਂ ਉਹ ਸੇਵਾ ਹੁੰਦਾ ਹੈ, ਪਰੰਤੂ ਜੇਕਰ ਉਹੀ ਕਾਰਜ ਕਿਸੇ ਵਲੋਂ ਇਹ ਸੋਚ ਕੇ ਕੀਤਾ ਜਾਵੇ ਕਿ ਇਹ ਕਾਰਜ ਮੈ ਹੀ ਵਧੀਆ ਢੰਗ ਨਾਲ ਕਰ ਸਕਦਾ ਹਾਂ, ਹੋਰ ਕੋਈ ਦੂਸਰਾ ਵਿਅਕਤੀ ਨਹੀਂ ਤਾਂ ਇਸ ਭਾਵਨਾ ਵਿਚ, ਚੌਧਰ ਤੇ ਹੰਕਾਰ ਦੋਵੇ ਰਲਕੇ ਸ਼ਾਖਸ਼ਾਤ ਨਜਰ ਆਉਦੇ ਦੇਖੇ ਜਾ ਸਕਦੇ ਹਨ, ਜੋ ਕੀਤੇ ਜਾਣ ਵਾਲੇਕਾਰਜ ਦੀ ਨਿਸ਼ਕਾਮ ਭਾਵਨਾ ਦਾ ਘਾਤ ਕਰ ਦਿੰਦੇ ਹਨ।

ਸ਼ੋਹਰਤ ਦੀ ਲਾਲਸਾ ਦਾ ਗੁਲਾਮ ਬੰਦਾ ਜਦੋਂ ਕਿਸੇ ਜਿੰਮੇਵਾਰੀ ਦਾ ਮੁਕਟ ਪਹਿਨਕੇ ਤੁਰਦਾ ਹੈ ਤਾਂ ਉਸ ਵਿੱਚ ਜਿੰਮੇਵਾਰੀ ਅਤੇ ਨਿਸ਼ਕਾਮਤਾ ਅਕਸਰ ਹੀ ਮਨਫੀ ਹੁੰਦੀ ਹੈ, ਜਦ ਕਿ ਚੌਧਰ ਦਾ ਹੰਕਾਰ ਸਾਰੇ ਹੱਦ ਬੰਨੇ ਪਾਰ ਕਰ ਰਿਹਾ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਹਾਉਮੈਂ, ਨਫਰਤ ਤੇ ਈਰਖਾ ਦਾ ਸਾੜਾ ਵੀ ਭਾਂਬੜ ਬਣਕੇ ਮਚ ਰਿਹਾ ਹੁੰਦਾ ਹੈ। ਇਸ ਤਰਾਂ ਦਾ ਬੰਦਾ ਦਰਅਸਲ ਆਪਣੇ ਅਸਲ ਮਿਸ਼ਨ ਤੋਂ ਭਟਕ ਚੁਕਿਆ ਹੁੰਦਾ ਹੈ ਤੇ ਨਿਮਰਤਾ, ਹਮਦਰਦੀ, ਸੇਵਾ ਤੇਨਿਸ਼ਕਾਮਤਾ ਨਾਮ ਦੇ ਗੁਣ ਉਹ ਸਿਰਫ ਦਿਖਾਵੇ ਅਤੇ ਮਤਲਬ ਪਰਸਤੀ ਵਾਸਤੇ ਹੀ ਵਰਤਦਾ ਹੈ ਜਦ ਕਿ ਅਸਲੋ ਇਹਨਾਂ ਗੁਣਾਂ ਨਾਲ ਉਸਦਾ ਕੋਈ ਦੂਰਦਾ ਵੀ ਵਾਹ ਵਾਸਤਾ ਨਹੀ ਹੁੰਦਾ। ਉਸਦੇ ਚਿਹਰੇ ਦੇ ਹਾਵ ਭਾਵ ਤੇ ਨਕਲੀ ਮੁਸਕਾਨ ਤੋ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਉਹ ਅਜਿਹਾਪ੍ਰਭਾਵ ਦੇ ਕੇ ਦੂਜਿਆਂ ਨੂੰ ਸਿਰਫ ਬੁੱਧੂ ਹੀ ਬਣਾ ਰਿਹਾ ਹੁੰਦਾ ਹੈ।

ਚੌਧਰ ਦਾ ਭੁੱਖਾ ਕਲੇਸ਼ੀ ਹੁੰਦਾ ਹੈ। ਉਹ ਜਿਥੋਂ ਵੀ ਵਿਚਰੇਗਾ ਨਫਰਤ ਫੈਲਾਏਗਾ, ਧੜੇਬੰਦੀਆ ਖੜੀਆ ਕਰੇਗਾ, ਚੰਗੇ ਕਾਰਜਾਂ ਚ ਵਿਧਨ ਪਾਏਗਾ ਤੇਹਮੇਸ਼ਾ ਕੋਸ਼ਿਸ਼ ਕਰੇਗਾ ਕਿ ਜੋ ਵੀ ਹੋਵੇ, ਉਹ ਸਾਰਾ ਜੇਕਰ ਹੋਵੇ ਤਾਂ ਸਿਰਫ ਉਸ ਦੀ ਅਧੀਨਗੀ ਹੇਠ ਅਤੇ ਉਸਦੀ ਮਰਜੀ ਮੁਤਾਬਿਕ ਹੀ ਹੋਵੇ।

ਨੇਤਾਗਿਰੀ ਤੇ ਚੌਧਰ ਦੇ ਚੱਕਰ 'ਚ ਉਹ ਇਹ ਵੀ ਭੁੱਲ ਜਾਏਗਾ ਕਿ ਉਹ ਕਿਥੇ ਤੇ ਕਿਸ ਸਥਾਨ 'ਤੇ ਖੜੇ ਹੋ ਕੇ ਕਿਹੜੀ ਗੱਲ ਕਰ ਰਿਹਾ ਹੈ। ਨੇਤਾਗਿਰੀ ਦਾਲਾਲਚ ਉਸ ਨੂੰ ਮਾਨਸਿਕ ਪੱਖੋ ਏਨਾ ਕਮੀਨਾ ਬਣਾ ਦੇਂਦਾ ਹੈ ਕਿ ਉਸ ਦੀ ਅਕਲ 'ਤੇ ਪਰਦਾ ਪੈ ਜਾਂਦਾ ਹੈ, ਆਪਣੇ ਹਿਤ ਸਵਾਰਥ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਪਾਰਟੀ ਬਦਲਣਾ ਤਾਂ ਉਸ ਵਾਸਤੇ ਮਾਮੂਲੀ ਗੱਲ ਹੈ, ਇਸ ਤੋ ਵੀ ਅੱਗੇ ਕਿਸੇ ਨੇੜਲੇ ਤੋ ਨੇੜਲੇ ਰਿਸ਼ਤੇ ਨੂੰ ਧੋਖਾ ਵੀ ਦੇ ਸਕਦਾ ਹੈ ਤੇ ਕਤਲੋ ਗਾਰਤ ਵੀ ਕਰਵਾ ਸਕਦਾ ਹੈ। ਇਸ ਤਰਾਂ ਦੇ ਬੰਦੇ ਕਦੇ ਵੀ ਕਿਸੇ ਦੇ ਸਕੇ ਸਹੇਲੇ ਜਾਂ ਮਿੱਤ ਨਹੀਂ ਹੁੰਦੇ। ਇਹ ਲੋਕ ਸਿਰਫ ਤੇ ਸਿਰਫ ਕੁਰਸੀ ਪੂਜਕ ਹੁੰਦੇ ਹਨ।

ਸ਼ਾਇਦ ਏਹੀ ਕਾਰਨ ਹੈ ਕਿ ਡਾ ਭੀਮ ਰਾਓ ਅੰਬੇਦਕਰ ਨੇ ਇਕ ਵਾਰ ਕਿਹਾ ਸੀ ਕਿ "ਆਪਸੀ ਝਗੜਿਆਂ ਤੋਂ ਬਚੋ ਨਹੀਂ ਤਾਂ ਨੇਤਾ ਗਿਰੀ ਦਾ ਲਾਲਚ ਤੁਹਾਨੂੰਏਨਾ ਕਮਜ਼ੋਰ ਕਰ ਦੇਵੇਗਾ, ਤੁਹਾਡੀ ਸਥਿਤੀ ਵਿਗੜ ਜਾਵੇਗੀ ਤੇ ਤੁਸੀਂ ਨਿਸ਼ਾਨੇ ਤੋਂ ਭਟਕ ਜਾਵੋਗੇ।"

ਧਾਰਮਿਕ ਸਥਾਨਾਂ ਵਿਚ ਅੱਜ ਏਹੀ ਕੁੱਝ ਹੋ ਰਿਹਾ ਹੈ। ਸਰਬਸਾਂਝੀਵਾਲਤਾ ਦੇ ਸੁਨੇਹੇ ਦੀ ਬਜਾਏ ਵੰਡੀਆ ਪਾ ਕੇ ਚੋਣ ਦੰਗਲ ਲੜੇ ਜਾ ਰਹੇ ਹਨ। ਚੌਧਰ ਅਤੇ ਨੇਤਾਗਿਰੀ ਦੇ ਜਾਲ ਵਿੱਚ ਇਕ ਵਾਰ ਫਸਿਆ ਕੋਈ ਵੀ ਮਨੁੱਖ ਫਿਰ ਵੱਡੇ ਤੋਂ ਵੱਡੇ ਅਪਰਾਧ ਵੀ ਅਸਾਨੀ ਨਾਲ ਕਰਨ ਦਾ ਆਦੀ ਹੋ ਜਾਂਦਾ ਹੈ। ਗੱਲ ਗੱਲ 'ਤੇ ਝੂਠ ਬੋਲਣਾ ਉਸ ਦੀ ਆਦਤ ਬਣ ਜਾਦੀ ਹੈ ਤੇ ਲੋਕਾਂ ਨੂੰ ਵੱਡੇ ਵੱਡੇ ਸਬਜਬਾਗ ਦਿਖਾ ਕੇ ਉਹਨਾ ਨੂੰ ਭਰਮਾਉਣਾਤ ਤੇ ਆਪਣੇ ਹਿਤਾਂ ਲਈਗੁਮਰਾਹ ਕਰਕੇ ਉਹਨਾ ਦਾ ਇਸਤੇਮਾਲ ਕਰਨਾ ਉਸ ਦੀ ਮੁਹਾਰਤ ਤੇ ਫਿਤਰਤ ਬਣ ਜਾਂਦੀ ਹੈ। ਇਹ ਆਮ ਦੇਖਿਆ ਜਾਂਦਾ ਹੈ ਕਿ ਇਸ ਤਰਾਂ ਦੀ ਮਾਰੂ ਬਿਰਤੀ ਤੇ ਹਉਮੈਂ ਦੇ ਸ਼ਿਕਾਰ ਲੋਕ ਆਪਣੇ ਆਪ ਨੂੰ ਕਈ ਵਾਰ ਭਗਤ, ਸੇਵਾਦਾਰ, ਪ੍ਰਧਾਨ, ਤੇਚੇਅਰਮੈਨ ਆਦਿ ਦਾ ਲੇਬਲ ਲਕਬ ਲਗਾ ਕੇ ਪੇਸ਼ ਕਰਦੇ ਹਨ ਅਤੇ ਆਪਣੇ ਆਪ ਨੂੰ ਆਪਣੇ ਅਸਲੀ ਨਾਵਾਂ ਦੀ ਬਜਾਏ ਉਕਤ ਲਕਬਾਂ ਦੇ ਨਾਮ ਨਾਲ ਹੀਬੁਲਾਏ ਜਾਣ 'ਤੇ ਅਥਾਹ ਖੁਸ਼ੀ ਤੇ ਸਕੂਨ ਮਹਿਸੂਸ ਕਰਦੇ ਹੋਏ ਫੁੱਲਕੇ ਕੁੱਪਾ ਹੋ ਜਾਂਦੇ ਹਨ।

ਉਕਤ ਕਿਸਮ ਦੇ ਲੋਕ ਆਪਣੇ ਆਲੇ ਦੁਆਲੇ ਚਾਪਲੂਸਾਂ ਦੀ ਭੀੜ ਜਮ੍ਹਾਂ ਰੱਖਣਾ ਪਸੰਦ ਕਰਦੇ ਤੇ ਚਾਪਲੂਸਾਂ ਦੇ ਜਮਘਟੇ ਚ ਰਹਿ ਕੇ ਬਹੁਤ ਖੁਸ਼ ਰਹਿੰਦੇ ਹਨ। ਆਪਣੀ ਮਸ਼ਹੂਰੀ ਵਾਸਤੇ ਪੇਡ ਖ਼ਬਰਾਂ ਵੀ ਲੁਆਉਂਦੇ ਹਨ ਤੇ ਲੋਕਾਂ ਵਿੱਚ ਇਹ ਕੂੜ ਪ੍ਰਚਾਰ ਕਰਦੇ ਹਨ ਕਿ ਉਹ ਮਹਾਨ ਹਨ ਤੇ ਜਨਤਾ ਦੀ ਵੱਡੀ ਸੇਵਾ ਕਰਰਹੇ ਹਨ। ਜੇਕਰ ਇੰਜ ਕਹਿ ਲਈਏ ਕਿ ਅਜਿਹੇ ਕਿਸਮ ਦੇ ਸਵਾਰਥੀ ਲੋਕ ਸ਼ੇਰ ਦੀ ਖੱਲ ਚ ਲੂੰਬੜ ਹੁੰਦੇ ਹਨ ਤਾਂ ਕਦਾਚਿਤ ਵੀ ਗਲਤ ਨਹੀ ਹੋਵੇਗਾ।

ਮੁਕਦੀ ਗੱਲ ਇਹ ਕੇ ਇਸ ਤਰਾ ਦੇ ਭੁੱਖੜ ਤੇ ਸਵਾਰਥੀ ਲੋਕਾਂ ਦੀ ਪਹਿਚਾਣ ਕਰਨੀ ਚਾਹੀਦੀ ਹੈ ਤੇ ਉਹਨਾਂ ਨੂੰ ਮੂੰਹ ਲਾਉਣੋ ਗੁਰੇਜ ਕਰਨਾ ਚਾਹੀਦਾ ਹੈ, ਉਹਨਾਂ ਦੀਆਂ ਚਿੱਕਨੀਆਂ ਚੋਪੜੀਆਂ ਗੱਲਾਂ ਚ ਆਉਣ ਦੀ ਬਜਾਏ ਉਹਨਾ ਨੂੰ ਮੌਕੇ 'ਤੇ ਹੀ ਫਿਟਕਾਰਨਾ ਚਾਹੀਦਾ ਹੈ ਤਾਂ ਕਿ ਸਮਾਜ ਅਤੇ ਸਮਾਜਿਕਸੰਸਥਾਵਾਂ ਨੂੰ ਅਜਿਹੇ ਕਮੀਨੇ ਸਵਾਰਥੀ ਤੇ ਘਟੀਆ ਅਨਸਰਾਂ ਤੋ ਮੁਕਤ ਰੱਖਿਆ ਜਾ ਸਕੇ।

********

## ਅਮਰੀਕਾ ਦੇ ਗਰਾਸਰੀ ਸਟੋਰ ਵਿਚ ਹੋਈ ਗੋਲੀਬਾਰੀ ਵਿੱਚ ਮਰਨ ਵਾਲਿਆਂ ਵਿਚ ਇਕ ਭਾਰਤੀ ਵੀ ਸ਼ਾਮਿਲ

✪ ਭਾਰਤੀ ਕੌਂਸਲਖਾਨੇ ਨੇ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਦਾ ਦਿੱਤਾ ਭਰੋਸਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਅਰਕੰਸਾਸ ਰਾਜ ਦੇ ਫੋਰਡਾਇਸੀ ਕਸਬੇ ਵਿਚ 3 ਦਿਨ ਪਹਿਲਾਂ ਮੈਡ ਬਚਰ ਗਰਾਸਰੀ ਸਟੋਰ ਵਿਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ 4 ਵਿਅਕਤੀਆਂ ਵਿਚ ਇਕ ਭਾਰਤੀ ਵੀ ਸ਼ਾਮਿਲ ਹੈ ਜਿਸ ਦੀ ਪਛਾਣ ਡਸਾਰੀ ਗੋਪੀਕ੍ਰਿਸ਼ਨਾ (32) ਵਜੋਂ ਹੋਈ ਹੈ ਜੋ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਇਸ ਗੋਲੀਬਾਰੀ ਵਿਚ 2 ਪੁਲਸ ਅਫਸਰਾਂ ਸਮੇਤ 10 ਵਿਅਕਤੀ ਜ਼ਖਮੀ ਵੀ ਹੋਏ ਸਨ। ਹਮਲਵਾਰ ਵੀ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ ਸੀ ਜਿਸ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਗੋਪੀਕ੍ਰਿਸ਼ਨਾ 8 ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ ਤੇ ਉਹ ਬਚਰ ਗਰਾਸਰੀ ਸਟੋਰ ਵਿਚ ਕੰਮ ਕਰਦਾ ਸੀ। ਜਿਸ ਸਮੇ ਗੋਲੀਬਾਰੀ ਹੋਈ ਤਾਂ ਉਹ ਕਾਊਂਟਰ 'ਤੇ ਬਿੱਲ ਬਣਾ ਰਿਹਾ ਸੀ। ਗੋਲੀਬਾਰੀ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ ਸੀ ਤੇ ਅਗਲੇ ਦਿਨ ਹਸਪਤਾਲ ਵਿਚ ਦਮ ਤੋੜ ਗਿਆ ਸੀ। ਉਹ ਆਪਣੇ ਪਿਛੇ ਪਤਨੀ ਤੇ ਇਕ ਪੁੱਤਰ ਛੱਡ ਗਿਆ ਹੈ।



ਹੋਸਟਨ ਵਿਚ ਭਾਰਤੀ ਕੌਂਸਲਖਾਨੇ ਨੇ ਗੋਪੀਕ੍ਰਿਸ਼ਨਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਪਰਿਵਾਰ ਦੇ ਮੈਂਬਰਾਂ ਨਾਲ ਸੰਪਰਕ ਵਿਚ ਹੈ ਤੇ ਪਰਿਵਾਰ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੇ ਵੀ ਗੋਪੀਕ੍ਰਿਸ਼ਨਾ ਦੀ ਮੌਤ 'ਤੇ ਅਫਸੋਸ ਪ੍ਰਗਟਾਇਆ ਹੈ ਤੇ ਭਰੋਸਾ ਦਿੱਤਾ ਹੈ ਕਿ ਰਾਜ ਸਰਕਾਰ ਗੋਪੀਕ੍ਰਿਸ਼ਨਾ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿੱਚ ਹਰ ਲੋੜੀਂਦੀ ਸਹਾਇਤਾ ਕਰੇਗੀ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

## ਪੁਰਜ਼ੋਰ ਅਪੀਲ

## HALAL OR KUTTHA MEAT SERVED

## IN BRITISH SCHOOLS AND FRIED MEAT OUTLETS

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:–

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:–

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.


**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਸਿਹਤ ਤੇ ਸੁੰਦਰਤਾ



# ਹੱਡੀਆਂ ਨੂੰ ਖੋਖਲਾ ਬਣਾ ਦਿੰਦੀ ਏ ਵਿਟਾਮਿਨ ਡੀ ਦੀ ਕਮੀ



ਵਿਟਾਮਿਨ ਡੀ ਸਾਡੀਆਂ ਹੱਡੀਆਂ ਤੇ ਮਾਸਪੇਸ਼ੀਆਂ ਲਈ ਸਭ ਤੋਂ ਮਹੱਤਵਪੂਰਨ ਹੈ। ਇਹ ਕੈਲਸ਼ੀਅਮ ਦੇ ਸੋਖਣ ਲਈ ਬਹੁਤ ਜ਼ਰੂਰੀ ਹੈ। ਇਸ ਲਈ ਇਸ ਦੀ ਕਮੀ ਕਾਰਨ ਅੰਤੜੀਆਂ ਕੈਲਸ਼ੀਅਮ ਅਤੇ ਫਾਸਫੋਰਸ ਨੂੰ ਠੀਕ ਤਰ੍ਹਾਂ ਜਜ਼ਬ ਨਹੀਂ ਕਰ ਪਾਉਂਦੀਆਂ ਅਤੇ ਸਰੀਰ ਵਿਚ ਕੈਲਸ਼ੀਅਮ ਦੀ ਕਮੀ ਸ਼ੁਰੂ ਹੋ ਜਾਂਦੀ ਹੈ। ਇਸ ਕਾਰਨ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਮਾਸਪੇਸ਼ੀਆਂ ਵਿੱਚ ਅਕੜਾਅ ਵਰਗੀਆਂ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ।

## ✪ ਸੂਰਜ ਦੀ ਰੌਸ਼ਨੀ ਵਿਟਾਮਿਨ ਡੀ ਦਾ ਮੁੱਖ ਸਰੋਤ

ਕੀ ਹਨ ਵਿਟਾਮਿਨ ਡੀ ਦੀ ਕਮੀ ਦੇ ਲੱਛਣ-ਵਿਟਾਮਿਨ ਡੀ ਦੀ ਕਮੀ ਨਾਲ ਹੱਡੀਆਂ ਵਿੱਚ ਕੈਲਸ਼ੀਅਮ ਘੱਟ ਹੋਣ ਲੱਗਦਾ ਹੈ। ਇਹ ਹਾਈਪੋਕੈਲਸੀਮੀਆ ਦਾ ਕਾਰਨ ਬਣ ਸਕਦਾ ਹੈ।

ਬੱਚਿਆਂ ਵਿੱਚ ਵਿਟਾਮਿਨ ਡੀ ਦੀ ਕਮੀ ਕਾਰਨ ਰਿਕਟਸ ਹੋ ਸਕਦਾ ਹੈ। ਇਸ ਲਈ ਉਨ੍ਹਾਂ ਦੀਆਂ ਹੱਡੀਆਂ ਟੇਢੀਆਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਦੇ ਵਿਕਾਸ ਵਿੱਚ ਰੁਕਾਵਟ ਆਉਂਦੀ ਹੈ।

ਵਿਟਾਮਿਨ ਡੀ ਦੀ ਕਮੀ ਕਾਰਨ ਥਕਾਵਟ ਮਹਿਸੂਸ ਹੁੰਦੀ ਹੈ।

ਵਿਟਾਮਿਨ ਡੀ ਦੀ ਕਮੀ ਦੇ ਕਾਰਨ, ਅਕਸਰ ਮੂਡ ਵਿੱਚ ਬਦਲਾਅ ਹੁੰਦਾ ਹੈ। ਇਸ ਲਈ ਵਿਟਾਮਿਨ ਡੀ ਦੀ ਕਮੀ ਕਾਰਨ ਮੂਡ ਸਵਿੰਗ ਦੀ ਸਮੱਸਿਆ ਹੋ ਸਕਦੀ ਹੈ।

ਵਿਟਾਮਿਨ ਡੀ ਦੀ ਕਮੀ ਨਾਲ ਇਮਿਊਨ ਸਿਸਟਮ ਵੀ ਕਮਜ਼ੋਰ ਹੋ ਜਾਂਦਾ ਹੈ। ਇਸ ਕਾਰਨ ਵਿਅਕਤੀ ਆਸਾਨੀ ਨਾਲ ਇਨਫੈਕਸ਼ਨ ਆਦਿ ਦਾ ਸ਼ਿਕਾਰ ਹੋ ਸਕਦਾ ਹੈ।

ਕਿਵੇਂ ਦੂਰ ਕਰੀਏ ਵਿਟਾਮਿਨ ਡੀ ਦੀ ਕਮੀ ?-ਸੂਰਜ ਦੀ ਰੌਸ਼ਨੀ ਵਿਟਾਮਿਨ ਡੀ ਦਾ ਮੁੱਖ ਸਰੋਤ ਹੈ। ਇਸ ਲਈ, ਵਿਟਾਮਿਨ ਡੀ ਦੀ ਕਮੀ ਤੋਂ ਬਚਣ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਕੁਝ ਸਮਾਂ ਧੁੱਪ ਵਿੱਚ ਬਿਤਾਓ। ਸਵੇਰ ਦੀ ਹਲਕੀ ਧੁੱਪ ਵਿਚ ਸਮਾਂ ਬਿਤਾਉਣਾ ਬਹੁਤ ਫ਼ਾਇਦੇਮੰਦ ਹੋ ਸਕਦਾ ਹੈ।

ਫੈਟੀ ਫਿਸ਼ ਜਿਵੇਂ ਕਿ ਸਾਲਮਨ, ਟੂਨਾ ਆਦਿ ਖਾਣ ਨਾਲ ਵੀ ਵਿਟਾਮਿਨ ਡੀ ਦੀ ਕਮੀ ਨੂੰ ਦੂਰ ਕੀਤਾ ਜਾ ਸਕਦਾ ਹੈ।


ਮਸ਼ਰੂਮ ਵਿਟਾਮਿਨ ਡੀ ਦਾ ਚੰਗਾ ਸਰੋਤ ਹਨ। ਇਸ ਲਈ ਆਪਣੀ ਖੁਰਾਕ 'ਚ ਵਿਟਾਮਿਨ ਡੀ ਸ਼ਾਮਲ ਕਰੋ।

ਅੰਡੇ ਦੀ ਜ਼ਰਦੀ ਵਿੱਚ ਵਿਟਾਮਿਨ ਡੀ ਵੀ ਚੰਗੀ ਮਾਤਰਾ ਵਿੱਚ ਪਾਇਆ ਜਾਂਦਾ ਹੈ।

ਫੋਰਟੀਫਾਈਡ ਦੁੱਧ ਵਿੱਚ ਵੀ ਵਿਟਾਮਿਨ ਡੀ ਪਾਇਆ ਜਾਂਦਾ ਹੈ, ਜੋ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ।

# ਭਾਰ ਘਟਾਉਣ ਲਈ ਇਹ ਡ੍ਰਿੰਕਸ ਪੀਓ

ਅੱਜਕੱਲ੍ਹ ਲੋਕ ਗੈਰ-ਸਿਹਤਮੰਦ ਜੀਵਨ ਸ਼ੈਲੀ ਕਾਰਨ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ।



ਅਜਿਹੇ 'ਚ ਉਹ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੀ ਬਿਮਾਰੀ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੇ ਹਨ। ਮੋਟਾਪੇ ਤੋਂ ਛੁਟਕਾਰਾ ਪਾਉਣ ਲਈ ਲੋਕ ਹਜ਼ਾਰਾਂ ਰੁਪਏ ਜਿੰਮ ਵਿਚ ਖਰਚ ਕਰਦੇ ਹਨ ਪਰ ਫਿਰ ਵੀ ਕੋਈ ਰਾਹਤ ਨਹੀਂ ਮਿਲਦੀ। ਅਜਿਹੇ ਵਿਚ ਤੁਸੀਂ ਆਪਣੀ ਡਾਈਟ 'ਚ ਥੋੜ੍ਹਾ ਜਿਹਾ ਬਦਲਾਅ ਕਰ ਕੇ ਮੋਟਾਪੇ ਤੋਂ ਛੁਟਕਾਰਾ ਪਾ ਸਕਦੇ ਹੋ।

ਜੀਰਾ ਭਾਰ ਘਟਾਉਣ ਵਿਚ ਮਦਦ ਕਰਦਾ ਹੈ। ਤੁਹਾਨੂੰ ਸਿਰਫ਼ ਇੱਕ ਚਮਚ ਨੂੰ ਇੱਕ ਗਲਾਸ ਪਾਣੀ ਵਿੱਚ ਰਾਤ ਭਰ ਭਿਓ ਕੇ ਰੱਖਣ ਦੀ ਲੋੜ ਹੈ। ਇਸ ਤੋਂ ਬਾਅਦ ਇਸ ਦੇ ਉਬਲੇ ਹੋਏ ਪਾਣੀ ਵਿਚ ਨਿੰਬੂ ਮਿਲਾ ਕੇ ਸਵੇਰੇ ਪੀਓ। ਇਸ ਨਾਲ ਤੁਹਾਡੀ ਪਾਚਨ ਪ੍ਰਣਾਲੀ ਮਜ਼ਬੂਤ ਹੋਵੇਗੀ।

ਦਾਲਚੀਨੀ ਮੈਟਾਬੋਲਿਜ਼ਮ ਨੂੰ ਮਜ਼ਬੂਤ ਕਰਦੀ ਹੈ। ਅਜਿਹੀ ਸਥਿਤੀ 'ਚ ਇਸ ਨੂੰ ਰਾਤ ਭਰ ਪਾਣੀ 'ਚ ਭਿਓ ਕੇ ਰੱਖੋ। ਇਸ ਤੋਂ ਬਾਅਦ ਇਸ ਦੇ ਪਾਣੀ ਨੂੰ ਉਬਾਲ ਕੇ ਪੀਓ। ਇਸ ਨਾਲ ਤੁਹਾਡਾ ਭਾਰ ਘੱਟ ਕਰਨ 'ਚ ਮਦਦ ਮਿਲੇਗੀ।

ਅਦਰਕ ਅਤੇ ਦਾਲਚੀਨੀ ਦਾ ਛੋਟਾ ਜਿਹਾ ਟੁਕੜਾ ਲਓ। ਇਨ੍ਹਾਂ ਨੂੰ ਰਾਤ ਭਰ ਇੱਕ ਗਲਾਸ ਪਾਣੀ ਵਿੱਚ ਭਿਓਂ ਕੇ ਰੱਖੋ। ਅਦਰਕ ਅਤੇ ਦਾਲਚੀਨੀ ਦੇ ਨਾਲ ਪਾਣੀ ਨੂੰ ਉਬਾਲੋ ਅਤੇ ਇਸ ਵਿੱਚ ਨਿੰਬੂ ਅਤੇ ਸ਼ਹਿਦ ਮਿਲਾਓ। ਇਸ ਤੋਂ ਬਾਅਦ ਇਸ ਦਾ ਸੇਵਨ ਕਰੋ। ਇਸ ਨਾਲ ਭਾਰ ਘੱਟ ਕਰਨ ਵਿਚ ਮਦਦ ਮਿਲੇਗੀ।

ਮੇਥੀ ਪੇਟ ਲਈ ਬਹੁਤ ਫ਼ਾਇਦੇਮੰਦ ਹੁੰਦੀ ਹੈ। ਇਸ ਨੂੰ ਰਾਤ ਭਰ ਇੱਕ ਗਲਾਸ ਪਾਣੀ ਵਿੱਚ ਭਿਓ ਦਿਓ। ਇਸ ਤੋਂ ਬਾਅਦ ਇਸ ਦੇ ਪਾਣੀ ਨੂੰ ਉਬਾਲ ਕੇ ਸਵੇਰੇ ਹੀ ਪੀ ਲਓ। ਇਹ ਤੁਹਾਡੀ ਭੁੱਖ ਨੂੰ ਸ਼ਾਂਤ ਕਰਦਾ ਹੈ, ਜਿਸ ਨਾਲ ਭਾਰ ਘਟੇਗਾ।

# * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਸੁਖਬੀਰ ਨੇ ਅਕਾਲੀ ਦਲ 'ਚ ਚੁਣ ਚੁਣ ਕੇ ਦਲਿਤਾਂ ਨੂੰ ਖੂੰਜੇ ਲਾਇਆ- ਜਸਟਿਸ ਨਿਰਮਲ ਸਿੰਘ,**

-ਲਾ ਕੇ ਦੋਸਤੀਆਂ, ਪਾ ਗਈ ਚੁੱਲ੍ਹੇ ਵਿਚ ਪਾਣੀ।




***ਬਾਜਵਾ ਦਾ ਸਰੀਰ ਕਾਂਗਰਸ 'ਚ ਹੈ ਪਰ ਦਿਲ ਭਾਜਪਾ 'ਚ ਧੜਕਦੈ- ਹਰਪਾਲ ਚੀਮਾ**

-ਵੇ ਘਰ ਤੇਲਣ ਦੇ, ਤੇਰਾ ਚਾਦਰਾ ਖੜਕੇ।



***ਚੋਣ ਨਤੀਜੇ ਸਪਸ਼ਟ ਸਬੂਤ ਹਨ ਕਿ ਭਾਰਤ ਹਿੰਦੂ ਰਾਸ਼ਟਰ ਨਹੀਂ ਹੈ- ਅਮਰਤਿਆ ਸੇਨ**

-ਚੌਕੀਦਾਰੀ ਲੈ ਲੈ ਮਿੱਤਰਾ, ਤੇਰੇ ਲਗਦੇ ਨੇ ਬੋਲ ਪਿਆਰੇ॥



***ਪਹਿਲੇ ਹੀ ਮੀਂਹ 'ਚ ਚੋਣ ਲੱਗ ਗਿਆ ਅਯੁੱਧਿਆ 'ਚ ਬਣਾਇਆ ਨਵਾਂ ਰਾਮ ਮੰਦਰ- ਇਕ ਖ਼ਬਰ**

-ਕੋਹ ਨਾ ਤੁਰੀ, ਬਾਬਾ ਤ੍ਰਿਹਾਈ।



***ਸਾਡੀ ਸਰਕਾਰ ਆਮ ਸਹਿਮਤੀ ਨਾਲ ਅੱਗੇ ਵਧਣ ਦੀ ਕੋਸ਼ਿਸ਼ ਕਰੇਗੀ- ਮੋਦੀ**

-ਦਾਲ਼ ਮੰਗੇਂ ਛੜਿਆਂ ਤੋਂ , ਨਾ ਸ਼ਰਮ ਗੁਆਂਢਣੇ ਆਵੇ।

***ਆਮ ਆਦਮੀ ਪਾਰਟੀ ਦੇ ਸਾਂਸਦਾਂ ਨੇ ਰਾਸ਼ਟਰਪਤੀ ਦੇ ਭਾਸ਼ਣ ਦਾ ਕੀਤਾ ਬਾਈਕਾਟ- ਇਕ ਖ਼ਬਰ**

-ਖਾਲੀ ਘੋੜੀ ਹਿਣਕਦੀ, ਉੱਤੇ ਨਹੀਂ ਦੀਂਹਦਾ ਵੀਰ।



***ਸਦਨ 'ਚ ਐਮਰਜੈਂਸੀ ਦੇ ਜ਼ਿਕਰ ਤੋਂ ਬਚਿਆ ਜਾ ਸਕਦਾ ਸੀ- ਰਾਹੁਲ ਗਾਂਧੀ**

-ਉਹਨੀਂ ਤਾਂ ਤੇਰੇ ਜ਼ਖ਼ਮਾਂ 'ਤੇ ਲੂਣ ਪਾਉਣਾ ਹੀ ਸੀ ਸਗੋਂ ਰਾਸ਼ਟਰਪਤੀ ਤੋਂ ਵੀ ਪੁਆਇਆ।

***ਭਾਜਪਾ ਨੇ ਸਿੱਖ ਕੌਮ ਨੂੰ ਅਣਗੌਲਿਆਂ ਕੀਤਾ- ਐਡਵੋਕੇਟ ਅੰਗਰੇਜ਼ ਸਿੰਘ ਪੰਨੂ**

-ਇਹ ਘਰ ਸੂੰਮਾਂ ਦਾ, ਏਥੇ ਵਾਰਨਾ ਕਿਸੇ ਨਹੀਂ ਕਰਨਾ।



***ਬਾਗ਼ੀ ਅਕਾਲੀ ਆਗੂਆਂ ਨੇ ਮੀਟਿੰਗ ਕਰ ਕੇ ਸੁਖਬੀਰ ਬਾਦਲ ਨੂੰ ਲਾਂਭੇ ਕਰਨ ਦਾ ਮਤਾ ਪਾਸ ਕੀਤਾ- ਇਕ ਖ਼ਬਰ**

-ਸਲਵਾਨ ਜਲਾਦਾਂ ਨੂੰ ਆਖਦਾ, ਕਰੋ ਪੂਰਨ ਜਲਦ ਹਲਾਲ।



***ਸ਼ਿਵ ਸੈਨਾ ਵਾਂਗ ਅਕਾਲੀ ਦਲ ਨੂੰ ਵੀ ਤੋੜਨਾ ਚਾਹੁੰਦੀ ਹੈ ਭਾਜਪਾ- ਹਰਸਿਮਰਤ ਕੌਰ ਬਾਦਲ**

-ਵੈਰੀਆਂ ਦਾ ਖੂਹ ਵਗਦਾ, ਮੈਨੂੰ ਵੇ ਤੇਰੀ ਜਾਨ ਦਾ ਧੋਖਾ।



***'ਆਪਰੇਸ਼ਨ ਲੋਟਸ' ਰਾਹੀਂ ਭਾਜਪਾ ਨੂੰ ਅਕਾਲੀ ਦਲ 'ਤੇ ਕਬਜ਼ਾ ਨਹੀਂ ਕਰਨ ਦਿਆਂਗੇ- ਪਰਮਜੀਤ ਸਿੰਘ ਸਰਨਾ**

-ਕਬਜ਼ੇ ਦੀ ਇੱਟ ਤਾਂ ਕਈ ਸਾਲ ਪਹਿਲਾਂ ਹੀ ਵੱਡੇ ਬਾਦਲ ਸਾਹਿਬ ਰੱਖ ਗਏ ਸਨ, ਸਰਨਾ ਜੀ।




***ਲੀਡਰਸ਼ਿੱਪ ਦੀ ਤਬਦੀਲੀ ਬਿਨਾਂ ਹੁਣ ਅਕਾਲੀ ਦਲ ਨਹੀਂ ਚਲ ਸਕਦਾ- ਚੰਦੂਮਾਜਰਾ**

-ਕਾਜ਼ੀ, ਮਾਂਓਂ ਤੇ ਬਾਪ ਇਕਰਾਰ ਕੀਤਾ, ਹੀਰ ਰਾਂਝੇ ਦੇ ਨਾਲ ਵਿਆਹੁਣੀ ਏਂ।



***ਚੌਧਰ ਚਮਕਾਉਣ ਖਾਤਰ ਕਾਟੋ-ਕਲੇਸ਼ 'ਚ ਉਲਝਿਆ ਅਕਾਲੀ ਦਲ- ਭਗਵੰਤ ਮਾਨ**

-ਕੂੰਡੇ ਟੁੱਟ ਗਏ ਘੋਟਣੇ ਭੱਜ ਗਏ, ਤਕੀਏ ਮਲੰਗ ਲੜ ਪਏ।



***ਲੋਕਾਂ ਨੇ ਮੋਦੀ ਦੀ ਸ਼ਾਸਨ-ਸ਼ੈਲੀ ਨੂੰ ਪਸੰਦ ਨਹੀਂ ਕੀਤਾ, ਪਰ ਉਹ ਫੇਰ ਵੀ ਸਮਝ ਨਹੀਂ ਰਹੇ- ਸੋਨੀਆ ਗਾਂਧੀ**

-ਤੈਥੋਂ ਸਾਹਿਬ ਲੇਖਾ ਮੰਗਸੀ, ਬਾਹੂ ਰਤੀ ਘੱਟ ਨਾ ਮਾਸਾ ਹੂ।

***ਲੜ ਰਹੇ ਦੋਹਾਂ ਅਕਾਲੀ ਧੜਿਆਂ 'ਚੋਂ ਆਮ ਸਿੱਖ ਕਿਸ 'ਤੇ ਯਕੀਨ ਕਰਨ- ਇਕ ਖ਼ਬਰ**

-ਮੈਂ ਤਾਂ ਹੋ ਗਈ ਹਕੀਮ ਜੀ, ਅੱਗੇ ਨਾਲ਼ੋਂ ਤੰਗ।

* * * * * * * *

# ਲੈਸਟਰ ਕਬੱਡੀ ਕੱਪ 2024 ਮਿਡਵੇ ਸਿੱਖ ਟੈਂਪਲ ਵੂਲਵਰਹੈਂਪਟਨ ਨੇ ਜਿੱਤਿਆ ਈਰਥ ਵੂਲਿਚ ਸਾਊਥਾਲ ਉੱਪ ਜੇਤੂ ਰਹੀ

## ਲੈਸਟਰ ਕਲੱਬ ਵੱਲੋਂ ਇੰਗਲੈਂਡ ਦੀ ਕਬੱਡੀ ਲਈ ਕੀਤੀਆਂ ਸੇਵਾਵਾਂ ਲਈ ਕੁਲਵੰਤ ਸਿੰਘ ਸੰਘਾ ਦਾ ਗੋਲਡ ਮੈਡਲ ਨਾਲ ਅਤੇ ਰਸ਼ਪਾਲ ਸਿੰਘ ਸ਼ੀਰਾ ਸ਼ੰਮੀਪੁਰ ਦਾ ਵਿਸ਼ੇਸ਼ ਸਨਮਾਨ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk

## ਸ਼ੌਕਤ ਸੱਪਾਂ ਵਾਲਾ ਸਰਬੋਤਮ ਜਾਫੀ ਅਤੇ ਛੋਟਾ ਦੁੱਲਾ ਸਰਬੋਤਮ ਧਾਵੀ





ਅੰਡਰ 21 ਦੀ ਜੇਤੂ ਟੀਮ *ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ*

ਲੈਸਟਰ ਵਿੱਚ ਭਾਰਤੀ ਲੋਕਾਂ ਦੀ ਸੰਘਣੀ ਵਸੋਂ ਹੈ ਜਿਸ ਕਰਕੇ ਇਸ ਨੂੰ ਲਿਟਲ ਇੰਡੀਆ ਵੀ ਕਿਹਾ ਜਾਂਦਾ ਹੈ। ਇਥੇ ਵੱਸਣ ਵਾਲੇ ਪੰਜਾਬੀ ਅਤੇ ਖਾਸ ਤੌਰ ਤੇ ਸਿੱਖ ਭਾਈਚਾਰੇ ਦੀ ਚੋਖੀ ਗਿਣਤੀ ਹੈ। ਇਥੋਂ ਸਿਆਸੀ, ਸਮਾਜਿਕ ਤਾਣੇ ਬਾਣੇ ਵਿੱਚ ਪੰਜਾਬੀਆਂ ਦਾ ਚੰਗਾ ਅਸਰ ਰਸੂਖ ਮੰਨਿਆ ਜਾਂਦਾ ਹੈ। ਇੰਗਲੈਂਡ ਦੀ ਸਿੱਖ ਸਿਆਸਤ ਵਿੱਚ ਵੀ ਲੈਸਟਰ ਦੇ ਸਿੱਖ ਭਾਈਚਾਰੇ ਦਾ ਹਮੇਸ਼ਾਂ ਬੋਲਬਾਲਾ ਰਿਹਾ ਹੈ।

ਪੰਜਾਬੀ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਲੈਸਟਰ ਕਬੱਡੀ ਕਲੱਬ ਇੰਗਲੈਂਡ ਦੇ ਮੋਹਰੀ ਕਲੱਬਾਂ ਵਿੱਚੋਂ ਰਿਹਾ ਹੈ, ਜਿਸ ਵਿੱਚ ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਜੰਬੋ, ਪਿਆਰਾ ਰੰਧਾਵਾ ਆਦਿ ਵਰਨਣਯੋਗ ਹੈ। ਪੁਰਾਣੇ ਖਿਡਾਰੀਆਂ ਵਿੱਚੋਂ ਪਿਆਰਾ ਰੰਧਾਵਾ ਅੱਜ ਵੀ ਕਲੱਬ ਦੇ ਮੋਢੇ ਨਾਲ ਮੋਢਾ ਜੋੜ੍ਹ ਕੇ ਚੱਲ ਰਿਹਾ ਹੈ। ਇਸ ਕਲੱਬ ਦੇ ਸਰਪ੍ਰਸਤ ਕੁਲਵੰਤ ਸਿੰਘ ਸੰਘਾ ਇੰਗਲੈਂਡ ਦੀ ਕਬੱਡੀ ਫੈਡਰੇਸ਼ਨ ਵਿੱਚ ਬਤੌਰ ਜਨਰਲ ਸਕੱਤਰ ਸੇਵਾਵਾਂ ਨਿਭਾ ਰਹੇ ਹਨ। ਇਸ ਵਾਰ ਨਾਮੀ ਕਬੱਡੀ ਖਿਡਾਰੀਆਂ ਨੂੰ ਇੰਗਲੈਂਡ ਵਿੱਚ ਲਿਆਉਣ ਵਿੱਚ ਉਹਨਾਂ ਨੇ ਆਪਣੇ ਫੈਡਰੇਸ਼ਨ ਦੇ ਸਾਥੀਆਂ ਨਾਲ ਮਿਲ ਕੇ ਦਿਨ ਰਾਤ ਇੱਕ ਕਰਕੇ ਮੇਹਨਤ ਕੀਤੀ। ਜਿਸ ਦੀ ਬਦੌਲਤ ਲੈਸਟਰ ਕਬੱਡੀ ਕਲੱਬ ਵੱਲੋਂ ਪ੍ਰਧਾਨ ਕੁਲਬੀਰ ਸਿੰਘ ਖੱਖ, ਚੇਅਰਮੈਨ ਨਿਰਮਲ ਸਿੰਘ ਲੱਡੂ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਰਾਜਮਨਵਿੰਦਰ ਸਿੰਘ, ਸ: ਜਰਨੈਲ ਸਿੰਘ ਸਮੇਤ ਕਲੱਬ ਅਤੇ ਲੈਸਟਰ ਦੀਆਂ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਸੋਨ ਤਗਮੇਂ ਨਾਲ ਸਨਮਾਨਿਤ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਸ: ਸੰਘਾ ਜਿੱਥੇ ਲੈਸਟਰ ਕਬੱਡੀ ਕਲੱਬ ਨੂੰ ਅੱਗੇ ਲਿਜਾਣ ਲਈ ਆਪਣਾ ਯੋਗਦਾਨ ਪਾ ਰਹੇ ਹਨ, ਉੱਥੇ ਹੀ ਇੰਗਲੈਂਡ ਦੀ ਕਬੱਡੀ ਨੂੰ ਪ੍ਰਫੁਲੱਤ ਕਰਨ ਲਈ ਹਿੱਸਾ ਪਾ ਰਹੇ ਹਨ। ਸੁਖਦੇਵ ਸਿੰਘ ਬਾਂਸਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।

ਇਸ ਮੌਕੇ ਕਲੱਬ ਵੱਲੋਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸ: ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ: ਸ਼ੀਰਾ ਬਾਰੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਉਹਨਾਂ ਦੀ ਪ੍ਰਧਾਨਗੀ ਹੇਠ ਫੈਡਰੇਸ਼ਨ ਦੇ ਉਦਮ ਸਦਕਾ ਜਿੱਥੇ ਵਧੀਆ ਖਿਡਾਰੀ ਪਹੁੰਚੇ ਹਨ, ਉੱਥੇ ਹੀ ਚੰਗੀ ਖੇਡ ਵਿਖਾਉਣ ਲਈ ਖੇਡ ਮੈਦਾਨ ਵਿੱਚ ਕਈ ਫੈਸਲਾਕੁੰਨ ਤਬਦੀਲੀਆਂ ਕੀਤੀਆਂ ਹਨ। ਜਿਸ ਕਰਕੇ ਟੂਰਨਾਮੈਂਟ ਵਧੀਆ ਢੰਗ ਨਾਲ, ਭਰਪੂਰ ਮਨੋਰੰਜਕ ਅਤੇ ਸਮੇਂ ਸਿਰ ਸਮਾਪਤ ਹੋ ਰਹੇ ਹਨ।

ਲੰਮੇਂ ਸਮੇਂ ਬਾਅਦ ਕਬੱਡੀ ਟੂਰਨਾਮੈਂਟ ਲੈਸਟਰ ਦੇ ਗੜ੍ਹ ਵਿੱਚ ਹੋ ਰਿਹਾ ਸੀ, ਮੈਦਾਨ ਵਿੱਚ ਪਹੁੰਚੇ ਤਾਂ ਖੁੱਲ੍ਹੇ ਡੁੱਲੇ ਹਰੇ ਹਰੇ ਘਾਹ ਅਤੇ ਸੰਘਣੇ ਦਰਖ਼ਤਾਂ ਵਿਚਕਾਰ ਖੇਡ ਮੈਦਾਨ ਦੇ ਚਾਰੇ ਪਾਸੇ ਸੁਰੱਖਿਆ ਕ੍ਰਮਚਾਰੀ ਤਾਇਨਾਤ ਕੀਤੇ ਹੋਏ ਸਨ। ਕਬੱਡੀ ਪੰਜਾਬੀਆਂ ਦੀ ਖੇਡ ਹੈ ਅਤੇ ਇਸ ਨੂੰ ਖੇਡ ਦੀ ਭਾਵਨਾ ਨਾਲ ਖੇਡਣ, ਵਿਖਾਉਣ ਲਈ ਪ੍ਰਬੰਧਕਾਂ ਕਿੰਨਾ ਸਮਾਂ ਦਿੰਦੇ ਹਨ। ਇਹ ਪ੍ਰਬੰਧਕਾਂ ਦੇ ਨੇੜੇ ਹੋ ਕੇ ਹੀ ਪਤਾ ਚੱਲ ਸਕਦਾ ਹੈ। ਇਸ ਖੇਡ ਲਈ ਕਿੰਨਾਂ ਪੈਸਾ ਦਾਅ 'ਤੇ ਲਾਇਆ ਜਾਂਦਾ ਹੈ, ਉਹ ਅਲੱਗ ਹੈ। ਪਰ ਜਦੋਂ ਕੋਈ ਨਾ ਕੋਈ ਅਜੇਹਾ ਭਾਣਾ ਵਾਪਰ ਜਾਂਦਾ ਹੈ, ਜਿਸ ਦਾ ਕਬੱਡੀ ਨਾਲ ਭਾਵੇਂ ਕੋਈ ਸਬੰਧ ਵੀ ਨਹੀਂ ਹੁੰਦਾ, ਫਿਰ ਦੁੱਖ ਹੁੰਦਾ ਹੈ। ਜੇ ਅਸੀਂ ਸਾਰੇ ਇਸ ਖੇਡ ਲਈ ਸੁਹਿਰਦ ਹੋਈਏ ਅਤੇ ਪ੍ਰਬੰਧਕਾਂ ਦਾ ਸਾਥ ਦੇਈਏ ਤਾਂ ਸੁਰੱਖਿਆ 'ਤੇ ਖ਼ਰਚੇ ਜਾਣ ਵਾਲੇ ਹਜ਼ਾਰਾਂ ਪੌਂਡਾਂ ਦੀ ਬੱਚਤ ਹੋ ਸਕਦੀ ਹੈ। ਜਿਸ ਨੂੰ ਕਿਸੇ ਲੋਕ ਭਲਾਈ ਕਾਰਜ਼ ਤੇ ਖਰਚਿਆ ਜਾ ਸਕਦਾ ਹੈ। ਕਿਸੇ ਲੋੜਵੰਦ ਖਿਡਾਰੀ ਦੀ ਮਦਦ ਹੋ ਸਕਦੀ ਹੈ। ਪਰ ਪ੍ਰਬੰਧਕ ਵੀ ਕੀ ਕਰਨ, ਉਹਨਾਂ ਨੂੰ ਹਰ ਪੱਖ ਵੇਖਣਾ ਪੈਂਦਾ ਹੈ।

ਭਾਈ ਹਰਵਿੰਦਰ ਸਿੰਘ ਨੇ ਟੂਰਨਾਮੈਂਟ ਦੀ ਆਰੰਭਤਾ ਦੀ ਅਰਦਾਸ ਕੀਤੀ ਅਤੇ ਸਰਬੱਤ ਦਾ ਭਲਾ ਮੰਗਿਆ। ਪਹਿਲਾ ਮੈਚ ਸ਼ੁਰੂ ਹੋਣ ਲੱਗਾ ਤਾਂ ਟਾਸ ਜਿੱਤਣ ਤੋਂ ਬਾਅਦ ਪ੍ਰਮਜੀਤਪੁਰੇ ਵਾਲੇ ਘੋੜੇ ਨੇ ਕਵੈਂਟਰੀ ਬ੍ਰਮਿੰਘਮ ਵੱਲੋਂ ਹੇਜ਼ ਤੇ ਪਹਿਲੀ ਰੇਡ ਪਾ ਕੇ ਅਮਨ ਲੁਹਾਰੇ ਵਾਲੇ ਤੋਂ ਡੇਢ ਨੰਬਰ ਹਾਸਿਲ ਕੀਤਾ। ਨੇਕਾ ਮੈਰੀਪੁਰ, ਦੀਪਾ ਮੌਲੀ, ਬਲਵਿੰਦਰ ਦੂਲੇ, ਸਤਨਾਮ, ਭਜਨ ਸਮਰਾ ਦੇ ਖਿਡਾਰੀ ਥੱਕੇ ਜਿਹੇ ਲੱਗਦੇ ਸੀ। ਤਾਰ, ਕੱਥੋ ਖੁਸ਼ ਹੋਏ ਕਿ ਪਹਿਲਾ ਮੈਚ 35/ਸਾਢੇ 29 ਦੇ ਫਰਕ ਨਾਲ ਜਿੱਤਿਆ। ਇਸ ਮੈਚ ਵਿੱਚ ਹੇਜ਼ ਵੱਲੋਂ ਅਮਨ ਲੁਹਾਰਾ ਨੇ ਦੁੱਲੇ ਅਤੇ ਘੋੜੇ ਨੂੰ ਸੱਤੀ ਸਮਾਓ ਨੇ ਦੁੱਲੇ ਨੂੰ, ਗੋਗੀ ਸੇਲਵਰਾ ਨੇ ਦੋ ਅਤੇ ਰਾਜੂ ਖੋਸਾ ਕੋਟਲਾ ਨੇ ਇੱਕ ਜੱਫਾ ਲਾਇਆ। ਕਵੈਂਟਰੀ ਵੱਲੋਂ ਲੱਭੂ ਸੀਚੇਵਾਲ, ਨਵ ਔਜਲਾ, ਅੰਮ੍ਰਿਤ ਦੁੱਗਾ ਨੇ ਇੱਕ ਇੱਕ ਜੱਫਾ ਲਾਇਆ। ਫਰ ਧਾਵੀਆਂ 'ਚੋਂ ਕੁਲਜੀਤ ਘਰਾਚੋ 9 ਵਿੱਚੋਂ 9 ਅੰਕ ਅਤੇ ਘੋੜੇ ਨੇ 10 ਵਿੱਚੋਂ 9 ਅੰਕ ਹਾਸਲ ਕੀਤੇ।

ਬਾਰਕਿੰਗ ਗ੍ਰੇਵਜ਼ੈਂਡ ਅਤੇ ਲੈਸਟਰ ਡਰਬੀ ਵਿਚਕਾਰ ਹੋਏ ਦੂਜੇ ਮੈਚ ਵਿੱਚ ਘਰ ਦਾ ਟੂਰਨਾਮੈਂਟ ਹੋਣ ਕਰਕੇ ਕੁਲਵੰਤ ਸੰਘਾ, ਕੁਲਬੀਰ ਖੱਖ, ਨਿਰਮਲ ਲੱਡੂ ਜਿੱਥੇ ਪੌਂਡ ਨਿਸ਼ਾਵਰ ਕਰ ਰਹੇ ਸੀ, ਉੱਥੇ ਗਰਾਊਂਡ ਵਿੱਚ ਪਿਆਰਾ ਰੰਧਾਵਾ ਦਾਅ ਪੇਚ ਦੱਸ ਰਿਹਾ ਸੀ, ਬੋਈ, ਕੁਲਵਿੰਦਰ ਛੋਕਰ, ਜਸਬੀਰ, ਨਛੱਤਰ ਦੇ ਨਾਲ ਅੱਜ ਸੋਖਾ ਉਦੋਪੁਰ ਵੀ ਵਿਸ਼ੇਸ਼ ਤੌਰ ਤੇ ਪਹੁੰਚਿਆ ਹੋਇਆ ਸੀ। ਰਾਜਾ ਪੱਧਰੀ ਨੇ ਰੁਪਿੰਦਰ, ਮਲਿਕ ਸਮੇਤ ਤਿੰਨ ਜੱਫੇ ਲਾਏ, ਏਕਮ ਨੇ ਇੱਕ, ਪ੍ਰੀਤ ਲੱਭੂ ਨੇ ਰੁਪਿੰਦਰ ਨੂੰ ਅਤੇ ਮੱਛੋ ਮਦਰੱਸਰ ਜਾਦੂ ਨੇ 4 ਜੱਫੇ ਲਾ ਕੇ ਧਾਂਕ ਜਮਾਈ। ਬਾਰਕਿੰਗ ਗ੍ਰੇਵਜ਼ੈਂਡ ਵੱਲੋਂ ਗਗਨ ਸੂਰੇਵਾਲ ਰੇਸ਼ਮ ਨੂੰ ਰੋਕਿਆ, ਸੁੱਖੀ ਗਾਖ਼ਲ, ਸੀਪਾ ਅਤੇ ਫੌਜੀ ਵੀ ਇੱਕ ਇੱਕ ਜੱਫਾ ਲਾ ਗਏ। ਪਰ ਬਾਗੀ ਬਾਹਰ ਬੈਠਾ ਜਿਵੇਂ ਕਹਿ ਰਿਹਾ ਸੀ ਮੈਂ ਕੱਲਾ ਕੀ ਕਰਾਂ ਹੋਰ ਤਾਂ ਕੋਈ ਆਇਆ ਨਹੀਂ। ਮਲਕ ਨੇ ਵਧੀਆ 11 ਕੌਢੀਆਂ ਪਾ ਕੇ 10 ਅੰਕ ਲਏ ਅਤੇ ਦੂਜੇ ਪਾਸੇ ਸਿੰਮੂ ਕੰਗ 11 'ਚੋਂ 11 ਨੰਬਰ ਲੈ ਗਿਆ। ਕਿਸੇ ਦੇ ਹੱਥ ਨਾ ਚੜ੍ਹਿਆ। ਲੈਸਟਰ ਡਰਬੀ ਨੇ ਸਾਢੇ 36 ਅਤੇ ਬਾਰਕਿੰਗ ਗ੍ਰੇਵਜ਼ੈਂਡ ਨੇ 24 ਅੰਕ ਪ੍ਰਾਪਤ ਕੀਤੇ। ਟੈਲਫੋਰਡ ਅਤੇ ਸਲੋਹ ਇਕਨਹਮ ਵਿਚਕਾਰ ਹੋਏ ਮੈਚ ਵਿੱਚ ਬਲਵਿੰਦਰ ਚੱਠਾ ਜਿਵੇਂ ਪਹਿਲਾਂ ਹੀ ਹੌਂਸਲਾ ਜਿਹਾ ਸਿੱਟੀ ਬੈਠੇ ਸੀ, ਮੰਗੀ ਬੱਗਾ ਪਿੰਡ ਵੀ ਜਖ਼ਮੀ ਸੀ, ਸਨੀ ਨੇ ਜਾਫ ਲਾਇਨ ਦੇ ਨਾਲ ਨਾਲ ਰੇਡਾਂ ਵੀ ਪਾ ਗਿਆ, ਬੂਰੀਏ ਨੇ 11 ਕੌਢੀਆਂ ਪਾ ਕੇ 9 ਨੰਬਰ ਲਏ, ਪ੍ਰਿਤਪਾਲ ਮੱਲੀਆਂ ਵਾਲਾ ਜੱਫੇ ਖਾ ਗਿਆ। ਲੱਖਾ ਸਰਾਵਾਂ ਵਾਲਾ ਚਿਸ਼ਤੀ ਤੇ ਯੋਧੇ ਸਮੇਤ ਤਿੰਨ ਜੱਫੇ ਕੱਢ ਗਿਆ। ਪਰ ਸ਼ੀਰਾ ਸੰਮੀਪੁਰ, ਸਤਿੰਦਰ ਗੋਲਡੀ, ਰਮਨ ਭੈਣੀ ਆਪਣੀ ਟੀਮ ਨੂੰ ਹੱਲਾ ਸ਼ੇਰੀ ਦਿੰਦੇ ਰਹੇ, ਬਿੱਲਾ ਢੋਡੇਵਾਲ ਨੇ 2, ਭੇਲੂ ਬਰਸਾਲ ਅਤੇ ਫਰਿਆਦ ਨੇ ਇੱਕ ਇੱਕ ਜੱਫਾ ਲਾਇਆ, ਸ਼ਫੀ ਸ਼ਫੀਕ ਤਿੰਨ ਜੱਫੇ ਕੱਢ ਗਿਆ। ਰਾਣਾ ਹੈਦਰ ਇਸ ਮੈਚ ਵਿੱਚ 8 ਕੌਢੀਆਂ ਪਾ ਕੇ 7 ਨੰਬਰ ਲੈ ਗਿਆ। ਪਿੰਦੂ ਦੁਤਾਲ 7 ਕੌਢੀਆਂ ਪਾ ਕੇ ਕਿਸੇ ਨੂੰ ਨੇੜੇ ਢੁਕਣ ਨਹੀਂ ਦਿੱਤਾ। ਟੈਲਫੋਰਡ ਨੂੰ 20 ਨੰਬਰਾਂ ਤੇ ਰੋਕ ਨੇ ਸਲੋਹ ਇਕਨਹਮ ਨੇ ਸਾਢੇ 26 ਅੰਕ ਪ੍ਰਾਪਤ ਕਰਕੇ ਜਿੱਤ ਦਰਜ਼ ਕੀਤੀ।

ਮਿਡਵੇ ਅਤੇ ਸਿੱਖ ਟੈਂਪਲ ਵੂਲਵਰਹੈਂਪਟਨ ਦੀ ਟੀਮ ਨੇ ਬਰੈਡਫੋਰਡ ਨੂੰ 36/ ਸਾਢੇ 26 ਅੰਕਾਂ ਨਾਲ ਹਰਾਇਆ। ਇਸ ਮੈਚ ਵਿੱਚ ਕਲੀਮ ਜੱਟ ਨੇ 10 ਚੋਂ 10 ਅਤੇ ਬੱਗਾ ਭਡਾਣਾ ਨੇ 10 ਚੋਂ 9 ਅੰਕ ਲੇ ਕੇ ਵਧੀਆ ਰੇਡਾਂ ਪਾਈਆਂ। ਗੁਲਜ਼ਾਰੀ ਨੇ 11 ਚੋਂ 7 ਅੰਕ ਲਏ। ਛੋਟੇ ਸੋਹਣ ਨੇ 2, ਸੱਪਾਂ ਵਾਲੇ ਨੇ 4 ਪ੍ਰਤਾਪ ਨੇ ਦੋ ਜੱਫੇ ਲਾਏ ਜਦ ਕਿ ਦਲਬੀਰ ਸਿੱਧੂ ਦੇ ਚੋਬਰਾਂ 'ਚੋਂ ਜੱਗੇ, ਭਿੰਦੇ ਅਤੇ ਕੀਪੇ ਨੇ ਇੱਕ ਇੱਕ ਜਾਫਾ ਲਾਇਆ।

ਈਰਥ ਵੂਲਿਚ ਸਾਊਥਾਲ ਅਤੇ ਹੇਜ਼ ਵਿਚਕਾਰ ਮੈਚ ਅੱਧੇ ਸਮੇਂ ਤੱਕ ਤਾਂ ਖੂਬ ਖੜਕਿਆ ਹੇਜ਼ ਵੱਲੋਂ ਅਮਨ ਲੁਹਾਰਾ ਨੇ 10 ਕੋਸ਼ਿਸ਼ਾਂ ਵਿੱਚ 3 ਅਤੇ ਰਾਜੂ ਖੋਸਾ ਕੋਟਲਾ ਨੇ 7 ਕੋਸ਼ਿਸ਼ਾਂ ਵਿੱਚ 3 ਜੱਫੇ ਲਾਏ, ਸੱਤੀ ਤੇ ਗੋਗੀ ਨੇ ਇੱਕ ਇੱਕ ਜੱਫਾ ਲਾਇਆ, ਪਰ ਦੂਜੇ ਪਾਸੇ ਗੁਰਵਿੰਦਰ ਘਾਂਗੇ ਵਾਲੇ ਨੇ 4, ਬੋਪਰ ਹਸ਼ਿਆਰੇ ਨੇ 5, ਧਾਕੜ ਨੇ ਦੋ ਅਤੇ ਕੁਲਵਿੰਦਰ ਇੱਕ ਜੱਫਾ ਲਾਇਆ। ਪਰ ਇਸ ਮੈਚ ਵਿੱਚ ਘਾਂਗੇਵਾਲੇ ਦਾ ਹੱਦਿਆਂ ਤੋਂ ਸੁਖਬੀਰ ਗੁਰੂਸਰ ਨੂੰ ਲਾਇਆ ਜੱਫਾ ਕਮਾਲ ਦਾ ਸੀ। ਈਰਥ ਸਾਊਥਾਲ ਵੱਲੋਂ ਬਲਕਰਨ ਨੇ ਵਧੀਆ ਖੇਡ ਵਿਖਾਈ, ਗਗਨ ਜੋਗੇਵਾਲ ਨੇ 10 ਚੋਂ 9 ਅਤੇ ਭੀਮ ਨੇ 10 ਚੋਂ 7 ਅੰਕ ਪ੍ਰਾਪਤ ਕੀਤੇ। ਹੇਜ਼ ਦੇ ਧਾਵੀਆਂ ਚੋਂ ਅਮਿਤ ਧਨੌਰੀ ਅਤੇ ਕੁਲਜੀਤ ਘਰਾਚੋ ਨੇ 8/8 ਕੌਢੀਆਂ ਪਾ ਕੇ 5/5 ਅੰਕ ਲਏ ਅਤੇ ਸੁਖਬੀਰ ਨੇ 7 ਕੌਢੀਆਂ ਪਾ ਕੇ 4 ਅੰਕ ਲਏ। ਆਖਿਰ ਜਿੱਤ ਦਰਜ਼ ਕਰਦਿਆਂ ਸੁਰਿੰਦਰ ਮਾਣਕ, ਕੰਮਾ ਔਜਲਾ, ਪਾਲ ਬਾਜਵਾ, ਜ਼ੈਲਾ, ਲਾਲਾ ਦੀ ਈਰਥ ਵੂਲਿਚ ਸਾਊਥਾਲ ਨੇ ਸਾਢੇ 36 ਅੰਕ ਪ੍ਰਾਪਤ ਕਰਕੇ ਹੇਜ਼ ਨੂੰ 26 ਅੰਕਾਂ ਤੇ ਹੀ ਸ਼ੰਤੁਸ਼ਟ ਰਹਿਣ ਲਈ ਕਹਿ ਦਿੱਤਾ। ਪਹਿਲੇ ਸੈਮੀਫਾਈਨਲ ਮੈਚ ਵਿੱਚ ਮਿਡਵੇ ਸਿੱਖ ਟੈਂਪਲ ਵੂਲਵਰਹੈਂਟਪਨ ਦੀ ਟੀਮ ਨੇ ਲੈਸਟਰ ਡਰਬੀ ਨੂੰ 42/ਸਾਢੇ 38 ਅੰਕਾਂ ਨਾਲ ਹਰਾਇਆ। ਘਰਦਾ ਟੂਰਨਾਮੈਂਟ ਹੋਣ ਕਰਕੇ ਕੁਲਵੰਤ ਸੰਘਾ, ਪਿਆਰਾ, ਖੱਖ, ਲੱਡੂ ਅਤੇ ਸਾਥੀਆਂ ਨੇ 1000 ਪੌਂਡ ਦੇ ਇਨਾਮ ਦਾ ਵੀ ਐਲਾਨ ਕਰ ਦਿੱਤਾ ਅੱਧੇ ਸਮੇਂ ਤੱਕ ਤਾਂ ਟੀਮ ਇੱਕ ਜੱਫੇ ਦੇ ਫਰਕਨ ਨਾਲ 20/ਸਾਢੇ 21 ਨਾਲ ਅੱਗੇ ਚੱਲ ਰਹੀ ਸੀ। ਪਰ ਬਾਅਦ ਵਿੱਚ ਲੱਗਦਾ ਥੱਕ ਜਿਹੀ ਗਈ। ਦਰਸ਼ਕ ਅੱਡੀਆਂ ਚੁੱਕ ਚੁੱਕ ਮੈਚ ਵੇਖ ਰਹੇ ਸੀ, ਚੀਕਾਂ ਵੱਜ ਰਹੀਆਂ ਸਨ, ਖਿਡਾਰੀਆਂ ਨਾਲੋਂ ਕਿਤੇ ਵੱਧ ਜ਼ੋਰ ਪ੍ਰਬੰਧਕਾਂ ਦਾ ਲੱਗਾ ਹੋਇਆ ਸੀ। ਲੈਸਟਰ ਡਰਬੀ ਦੇ ਧਾਵੀ ਸੁੱਖੀ ਤੇ ਸਿੰਮੂ ਕੰਗ ਨੇ ਪੂਰਾ ਜ਼ੋਰ ਮਾਰਿਆ ਦੋਵਾਂ ਨੇ 15/15 ਕੌਢੀਆਂ ਪਾ ਕੇ ਕ੍ਰਮਵਾਰ 12 ਅਤੇ 11 ਅੰਕ ਪ੍ਰਾਪਤ ਕੀਤੇ।

ਬਾਕੀ ਹਿਸਾ ਸਫਾ 42 'ਤੇ ਪੜ੍ਹੋ →

## ਲੈਸਟਰ ਕਬੱਡੀ ਟੂਰਨਾਮੈਂਟ

41 ਸਫੇ ਦੀ ਬਾਕੀ

ਰੇਸ਼ਮ ਜਾਮਾਰਾਏ ਨੇ 10 ਚੋਂ 7 ਨੰਬਰ ਲਏ। ਰਾਜਾ ਪੱਧਰੀ 3, ਏਕਮ 3 ਅਤੇ ਪ੍ਰੀਤ 2 ਜੱਫੇ ਲਾ ਗਿਆ। ਦੂਜੇ ਪਾਸੇ ਕਲੀਮ ਨੇ 18 ਕੌਢੀਆਂ ਪਾ ਕੇ 16 ਅੰਕ ਅਤੇ ਛੋਟੇ ਦੁੱਲੇ ਨੇ 13 ਚੋਂ 11 ਅੰਕ ਲਏ, ਜਸ਼ਨ ਦਾ ਜੋਸ਼ ਦੇ ਨਾਲ ਜਦੋਂ ਗੋਬਿੰਦਪੁਰੀਏ ਮਾਹਲੇ ਨੇ ਜਾਦੂ ਨੂੰ ਪਿੱਠ ਤੇ ਚੁੱਕਿਆ ਤਾਂ ਜਾਣੀ ਲੈਸਟਰ ਸਾਰਾ ਗੂੰਜ ਉੱਠਿਆ ਸੀ। ਪ੍ਰਤਾਪ ਕੰਡਿਆਣੇ ਨੇ ਰੇਸ਼ਮ, ਸਿੰਮੂ ਰੋਕੇ ਕੁਲ 14 ਕੋਸ਼ਿਸ਼ਾਂ 'ਚ 4 ਜੱਫੇ, ਗੱਗੀ ਨੇ 6 'ਚੋਂ 2, ਸੱਪਾਂਵਾਲੇ ਅਤੇ ਪੀਤੇ ਨੇ ਇੱਕ ਇੱਕ ਜੱਫਾ ਕੱਢਦਿਆਂ ਆਖਿਰ ਮਿਡਵੇ ਵੁਲਵਰਹੈਂਪਟਨ ਨੇ 42 ਅੰਕ ਪ੍ਰਾਪਤ ਕਰਕੇ ਲੈਸਟਰ ਨੂੰ ਸਾਢੇ 38 ਅੰਕਾਂ ਨਾਲ ਸਮੇਟ ਕੇ ਜਿੱਤ ਦਰਜ ਕੀਤੀ। ਸ਼ਾਇਦ ਅੱਜ ਕੁਲਵੰਤ ਸੰਘੇ ਨੂੰ ਉਹਨਾਂ ਖਿਡਾਰੀਆਂ ਦੀ ਯਾਦ ਆ ਰਹੀ ਸੀ, ਜਿਹਨਾਂ ਨੇ ਵਾਅਦੇ ਕਰਕੇ ਨਾ ਨਿਭਾਈ ਅਤੇ ਅੱਧ ਵਿਚਾਲੇ ਧੋਖਾ ਦੇ ਕੇ ਤਕੜੀ ਟੀਮ ਨੂੰ ਹਾਰ ਦੇ ਰਾਹ ਤੋਰ ਦਿੱਤਾ ਸੀ।

ਦੂਜਾ ਸੈਮੀਫਾਈਨਲ ਸਲੋਹ ਇਕਨਹਮ ਅਤੇ ਈਰਥ ਵੂਲਿਚ ਸਾਊਥਾਲ ਵਿਚਕਾਰ ਖੇਡਿਆ ਗਿਆ। ਅੱਧੇ ਸਮੇਂ ਤੱਕ ਇਹ ਮੈਚ ਵੀ ਖੂਬ ਖੜਕਿਆ। ਸਲੋਹ ਇਕਨਹਮ ਵੱਲੋਂ 150 ਪੌਂਡ ਦਾ ਜੱਫਾ ਤਾਂ ਈਰਥ ਵੂਲਿਚ ਸਾਊਥਾਲ ਵੱਲੋਂ 200 ਪੌਂਡ ਦਾ ਜੱਫਾ ਹੋ ਗਿਆ। ਦੋਵੇਂ ਟੀਮਾਂ ਅੱਜ ਦੇ ਕੱਪ ਲਈ ਖੂਬ ਜਾਨ ਤੋੜ ਰਹੀਆਂ ਸੀ। ਅੱਧੇ ਸਮੇਂ ਤੱਕ 21 ਅਤੇ ਸਾਢੇ 22 ਦੇ ਅੰਕਾਂ ਨਾਲ ਸਿਰਫ ਇੱਕ ਜੱਫੇ ਦਾ ਫਰਕ ਨਾਲ ਈਰਥ ਵੂਲਿਚ ਸਾਊਥਾਲ ਅੱਗੇ ਸੀ। ਫਰਿਆਦ ਲੋਪੋ ਕੇ ਇੱਕ, ਅੰਮ੍ਰਿਤ ਨੇ ਬਲਕਰਨ ਅਤੇ ਗਗਨ ਨੂੰ ਸ਼ਫੀ ਨੇ ਇੱਕ, ਬਿੱਲੇ ਨੇ ਗਗਨ ਤੇ ਸ਼ੀਰੇ ਨੂੰ ਜੱਫੇ ਲਾਏ ਦੂਜੇ ਪਾਸੇ ਮਾਣਕ ਪਾਲੇ ਦੇ ਚੋਬਰ ਗੁਰਵਿੰਦਰ ਘਾਂਗੇਵਾਲੇ ਨੇ ਯੋਧਾ, ਪਿੰਦੂ ਦੁਤਾਲ ਦੇ ਨਾਲ ਚਿਸ਼ਤੀ ਵੀ ਹਿੱਕ ਨਾਲ ਲਾਇਆ, ਬੋਪਰ ਹੁਸ਼ਿਆਰੇ ਨੇ ਵੀ ਚਿਸ਼ਤੀ, ਪਿੰਦੂ ਨੂੰ ਰੋਕਿਆ ਤੇ ਕੁੱਲ 17 ਕੋਸ਼ਿਸ਼ਾਂ ਕਰਦਿਆਂ 4 ਜੱਫੇ ਲਾਏ। ਧਾਕੜ ਨੇ ਦੋ ਵਾਰ ਯੋਧਾ ਰੋਕਿਆ। ਜਾਣੀ ਜੱਫਿਆਂ ਦੇ ਨਾਲ ਇਹ ਮੈਚ ਜਿਆਦਾ ਧਾਵੀਆਂ ਦੇ ਹੱਕ ਦਾ ਸੀ ਸਲੋਹ ਇਕਨਹਮ ਵੱਲੋਂ ਰਾਣਾ ਹੈਦਰ 16 ਕੌਢੀਆਂ ਪਾ ਕੇ ਕਿਸੇ ਦੇ ਹੱਥ ਨਹੀਂ ਆਇਆ, ਪਿੰਦੂ ਨੇ 13 ਚੋਂ 10, ਚਿਸ਼ਤੀ ਨੇ 7 ਚੋਂ 5 ਅੰਕ ਲਏ। ਈਰਥ ਵੂਲਿਚ ਦੇ ਗਗਨ ਜੋਗੇਵਾਲ ਨੇ 17 ਚੋਂ 15, ਬਲਕਰਨ ਨੇ 19 ਚੋਂ 17 ਅੰਕ ਲੈ ਕੇ ਟੀਮ ਨੂੰ ਸਾਢੇ41/39 ਦੇ ਹਿਸਾਬ ਨਾਲ ਅੰਕ ਲੈ ਕੇ ਫਾਈਨਲ ਵਿੱਚ ਪਹੁੰਚਾਇਆ।

ਅੰਡਰ 21 ਦੇ ਨੌਜਵਾਨਾਂ ਦਾ ਮੈਚ ਬਾਬਾ ਫਤਹਿ ਸਿੰਘ ਦੀ ਟੀਮ ਮੌੜ ਨੂੰ ਅੱਧੇ ਅੰਕ ਨਾਲ ਹਰਾ ਕੇ ਜਿੱਤੀ।

ਫਾਈਨਲ ਮੈਚ ਵਿੱਚ ਈਰਥ ਵੂਲਿਚ ਸਾਊਥਾਲ ਨੂੰ ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਨੇ 27/ਸਾਢੇ41 ਦੇ ਵੱਡੇ ਫਰਕ ਨਾਲ ਹਰਾਇਆ। ਇਹ ਮੈਚ ਇੱਕ ਪਾਸੜ ਜਿਹਾ ਹੀ ਰਿਹਾ। ਈਰਥ ਵੂਲਿਚ ਦਾ ਖਿਡਾਰੀ ਧਾਕੜ ਵੀ ਸੱਟ ਕਾਰਨ ਖੇਡਿਆ ਨਹੀਂ। ਇਸ ਮੈਚ ਵਿੱਚ ਬਲਕਰਨ ਨੇ 11 'ਚੋਂ 6, ਭੀਮ ਨੇ 6 ਚੋਂ 4, ਗਗਨ ਨੇ 11 ਚੋਂ 11 ਨੰਬਰ ਲਏ ਤੇ ਕੋਈ ਜੱਫਾ ਨਾ ਲੱਗਿਆ। ਭੋਪਰ ਹਸ਼ਿਆਰੇ ਨੇ ਮਾਹਲਾ ਤੇ ਜਸ਼ਨ ਥੰਮੇਂ, ਕੁਲਵਿੰਦਰ ਮੱਲ ਨੇ ਪ੍ਰੀਤ ਬੱਗਾ ਪਿੰਡ, ਮਿਡਵੇ ਵੁਲਵਰਹੈਂਪਟਨ ਵੱਲੋਂ ਸੱਪਾਂ ਵਾਲੇ ਨੇ 5, ਗੱਗੀ ਦੇਸ ਰਾਜ ਨੇ 2, ਪੀਤੇ ਨੇ 2, ਪ੍ਰਤਾਪ ਨੇ ਇੱਕ ਜੱਫਾ ਲਾਇਆ। ਮਾਹਲਾ ਗੋਬਿੰਦਪੁਰੀਆ ਨੇ 7 ਚੋਂ 6, ਜਸ਼ਨ ਆਲਮਗੀਰੀਏ ਨੇ 6 ਚੋਂ 5, ਕਲੀਮ ਨੇ 6 ਚੋਂ 6 ਅਤੇ ਕਮਾਲਾਂ ਛੋਟੇ ਦੁੱਲੇ ਨੇ ਕੀਤੀਆਂ 14 ਚੋਂ 14 ਅੰਕ ਲੈ ਕੇ ਸਰਬੋਤਮ ਧਾਵੀ ਬਣਿਆ। ਸੱਪਾਂ ਵਾਲਾ ਸ਼ੌਕਤ ਸਰਬੋਤ ਜਾਫੀ। ਸੁਰਿੰਦਰ ਸਿੰਘ ਮਾਣਕ, ਪਾਲਾ ਬਾਜਵਾ, ਕੰਮਾ ਔਜਲਾ, ਲਾਲਾ, ਜੈਲ੍ਹਾ ਖੁਸ਼ ਸਨ ਨੇ ਟੀਮ ਦੂਜੇ ਨੰਬਰ ਤੇ ਆਈ, ਪਰ ਸ਼ੀਰਾ ਔਲਖ, ਸਾਬੀ, ਜੋਗਿੰਦਰ ਦੁਸਾਂਝ, ਸੋਨਾ ਹੋਠੀਆਂ, ਅਮ੍ਰਿਤ ਬਰਮੀ, ਮੰਗਾ, ਜਿੰਦਾ ਸ਼ੇਰਗਿੱਲ ਪੂਰੇ ਬਾਗੋਬਾਗ ਸੀ। ਕਿ ਇਸ ਵਾਰ ਕੱਪਾਂ ਦੀ ਰੌਣਕ ਵੀ ਬਾਹਵਾ ਹੋ ਗਈ ਐ। ਟੀਮ ਮੁੱਲ ਮੋੜਦੀ ਐ। ਅਖਤਰ ਚੱਕ ਢੱਡੇ, ਚੁੰਨੀ ਪੱਤੜ, ਸਵਰਨਾ, ਮਨੀ ਧੂੜ, ਗੋਪੀ ਹਸ਼ਿਆਰਪੁਰੀਆ, ਸੁੱਚਾ ਬਿੰਦ, ਸੁੱਚਾ ਮੁਠੱਡਾ, ਕੱਥੂ ਰੈਫਰੀ ਤੇ ਲਾਇਨਮੈਨ ਦੀ ਸੇਵਾ, ਨੰਬਰਾਂ ਤੇ ਕੇਸਰ ਸਿੰਘ ਧਾਲੀਵਾਲ ਤੇ ਟੋਨੀ ਕੁਨਰ ਨੰਬਰਾਂ ਤੇ, ਸ਼ਿੰਦਰ ਪਾਹਲ ਘੁੱਗੂ ਦੀ ਸੇਵਾ ਨਿਭਾਉਂਦੇ ਰਹੇ। ਦਵਿੰਦਰ ਪਤਾਰਾ, ਸੋਖਾ ਢੇਸੀ, ਸੁੱਖਾ ਕੰਡਿਆਲ, ਮਿੱਠਾ ਦੁਰਗਾਪੁਰ, ਦਵਿੰਦਰ ਚੜਿੱਕ, ਸਤਨਾਮ ਜੈਂਗੋ, ਤੇਲੂ, ਈ ਸੀ ਸ਼ਇਰਾਨਾ ਅੰਦਾਜ਼ ਵਿੱਚ ਕਵੈਂਟਰੀ ਵਾਲੇ ਸ਼ੀਰੇ ਦੇ ਸਾਊਂਡ ਸਿਸਟਮ ਰਾਹੀਂ ਬੋਲਾਂ ਦੀਆਂ ਕੌਢੀਆਂ ਪਾਉਂਦੇ ਰਹੇ।

ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਿਆ। ਆਖਰ ਵਿੱਚ ਪ੍ਰਬੰਧਕਾਂ ਨੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ ਗਏ, ਕਲੱਬਾਂ ਅਤੇ ਫੈਡਰੇਸ਼ਨ ਦੇ ਅਹੁਦੇਦਾਰਾਂ ਸਮੇਤ ਕਲੱਬ ਦੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੁੱਲ੍ਹ ਮਿਲਾ ਕੇ ਲੈਸਟਰ ਦਾ ਕਬੱਡੀ ਟੂਰਨਾਮੈਂਟ ਭਰਪੂਰ ਸਫ਼ਲ ਰਿਹਾ। ਸੁਚੱਜੇ ਪ੍ਰਬੰਧਕਾਂ ਦੀ ਰਹਿਨੁਮਾਈ ਹੇਠ ਅਗਲੇ ਵਰ੍ਹੇ ਮਿਲਣ ਦਾ ਵਆਦਾ ਕਰਦੇ ਕਬੱਡੀ ਪ੍ਰੇਮੀਆਂ ਸੁੱਖ ਸਵੀਲੀ ਨਾਲ ਘਰਾਂ ਨੂੰ ਪਰਤ ਗਏ। ਟੂਰਨਾਮੈਂਟ ਦੀ ਸਫ਼ਲਤਾ ਲਈ ਕੁਲਬੀਰ ਸਿੰਘ ਖੱਖ, ਕੁਲਵੰਤ ਸਿੰਘ ਸੰਘਾ, ਪਿਆਰਾ ਸਿੰਘ ਰੰਧਾਵਾ, ਨਿਰਮਲ ਸਿੰਘ ਲੱਡੂ, ਜਿੰਦਰ ਸਿੰਘ ਬੋਇਲ, ਜਤਿੰਦਰ ਸਿੰਘ ਚਾਹਲ, ਦਵਿੰਦਰ ਸਿੰਘ, ਜਿੰਦਰ ਸਿੰਘ ਥਾਂਦੀ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ।


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**ਫ਼ੋਨ ਨੰਬਰ: 01332 372851**


# 'ਜੱਟ ਐਂਡ ਜੂਲੀਅਟ-3' ਭਰਪੂਰ ਮਨੋਰੰਜਨ ਕਰੇਗੀ

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬੀ ਸਿਨੇ-ਪ੍ਰੇਮੀਆਂ ਨੇ ਦਿਲਜੀਤ ਦੁਸਾਂਝ ਅਤੇ ਨੀਰੂ ਬਾਜਵਾ ਦੀ ਜੋੜੀ ਦੀ ਸੰਨ 2012 ਵਿਚ ਆਈ ਪੰਜਾਬੀ ਫ਼ਿਲਮ 'ਜੱਟ ਐਂਡ ਜੂਲੀਅਟ' ਅਤੇ ਸੰਨ 2013 ਵਿਚ ਆਏ ਇਸ ਫ਼ਿਲਮ ਦੇ ਵਿਸਥਾਰ 'ਜੱਟ ਐਂਡ ਜੂਲੀਅਟ-2' ਨੂੰ ਭਰਪੂਰ ਪਿਆਰ ਦਿੱਤਾ ਸੀ। 'ਜੱਟ ਐਂਡ ਜੂਲੀਅਟ-2' ਤਾਂ ਉਸ ਸਾਲ ਦੀ ਸਭ ਤੋਂ ਸਫ਼ਲ ਅਤੇ ਸਭ ਤੋਂ ਵੱਧ ਕਮਾਈ ਕਰਨ ਵਾਲੀ ਫ਼ਿਲਮ ਹੋ ਨਿੱਬੜੀ ਸੀ। ਹੁਣ ਇਸ ਸਾਲ 27 ਜੂਨ ਨੂੰ ਇਸ ਫ਼ਿਲਮ ਦਾ ਤੀਜਾ ਭਾਗ 'ਜੱਟ ਐਂਡ ਜੂਲੀਅਟ-3' ਦਰਸ਼ਕਾਂ ਦੇ ਰੂ-ਬਰੂ ਹੋਣ ਜਾ ਰਿਹਾ ਹੈ।




ਇਹ ਫ਼ਿਲਮ ਅਜਿਹੇ ਦੋ ਪੁਲਿਸ ਅਫ਼ਸਰਾਂ ਦੀ ਕਹਾਣੀ ਪੇਸ਼ ਕਰਦੀ ਹੈ ਜੋ ਇਕ ਖ਼ਾਸ 'ਮਿਸ਼ਨ' 'ਤੇ ਪੰਜਾਬ ਤੋਂ ਕੈਨੇਡਾ ਜਾਂਦੇ ਹਨ ਪਰ ਉਹ ਆਸਾਨ ਜਿਹਾ ਦਿਸਣ ਵਾਲਾ ਮਿਸ਼ਨ ਕੁਝ ਇਕ ਦਿਲਚਸਪ ਘਟਨਾਵਾਂ ਕਰਕੇ ਕਾਫੀ ਗੁੰਝਲਦਾਰ ਬਣ ਜਾਂਦਾ ਹੈ ਪਰ ਪੁਲਿਸ ਕਰਮਚਾਰੀ ਦਿਲਜੀਤ ਦੁਸਾਂਝ ਅਤੇ ਉਸਦੀ ਬੌਸ ਨੀਰੂ ਬਾਜਵਾ ਦੀ ਜੋੜੀ ਅਖ਼ੀਰ ਸਾਰਾ ਮਾਮਲਾ ਹੱਲ ਕਰ ਕੇ ਹੀ ਸਾਹ ਲੈਂਦੀ ਹੈ। ਇਸ ਫ਼ਿਲਮ ਦੀ ਸਟਾਰਕਾਸਟ ਪਿਛਲੀਆਂ ਦੋ ਫ਼ਿਲਮਾਂ ਨਾਲੋਂ ਵੱਖ ਰੱਖਦਿਆਂ ਹੋਇਆਂ ਇਸ ਵਾਰ ਇਸ ਫ਼ਿਲਮ ਵਿਚ ਦੋ ਪਾਕਿਸਤਾਨੀ ਫ਼ਨਕਾਰਾਂ ਨਾਸਿਰ ਚਿਨਿਓਟੀ ਅਤੇ ਅਕਰਮ ਉਦਾਸ ਤੋਂ ਇਲਾਵਾ ਇਕ ਅੰਗਰੇਜ਼ਣ ਅਦਾਕਾਰਾ ਐਲੀਨਾ ਸਕਰੈਬੀਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਫ਼ਿਲਮ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇਸਦਾ ਲੇਖਨ ਅਤੇ ਨਿਰਦੇਸ਼ਨ ਨਾਮਵਰ ਫ਼ਿਲਮਕਾਰ ਜਗਦੀਪ ਸਿੱਧੂ ਨੇ ਕੀਤਾ ਹੈ ਜੋ ਇਸ ਤੋਂ ਪਹਿਲਾਂ 'ਕਿਸਮਤ', 'ਕਿਸਮਤ-2', 'ਛੜਾ', 'ਸੁਫ਼ਨਾ', 'ਸ਼ੇਰ ਬੱਗਾ', 'ਸੁਰਖ਼ੀ ਬਿੰਦੀ' ਆਦਿ ਜਿਹੀਆਂ ਸਫ਼ਲ ਫ਼ਿਲਮਾਂ ਦਾ ਨਿਰਦੇਸ਼ਨ ਕਰਨ ਤੋਂ ਇਲਾਵਾ 'ਦਿਲਦਾਰੀਆਂ', 'ਲੇਖ', 'ਮੋਹ', ਨਿੱਕਾ ਜ਼ੈਲਦਾਰ', 'ਨਿੱਕਾ ਜ਼ੈਲਦਾਰ-2', 'ਗੁੱਡੀਆਂ ਪਟੋਲੇ', 'ਸਰਘੀ', 'ਛੜਾ', 'ਨਿੱਕਾ ਜ਼ੈਲਦਾਰ-3' ਆਦਿ ਜਿਹੀਆਂ ਸੁਪਰਹਿਟ ਫ਼ਿਲਮਾਂ ਦੀ ਕਹਾਣੀ ਤੇ ਪਟਕਥਾ ਲਿਖਣ ਦਾ ਸ਼ਰਫ਼ ਵੀ ਹਾਸਿਲ ਕਰ ਚੁੱਕਾ ਹੈ। 'ਜੱਟ ਐਂਡ ਜੂਲੀਅਟ-3' ਦਾ ਸੰਗੀਤ ਜਾਨੀ ਨੇ ਤਿਆਰ ਕੀਤਾ ਹੈ ਤੇ ਪਹਿਲੀਆਂ ਦੋ ਫ਼ਿਲਮਾਂ ਵਾਂਗ ਇਸ ਫ਼ਿਲਮ ਦੇ ਮੁੱਖ ਗੀਤ ਵੀ ਦਿਲਜੀਤ ਨੇ ਹੀ ਗਾਏ ਹਨ ਜਿਨ੍ਹਾਂ ਵਿਚੋਂ 'ਹਾਏ ਜੂਲੀਅਟ' ਨਾਮਕ ਗੀਤ ਤਾਂ ਫ਼ਿਲਮ ਦੀ ਰਿਲੀਜ਼ ਤੋਂ ਪਹਿਲਾਂ ਹੀ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਆਸ ਕੀਤੀ ਜਾ ਰਹੀ ਹੈ ਕਿ ਆਪਣੇ ਪਹਿਲੇ ਦੋ ਭਾਗਾਂ ਦੀ ਤਰ੍ਹਾਂ ਇਹ ਫ਼ਿਲਮ ਵੀ ਦੇਸ਼-ਵਿਦੇਸ਼ 'ਚ ਬੈਠੇ ਪੰਜਾਬੀ ਸਿਨੇਮਾ ਪ੍ਰੇਮੀਆਂ ਦਾ ਭਰਪੂਰ ਮਨੋਰੰਜਨ ਕਰੇਗੀ ਤੇ ਇਕ ਸਫ਼ਲ ਫ਼ਿਲਮ ਸਾਬਿਤ ਹੋਵੇਗੀ।

# ਪੰਜਾਬੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦਾ ਟਰੇਲਰ ਜਾਰੀ

**○ ਯੋਗਰਾਜ ਸਿੰਘ ਤੇ ਹੋਰ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ**

ਵਿਨੀਪੈਗ-ਦਾਵਤ ਰੈਸਟੋਰੈਂਟ ਐਂਡ ਤਨਵੀਰ ਜਗਪਾਲ ਦੇ ਉਦਮ ਨਵੀਂ ਬਣੀ ਪੰਜਾਬੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦਾ ਪਹਿਲਾ ਮੂਵੀ ਟਰੇਲਰ ਇੱਥੇ ਫੇਅਰ ਮਾਊਂਟ ਹੋਟਲ ਵਿੱਚ ਜਾਰੀ ਕੀਤਾ ਗਿਆ। ਇਸ ਮੌਕੇ ਫ਼ਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਯੋਗਰਾਜ ਸਿੰਘ ਤੇ ਹੋਰ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ।




ਇਸ ਮੌਕੇ ਉਨ੍ਹਾਂ ਲੋਕਾਂ ਨੂੰ ਪਰਿਵਾਰਾਂ ਸਣੇ ਫ਼ਿਲਮ ਵੇਖਣ ਦੀ ਅਪੀਲ ਕੀਤੀ। ਇਹ ਫ਼ਿਲਮ 12 ਜੁਲਾਈ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਰਿਦਮ ਬੁਆਏਜ਼ ਵੱਲੋਂ ਕੈਨੇਡਾ ਵਿੱਚ ਡਿਸਟਰੀਬਿਊਟ ਕੀਤੀ ਜਾਣ ਵਾਲੀ ਇਸ ਫ਼ਿਲਮ ਦੇ ਲੇਖਕ, ਨਿਰਦੇਸ਼ਕ ਤੇ ਪ੍ਰੋਡਿਊਸਰ ਤਰਨਵੀਰ ਸਿੰਘ ਜਗਪਾਲ ਹਨ।

ਫ਼ਿਲਮ ਵਿੱਚ ਮੁੱਖ ਭੂਮਿਕਾ ਯੋਗਰਾਜ ਸਿੰਘ, ਸਰਬਜੀਤ ਚੀਮਾ, ਮੋਨਿਕਾ ਗਿੱਲ, ਕਿੰਮੀ ਵਰਮਾ, ਈਸ਼ਾ ਰਿੱਕੀ, ਹਰਜ ਨਾਗਰੀ, ਗੁਰਨਾਜ ਕੌਰ, ਹਾਰਵੀ ਸੰਘਾ, ਕਮਲਜੀਤ ਨੀਰੂ ਤੇ ਬਲਜਿੰਦਰ ਅਟਵਾਲ ਨੇ ਨਿਭਾਈ ਹੈ। ਫ਼ਿਲਮ ਦੇ ਗੀਤ ਵੀਤ ਬਲਜੀਤ ਨੇ ਲਿਖੇ ਹਨ। ਮਿਊਜ਼ਿਕ ਜਸਕੀਰਤ ਸਿੰਘ ਦਾ ਹੈ। ਫ਼ਿਲਮ ਦਾ ਟਰੇਲਰ ਜਾਰੀ ਕਰਨ ਮੌਕੇ ਹਾਜ਼ਰ ਲੋਕਾਂ ਦਾ ਸੁਨੀਲ ਸ਼ਰਮਾ ਵੱਲੋਂ ਧੰਨਵਾਦ ਕੀਤਾ ਗਿਆ।

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ ।

# ਸ਼ਹੀਦੀ ਫੁੱਟਬਾਲ ਟੂਰਨਾਮੈਂਟ 2024



## ਡਰਬੀ ਸਪੋਰਟਸ ਕਮੇਟੀ ਵੱਲੋਂ ਸਮੂਹ ਗੁਰੂ ਘਰਾਂ ਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਰੇਸ ਕੋਰਸ ਪਲੇਇੰਗ ਫੀਲਡਜ਼ (ਗਰਾਊਂਡਾਂ) ਵਿੱਚ



AT LEISURE UNITED, RACECOURSE PLAYING FIELDS, ST. MARKS ROAD, DERBY, DE21 6AL

## 6, 7 ਜੁਲਾਈ 2024 ਸ਼ਨਿੱਚਰਵਾਰ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

ਇਸ ਸਾਲ ਦਾ ਸ਼ਹੀਦੀ ਟੂਰਨਾਮੈਂਟ ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਦੇਸ਼ ਵਾਸੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਉਹਨਾਂ ਦੇ ਮਨਾਂ ਅੰਦਰ ਸੀ, ਆਓ ਉਹਨਾਂ ਦੇਸ਼ ਭਗਤ ਸੂਰਬੀਰਾਂ ਨੂੰ ਯਾਦ ਕਰਦੇ ਹੋਏ, ਉਹਨਾਂ ਦੇ ਸੁਪਨੇ ਸਾਕਾਰ ਕਰਨ ਦਾ ਯਤਨ ਕਰੀਏ ।

ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫੁੱਟਬਾਲ ਟੂਰਨਾਮੈਂਟ ਬੜੀ ਧੂਮ ਧਾਮ ਤੇ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ । ਇਸ ਟੂਰਨਾਮੈਂਟ ਵਿੱਚ ਇੰਗਲੈਂਡ ਭਰ ਦੇ ਵੱਖ ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 34 ਦੇ ਲੱਗਭੱਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਟੀਮਾਂ ਭਾਗ ਲੈ ਰਹੀਆਂ ਹਨ ।

**ਟੂਰਨਾਮੈਂਟ ਦੌਰਾਨ ਗੁਰੂ ਘਰਾਂ ਵੱਲੋਂ ਖਿਡਾਰੀਆਂ ਅਤੇ ਦਰਸ਼ਕਾਂ ਲਈ ਖੁੱਲੇ ਲੰਗਰ ਵਰਤਾਏ ਜਾਣਗੇ ।**



ਸ਼ਹੀਦ ਕਰਤਾਰ ਸਿੰਘ ਸਰਾਭਾ,



ਸ਼ਹੀਦ ਭਗਤ ਸਿੰਘ,



ਸ਼ਹੀਦ ਊਧਮ ਸਿੰਘ ਸੁਨਾਮ

## ਡਰਬੀ ਫੁੱਟਬਾਲ ਟੂਰਨਾਮੈਂਟ ਤੇ ਲੜਕੀਆਂ ਦੀਆਂ ਫੁੱਟਬਾਲ ਟੀਮਾਂ ਵੀ ਭਾਗ ਲੈ ਰਹੀਆਂ ਹਨ

ਨੋਟ:- * ਇਸ ਟੂਰਨਾਮੈਂਟ ਵਿਚ ਆਪਣੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਬੀਬੀਆਂ ਭੈਣਾਂ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਵੀ ਦਰਸ਼ਕਾਂ ਵਜੋਂ ਸ਼ਾਮਿਲ ਹੁੰਦੇ ਹਨ, ਇਸ ਲਈ ਗਰਾਊਂਡਾਂ ਵਿੱਚ ਕੋਈ ਵੀ ਨਸ਼ਾ, ਸ਼ਰਾਬ ਅਤੇ ਮੀਟ ਆਦਿ ਲਿਆਉਣ ਅਤੇ ਵਰਤਣ ਦੀ ਸਖ਼ਤ ਮਨਾਹੀ ਹੈ ।

## ਡਰਬੀ ਸਪੋਰਟਸ ਕਮੇਟੀ ਬੋਰਡ ਦੇ ਮੈਂਬਰ ਹੇਠ ਲਿਖੇ ਅਨੁਸਾਰ ਹਨ:

ਸੁਖਦੇਵ ਸਿੰਘ ਅਟਵਾਲ (ਸੋਖਾ ਉਦੋਪੁਰ)
ਬਲਬੀਰ ਸਿੰਘ ਸੰਧੂ
ਤਾਰੀ ਬਿਧੀਪੁਰੀਆ ਜੌਹਲ
ਜਸਵੰਤ ਸਿੰਘ ਰਾਏ
ਦਵਿੰਦਰ ਸਿੰਘ ਭੁੱਲਰ,
ਜੋਗਾ ਸਿੰਘ ਨਾਗਰਾ,
ਨਰਿੰਦਰ ਸ਼ਰਮਾ,
ਸੰਤੋਖ ਸਿੰਘ ਸੰਘੇੜਾ,
ਮੇਜਰ ਸਿੰਘ ਖੱਖ,
ਜਸਪਾਲ ਸਿੰਘ ਨੰਨੂਆ,
ਚਰਨਜੀਤ ਸਿੰਘ ਜੌਹਲ,

ਪਰਮਜੀਤ ਸਿੰਘ ਔਜਲਾ
ਰੇਸ਼ਮ ਸਿੰਘ ਚੌਹਾਨ,
ਲਹਿੰਬਰ ਸਿੰਘ,
ਬਲਦੇਵ ਸਿੰਘ ਪੂਨੀ,
ਅਮਰੀਕ ਸਿੰਘ ਧਾਮੀ
ਜਸਵਿੰਦਰ ਸਿੰਘ ਰੰਢਮ,
ਗੁਰਮੇਜ ਸਿੰਘ ਗੇਜੀ
ਜੋਗਾ ਸਿੰਘ ਜੌਹਲ
ਤਜਿੰਦਰ ਸਿੰਘ ਅਟਵਾਲ
ਰੇਸ਼ਮ ਸਿੰਘ ਜੌਹਲ
ਮੇਜਰ ਸਿੰਘ ਸੰਧੂ
ਬਲਵੰਤ ਸਿੰਘ ਸੰਧੂ

ਸੋਹਣ ਸਿੰਘ ਸੋਹਣੀ
ਹਰਜਿੰਦਰ ਸਿੰਘ ਸੰਧਰ ਬੋਈ
ਕੁਲਵਿੰਦਰ ਸਿੰਘ ਛੋਕਰ
ਮਨਜੀਤ ਸਿੰਘ ਮਾਨ
ਗੁਰਦੇਵ ਸਿੰਘ ਜੌਹਲ,
ਅਜੀਤ ਸਿੰਘ ਲਿੱਦੜ
ਗੁਰਵਿੰਦਰ ਸਿੰਘ ਜ਼ੱਫਰਵਾਲ
ਪੌਲ ਘੁੰਮਣ
ਰਸ਼ਪਾਲ ਸਿੰਘ
ਜੋਗਿੰਦਰ ਸਿੰਘ ਬਾਠ
ਰਣਜੀਤ ਸਿੰਘ ਸ਼ੇਰਗਿੱਲ
ਬਲਬੀਰ ਸਿੰਘ ਸਮਰਾ
ਗੁਰਪਾਲ ਸਿੰਘ ਮੰਡੇਰ




**ਵਧੇਰੇ ਜਾਣਕਾਰੀ ਲਈ ਸੰਪਰਕ:** ਕੁਲਵੰਤ ਸਿੰਘ ਕੂਨਰ: 07872 694277, ਬਿੱਕਰ ਸਿੰਘ ਚਾਹਲ: 07813 640720, ਜੱਸਾ ਲੇਹਲ – 07980 627030, ਰਸ਼ਪਾਲ ਸਿੰਘ ਸੰਧੂ: 07890 335034, ਪੋਲੀ ਟੈਂਕ – 07973 699 130

**ਬੇਨਤੀ ਕਰਤਾ – ਡਰਬੀ ਸਪੋਰਟਸ ਕਮੇਟੀ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ, ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ**

**ਜਾਰੀ ਕਰਤਾ – ਨਛੱਤਰ ਸਿੰਘ ਛੋਕਰ, ਪ੍ਰਮਜੀਤ ਸਿੰਘ ਚੀਮਾ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ**

Sponsored By - Guru Arjan Dev Gurdwara, Sri Guru Singh Sabha Gurdwara, Indian Community Centre, Derby Sports Committee, Hindu Temple, Shiromani Akali Dal UK (Derby), Pak Food Store Derby.

# ਅੰਮ੍ਰਿਤਪਾਲ ਸਿੰਘ ਮਗਰੋਂ ਪ੍ਰਧਾਨ ਮੰਤਰੀ ਬਾਜੇਕੇ ਸਣੇ ਤਿੰਨ ਸਾਥੀ ਚੋਣ ਲੜਨਗੇ




ਅੰਮ੍ਰਿਤਸਰ-ਪੰਜਾਬ ਵਿੱਚ 10 ਜੁਲਾਈ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣ ਜਾ ਰਹੀਆਂ ਹਨ। ਆਉਣ ਵਾਲੇ ਦਿਨਾਂ ਵਿੱਚ ਪੰਜਾਬ ਅੰਦਰ ਚਾਰ ਹੋਰ ਵਿਧਾਨ ਸਭਾ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਵਿਧਾਨ ਸਭਾ ਹਲਕਿਆਂ ਤੋਂ ਐੱਨਐਸਏ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਵੱਲੋਂ ਚੋਣ ਲੜਣ ਦੀ ਸੰਭਾਵਨਾ ਹੈ।

## ਕਿੱਥੇ-ਕਿੱਥੇ ਹੋਣਗੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ ?

ਪੰਜਾਬ ਦੇ ਚਾਰ ਮੌਜੂਦਾ ਵਿਧਾਇਕ ਇਸ ਵਾਰ ਲੋਕ ਸਭਾ ਮੈਂਬਰ ਚੁਣੇ ਗਏ ਹਨ ਅਤੇ ਇੱਕ ਆਮ ਆਦਮੀ ਪਾਰਟੀ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅਗੁਰਾਲ ਦੇ ਭਾਜਪਾ ਵਿੱਚ ਜਾਣ ਕਰਕੇ ਦਿੱਤੇ ਅਸਤੀਫ਼ੇ ਕਾਰਨ ਖਾਲੀ ਹੋਈ।

ਡੇਰ੍ਹਾ ਬਾਬਾ ਨਾਨਕ ਤੋਂ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਵਿਧਾਇਕ ਸਨ। ਉਹ ਲੋਕ ਸਭਾ ਮੈਂਬਰ ਚੁਣੇ ਗਏ ਹਨ।

ਗਿੱਦੜਬਾਹਾ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਧਾਇਕ ਸਨ। ਉਹ ਲੋਕ ਸਭਾ ਮੈਂਬਰ ਚੁਣੇ ਗਏ ਹਨ।

ਬਰਨਾਲਾ ਤੋਂ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵਿਧਾਇਕ ਸਨ। ਉਹ ਲੋਕ ਸਭਾ ਮੈਂਬਰ ਚੁਣੇ ਗਏ ਹਨ।

ਰਾਜਕੁਮਾਰ ਚੱਬੇਵਾਲ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਹੀ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਸਨ। ਉਹ ਵੀ ਲੋਕ ਸਭਾ ਲਈ ਚੁਣੇ ਗਏ ਹਨ। ਧਿਆਨਯੋਗ ਹੈ ਕਿ ਇਹ ਪੰਜੇ ਸੀਟਾਂ ਪੰਜਾਬ ਦੇ ਤਿੰਨਾਂ ਭੂਗੋਲਿਕ ਖੇਤਰਾਂ ਮਾਝਾ, ਮਾਲਵਾ ਅਤੇ ਦੁਆਬੇ ਵਿੱਚ ਪੈਂਦੀਆਂ ਹਨ।

ਇਨ੍ਹਾਂ ਸੀਟਾਂ ਵਿੱਚੋਂ ਤਿੰਨ ਸੀਟਾਂ ਉੱਤੇ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੇ ਚੋਣ ਲੜਨ ਦੇ ਐਲਾਨ ਕੀਤੇ ਹਨ।

ਬਰਨਾਲਾ ਵਿਧਾਨ ਸਭਾ ਹਲਕੇ ਤੋਂ ਕੁਲਵੰਤ ਸਿੰਘ ਰਾਊਕੇ ਜ਼ਿਮਨੀ ਚੋਣ ਲੜਨ ਦਾ ਐਲਾਨ ਕੀਤਾ ਹੈ।

ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਜ਼ਿਮਨੀ ਚੋਣ ਲੜਨਗੇ।

ਡੇਰ੍ਹਾ ਬਾਬਾ ਨਾਨਕ ਵਿਧਾਨ ਸਭਾ ਸੀਟ ਤੋਂ ਦਲਜੀਤ ਸਿੰਘ ਕਲਸੀ ਜ਼ਿਮਨੀ ਚੋਣ ਮੈਦਾਨ ਵਿੱਚ ਨਿੱਤਰਨ ਦਾ ਐਲਾਨ ਕੀਤਾ ਹੈ।

## ਕੌਣ ਹਨ ਕੁਲਵੰਤ ਸਿੰਘ ਰਾਊਕੇ ?

38 ਸਾਲਾ ਕੁਲਵੰਤ ਸਿੰਘ ਰਾਊਕੇ ਮੋਗਾ ਜ਼ਿਲ੍ਹੇ ਦੇ ਪਿੰਡ ਰਾਊਕੇ ਕਲਾਂ ਦੇ ਰਹਿਣ ਵਾਲੇ ਹਨ। ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚ ਨਜ਼ਰਬੰਦ ਸਾਥੀਆਂ ਵਿੱਚੋਂ ਉਹ ਇਕੋ-ਇਕ ਸਰਕਾਰੀ ਮੁਲਾਜ਼ਮ ਹਨ ਉਹ ਗ੍ਰਿਫਤਾਰੀ ਸਮੇਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ ਕਲਰਕ ਸਨ। ਰਾਊਕੇ ਦਾ ਪਰਿਵਾਰਕ ਪਿਛੋਕੜ ਵੀ ਖਾਲਿਸਤਾਨੀ ਸਿੱਖ ਸੰਘਰਸ਼ ਨਾਲ ਜੁੜਿਆ ਹੋਇਆ ਸੀ।

ਉਨ੍ਹਾਂ ਦੇ ਪਿਤਾ ਨੂੰ ਵੀ 1987 ਵਿੱਚ ਐੱਨਐੱਸਏ ਤਹਿਤ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ। ਉਹ ਕੁਝ ਸਮਾਂ ਪਿੰਡ ਰਾਊਕੇ ਦੇ ਸਰਪੰਚ ਵੀ ਰਹੇ ਕੁਲਵੰਤ ਸਿੰਘ ਰਾਊਕੇ ਦੇ ਪਿਤਾ ਚੜ੍ਹਤ ਸਿੰਘ ਨੂੰ ਪੰਜਾਬ ਦੇ ਖਾੜਕੂਵਾਦ ਦੇ ਸਮੇਂ ਦੌਰਾਨ 25 ਮਾਰਚ 1993 ਨੂੰ ਪੁਲਿਸ ਘਰੋਂ ਚੁੱਕ ਕੇ ਲੈ ਗਈ ਸੀ ਅਤੇ ਅੱਜ ਤੱਕ ਉਨ੍ਹਾਂ ਬਾਰੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਮਿਲੀ ਹੈ।

## ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਕੌਣ ਹੈ ?

ਜ਼ਿਲ੍ਹਾ ਮੋਗਾ ਦੇ ਪਿੰਡ ਧਰਮਕੋਟ ਨੇੜਲੇ ਪਿੰਡ ਬਾਜੇਕੇ ਦੇ ਵਸਨੀਕ ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਅੰਮ੍ਰਿਤਪਾਲ ਸਿੰਘ ਨਾਲ ਜੁੜਣ ਤੋਂ ਪਹਿਲਾਂ ਸ਼ੋਸ਼ਲ ਮੀਡੀਆ ਉੱਪਰ ਸਰਗਰਮ ਸੀ। ਉਹ ਅਕਸਰ ਮਜ਼ਾਕੀਆ ਲਹਿਜੇ ਵਿੱਚ ਸ਼ੋਸ਼ਲ ਮੀਡੀਆ ਉੱਪਰ ਲਾਈਵ ਹੋ ਜਾਂਦੇ ਸਨ। ਅੰਮ੍ਰਿਤਪਾਲ ਸਿੰਘ ਦੀ ਸੰਸਥਾ ਨਾਲ ਜੁੜਨ ਤੋਂ ਬਾਅਦ ਉਨ੍ਹਾਂ ਵਿੱਚ ਕਾਫੀ ਬਦਲਾਅ ਨਜ਼ਰ ਆਇਆ।

18 ਮਾਰਚ 2024 ਨੂੰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ। ਭਗਵੰਤ ਸਿੰਘ ਬਾਜੇਕੇ ਆਪਣੀ ਗ੍ਰਿਫਤਾਰੀ ਸਮੇਂ ਵੀ ਫੇਸਬੁੱਕ ਉੱਪਰ ਲਾਈਵ ਹੋ ਗਏ। ਉਨ੍ਹਾਂ ਦੀ ਗ੍ਰਿਫਤਾਰੀ ਸਮੇਂ ਦਾ ਵੀਡੀਓ ਕਲਿਪ ਵੀ ਕਾਫੀ ਵਾਇਰਲ ਹੋਇਆ ਸੀ। ਭਗਵੰਤ ਸਿੰਘ ਬਾਜੇਕੇ ਨੇ ਅੱਠਵੀਂ ਤੱਕ ਪੜ੍ਹਾਈ ਕੀਤੀ ਹੋਈ ਹੈ। ਉਨ੍ਹਾਂ ਦੇ ਪਰਿਵਾਰ ਕੋਲ 3 ਏਕੜ ਦੇ ਕਰੀਬ ਜ਼ਮੀਨ ਹੈ ਜਿਸ ਉੱਪਰ ਇਨ੍ਹਾਂ ਦਾ ਪਰਿਵਾਰ ਖੇਤੀ ਕਰਦਾ ਹੈ।

## ਦਲਜੀਤ ਸਿੰਘ ਕਲਸੀ ਕੌਣ ਹਨ ?

ਦਲਜੀਤ ਸਿੰਘ ਕਲਸੀ ਇੱਕ ਫ਼ਿਲਮ ਅਦਾਕਾਰ ਹਨ ਜਿਨ੍ਹਾਂ ਨੇ ਵੱਖ-ਵੱਖ ਪੰਜਾਬੀ ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਉਹ ਮਰਹੂਮ ਅਦਾਕਾਰ ਦੀਪ ਸਿੱਧੂ ਦੇ ਸਭ ਤੋਂ ਨਜ਼ਦੀਕੀ ਸਾਥੀ ਰਹੇ ਹਨ।

ਦੀਪ ਦੀ ਮੌਤ ਤੋਂ ਬਾਅਦ ਉਸਦੇ ਬਹੁਤ ਸਾਰੇ ਦੋਸਤ ਉਨ੍ਹਾਂ ਦੇ ਭਰਾ ਮਨਦੀਪ ਸਿੰਘ ਦੇ ਨਾਲ ਚਲੇ ਗਏ ਪਰ ਕਲਸੀ ਅੰਮ੍ਰਿਤਪਾਲ ਸਿੰਘ ਦੇ ਨਾਲ ਖੜੇ ਰਹੇ। ਉਹਨਾਂ ਨੇ ਅੰਮ੍ਰਿਤਪਾਲ ਸਿੰਘ ਦੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਵਜੋਂ ਨਿਯੁਕਤੀ ਦਾ ਸਮਰਥਨ ਕੀਤਾ ਸੀ।

ਕਲਸੀ ਨੂੰ ਪੰਜਾਬ ਪੁਲਿਸ ਨੇ ਐੱਨਐਸਏ ਐਕਟ ਅਧੀਨ ਗ੍ਰਿਫ਼ਤਾਰ ਕਰਕੇ ਅਸਾਮ ਜੇਲ੍ਹ ਭੇਜ ਦਿੱਤਾ ਸੀ। ਪੁਲਿਸ ਸੂਤਰਾਂ ਨੇ ਦੱਸਿਆ ਕਿ ਉਹ 'ਵਾਰਿਸ ਪੰਜਾਬ ਦੇ' ਸੰਸਥਾ ਨੂੰ ਵਿੱਤੀ ਸਹਾਇਤਾ ਮੁਹਈਆ ਕਰਵਾਉਣ ਕਰਕੇ ਜਾਂਚ ਅਧੀਨ ਹਨ। ਉਸਨੇ 2017 ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ 'ਸਰਦਾਰ ਸਾਬ' ਵਿੱਚ ਮੁੱਖ ਭੂਮਿਕਾ ਨਿਭਾਈ ਸੀ।

ਪੁਲਿਸ ਸੂਤਰਾਂ ਨੇ ਦੱਸਿਆ ਸੀ ਗ੍ਰਿਫ਼ਤਾਰੀ ਸਮੇਂ ਕਲਸੀ ਗੁੜਗਾਉਂ ਵਿੱਚ ਰਹਿ ਰਹੇ ਸਨ। ਆਪਣੇ ਫੇਸਬੁੱਕ ਪ੍ਰੋਫਾਈਲ ਵਿੱਚ ਕਲਸੀ ਨੇ ਦੱਸਿਆ ਸੀ ਕਿ ਉਹ ਆਲ ਟਾਈਮ ਮੂਵੀਜ਼ ਪ੍ਰਾਈਵੇਟ ਲਿਮਟਿਡ ਨਾਮ ਦੀ ਕੰਪਨੀ ਦੇ ਡਾਇਰੈਕਟਰ ਹੈ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹੇ ਹਨ।ਉਨ੍ਹਾਂ ਨੇ ਫੇਸਬੁੱਕ ਉਪਰ ਲਿਖਿਆ ਹੈ ਕਿ ਉਹ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ।

## ਬਰਨਾਲਾ ਖਬੇ ਪਖੀਆਂ ਦਾ ਗੜ੍ਹ ਅਤੇ ਗਿੱਦੜਬਾਹਾ ਦੀ ਕੀ ਸਥਿਤੀ ਹੈ ?

ਬਰਨਾਲਾ ਵਿਧਾਨ ਸਭਾ ਹਲਕੇ ਦੀ ਸਥਿਤੀ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਵੱਖਰੀ ਹੈ। ਜਿਵੇਂ ਖਡੂਰ ਸਾਹਿਬ ਸੀਟ ਪੰਥਕ ਸੀਟ ਮੰਨੀ ਜਾਂਦੀ ਹੈ ਉਸੇ ਤਰ੍ਹਾਂ ਬਰਨਾਲਾ ਖੇਤਰ ਖੱਬੇ ਪੱਖੀ ਜਥੇਬੰਦੀਆਂ ਦਾ ਗੜ੍ਹ ਮੰਨਿਆਂ ਜਾਂਦਾ ਹੈ। ਬਰਨਾਲਾ, ਸੰਗਰੂਰ ਸੀਟਾਂ ਨੂੰ ਆਮ ਆਦਮੀ ਪਾਰਟੀ ਵੀ ਆਪਣਾ ਅਧਾਰ ਮੰਨਦੀ ਹੈ। ਸਾਲ 2017 ਤੋਂ ਹਰ ਚੋਣ ਵਿੱਚ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਜਿੱਤਦੀ ਆ ਰਹੀ ਹੈ। ਲੋਕ ਸਭਾ ਚੋਣਾਂ ਦੌਰਾਨ ਸਿਮਰਨਜੀਤ ਸਿੰਘ ਮਾਨ ਇਸ ਸੀਟ ਤੋਂ ਪਿੱਛੇ ਰਹੇ ਹਨ।

ਗਿੱਦੜਬਾਹਾ ਸੀਟ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਕੋਲ ਰਹੀ ਹੈ।

ਸਾਲ 1995 ਤੋਂ 2007 ਤੱਕ ਇਸ ਹਲਕੇ ਦੀ ਨੁਮਾਇੰਦਗੀ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਵਜੋਂ ਮਨਪ੍ਰੀਤ ਸਿੰਘ ਬਾਦਲ ਕਰਦੇ ਰਹੇ ਹਨ ਜਦਕਿ 2012 ਤੋਂ ਇਸ ਸੀਟ ਤੋਂ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜਿੱਤਦੇ ਰਹੇ ਹਨ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਰਾਜਾ ਵੜਿੰਗ ਦੇ ਲੋਕ ਸਭਾ ਮੈਂਬਰ ਬਣ ਜਾਣ ਕਾਰਨ ਇਹ ਸੀਟ ਖਾਲੀ ਹੋਈ ਹੈ।

## ਕੀ ਕਹਿੰਦੇ ਹਨ ਸਿਆਸੀ ਮਾਹਿਰ ?

ਪੰਜਾਬ ਦੇ ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖਾਲਸਾ ਦੀ ਲੋਕ ਸਭਾ ਚੋਣਾਂ ਵਿੱਚ ਜਿੱਤ ਤੋਂ ਬਾਅਦ ਗਰਮਸੁਰ ਵਾਲੀਆਂ ਪੰਥਕ ਜਥੇਬੰਦੀਆਂ ਨੂੰ ਲੱਗਦਾ ਹੈ ਕਿ ਇਹ ਅਕਾਲੀ ਦਲ ਦੀ ਖੁਸੀ ਸਿਆਸੀ ਜ਼ਮੀਨ ਉੱਤੇ ਪੈਰ ਜਮਾ ਸਕਣਗੇ। ਡਾਕਟਰ ਜਗਰੂਪ ਸਿੰਘ ਸੇਖੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਕਹਿੰਦੇ ਹਨ, "ਲੋਕ ਸਭਾ ਚੋਣਾਂ ਵਿੱਚ ਅਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਦੀ ਜਿੱਤ ਇੱਕ ਖਾਸ ਸਥਿਤੀ ਦੀ ਉਪਜ ਸੀ। ਇਸ ਤਰ੍ਹਾਂ ਦਾ ਮੂਮੈਂਟਮ ਵਾਰ-ਵਾਰ ਨਹੀਂ ਹੁੰਦਾ ਹੈ।"

ਉਨ੍ਹਾਂ ਨੇ ਕਿਹਾ, "ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਸਮੇਂ ਰਾਜਨੀਤਕ ਸੰਕਟ ਦੇ ਨਾਲ-ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ ਪਰ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਅਕਾਲੀ ਦਲ ਦਾ ਬਦਲ ਨਹੀਂ ਬਣ ਸਕਦੇ ਹਨ।"

ਡਾਕਟਰ ਜਗਰੂਪ ਸਿੰਘ ਸੇਖੋਂ ਨੇ ਆਉਣ ਵਾਲੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੇ ਪੱਖ ਵਿੱਚ ਸਿਆਸੀ ਮਹੌਲ ਬਨਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ।

ੴ ਸਤਿਗੁਰ ਪ੍ਰਸਾਦਿ ॥

# Gurdwara Sahib Woolwich, London

# ਗੁਰਦੁਆਰਾ ਸਾਹਿਬ ਵੂਲਿਚ ਲੰਡਨ

## ਗ੍ਰੀਨਿਚ ਸਿੱਖ ਐਸੋਸੀਏਸ਼ਨ

1 Calderwood Street Woolwich, London SE18 6QW - (Registered Charity No. 280961)

# (A.G.M.) - ਸਾਲਾਨਾ ਜਨਰਲ ਮੀਟਿੰਗ 20 ਜੁਲਾਈ 2024 ਨੂੰ

### ਗੁਰਦੁਆਰਾ ਸਾਹਿਬ ਵੂਲਿਚ ਦੇ ਲਾਈਫ ਮੈਂਬਰਾਂ ਲਈ ਸੂਚਨਾ

ਗੁਰਦੁਆਰਾ ਸਾਹਿਬ ਵੂਲਿਚ ਦੇ ਲਾਈਫ ਮੈਂਬਰਾਂ ਦੀ ਸਾਲਾਨਾ ਜਨਰਲ ਮੀਟਿੰਗ ਜੋ ਕਿ ਸ਼ਨਿੱਚਰਵਾਰ 20 ਜੁਲਾਈ 2024 ਨੂੰ ਦੁਪਹਿਰ 2:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਹੋ ਰਹੀ ਹੈ ਬਾਰੇ ਸੂਚਿਤ ਕੀਤਾ ਜਾਂਦਾ। ਤੁਹਾਨੂੰ ਇਸ ਮੀਟਿੰਗ ਵਿੱਚ ਸ਼ਾਮਿਲ ਹੋਣ ਅਤੇ ਉਸਾਰੂ ਯੋਗਦਾਨ ਪਾਉਣ ਲਈ ਸੱਦਾ ਦਿੱਤਾ ਜਾਂਦਾ ਹੈ। ਮੈਂਬਰਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕਿਸੇ ਖਾਸ ਮੁੱਦੇ ਬਾਰੇ ਗੱਲਬਾਤ ਕਰਨੀ ਹੈ ਤਾਂ ਸੈਕਟਰੀ ਨੂੰ ਸੂਚਿਤ ਕਰਨ। ਏ.ਜੀ.ਐਮ ਨੂੰ ਯੂ-ਟਿਊਬ ਚੈਨਲ 'ਤੇ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ-

**ਏਜੰਡਾ :-**

1. ਪ੍ਰਧਾਨ ਵੱਲੋਂ ਮੈਂਬਰਾਂ ਦਾ ਸਵਾਗਤ ਤੇ ਵਿਚਾਰ
2. ਜਨਰਲ ਸਕੱਤਰ ਦੀ ਰਿਪੋਰਟ
3. ਖਜ਼ਾਨਚੀ ਦੀ ਰਿਪੋਰਟ
4. 17 ਅਗਸਤ 2024 ਦੀਆਂ ਚੋਣਾ ਲਈ ਸਮਾਂ-ਸਾਰਣੀ ਦਾ ਐਲਾਨ ਕਰੋ
5. ਕੋਈ ਹੋਰ ਮੁੱਦਾ

---

To: Gurdwara Sahib Woolwich Life Members 24th June 2024

# NOTICE of ANNUAL GENERAL MEETING

## on 20th July 2024

This is to inform you that the Annual General Meeting of the members of Gurdwara Sahib Woolwich is to be held on Saturday 20th July 2024 from 2.00 pm to 3.00 pm. You are invited to attend this meeting and make a positive contribution. Members are humbly requested to inform of any issues they wish to raise. The AGM will be broadcasted live on YouTube channel Gurdwara Sahib Woolwich - YouTube.

**Agenda:**

1. President's welcoming report
2. General Secretary's report
3. Treasurer's report
4. Announce timetable for 17th August 2024 election
5. A.O.B.

*Note:- Members are required to bring their ID cards.*

Gurpal Singh Hundal - (General Secretary) Manjit Singh Birak/Gurmukh Singh- (Joint Secretary)

**ਨੋਟ:- ਮੈਂਬਰਾਂ ਲਈ ਸ਼ਨਾਖਤੀ ਕਾਰਡ ਲੈ ਕੇ ਆਉਣਾ ਜ਼ਰੂਰੀ ਹੈ ।**

# GURDWARA SAHIB WOOLWICH

1 Calderwood Street, Woolwich, London SE18 6QW

Tel: 020 8854 4233

# ਪੇੜ ਛੋੜ ਡਾਲੀ ਲਗੇ ਕਿਉਂ ਪਾਵੇ ਛਾਈ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਅਸੀਂ ਸਿੱਖ ਅੱਜ ਇਸ ਧਾਰਾ ਵਿੱਚ ਆ ਗਏ ਨਿੱਤ-ਨੇਮ, ਭਜਨ-ਬੰਦਗੀ, ਤੜਕੇ ਜਾਗਣ, ਪੰਜ ਬਾਣੀਆਂ ਅੰਮ੍ਰਿਤ ਸ਼ਕਣਾ ਨਿੱਜੀ ਜੀਵਨ ਲਈ ਗਾਡੀ ਰਾਹ ਹਨ ਜੇਕਰ ਇਸ ਸਾਰੇ ਅਮਲ ਦਾ ਆਤਮਾਂ ਤੇ ਧਰਮ, ਰਹਿਮ ਅਤੇ ਸ਼ੁਭ ਅਮਲਾਂ ਦਾ ਵਾਸਾ ਨਹੀਂ ਤਾਂ ਸਭ ਬੇਕਾਰ ਹੋਣਗੇ। ਮਨੁੱਖ ਨੂੰ ਰਚਨਾਂ, ਭਿੰਨਤਾ, ਅੱਡਰੀ ਪ੍ਰਭੂ ਨੇ ਤਾਂ ਹੀ ਘੜੀ ਸੀ ਸੰਸਾਰ 'ਤੇ ਆਇਆ ਸਫਲ ਕੋਈ ਚੰਗੇਰਾ ਕਾਰਜ ਕਰ ਜਾਵੇ, ਦੇਖੋ ਕਿਵੇਂ ਆਪੋ ਧਾਪੀ ਆਹ ਇਕ ਬੰਦੇ ਨੇ ਅੰਮ੍ਰਿਤ ਛਕਣ ਦਾ ਜਥਾ ਬਣਾ ਲਿਆ, ਨਾਲ ਨੌਜਵਾਨ ਖੜਾ ਕਰ ਲਿਆ ਜੇਕਰ ਮੈਂ ਪੁਰਾਤਨ ਰਹੁ-ਰੀਤ ਯਾਦ ਕਰਾਵਾਂ ਕਿ ਜਿੰਨੀ ਦੇਰ ਅਵਸਥਾ, ਸੋਝੀ ਪ੍ਰਣ ਕਰਨ ਦੇ ਯੋਗ ਨਹੀਂ ਸੀ ਹੁੰਦੀ ਅੰਮ੍ਰਿਤ ਸ਼ਕਾਉਂਦੇ ਹੀ ਨਹੀਂ ਸਨ, ਹੁਣ ਇਹ ਈਸਾਈ ਮੱਤ ਦੀ ਰੀਸ ਸਾਰਾ ਸਮਾਂ ਵਪਾਰ ਹੀ ਬਣਾ ਲਿਆ, ਹੁਣ ਈਸਾਈ ਸਾਡੀਆਂ ਰੀਤਾਂ ਅਤੇ ਬੋਲੀ ਭਾਸ਼ਾ ਸੁਣਿਆ ਕਿ ਪੰਜਾਬੀ ਵਾਹਿਗੁਰੂ, ਸੰਗਤ-ਪੰਗਤ ਹੋਰ ਭੀ ਕਈ ਬੁਨਿਆਦੀ ਰੀਤਾਂ ਦਾ ਪ੍ਰਯੋਗ ਕਰਨ ਲੱਗ ਪਏ, ਆਪਣੇ ਕਿਤਾਬਚਿਆਂ ਵਿੱਚ ਛਾਪਦੇ ਨੇ ਹੁਣ ਕੁਝ ਪੰਜਾਬ ਦੇ ਨੌਜਵਾਨ ਇਸ ਗੱਲ 'ਤੇ ਝਗੜਾ ਪਾ ਕੇ ਸ਼੍ਰੋਮਣੀ ਕਮੇਟੀ ਨੂੰ ਉਲਝਾਉਣਗੇ ਦੰਗੇ ਕਰਨਗੇ, ਉਧਰ ਹਿਮਾਚਲ ਨਾਲ ਯੁੱਧ ਲਾ ਰਹੇ ਨੇ ਜੀ ਕੰਗਣਾ ਦੀ ਭੈੜੀ ਬੋਲੀ ਕਰਕੇ ਸਾਡੇ ਬੰਦੇ ਕੁੱਟੇ ਜਾ ਰਹੇ ਹਨ ਡਰਾਈਵਰਾਂ ਦਾ ਝਮੇਲਾ, ਗੱਲ ਕੋਈ ਹੋਰ ਹੁੰਦੀ ਹੈ ਕਹਾਣੀ ਹੋਰ ਕਾਂਗਰਸ ਦਾ ਨਜਲਾ ਸਾਰੇ ਦਾ ਸਾਰਾ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਇਨ੍ਹਾਂ ਪਰਚੰਡਾ ਵਿੱਚ ਪਾਉ ਧਰਮ ਕਰਮ ਦੀ ਕੋਈ ਕਸਵੱਟੀ ਹੈ ਨਹੀਂ (ਗੁਰੂ ਨਾਨਕ ਦੇਵ) ਦਾ ਤਾਂ ਨਉਂ ਵਰਤਦੇ ਨੇ, ਲੰਗਰ ਦੀ ਪ੍ਰਥਾ ਸਾਨੂੰ ਸਹਾਈ ਹੈ ਬਹੁਤ ਵਰ੍ਹੇ ਹੋਏ ਹਿੰਮਤ ਸਿੰਘ ਪ੍ਰਧਾਨ ਸੀ, ਮੈਂ ਗੱਲ ਤੋਰ ਲੀ ਕਿ ਗੁਰੂ, ਪੀਰ, ਭਗਤ ਸਭ ਦੂਜੇ ਫਿਰਕਿਆਂ ਦੇ ਹਨ, ਜੱਟਾਂ ਦਾ ਕੋਈ ਭੀ ਨਹੀਂ, ਧੰਨਾ ਭਗਤ ਦਾ ਰਾਜਸਥਾਨ ਤੋਂ ਸੀ ਫੇਰ ਅਸੀਂ ਸਾਰਾ ਸਮਾਂ ਅੱਗੇ ਹੋ ਹੋ ਲੜ ਮਰਦੇ ਹਾਂ, ਉਹ ਹੱਸ ਕੇ ਕਹਿੰਦਾ, ਦੇਖ ਲੈ ਫੇਰ ਆਪਾਂ ਸਭ ਸਾਂਭ ਲਏ, ਮੈਂ ਕਿਹਾ ਬੱਸ ਆਹੀ ਝੰਡੀ ਹੈ ਮਨੁੱਖੀ ਫਿਤਰਤ ਤਾਂ ਪੁਰਾਣੇ ਵੇਲੇ ਭੀ ਇਹੀ ਸੀ, ਦੰਗੇ ਤੇ ਸਾੜਾ ਈਰਖਾ ਕਰਕੇ ਗੱਦੀਆਂ ਪਿੱਛੇ ਲੜਾਈ, ਪੁੱਤ ਭੀ ਪਰ੍ਹਾਂ ਜੋਰ ਨਾਲ ਆਪਣੇ ਪ੍ਰਵਾਰ, ਨਾਤੇ ਅੱਗੇ ਕੀਤੇ ਇਤਿਹਾਸ ਹੈ।

**ਭੈੜੀ ਤੀਮੀ ਨਾਲੋਂ ਰੰਡਾ ਚੰਗਾ, ਭੀੜੀ ਜੁੱਤੀ ਤੋਂ ਨੰਗਾ ਚੰਗਾ।** ਸਿੱਖ ਬਹੁਤ ਭਾਰੀ ਗਿਣਤੀ ਵਿੱਚ ਵਿਦੇਸ਼ੀ ਵੱਸ ਗਏ ਪਰ ਕੌਮ ਤਾਂ ਮਾਨਤਾ ਹੈ ਪਰ ਧਰਮ ਦਾ ਮੰਡੀਕਰਨ ਹੋ ਗਿਆ ਨਾ ਕੋਈ ਸਰਕਾਰ ਕਮਲ੍ਹੀ ਹੁੰਦੀ ਹੈ ਨਾ ਦੂਜੇ ਧਰਮ ਨਹਿਸ ਹੈ, ਸਾਨੂੰ ਸਭ ਸਮਝਦੇ ਨੇ ਕਿ ਆਹ ਗੁਰੂ ਘਰ ਧਾਰਮਿਕ ਨਹੀਂ ਸਿਆਸੀ ਹਨ ਇਥੋਂ ਹੀ ਇਹ ਸਭ ਸਿਆਸਤਾਂ ਚਲਾਉਂਦੇ ਨੇ, ਆਰ. ਐਸ. ਐਸ. ਵਾਂਗੂੰ ਪੰਜਾਬ ਵਿੱਚ ਸ਼੍ਰੋਮਣੀ ਕਮੇਟੀ ਨੂੰ ਭੀ ਦੁਬੱਲੀ ਜਾਂਦੇ ਨੇ ਉਹ ਭੀ ਕਿਸਾਨ ਅੰਦੋਲਨ ਵਿੱਚ ਹੁਣ ਅੰਮ੍ਰਿਤਪਾਲ ਦੀ ਵਹੀਰ ਵੇਲੇ ਸ਼੍ਰੋਮਣੀ ਕਮੇਟੀ ਤੇ ਕੁਝ ਟਕਸਾਲਾਂ ਨੇ ਆਪਣੇ ਵੱਲੋਂ ਭਗਵੰਤ ਮਾਨ ਨੂੰ ਠਿੱਬੀ ਲਾਉਣੀ ਤੇ ਜੀ ਅੰਮ੍ਰਿਤ ਛਕਾ ਹੋ ਰਿਹਾ ਹੈ, ਸਭ ਪਤਾ ਸੀ ਕਿ ਇਹ ਸਾਡੇ ਭੀ ਜੜ੍ਹੀ ਬੈਠਦਾ ਹੈ ਕਿ ਫੇਰ ਤੁਸੀਂ ਕੀ ਛੱਲੀਆਂ ਚਬਦੇ ਸੀ ਜੇ ਅੰਮ੍ਰਿਤ ਤੇ ਨਸ਼ਾ ਤਾਂ ਉਹ ਆਹ ਅਹਾਤ ਅਛੂਤ ਕਰਕੇ ਭੈਰਮੀ ਚੱਕ ਕੇ ਢਕਵੰਜ ਕਰਦਾ ਹੈ, ਗੁਰੂ ਘਰਾਂ ਤੋਂ ਘੱਟ ਹਿੰਮਤ ਵਾਲੇ ਕੁਰਸੀਆਂ ਤੋਂ ਕਿਵੇਂ ਬਹਿਣਗੇ ਹੈ ਤਾਂ ਸਾਰੇ ਧਰਮਾਂ ਦਾ ਇਹੀ ਹਾਲ, ਰੀਸਾਂ ਹੀ ਨੇ, ਤਾਂ ਹੀ ਰੱਬ ਕਰੋਪ ਹੈ। ਜਿਹੜੇ ਧਰਮ ਨੂੰ ਮੰਨਦੇ ਹੀ ਨਹੀਂ ਸਨ ਉਹ ਕਿਵੇਂ ਵਾਹਿਗੁਰੂ ਜੀ ਫਤਹਿ ਦੱਸੋ ਇਹ ਟਿੱਚਰਾਂ ਨੇ ਭੀ ਕਾਂਗਰਸ ਤੇ ਆਪ ਕੋਲ ਆਪਣਾ ਕੋਈ ਨਾਅਰਾ ਨਹੀਂ ਰਲਗੱਡ ਕਰਕੇ ਹੀ ਧਰਮ ਸੰਸਥਾਵਾਂ ਨੂੰ ਥੱਲੇ ਸਿੱਟਣਗੇ, ਇਹ ਮੁੰਡੇ ਤਾਂ ਛਿੰਗੜੀਆਂ ਛੇੜ ਪਰਾਂ ਖੱਖਰ 'ਤੇ ਢੀਮ ਮਾਰਨੀ ਸੌਖੀ ਪਰ ਜਦੋਂ ਭਰਿੰਡਾਂ ਮੂੰਹ ਸੁਜਾ ਦੇਣ ਤਾਂ ਪਤਾ ਲੱਗਦਾ, ਪਰ ਹੁਣ ਇਹ ਹਿਮਾਚਲੀਆਂ ਨਾਲ ਜਾਣ ਬੁੱਝ ਕੇ ਪੰਗੇ ਖੜ੍ਹੇ ਕਰਦੇ ਨੇ, ਕੀ ਹੈ ਗੀ ਹਿੰਮਤ ਧਾਵੇ ਦੀ? ਪੰਜਾਬ ਤਾਂ ਜਿਮੇ ਹੁਣ ਖੇਡ ਮਦਾਨ ਬਣ ਗਿਆ, ਸਾਡੇ ਵਰਗੇ ਪ੍ਰਾਪਰਟੀਆਂ ਤੋਂ ਭੀ ਔਖੇ ਹੋਏ ਪਏ ਨੇ ਨਾ ਕੋਈ ਵਿਕਰੀ ਨਾ ਕੋਈ ਹਾਲ੍ਹੇ ਮਾਮਲੇ ਦੀਆਂ ਭੀ ਦਿੱਕਤਾਂ ਬੜੇ ਦੁਖੀ ਹੋਏ ਪਏ ਆਂ ਪਰ ਉਥੇ ਤਾਂ ਲੋਕੀ ਜਿਮੇ ਤਮਾਸ਼ੇ ਕਰਦੇ ਨੇ ਆਹ ਦੇਖੋ ਭਗਵੰਤ ਮਾਨ ਜਲੰਧਰ ਦੀ ਜਿਮਨੀ ਚੋਣ ਜਾ ਕੇ ਕੋਈ ਕਿਰਾਏ 'ਤੇ ਦੋ ਦਿਨ ਡਾਕਟਰਨੀ ਤੇ ਬੱਚੀ ਭੀ ਨਾਲ ਵੋਟਾਂ ਮੰਗਣ ਅਖੇ (**ਸਾਡੀ ਜਾਨੂੰ ਨੂੰ ਆਣ ਕੇ ਕੀਲ ਬੈਠਾ, ਟੂਣੇ ਹਾਰਿਆਂ ਵੇ ਕੇਹਾ ਖਤ ਪਾਇਆ**) ਚਰਨਜੀਤ ਚੰਨੀ ਨੇ ਕਾਂਗਰਸ ਦਾ ਡੰਕਾ ਬਜਾ ਕੇ ਵਖਤ ਪਾ ਤਾ ਆਪ ਨੂੰ, ਭਾਜਪਾ ਤਾਂ ਚਲੋ ਸੰਤਰੀ ਹੈ ਅਕਾਲੀ ਦਲ ਤਾਂ ਸੁਰਖਰੂ ਹੋ ਗਿਆ, ਉਧਰ ਅੰਮ੍ਰਿਤਪਾਲ ਦਾ ਬੰਦਾ ਪ੍ਰਧਾਨ ਮੰਤਰੀ ਬਾਜੇਕੇ ਦਾ ਮੁੰਡਾ ਕਹਿੰਦਾ ਮੇਰਾ ਪਿਤਾ ਭੀ ਲੜੂ ਭਾਵੇਂ ਸਿਹਤ ਤਾਂ ਕਹਿੰਦਾ ਠੀਕ ਨੀ ਰਹਿੰਦੀ, **ਬੋਲੀ ਆਹ ਲੈ ਨੱਤੀਆਂ ਘੜਾ ਲੈ ਪਿੱਪਲ ਪੱਤੀਆਂ ਕਿਸੇ ਕੋਲ ਗੱਲ ਨਾਂ ਕਰੀਂ** ਪੈਰਾ ਕਿਥੋਂ ਥਾਪੜਾ ਕੀਹਦਾ, ਪਾਪੜ ਵੇਲਣ ਹੈ।

**ਰੋਟੀ ਖਾ ਜਾ ਵੇ ਘਰਾਠਾਂ ਵਾਲਿਆ ਇੰਦਰਾ ਮੈਂ ਤਾਂ ਤੇਰਾ ਨਉ ਨੀ ਜਾਣਦੀ,** ਨਾਲੇ ਇੰਦਰਾ ਪਤੰਦਰਾ ਦੱਸਦੀ ਨਾਲੇ ਕਹਿੰਦੀ ਨਉਂ ਨੀ ਜਾਣਦੀ, ਪੰਜਾਬ ਭੜਦੋਹਲ ਚੋਣਾਂ ਲੜਨਾ ਧਰਨੇ ਤੇ ਬਾਰਡਰ ਘੇਰੋ, ਜੜ ਤਾਂ ਕਾਂਗਰਸ ਟਰੇਡ ਯੂਨੀਅਨਾਂ ਨੇ ਲਾਈ, ਹਾਲੇ ਭੀ ਪੱਕੀ ਕਲੋਨੀ ਭਾਵੇਂ ਹਰਿਆਣੇ ਦੇ ਬਾਰਡਰਾਂ 'ਤੇ ਹੀ ਹੈ ਦਿੱਲੀ ਤਾਂ ਦੂਰ ਹੀ ਰੱਖੀ ਫੇਰ ਆਗੇ ਇੰਨਸਾਫੀਏ, ਵਹੀਰਾਂ ਵਾਲਾ ਲੈ ਆਏ ਚੱਕ ਤੇ ਫੱਟੇ, ਆਖਿਰ ਚੋਣਾਂ ਲੜੋ ਕੌਣ ਪਿੱਛੇ ਕਿਤੇ ਦੇਸ਼ ਦੀ ਸੂਬੇ ਦੀ ਖੁਫੀਆ ਏਜੰਸੀ ਜਾਣਦੀ ਨਹੀਂ ਪਰ ਦੋਨਾਂ ਕੇਂਦਰ ਦੀਆਂ ਰਾਜਸੀ ਤੇ ਸੱਤਾ ਧਾਰੀ ਖੁਸ਼ ਨੇ ਕਿ ਹੁਣ ਅਕਾਲੀ ਦਲ ਨੇ ਹੀ ਸਾਡੇ ਨਾਲ ਭਿੜਨਾ ਸੀ, ਢਾਅ ਲਏ ਅੱਗੋਂ ਦੂਜਿਆਂ ਦੀ ਵਾਰੀ, ਅਕਾਲੀ ਬਗਾਵਤ ਸੰਕਟ ਤੇ ਘੱਟੀ, ਲਿਖਦੀ ਜਾਵਾਂ **ਬਿਜਲੀ ਘਰ ਦੇ ਖੰਭੇ ਤੋਂ ਤਾਰ ਟੁੱਟ ਜਾਵੇ ਤਾਂ ਲਾਟੂ ਤਾਂ ਕੀ ਦੀਵਾ ਭੀ ਨਹੀਂ ਜਗਦਾ, ਹਾਂ ਤਾਰ ਵਿੱਚ ਕਰੰਟ ਨਾਲ ਮੌਤਾਂ ਜਰੂਰ ਹੋ ਜਾਂਦੀਆਂ ਹਨ,** ਪਰ ਰੋਸ਼ਨੀ ਕਦੀ ਨਹੀਂ, ਪਹਿਲੇ ਅਕਾਲੀ ਬਗਾਵਤੀਆਂ ਕਿਥੇ, ਢੀਂਡਸਾ ਅੱਡ ਬਣਾ ਕੇ ਫੇਰ ਮੁੜਿਆ, ਸ਼ੱਕ ਨਹੀਂ ਕਿ ਸੁਖਬੀਰ ਸਿੰਘ ਬਾਦਲ ਦੀ ਭੁੱਲ ਸੀ ਪੈਰੀ ਪੈਣਾ ਚਾਚਾ ਜੀ ਸਰਪ੍ਰਸਤੀ ਸਾਂਭੋ ਦਿਖਾ ਤਾਂ ਰੰਗ ਹੁਣ ਦੇ ਬਾਗੀ, ਕੇਵਲ ਤੇ ਕੇਵਲ ਗੁਰਪ੍ਰਤਾਪ ਸਿੰਘ ਵਡਾਲਾ ਤੇ ਰੱਖੜਾ ਹੀ ਅਕਾਲੀ ਦਲ ਵਿੱਚੋਂ ਹਨ, ਚੰਦੂਮਾਜਰਾ ਬੀਬੀ ਤਾਂ ਪਹਿਲਾਂ ਹੀ ਕਹਿੰਦੇ ਸੀ ਕਿ ਸੁਖਬੀਰ ਸਾਨੂੰ ਮੱਥਾ ਟੇਕੇ ਤੇ ਬੀਬੀ ਤਾਂ ਪ੍ਰਧਾਨਗੀ ਤੋਂ ਥੱਲੇ ਉੱਤਰੂ ਨਹੀਂ ਚੰਦੂਮਾਜਰਾ ਤਾਂ ਘੜੀ ਕਿਹੜੀ ਦਿੱਲੀ ਜਾਵਾਂ, ਦੱਸੋ ਕਿਹੜਾ ਨਵਾਂ ਹੈ ਜੋ ਬਗਾਵਤੀ, ਅਫਸੋਸ ਵਡਾਲੇ 'ਤੇ ਹੈ ਕਿ ਚੰਗੀ ਭੱਲ ਸੀ ਗੁੰਮ **ਜਦੋਂ ਮੁੰਗਲੀ ਪੁਰਾਣੀ ਹੋਜੇ ਤਾਂ ਸੱਟ ਘੱਟ ਲੱਗਦੀ ਪਰ ਰੱਬ ਦੀ ਸੱਟ ਬੜੀ ਭਾਰੀ,** ਭਾਜਪਾ ਨੂੰ ਭੀ ਤਾਪ ਚੜ੍ਹਿਆ ਪਿਆ ਕਿ ਅਕਾਲੀ ਫਟਣ ਪਰ ਪਤਾ ਨਹੀਂ ਹੁੰਦਾ (**ਹੱਸਦਿਆਂ ਰਾਤ ਲੰਘੇ ਪਤਾ ਨੀ ਸਵੇਰ ਦਾ**) **ਅੱਡੀਆਂ ਨੀ ਚੱਕੀ ਦੀਆਂ,** ਉਧਰ ਕਾਂਗਰਸ ਹਾਰ ਗਈ ਤਾਂ ਤਰਲੋ ਮੱਛੀ ਹੋਈ ਫਿਰਦੀ ਹੈ, ਪੰਜਾਬ ਵਿੱਚ ਸਿੱਖ ਹਿੱਤ ਤਾਂ ਹੈ ਨਹੀਂ ਜੋ ਸਮਝਣ ਕਿ ਕਿਹੜੀ ਕੀਤੀ ਸੀ ਇਹਨੇ, ਸਗੋਂ ਆਹ ਕਿਸਾਨ ਇਨ੍ਹਾਂ ਦੀਆਂ ਸਰਗਰਮੀਆਂ ਹਨ ਵੈਰੀ ਅਕਾਲੀ ਦਲ ਦੇ ਨੇ ਜਦੋਂ ਸਾੜ੍ਹ ਸਤੀ ਨੇ ਮਾਰੇ, ਪ੍ਰਭੂ ਨੇ ਭੀ ਨਿਕਾਰਨੇ ਨੇ ਲੁਟਕਣਗੇ।

ਕਾਂਗਰਸ ਝੁਰਮਟ ਪਾ ਕੇ ਹੀ ਟਿਕਗੀ, ਸਪੀਕਰ ਉਮ ਬਿਰਲਾ ਧੁਸਕ ਮੁਸਕ ਕੁਰਸੀ 'ਤੇ ਹਾਲੇ ਇਸ ਵਾਰ ਮੋਦੀ-ਗੋਦੀ ਗਰਮ ਰਹੂ ਜੇਕਰ ਕੋਈ ਮਹਾਂਮਾਰੀ ਨਾ ਆ ਜਾਵੇ **ਮਾਰ ਜੂ ਸਰਾਫ, ਬਾਬੇ ਗੱਲ੍ਹ ਟੱਲ ਪਾ ਦਿਉ ਵੇਹੜੇ ਵੜਦਾ ਖਬਰ ਨੀ ਕਰਦਾ,** ਕਥਾ ਆਪਣੇ ਦੇਸ਼ ਦੀ ਸਰਕਾਰ ਦੀ ਕਰੀਏ ਘੜਤਾਂ, ਅਜ਼ਾਦ ਅਖ਼ਬਾਰ ਦੀ ਸੁਣੋ ਉਹਨੇ ਖੁਲਾਸਾ ਕੀਤਾ ਕਿ ਕਰੋਨੇ ਵੇਲੇ ਜੋ ਬੋਰਿਸ ਜੋਹਨਸਨ ਦੀਆਂ ਕੰਜਸੋਆਂ ਤੇ ਘਤਿਤਾਂ ਸਨ ਉਹ ਲੇਬਰ ਦੀ ਸਮਰਥੱਕ ਸੂ ਗਰੇਅ ਜੋ ਮਗਰੋਂ ਲੇਬਰ ਵਿੱਚ ਵੜੀ ਨੇ ਮੁਸੀਬਤਾਂ ਪਾਈਆਂ, ਮੈਂ ਕਦੋਂ ਦੀ ਆਖ ਰਹੀ ਹਾਂ ਕਿ ਇਹ ਸਭ ਸਿਆਸੀ ਪਾੜੇ ਨੇ ਸਰਕਾਰਾਂ ਡੇਗਣ ਦੇ, ਇਹ ਕੋਈ ਇਕ ਦੇਸ਼ ਦੀ ਕਹਾਣੀ ਨਹੀਂ, ਮਕਾਰੀਆਂ ਸਭ ਥਾਈਂ ਸਰਬ ਵਿਆਪੀ ਨੇ ਅਜ਼ਾਦ ਘੜਨ ਦੀਆਂ ਦੌੜਾਂ ਇਥੇ ਭੀ ਨੇ ਪਤਾ ਨਹੀਂ ਕੀ ਲਾਭ ? ਲੱਗਦਾ ਮਾਨਸਿਕਤਾ ਅਰੋਗ ਨਹੀਂ, ਪਰ ਪੰਜਾਬ ਵਿੱਚ ਤਾਂ ਗਰੀਬੀ ਕਰਕੇ ਆਹ ਚਾਰਾ ਵੱਢਣੇ ਕਿਵੇਂ ਪ੍ਰਧਾਨ-ਮੰਤਰੀ ਕਿਥੋਂ ਖਰਚਣਗੇ ਚਲੋ ਅੰਮ੍ਰਿਤਪਾਲ ਤਾਂ ਭਾਵੇਂ ਦਿਖਾ ਤਾ ਗਰੀਬ ਹੀ ਪਰ ਸੀ ਤਾਂ ਦੁੱਬਈ ਤੋਂ, ਸ਼ਹੀਦ ਬੇਅੰਤ ਸਿੰਘ ਦਾ ਪੁੱਤਰ ਆਖਰੀ ਸਮੇਂ 'ਤੇ ਖੜਿਆ ਹੁਣ ਆਹ ਬਾਜੇਖਾਨਾ (ਬਾਜੇਖਾਨਾ ਤਾਂ ਖਿਡਾਰੀ ਤੇ ਧੜੱਲੇਦਾਰ ਨੌਜਵਾਨ ਸੀ ਮੌਤ ਬੇਵਕਤੀ) ਇਹ ਹੁਣ ਪਿੰਡ ਦੀ ਘੱਟ ਖਾਂਦਾ ਹੈ ਖੇਤ ਵਿੱਚ ਰੌਲ੍ਹਾ ਪਾਉਂਦਾ ਸੀ, ਉਏ ਔਹ ਆਗੀ ਪੁਲਸ ਮੇਰੇ ਮਗਰ ਦੁਹਾਈ ਪਾ ਰਿਹਾ ਸੀ, ਹੁਣ ਸਿਆਸੀ ਯਾਨੀ ਪੰਜਾਬ ਨੂੰ ਉਜਾੜ ਕੇ ਸਾਹ ਲੈਣਗੇ, ਲੈਣਾ ਦੇਸ਼ ਮਾਂਹ ਵਾਦੀ ਭੀ ਸੁਆਦੀ ਭੀ, ਗੰਧਕ **ਦਵਾਈ ਵਿੱਚ ਬਹੁਤੀ ਪੈਜੇ ਤਾਂ ਜਾਨ ਲੇਵਾ,** ਸੋਸ਼ਲ ਮੀਡੀਆ ਭੀ ਆਹੀ ਹੈ, ਸ਼ਰਾਬ ਰੰਮ ਤਾਂ ਜਾਂ ਕੋਈ ਬਰਾਂਡੀ ਦਾਰੂ ਬੂਟੀ ਭੀ ਹੈ ਦਵਾਈਆਂ ਵਿੱਚ ਨਸ਼ਾ ਪੈਂਦਾ ਹੈ ਪਰ ਪੀਣ ਖਾਣ ਨਾਲ ਕੀ ਵਾਪਰ ਰਿਹਾ ਹੈ, ਸਭ ਟੂਮੱਚ ਔਫ ਐਵਰੀਥਿੰਗ ਬੈਡ, ਬਹੁਤਾ ਤਾਂ ਅੰਨ ਭੀ ਅਫਰੇਮਾਂ ਕਰਦਾ ਹੈ, ਪਰ ਗੱਲ ਸਮਝਣ ਦੀ ਹੈ। **ਬੋਲੀ-ਮਾਪੇ ਤੈਨੂੰ ਘੱਟ ਰੋਣਗੇ ਬਹੁਤਾ ਰੋਣਗੇ ਦਿਲਾਂ ਦੇ ਜਾਨੀ,** ਡਿਬਰੂਗੜ੍ਹ ਵਿੱਚ ਬੰਦ ਕਿਉਂ, ਕਿਵੇਂ ਤੇ ਕੌਣ ਪੜਚੋਲ ਦਾ ਵਿਸ਼ਾ ਕੌਣ ਕੌਣ ਹਨ ਜੋ ਸਮਰਥੱਕ, ਭਾਈਚਾਰਕ ਤੇ ਜਿਨ੍ਹਾਂ ਨੇ ਖਾੜਾ ਲਾਇਆ ਤਾਂ ਰੌਲ੍ਹਾ ਪਊਣਗੇ ਹੀ ਕਿ ਰਿਹਾਅ ਕਰੋ, ਪਰ ਕਾਨੂੰਨ ਅਵਸਥਾ ਵਿੱਚ ਕੋਈ ਧਾਰਾ ਹੈ? ਹਾਂ ਕੇਸ ਜਰੂਰ ਕੋਰਟ ਜਾਣ ਮੌਕਾ ਦਿਉ ਪੱਖ ਰੱਖਣ ਦਾ, ਸਹੁੰ ਚੁੱਕਣ ਦਾ ਭੀ ਤਾਂ ਹੀ ਕੋਈ ਲਾਭ ਜੇ ਪਾਰਲੀਮੈਂਟ ਵਿੱਚ ਜਾ ਸਕੇ ਇਹ ਕਹਿਣਾ ਕਿ ਇਹ ਜਾਇਜ ਨਹੀਂ ਕੇਵਲ ਆਮ ਹਮਦਰਦੀ ਹੋ ਸਕਦੀ ਹੈ ਸਰਕਾਰ ਨੂੰ ਕੋਸਣ ਲਈ। ਚੌਦਾਂ ਸਾਲਾਂ ਮਗਰੋਂ ਵਿਕੀ ਲਿਕੀ ਅਸਾਨੀ ਹੁਣ ਜਾ ਕੇ ਛੱਡਿਆ ਹਾਲੇ ਇਹ ਦੇਸ਼ ਇਨਸਾਫੀ ਹੈ ਕਸੂਰ ਸੀ ਕਿ ਅਮਰੀਕਾ ਦੀ ਖੁਫੀਆ ਕਾਰਗੁਜ਼ਾਰੀ ਜਾਹਰ ਕਰਤੀ ਪਰ ਪੱਤਰਕਾਰ ਸੀ, ਆਪਣੀ ਕਲਮ ਨਾਲ ਖੇਡ ਤਾਂ ਖੈਰ, ਸਾਡਾ ਬਰਤਾਨਵੀ ਜੱਗੀ ਜੌਹਲ ਕਿੰਨੇ ਸਾਲ ਹੋ ਗਏ ਡੱਕੇ ਨੂੰ ਭਾਵੇਂ ਇਹ ਕਹਿਣਾ ਤਾਂ ਮੇਰੇ ਉਚਿਤ ਨਹੀਂ ਕਿ ਕੋਈ ਕਾਨੂੰਨ ਖਿਲਾਫੀ ਨਹੀਂ ਹੈ, ਪਰ ਸੁਣਵਾਈ ਤਾਂ ਨਹੀਂ, ਨਾਲੇ ਜਥੇਬੰਦੀਆਂ ਕਿੰਨੇ ਕੁ ਹੱਥਕੰਡੇ ਮਾਰਦੀਆਂ ਨੇ ਬੱਸ ਇਕ ਵਕੀਲ ਉਥੇ ਰੱਖਿਆ ਹੈ ਜਾ ਗੇੜੀ ਲਾ ਆਵੇ ਤੇ ਇਹ ਬੱਸ ਇੰਨਾ ਹੀ ਚਾਹੁੰਦੇ ਨੇ ਕੋਈ ਚੋਟੀ ਦਾ ਵਕੀਲ ਇਥੋਂ ਗਿਆ? ਦਾਲ ਫੁਲਕਾ ਚੱਲੀ ਜਾਵੇ ਇਹੀ ਹਾਲ ਸ਼ਹੀਦਾਂ ਦੀ ਕੇਵਲ 40 ਸਾਲੇ ਹੀ ਸ਼ਹੀਦ ਬਾਕੀ ਪਹਿਲਾਂ ਦੇ ਤਾਂ ਸੁਰਗਵਾਸ ਭੀ ਨੀ ਮਰੇ ਹੀ ਸੀ, ਇਕ ਬੀਬੀ ਨੇ ਚੈਨਲ ਦੇਖ ਰਹੀ ਸੀ ਫੂਨ ਕਰਕੇ ਕਹਿੰਦੀ ਕੀ ਪਹਿਲਾਂ ਜਿਨ੍ਹਾਂ ਕੁਰਬਾਨੀਆਂ ਕੀਤੀਆਂ ਬੰਦੇ ਨੀ ਸੀ ਇਹ ਸਾਰਾ ਸਮਾਂ ਭਿੰਡਰਾਂਵਾਲੇ ਦੇ ਨਾਲ ਦੇ ਹੀ ਸ਼ਹੀਦ ਮੰਨਦੇ ਨੀ ਕਹਿੰਦੀ ਸੱਚ ਦੱਸਾਂ ਸਗੋਂ ਲੋਕਾਂ ਦੀ ਹਮਦਰਦੀ ਨਹੀਂ ਰਹੀ ਉਹੀ ਬੰਦੇ ਹਰ ਥਾਂ ਹਰ ਚੈਨਲ 'ਤੇ ਇਨ੍ਹਾਂ ਨੂੰ ਸੰਗ ਨੀ ਲੱਗੀ ਇਹ ਤਾਂ ਬੰਦੇ ਪੂਜਦੇ ਨੇ ਲੋਕਾਂ ਨੂੰ ਆਹ ਨਾ ਕਰੋ ਆਹ ਨਾ ਕਰੋ ਪ੍ਰਚਾਰਕ ਭੀ ਪੈਸਾ ਦੇਖਕੇ ਬਹੁਤੇ ਉੱਚੀ ਰਾਗ ਕੱਢਦੇ ਨੇ, (*ਬਾਕੀ ਹਿਸਾ ਸਫਾ 47 ਤੇ ਪੜ੍ਹੋ*)

**46 ਸਫ਼ੇ ਦੀ ਬਾਕੀ**

ਇਥੇ ਦੀ ਸਰਕਾਰ ਇਨ੍ਹਾਂ ਨੂੰ ਆਉਣੋਂ ਰੋਕਦੀ ਨਹੀਂ ਸਾਡੇ ਦੇਸ਼ ਦੀ ਭੀ ਜੀਵਨ ਪ੍ਰਣਾਲੀ ਗੰਧਲੀ ਕਰੀ ਪਈ ਹੈ ਇੰਨਾ ਕੁਝ ਚਿੰਤਕ ਵਿਚਾਰ ਪੇਸ਼ ਕਰਨ ਦੀ ਖੁੱਲ੍ਹ ਲੈਂਦੀ ਹੋਈ ਅੰਕਤ ਕਰਦੀ ਹਾਂ ਕਿ ਧਰਮ ਇਸ ਵੇਲੇ ਮੁੱਢਲੀਆਂ ਲੀਹਾਂ ਦਾ ਤਾਂ ਹੈ ਨਹੀਂ, ਮੰਤਵ ਲਈ ਵਰਤਿਆ ਜਾ ਰਿਹਾ ਹੈ, ਦੋ ਮੁੱਦੇ ਇਕ ਤਾਂ ਅੰਮ੍ਰਿਤਪਾਲ:- ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸੱਤਾ ਵਿੱਚ ਸਥਿਰਤਾ ਰੱਖੇ ਨਾ ਕਿ ਇਕ ਜੋਰਾ ਜਰਬੀ ਧੜਾ ਬਣਾ ਕੇ ਜਾਤ-ਪਾਤ ਅਧਾਰਤ ਪੱਤੇ ਖੇਡੇ ਜੋ ਅੰਮ੍ਰਿਤਪਾਲ ਕਾਂਡ ਹੈ, ਕੌਣ ਕਹਿੰਦਾ ਹੈ ਕਿ ਭਗਵੰਤ ਮਾਨ ਵਿਤਕਰਾ ਕਰਦਾ ਹੈ ਡਾਤੀ ਮਾਰੋ ਕਿ ਵਹੀਰਾਂ ਤੋਂ ਲੈ ਕੇ ਕੀ ਕੀ ਪ੍ਰਚੰਡ ਨਹੀਂ ਕੀਤੇ, ਜੇਕਰ ਕੋਈ ਉਲੰਘਣਾ ਉਹਨੇ ਕੀਤੀ ਨਹੀਂ ਸੀ ਤਾਂ ਪੁਲਸ ਨੂੰ ਡਕਾਨੀ ਦੇ ਕੇ ਭੱਜਣਾ ਦੀ ਤਰ੍ਹਾਂ ਕਿਵੇਂ ਕੀ ਕੀ ਅਡੰਬਰ ਕੀਤੇ, ਆਖਿਰ ਜੀ ਮੈਂ ਤਾਂ ਰੋਡੇ ਪਿੰਡ ਗ੍ਰਿਫ਼ਤਾਰੀ ਦੇਊ ਤਿੰਨ ਦਿਨ ਗੁਰ-ਦੁਆਰੇ ਕਹਿੰਦੇ ਰਿਹਾ ਫੇਰ ਰੋਡੇ ਸਾਹਬ ਪਹੁੰਚੇ, ਦੋ ਕਾਂਗਰਸੀ ਕਾਰਕੁੰਨ ਆਏ ਪੁਲਸ ਖੜੀ ਉਡੀਕੇ ਡਰਾਮੇ ਨਾਲ ਪੁਲਸ ਕਾਰ ਵਿੱਚ ਬੈਠਾ, ਕੀ ਅਸੀਂ ਇਸ ਸਾਰੇ ਡਰਾਮੇ ਨੂੰ ਧਾਰਮਿਕ ਮੰਨਦੇ ਹਾਂ? ਹਵਾ ਨਾਲ ਛੱਜ ਨਾ ਲਾਵੋ ਸੁਹਿਰਦ ਸ਼ਹਿਰੀ ਤੇ ਸਿੱਖ ਬਣੋ, ਸਰਕਾਰ 'ਤੇ ਸਾਰਾ ਦੋਸ਼ ਨਾ ਮੜ੍ਹੋ ਕਾਨੂੰਨ ਭੀ ਮੰਨੋ, ਨਾ ਕਿ ਜੀ ਭਾਰੀ ਗਿਣਤੀ ਨਹੀਂ ਬਦਰੋਹ ਕਰੂੰਗੀ ਕੀ ਧਮਕੀ ਹੈ? ਹੋਰ ਸੁਣੋ ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ ਦੀਆਂ ਲਿਖਤਾਂ ਆਮ ਪੜ੍ਹੀਦੀਆਂ ਹਨ ਪਰ ਕਦੀ ਸੋਹਦੀ ਤੇ ਜਬਾਰਸੀ ਗੱਲ ਕਰਨ ਦੀ ਕਲਮ ਹੈ ਨਹੀਂ, ਛੋਟੀ ਕਥਾ ਕਹਿੰਦੇ ਜੀ ਖ਼ਾਲਸਾ ਉੱਚਾ ਕੀਤਾ ਸੀ ਦਸ਼ਮੇਸ਼ ਜੀ ਨੇ ਭਾਈ ਫੇਰ ਤਾਂ ਇਹ ਭੀ ਨਿਆਂ ਨਹੀਂ ਸੀ ਬਰਾਬਰ ਤਾਂ ਮੰਨੋ ਪਰ ਉੱਚਾ ਤਾਂ ਫੇਰ ਬ੍ਰਾਹਮਣ ਭੀ ਉੱਚੇ ਹੀ ਸਨ ਤਾਂ ਸ਼ਿਕਵਾ ਕੀ, ਹੁਣ ਖ਼ਾਲਸੇ ਬੱਸ ਇਹੀ ਆੜ ਜੀ ਅਸੀਂ ਉੱਚੇ ਹਾਂ ਇਹ ਮੰਨੂ ਸਿਮਰਤੀ ਦੀ ਕਾਪੀ ਹੈ ਰਾਜ ਭਾਗ ਫੇਰ ਐਨੇ ਸਾਲ ਹੋ ਗਏ ਬੰਦਾ ਬਹਾਦਰ ਮਗਰੋਂ ਤੁਸੀਂ ਕਿਹੜਾ ਰਾਜ ਲਿਆਂਦਾ ਬੰਦਾ ਸਿੰਘ ਨੇ ਭੀ ਸੂਬਾ ਸਰਹਿੰਦ ਬੜਾ ਵਿਸ਼ਾਲ ਘੇਰਾ (ਪੁਆਧ) ਸੀ ਪਰ ਸਾਰੇ ਪੰਜਾਬ ਵਿੱਚ ਦੱਸੋ ਕਿਥੇ ਰਾਜ ਸੀ, ਅੱਜ ਤਾਂ ਇਤਿਹਾਸ ਭੀ ਮਰਜ਼ੀ ਦਾ ਬਣਾਈ ਜਾਂਦੇ ਨੇ, ਸ਼ੇਰੇ ਪੰਜਾਬ ਰਾਜ ਭੀ ਅਫਗਾਨਿਸਤਾਨ, ਕਾਬਲ, ਕੰਧਾਰ, ਪਸ਼ਾਵਰ ਤੇ ਸਤਲੁੱਜ ਪਾਰ ਦੁਆਬੇ ਤੱਕ ਹੀ ਸੀਮਤ ਸੀ, ਸਾਰਾ ਅੱਜ ਦਾ ਪੰਜਾਬ ਨਹੀਂ ਕਿਉਂ ਅਕਲ ਦੇ ਜਨਾਜੇ ਕੱਢਦੇ ਹੋ ਗੁੰਮਰਾਹ ਕਰ ਕਰ ਲੋਕਾਂ ਨੂੰ ਕਿਉਂਕਿ ਪੰਜਾਬ ਵਿੱਚ ਜੱਟ ਬਰਾਦਰੀ ਦੀ ਗਿਣਤੀ ਘੱਟ ਗਈ ਤੇ ਉਹ ਬੁਗਦੂ ਬਣ ਗਏ ਸ਼੍ਰੋਮਣੀ ਅਕਾਲੀ ਦਲ ਵਿੱਚ ਕੁਰਬਾਨੀਆਂ ਤਾਂ ਪੇਂਡੂ ਜੱਟਾਂ ਦੀਆਂ ਬਹੁਤੀਆਂ ਸਨ ਮਾਸਟਰ ਸਿੰਘ ਮੋਰਚਾ ਉਦੋਂ ਲਉਂਦੇ ਸਨ ਜਦੋਂ ਜੱਟ ਜੇਲ੍ਹਾਂ ਭਰ ਸਕਣ, ਮੈਨੂੰ ਦੁੱਖ ਤੇ ਅਫਸੋਸ ਹੈ ਕਿ ਅੱਜ ਦੇ ਪ੍ਰੋਫ਼ੈਸਰ ਵਿੱਦਿਆਰਥੀਆਂ ਨੂੰ ਕੀ ਪੜ੍ਹਾ ਰਹੇ ਨੇ ਜਿਨ੍ਹਾਂ ਦੇ ਵਿਚਾਰ ਜਾਤ-ਅਧਾਰਤ ਹਨ, ਸਾਡੇ ਵੇਲੇ ਇਹ ਨਹੀਂ ਸੀ, ਮੈਂ ਭੀ ਗਿਆਰਵੀਂ ਚੌਧਵੀਂ ਜਮਾਤਾਂ ਪੜ੍ਹਾਈਆਂ ਪਰ ਕੇਵਲ ਮਜ਼ਬੂਨ ਤੱਕ ਹੀ ਸੀਮਤ ਹੁੰਦੇ ਸੀ, ਹੁਣ ਤਾਂ ਆਹ ਮਾਨ ਦਲ ਦਾ ਬਲਜਿੰਦਰ ਸਿੰਘ ਸਾਰਾ ਸਮਾਂ ਛਿੰਗੜੀ ਛੇੜੂ, ਗੁਰਤੇਜ ਸਿੰਘ ਦੀ ਸੁਣੋ ਅਕਾਲੀ ਦਲ ਦੀ ਕਮੇਟੀ ਦੀ ਲਿਸਟ ਹੀ ਬਣਾ ਧਰੀ, ਬਾਬਾ ਬੇਦੀ ਕਦੀ ਪੰਥ ਜਾਂ ਧਰਮ ਦੀ ਕੋਈ ਸਾਰਥਕ ਕਮਾਈ ਇਸ ਬੰਦੇ ਨੇ ਕੀਤੀ ਬੱਸ ਜੀ ਮੈਂ (ਗੁਰੂ ਨਾਨਕ ਦੇਵ) ਕੁਲ ਵਿੱਚੋਂ ਹਾਂ ਕੀਹਨੇ ਫਰੋਲ ਕੇ ਦੇਖਿਆ। ਮੇਰੀ ਤਾਂ ਬਹੁਤੀ ਰੁਚੀ ਨਹੀਂ ਸੀ ਹੁੰਦੀ ਪਰ ਢਚਿਆਂ ਨੇ ਰਾਤ ਨੂੰ ਪਿੰਡ ਵਿੱਚੋਂ ਲੋਕਾਂ ਨੂੰ ਸਵੇਰੇ ਟਰਾਲੀਆਂ 'ਤੇ ਮੋਰਚੇ 'ਤੇ ਜਾਣ ਲਈ ਤਿਆਰ ਕਰਨਾ, ਫੇਰ ਕਾਂਗਰਸੀਆਂ ਨੂੰ ਵੜਨ ਨਾ ਦੇਣਾ ਆ ਕੇ ਗੱਲਾਂ ਕਰਦੇ ਹੁੰਦੇ ਸਨ ਹੁਣ ਖ਼ਾਲਸੇ ਹੀ ਰਾਜ ਭਾਗ ਵਾਲੇ ਨੇ ਪੱਕੀ ਪਕਾਈ ਤੇ ਮੈਲ੍ਹ ਹੋਵੇ ਅਕਾਲੀ ਦਲ ਨੂੰ ਬੱਸ ਨਸੀਹਤਾਂ ਦੇਵੋ ਤੁਸੀਂ ਪੰਥਕ ਮੁੱਦੇ ਚੁੱਕੋ ਤੁਸੀਂ ਬਰਾਤ ਆਏ ਹੋ ਕਿਉਂ ਤੁਸੀਂ ਨਾ ਮੋਰਚੇ ਲਾ ਕੇ ਤਰੱਦਦ ਕਰੋ ਤੇ ਕਸ਼ਟ ਝੱਲੋ ਆਹ ਮੋਰਚੀਏ ਭੀ ਜੱਟ ਕਾਂਗਰਸੀ ਟਰੇਡ ਯੂਨੀਅਨਾਂ ਦੇ ਤੇ ਹਵਾਰਾ ਬਾਪੂ ਹੁਣ ਅੰਮ੍ਰਿਤਪਾਲ ਬਾਪੂ ਇਹ ਬਾਪੂ ਬਨਣ 'ਤੇ ਹੀ ਨੇ, ਇਨ੍ਹਾਂ ਨੇ ਅਕਾਲੀ ਦਲ ਦੀ ਪੱਟੀ ਮੇਸ ਕੀਤੀ ਹੈ, ਮੈਂ ਤਾਂ ਭਗਵੰਤ ਮਾਨ ਦੀ ਸਮਰਥੱਕ ਨਹੀਂ ਸੀ ਪਰ ਜੋ ਹੁਣ ਉਹਨੂੰ ਬਲੀ ਦਾ ਬਕਰਾ ਬਣਾ ਰਹੇ ਨੇ ਮੈਂ ਵਿਰੁੱਧ ਹਾਂ ਅਕਾਲੀ ਦਲ ਨੂੰ ਆਪਣਾ ਰੋਲ ਪਾਰਟੀ ਵਿੱਚ ਸਥਿਰਤਾ ਲਈ ਰੱਖਣਾ ਬਣਦਾ ਹੈ ਆਪੇ ਕਾਂਗਰਸ ਵਿਰੋਧੀ ਧਿਰ ਜਾਣੇ ਭਾਜਪਾ ਨੇ ਕਾਂਗਰਸ ਨਾਲੋਂ ਭੀ ਵੱਧ ਪੰਜਾਬ ਨੂੰ ਬੇਈ ਵਿੱਚ ਰੋੜਨ ਦੀਆਂ ਵਿਉਂਤਾਂ ਆਹ ਜੋ ਅਕਾਲੀ ਬਾਗੀ ਭੱਜੇ ਫਿਰਦੇ ਨੇ ਕਿ ਜਾਣ ਨੂੰ ਮੋਰ ਭਨਾ ਕੇ ਮੁੜਨਗੇ ਇਹ ਝਾਕ ਵਿੱਚ ਨੇ ਕਿ ਰਾਜ ਸਭਾ ਵਿੱਚ ਸੀਟ ਖਾਲੀ ਹੈ ਸ਼ਾਇਦ ਚੰਦੂਮਾਜਰਾ ਨੂੰ ਲੈ ਲੈਣ ਇਹਦੇ ਸਬੰਧ ਇਥੇ ਭਾਜਪਾ ਚੈਨਲ ਦੇ ਪ੍ਰੋਗਰਾਮੀ ਭਰਾਵਾਂ ਨਾਲ ਹਨ ਬੰਦਾ ਸੁਹਿਰਦ ਨਹੀਂ ਪਰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਬਾਹਰ ਹੋ ਕੇ ਘੜੀ ਦੀ ਘੜੀ ਸ਼ੋਹਰਤ ਮੁੜਕੇ ਪਿਛਲੇ ਸਮੇਂ ਦਾ ਇਤਿਹਾਸ ਫਰੋਲੋ ਹਾਲ? ਸੁਖਬੀਰ ਸਿੰਘ ਬਾਦਲ ਦਾ ਬਦਲ ਕਿਉਂ ਕੌਣ? ਬਾਦਲ ਸਾਹਬ ਦਾ ਨਉਂ ਸਾਰੇ ਦੇਸ਼ ਦੇ ਪੁਰਾਣੇ ਸਿਆਸੀਆਂ ਵਿੱਚ ਬੜਾ ਨਾਮਵਰ ਹੈ, ਮੋਦੀ ਸਾਹਬ ਆਪ ਹੀ ਸਟੇਟਸ ਮੈਨ-ਮੰਨਦੇ ਨੇ ਪਰ ਹੁਣ ਉਨ੍ਹਾਂ ਦੀਆਂ ਭੀ ਆਪਹੁਦਰੀਆਂ ਨੇ ਬਹੁਤੀ ਮਾਣ ਮੱਤੀ ਨੀ ਦੇਣੀ, ਟੀਸੀ 'ਤੇ ਚੜ੍ਹ ਕੇ ਡਿੱਗਣ ਦੀਆਂ ਭੀ ਸੰਭਾਵਨਾਮਾਂ ਹੁੰਦੀਆਂ ਨੇ, ਆਹ ਮੂਰਤਾਂ ਦੇਖੋ ਜੋ ਜਲੰਧਰ ਵਿੱਚ ਅਕਾਲੀ ਦਲ ਬਣਿਆ, ਛੋਟੇਪੁਰ ਕਦੋਂ ਦਾ ਵਿੱਚ ਸੀ, ਹੋਰ ਕਿਹੜੇ ਨੇ ਕੇਵਲ ਬਾਗੀ ਬਣਕੇ ਉਭਰਨ ਦੀ ਲਾਲਸਾ ਕੋਈ ਕੁਰਬਾਨੀ ਕਰਕੇ ਨਹੀਂ ਚਰਨਜੀਤ ਬਰਾੜ ਤਾਂ ਪਤਾ ਨਹੀਂ ਕਿਉਂ ਬੁਖਲਾ ਗਿਆ ਹੁਣ ਪੋਸਟਾਂ ਪਾਈ ਜਾ ਰਿਹਾ ਹੈ **ਗੱਡੀ ਖੁੰਝ ਗਈ ਵੀਰਾ ਹੁਣ ਤੁਰਕੇ ਹੀ ਚੱਲ, ਸੁਖਬੀਰ ਛੱਡ ਭੀ ਦੇਵੇ ਤੇਰੀ ਵਾਰੀ ਨੀ ਨਾ ਹੀ ਢੀਂਡਸਾ,** ਚੰਦੂਮਾਜਰਾ ਆਦਿ ਦੀ ਲੋਕੀ ਪਰਖ ਚੁੱਕੇ ਨੇ ਇਨ੍ਹਾਂ ਨੂੰ।

ਸਾਡਾ ਤਾਂ ਆਪਣਾ ਢਾਂਚਾ ਹੀ ਉਘੜ ਦੁਘੜ ਹੋਇਆ ਪਿਆ ਹੈ, ਪਤਾ ਨਹੀਂ ਕਿਹੜੀ ਸਰਕਾਰ ਕਿਹੜੀ ਆਵੇ, ਕੀ ਕੀ ਨੀਤੀਆਂ ਲਾਗੂ ਹੋਣ, ਪਹਿਲਾਂ ਤਾਂ ਕਿੰਨੇ ਵਰ੍ਹੇ ਤੋੜ-ਭੰਨ 'ਤੇ ਲਉਣਗੇ, ਲੋਕਾਂ ਦੇ ਪਾਸੇ ਸੇਕਣਗੇ ਆਪਣਾ ਤਕੀਆ ਤਕੜਾ ਕਰਨਗੇ ਫੇਰ ਦੇਸ਼ ਵੱਲ ਧਿਆਨ ਕਿਧਰੇ ਜਾ ਕੇ, ਇਕ ਚਿੰਤਕ ਵਿਸ਼ਾ ਭਾਵੇਂ ਮੈਂ ਪਹਿਲਾਂ ਹੀ ਅਗਾਹ ਕਰਦੀ ਰਹਿੰਦੀ ਹਾਂ ਕਿ ਅਤਿ ਚੁੱਕਣੀ ਚੰਗੀ ਨਹੀਂ ਹੁੰਦੀ, ਸੱਜੇ ਪੱਖੀ ਪਾਰਟੀ Reform ਰੀਫਾਰਮ ਕਿਸ਼ਤੀਆਂ ਦੀ ਆਮਦ 'ਤੇ ਕਹਿੰਦੀ ਉਥੇ ਹੀ ਢੇਰੀ ਕਰਾਂਗੇ ਤੇ ਸਾਡੇ ਕੁਝ ਵੀਰ ਭੜਕੇ ਭਾਈ ਤੁਸੀਂ ਹੋਰ ਦੇਖਦੇ ਜਾਇਉ ਚੁੱਪ ਬੈਠੀ ਵੱਸੋਂ ਵਿੱਚ ਭੀ ਵਿਦੇਸ਼ੀਆਂ ਦਾ ਦੇਸ਼ ਵਿੱਚ ਗਲ੍ਹਬਾ ਜੋ ਸਾਰਾ ਸਮਾਂ ਜੀ ਸਾਨੂੰ ਆਹ ਨੀ ਦਿੰਦੇ ਔਹ ਨੀ ਕਰਦੇ ਅਗਲੇ ਦੁਖੀ ਨੇ ਕਿਸੇ ਦਿਨ ਲਾਵਾ ਫੁੱਟਨਾ ਹੀ ਹੈ ਯੁਗਾਂਡਾ ਯਾਦ ਰੱਖੋ, ਪ੍ਰਧਾਨ-ਮੰਤਰੀ ਰਿਸ਼ੀ ਸੁਨਿਕ ਨੂੰ ਪਾਕੀ ਕਹਿਣਾ ਕੜੀ ਹੈ ਝੜੀ ਹੈ ਜੀਹਦੇ ਮਰਜ਼ੀ ਘਨੇੜੇ ਚੜ੍ਹੇ ਫਿਰੋ ਜਦੋਂ ਭੁੱਜੇ ਸਿੱਟਣੇ ਹਨ ਫੇਰਾ ਨੀ ਲੱਗਣਾ, ਤਾਜ਼ੀ ਖ਼ਬਰ ਸਾਡੇ ਭਾਈਚਾਰੇ ਦੀ, ਸ਼ਹੀਦ ਬੇਅੰਤ ਸਿੰਘ ਦਾ ਛੋਟਾ ਪੁੱਤਰ ਜਸਵਿੰਦਰ ਸਿੰਘ ਆਸਟ੍ਰੇਲੀਆ ਪੱਕਾ ਹੋ ਕੇ ਵੱਸਦਾ ਭਰਾ ਪੰਜਾਬ ਐੱਮ.ਪੀ. ਬਣਿਆ ਤਾਂ ਇਥੇ ਆਇਆ ਤਾਂ ਹੁਣ ਛੱਡ ਗਿਆ ਜੀ ਸਨਮਾਨ ਨੀ ਕੀਤਾ, ਆਪਣੀ ਈਰਖਾ ਤੇ ਕਿੜ ਕੱਢਣ ਲਈ ਵੀਡੀਉ ਦਿਖਾ ਕੇ ਆਖ ਰਹੇ ਨੇ ਜੀ ਸਨਮਾਨ ਕਰਨਾ ਚਾਹੀਦਾ ਸੀ ਪਹਿਲੀ ਗੱਲ ਕੀ ਕੁਰਬਾਨੀਆਂ ਵੇਚਣੀਆਂ ਹੁੰਦੀਆਂ ਹਨ, ਪਹਿਲਾਂ ਪਿਤਾ ਜੀ ਸੁੱਚਾ ਸਿੰਘ ਮਲੋਆ ਪਤਨੀ ਬਿਮਲਾ (ਹਿੰਦੂ) ਮਗਰੋਂ ਕੌਰ ਖ਼ਾਲਸਾ ਬਣਾ ਤੀ, ਐੱਮ.ਪੀ. ਪਿਤਾ ਇਥੇ ਸੱਦਿਆ ਹੁਣ ਭਰਾ ਫੇਰ ਸਰਬਜੀਤ ਸਿੰਘ ਖ਼ਾਲਸਾ ਨੂੰ ਸੱਦਣਗੇ ਗੁਰਦੁਆਰਿਆਂ ਦਾ ਧੰਨ ਟਿਕਣ ਨੀ ਦਿੰਦਾ ਕੀ ਸਿੱਖ ਜਗਤ ਤਾਂ ਫੇਰ ਕੁਰਬਾਨੀਆਂ-ਪਰਿਵਾਰਾਂ ਨੂੰ ਵਿਰਾਜਨ 'ਤੇ ਹੀ ਹੈ, ਕੌਮ ਦਾ ਕੀ ਸੁਆਰਨਾ ਏ, ਲਿਖਦੀ ਜਾਵਾਂ ਬੇਅੰਤ ਸਿੰਘ ਦੀ ਕੁਰਬਾਨੀ ਜਾਂ ਬਲੀ, 100 ਸਾਲਾਂ ਮਗਰੋਂ ਜੋ ਤੱਥ ਨਿਕਲਣਗੇ ਉਦੋਂ ਸਾਹਮਣੇ ਆਊ ਕਿ ਕੀ ਇੰਦਰਾ ਗਾਂਧੀ ਇਹਨੇ ਮਾਰੀ ਸੀ ਜਾਂ ਸਿੱਖਾਂ ਦੇ 84 ਸੰਦਰਭ ਕਰਕੇ ਸਿਰ ਮੜ੍ਹੀ ਸੀ, ਕਮਾਂਡੋ ਕਿਥੇ ਸੀ? ਸਿੱਖ ਤਾਂ ਇਕ ਜਜ਼ਬਾਤੀ ਤਬਕਾ ਹੈ ਅਮਲੀ ਹੋਏ ਫਿਰਦੇ ਨੇ ਹੈਂਸ ਹੈਂਸ ਕਰਦੇ ਖੱਟੀ ਕੀ ਹੈ ਪੰਜਾਬ ਖਾਲੀ ਹੋਰ ਨਸਲਾਂ ਸਾਂਭਣ ਫੇਰ ਉਨ੍ਹਾਂ ਨੂੰ ਭਾਗੀ ਦੱਸਣਾ ਸੁਹਿਰਦ ਕੌਮਾਂ ਹੀ ਦੇਸ਼ ਲੈਂਦੀਆਂ ਹਨ ਇਹ ਛਲ੍ਹਾਰੂ ਬਨਣ ਵਾਲੇ ਤਾਂ ਡੰਗ ਟਪਾਊ ਘਰ ਬਣਾਊ ਟਚਕਾਰੇ ਲਾਊ ਨੇ ਇਹ ਕੌਮੀ ਪ੍ਰਵਾਨੇ ਨਹੀਂ ਹਨ ਭਲੇ ਨੂੰ ਵਿਦੇਸ਼ਾਂ ਧਨ ਦੀ ਭਰਮਾਰ ਨੇ ਬੁੱਧ ਕੱਢ ਧਰੀ ਸ਼ਤਾਨੀ ਭਰਤੀ ਹੁਣ ਝੂਟੇ ਲੈ ਰਹੇ ਨੇ ਸੁਹਿਰਦਤਾ ਨੇੜੇ ਨਹੀਂ ਥੋੜ੍ਹੇ ਬਹੁਤਿਆਂ ਨੂੰ ਡਰਾ ਰਹੇ ਨੇ।

ਵਿਸ਼ੇਸ਼ ਪੰਨਾ: ਮੇਰੇ ਵਿਚਾਰ ਤੁਹਾਡੀ ਰਾਏ :- ਸ਼੍ਰੋਮਣੀ ਅਕਾਲੀ ਦਲ 'ਤੇ ਘੋਰ ਬੱਦਲ ਮੰਡਲਾਂਦੇ ਨੇ ਪਰ ਸੁਣੋ ਪੰਥ 'ਤੇ ਭੀੜ ਕਦੋਂ ਨਹੀਂ ਸੀ, ਜਦੋਂ ਕਦੀ ਕੈਂਸਰ ਫੈਲ ਜਾਵੇ ਤਾਂ ਡਾਕਟਰ ਹੀਲਾਂ ਕਰਦੇ ਨੇ ਇਸ ਤਰ੍ਹਾਂ ਅਸਲੀ ਅਕਾਲੀ ਦਲ ਭਾਵੇਂ ਬਾਦਲ ਨਉਂ ਹੀ ਧਰ ਤਾ, ਪਰ ਚੰਗੀ ਗੱਲ ਹੈ ਬਾਦਲ ਸਾਹਬ ਦੀ ਸਾਰੇ ਭਾਰਤ ਵਿੱਚ ਜਥੇਬੰਦੀਆਂ ਨਾਲ ਸਾਂਝ ਸੀ, ਨਉਂ ਬਣਿਆ ਹੈ, **ਮਿੱਤਰਾਂ ਦਾ ਨਉਂ ਚੱਲਦਾ,** ਬਗਾਵਤ ਕੋਈ ਪਹਿਲੀ ਵਾਰ ਨਹੀਂ, 26 ਸਾਲ ਟੌਹੜਾ ਸਾਹਬ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਕਿਸੇ ਅਕਾਲੀ ਨੂੰ ਮੂਹਰੇ ਕੁਸਕਣ ਨਹੀਂ ਸਨ ਦਿੰਦੇ, ਪਾੜ ਤਾਂ ਪਿਆ ਸੀ, ਦੋ ਬਣੇ, ਫਿਰ ਤੁਰ ਕੇ ਮੁੜ ਬੋਹੜ ਥੱਲੇ ਢੀਂਡਸਾ ਨੇ ਦੋ ਕੁ ਸਾਲ ਭਾਜਪਾ ਦੇ ਖੇਮੇ ਵਿੱਚ ਭੀ ਰੰਗ ਮਾਣ ਕੇ ਦੇਖ ਲਿਆ, ਹੁਣ ਆਹ ਦੇਖੋ ਕੌਣ ਕੌਣ ਹਨ ਕੇਵਲ ਗੁਰਪ੍ਰਤਾਪ ਸਿੰਘ ਵਡਾਲਾ ਮਾਨਮੱਤੇ ਸਨ, ਕਾਂਗਰਸੀ ਚੌਧਰੀ ਨੂੰ ਜਲੰਧਰ ਅਕਾਲੀ ਬਣਾ ਖੜਾ ਕੀਤਾ ਹੁਣ ਫੇਰ ਬੀਬੀ ਨਾਲ ਉਹ ਨੂੰ ਲਈ ਖੜਨਾ ਵਡਾਲਾ ਅਕਸ ਵਿਗਾੜੂ ਮੁੜ ਤਾੜੇ ਨੀ ਆਊ ਪਿਤਾ ਨੇ ਭੀ ਭੁੱਲ ਕਰ ਲਈ ਸੀ, ਰਹੀ ਗੱਲ ਬਿਕਰਮ ਸਿੰਘ ਮਜੀਠੀਆ ਪਤਨੀ ਮਾਲਵੇ ਤੋਂ ਹੈ ਸ਼ਾਇਦ ਅੰਗਲੀ ਸੰਗਲੀ ਭੀ ਮਨਪ੍ਰੀਤ ਸਿੰਘ ਇਯਾਲੀ (ਗਰੇਵਾਲ ਹੈ) ਇਯਾਲੀ ਵੱਸ ਗਿਆ ਪਰ ਲਿਖਦੀ ਜਾਵਾਂ ਬਿਕਰਮ ਕੋਲ ਪ੍ਰਧਾਨਗੀ ਵਾਲੀ ਹਾਲੇ ਕਲਾ ਹੈ ਨਹੀਂ, ਬਾਦਲ ਨਉਂ ਤੇ ਫੇਰ ਸੁਖਬੀਰ ਹੁਣ ਬੜਾ ਕੁਝ ਸਿੱਖ ਗਿਆ ਹੈ, ਜਦੋਂ ਵੰਡਣ ਨੂੰ ਕੁਝ ਹੈ ਨਹੀਂ ਤਾਂ ਕੀ ਅਖੇ, **ਡੋਰੀਆਂ ਲੈ ਦੇ ਵੇ ਹੱਟੀ ਭੰਨ ਸ਼ਾਹੂਕਾਰ ਦੀ,** ਔਖੇ ਵੇਲੇ ਕੋਈ ਹੀ ਤਸੀਹੇ ਝੱਲਦਾ ਹੈ, ਘਬਰਾਉਣ ਦੀ ਲੋੜ ਨਹੀਂ, ਅਕਾਲੀ ਦਲ ਵਿੱਚੋਂ ਭੱਜਣੇ ਅੱਡ ਕਰ ਦਿਉ, ਆਪਣਾ ਕੰਮ ਕਰੋ ਸਮਾਂ ਬਰਬਾਦ ਨਾ ਕਰੋ ਇਨ੍ਹਾਂ ਨੂੰ ਯਾਤਰਾ ਕੱਢ ਲੈਣ ਦਿਉ ਭਾਜਪਾ ਰਲਾਊ ਭੀ ਨਾਲ ਲਿਖ ਲੈਣ ਕਾਮਯਾਬੀ ਮਿਲੂਗੀ, ਦੁੱਖ ਚਰਨਜੀਤ ਸਿੰਘ ਬਰਾੜ ਦੀ ਅਕਲ 'ਤੇ ਹੈ, ਕੋਈ ਹੱਬੀ ਕਦੀ ਸੁਣਿਆ ਨੀ ਸੀ ਉਹੀ ਮੂਹਰੇ ਲਾ ਕੇ ਆਪਣੀ ਭੀ ਕੀਤੀ ਖੂਹ ਪਾ ਲਈ ਹੁਣ ਪੋਸਟਾਂ ਨਾਲ ਕੀ ਮਾਊਂਟ ਚੋਟੀ ਜਿੱਤੀ ਜਾਊ ਚਲੋ ਮੈਂ ਤਾਂ ਮੁੱਢਲੇ ਧੁਰੇ ਦੀ ਭਾਈਵਾਲ ਹਾਂ ਘਰ ਬੈਠ ਜਾਊ ਪਰ ਡਾਲੀ 'ਤੇ ਨਹੀਂ ਚੜ੍ਹਨਾ ਭਾਵੇਂ ਟਾਹਣਾ ਭੀ ਕਿਉਂ ਨਾ ਬਣ ਜਾਵੇ, ਅਸੂਲ ਬੰਦੇ ਦੇ ਨਾਲ ਜਾਂਦੇ ਨੇ ਧਨ ਨੀ ਜਾਂਦਾ, ਚੌਧਰ ਨੀ ਜਾਂਦੀ, ਚੰਦੂਮਾਜਰਾ ਭਾਜਪਾ ਸਮਰਥੱਕ ਯੂ.ਕੇ. ਦੇ ਸੰਪਰਕ ਵਿੱਚ ਹੈ, ਸੀ ਤੇ ਬੱਸ ਦਿੱਲੀ ਨੂੰ ਲੁੱਕਸ਼ਿਪ ਕੇ ਪਹੁੰਚਣ ਵਿੱਚ ਦੌੜ ਵਿੱਚ ਹੈ।

**-ਬਲਵਿੰਦਰ ਕੌਰ ਚਾਹਲ ਸਾਊਥਾਲ**


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

# ਕਾਵਿ-ਕਿਆਰੀ

## ਸ਼ੇਰ-ਏ-ਪੰਜਾਬ ਦੀ ਮੌਤ ਤੋਂ ਬਾਦ

ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ।

ਤੱਕ ਸੂਰਤ ਤੇਰੇ ਦੇਸ਼ ਦੀ ਰੋਣ ਆਉਂਦਾ
ਵੰਡ ਦਿੱਤਾ ਹੈ ਦੇਸ਼ ਪੰਜਾਬ ਤੇਰਾ,
ਕੋਈ ਲਹਿੰਦੇ ਤੇ ਚੜ੍ਹਦੇ ਤੇ ਮਾਣ ਕਰਦਾ
ਖੱਖੜੀ-ਖੱਖੜੀ ਹੈ ਹੋਇਆ ਗੁਲਾਬ ਤੇਰਾ,
ਗਿਰਝਾਂ ਅਤੇ ਗਟਾਰਾਂ ਚਰੂੰਡ ਖਾਧਾ
ਅੰਬਰੀਂ ਉੱਡਦਾ ਸੀ ਸ਼ਾਹੀ ਉਕਾਬ ਤੇਰਾ,
ਬਲ-ਬਾਜੂ ਤੇ ਨੀਤੀ 'ਨਾ ਕਾਇਮ ਕੀਤਾ
ਤੀਲਾ-ਤੀਲਾ ਹੋਇਆ ਸਾਮਰਾਜ ਤੇਰਾ।
ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ॥

ਦਰਿਆ ਪੰਜੇ ਹੀ ਚਾਂਦੀ ਉਗਲ਼ਦੇ ਸੀ
ਬੂੰਦ-ਬੂੰਦ ਨੂੰ ਤਰਸਦਾ ਦੇਸ਼ ਤੇਰਾ,
ਕਦੇ ਸਥਿਰ ਸੀ ਵਾਂਗ ਹਿਮਾਲੀਆ ਦੇ
ਹੰਝੂ ਲਹੂ ਦੇ ਵਰਸਦਾ ਦੇਸ਼ ਤੇਰਾ,
ਕਦੇ ਹਰਿਆਲੀ ਸੀ ਡਲ੍ਹਕਦੀ ਚਹੁੰ ਕੰਨੀ
ਰੂਪ 'ਥਲਾਂ ਦਾ ਦਰਸਦਾ ਦੇਸ਼ ਤੇਰਾ,
ਤੈਨੰ ਰਾਜਿਆ, ਗਲ਼ੀਆਂ ਦੇ ਕੱਖ ਰੋਂਦੇ
ਮਿਸਾਲ-ਹਲੀਮੀ ਸੀ ਸੂਰਿਆ ਰਾਜ ਤੇਰਾ।
ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ॥

"ਲਾਲੂ, ਤੇਜੂ, ਪਹਾੜੇ" ਗਏ ਫੇਰ ਅੱਖਾਂ
ਕਮੀਨੇ ਡੋਗਰੇ ਬੜੇ ਗਦਾਰ ਨਿਕਲ਼ੇ,
ਜਿਉਂਦੇ-ਜੀਅ ਤੈਂ ਬੁੱਕਲ਼ 'ਚ ਸੱਪ ਪਾਲ਼ੇ
ਝੂਠੇ ਦੋਗਲੇ ਉਹ ਮਿੱਤਰ ਮਾਰ ਨਿਕਲ਼ੇ
ਉਹ ਮਰੀਆਂ ਜ਼ਮੀਰਾਂ ਦੇ ਸੀ ਮਾਲਕ
ਖੁਦਗਰਜ, ਪਾਜੀ-ਬੇ-ਇਮਾਨ, ਨਿਕਲ਼ੇ,
ਢਾਣੀ ਡੋਗਰਿਆਂ ਦੀ ਬੇ-ਇਮਾਨ ਨਿਕਲੀ
ਭੁੱਲ ਕੇ ਸਾਰਾ ਉਹ ਲੋਅ-ਲਿਹਾਜ਼ ਤੇਰਾ।
ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ॥

ਰਾਣੀ ਜਿੰਦਾਂ ਸੀ ਰਾਜਿਆ ਜਿੰਦ ਤੇਰੀ
ਦਰ-ਦਰ ਦੀਆਂ ਠੋਕਰਾਂ ਖਾ ਗਈ ਉਹ,
ਥਾਲ਼ ਹੀਰਿਆਂ ਦੇ ਜੋ ਸੀ ਦਾਨ ਕਰਦੀ
ਸ਼ਾਹੀ ਮੰਗਤੀ ਅੱਜ ਕਹਿਲਾ ਗਈ ਉਹ,
ਕਿਲ੍ਹੇ ਚੁਨਾਰ 'ਚੋਂ ਨਦੀ ਵਿੱਚ ਛਾਲ ਮਾਰੀ
ਪੰਜਾਬਣ ਜੱਟੀ ਦਾ ਸਿਰੜ ਨਿਭਾਅ ਗਈ ਉਹ,
ਗਹਿਣੇ ਜਿੰਦਾਂ ਦੇ ਅਤੇ ਲਿਬਾਸ ਉਹਦਾ
ਕੋਹੇਨੂਰ ਖੋਹਿਆ, ਤਖ਼ਤ-ਓ-ਤਾਜ਼ ਤੇਰਾ।
ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ॥

ਤੇਰੇ ਪੁੱਤਰ ਦਲੀਪ ਨੂੰ ਕੈਦ ਕਰਕੇ
ਪੰਜਾਬੋਂ ਬਾਹਰ ਇੰਗਲੈਂਡ ਪਹੁੰਚਾ ਦਿੱਤਾ,
ਰੋਮ ਕਤਲ ਕੀਤੇ, ਸਿਰ ਤੇ ਟੋਪ ਧਰਿਆ
ਤੇਰਾ ਲਾਡਲਾ ਇਸਾਈ ਬਣਾ ਦਿੱਤਾ,
ਪੜ੍ਹਾਈ ਅੰਜੀਲ ਤੇ ਚਰਚ 'ਨਾ ਜੋੜਿਆ ਸੀ
ਸਿੱਖੀ ਸੋਚ ਤੋਂ ਮੁੱਖ ਭੁਆਂ ਦਿੱਤਾ,
ਧਰਤ ਪੰਜਾਬ ਤੇ ਮੁੜ ਨਾ ਜਾ ਸਕਿਆ
ਬਣਨ ਦਿੱਤਾ ਨਾ ਉਹਨੂੰ ਹਮਰਾਜ਼ ਤੇਰਾ।
ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ॥

ਅੱਖਾਂ ਮੀਟੀਆਂ ਤੂੰ ਸਦਾ ਦੀ ਨੀਂਦ ਸੁੱਤਾ
ਪੰਜਾਬ ਸਾਰੇ ਦੀ ਨਾਲ਼ ਤਕਦੀਰ ਸੁੱਤੀ,
ਮਹਾਂਬਲੀ ਬਣ ਧਾਂਕ ਜਮਾਈ ਜਿਸ ਨੇ
ਬੜ੍ਹਕਾਂ ਮਾਰਦੀ ਤੇਰੀ ਸ਼ਮਸ਼ੀਰ ਰੁੱਸੀ,
ਤੇਰੀ ਮੌਤ ਪਿੱਛੋਂ ਸ਼ੇਰ ਪੰਜਾਬੀਆ ਉਹ
ਸੂਰਮਗਤੀ ਦੀ ਜਿਵੇਂ ਤਸਵੀਰ ਡੁੱਸੀ,
ਨਛੱਤਰ ਭੋਗਲ ਦੇ ਨੈਣਾਂ 'ਚ ਹੜ੍ਹ ਆਇਆ
ਜੁਦਾ ਹੋਇਆ ਜਦੋਂ, ਸਿੰਧ- ਝਨਾਬ ਤੇਰਾ।
ਮਹਾਰਾਜਾ, ਰਣਜੀਤ ਸਿਆਂ ਵੇਖ ਆ ਕੇ
ਖੇਰੂੰ-ਖੇਰੂੰ ਕਿੰਝ ਹੋ ਗਿਆ ਰਾਜ ਤੇਰਾ॥



ਲੇਖਕ:- ਨਛੱਤਰ ਸਿੰਘ ਭੋਗਲ
" ਭਾਖੜੀਆਣਾ" (U.K)

* * * * * * *

## ਜ਼ਿੰਦਗੀ ਦੀ ਢੋਲਕ

ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੁਣ ਨੇ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।

ਖ਼ਸਤਾ ਜਿਹੀ ਹੁਣ ਖੱਲ ਹੋ ਗਈ, ਤਾਰ ਤਾਰ ਨੇ ਰੱਸੀਆਂ,
ਜਿੰਨਾ ਮਰਜ਼ੀ ਜ਼ੋਰ ਲਗਾਵੋ, ਜਾਂਦੀਆਂ ਨਹੀਂ ਹੁਣ ਕੱਸੀਆਂ।
ਘੁਣ ਨੇ ਖਾ ਲਈ ਕੱਚੀ ਲੱਕੜ, ਉਹ ਰੰਗ ਵੀ ਰਿਹਾ ਨਾ ਲਾਲ।
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੁਣ ਨੇ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।

ਨਾ ਇਹ ਪਹਿਲਾਂ ਵਾਂਗੂੰ ਟੁਣਕੇ, ਨਾ ਹੁਣ ਬੁਝ ਕੇ ਵੱਜਦੀ।
ਹਿਰਦੇ ਨੂੰ ਹੁਣ ਧੂਅ ਨਹੀਂ ਪਾਉਂਦੀ, ਨਾ ਤਾਲ ਕੰਨਾਂ ਨੂੰ ਜਚਦੀ।
ਬੁੱਢ ਉਮਰ 'ਚ ਕੀਤੇ ਨਹੀ ਜਾਂਦੇ, ਪਹਿਲਾਂ ਵਾਲੇ ਕਮਾਲ,
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।

ਉਮਰ ਤਕਾਜ਼ਾ ਸਿਰ ਚੜ੍ਹ ਬੋਲੇ, ਬੇ ਸੁਰਾ ਗੀਤ ਅਲਾਪੇ।
ਬੋਲ ਗੀਤ ਦੇ ਕਿੱਧਰੇ ਘੁੰਮਣ, ਤੇ ਕਿੱਧਰੇ ਢੋਲਕ ਥਾਪੇ।
ਸਰੂਰ ਵਿੱਚ ਸਰੋਤੇ ਨਾ ਝੂਮਣ, ਨਾ ਹੁਣ ਪਾਉਣ ਧਮਾਲ,
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।

ਕੈਰਵਾ ਵੀ ਹੁਣ ਹੱਥ ਨੀਂ ਚੜ੍ਹਦਾ, ਤਿੰਨ ਤਾਲ ਦਾਦਰਾ ਕਿੱਥੇ।
ਝੱਫ ਤਾਲ ਹੁਣ ਸੁਪਨਾ ਹੋ ਗਈ, ਲਿਖਤੀ ਰਹਿ ਗਏ ਚਿੱਠੇ।
ਖੁਸ਼ੀਆਂ ਦੀ ਹੁਣ ਥਾਂ ਤੇ ਬਾਕੀ, ਰਹਿ ਗਿਆ ਬੱਸ ਮਲਾਲ,
ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।

ਢਮ ਢਮ ਕਰਦੀ ਢੋਲਕ ਮੇਰੀ, ਵੱਜਦੀ ਹੁਣ ਬੇ ਤਾਲ,
ਤਣੀਆਂ ਹੋਈਆਂ ਸਾਰੀਆਂ ਢਿੱਲੀਆਂ, ਬੁਰਾ ਹੋ ਗਿਆ ਹਾਲ।
ਬੇਲੀਓ ਬੁਰਾ ਹੋ ਗਿਆ ਹਾਲ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਬੋਲੀਆਂ




ਲੋਕਾਂ ਦੀਆਂ ਜੇਬਾਂ ਖਾਲੀ ਕਰਾਈ ਜਾਂਦੇ,
ਬਾਬੇ ਗੋਲ, ਮੋਲ ਗੱਲਾਂ ਕਰਕੇ।
ਬਿਜਲੀ ਕੱਟਾਂ ਨੇ ਹਰ ਪਾਸੇ ਕੀਤਾ ਨ੍ਹੇਰਾ,
ਡੇਰੇ ਰੁਸ਼ਨਾਏ ਜਨਰੇਟਰਾਂ ਨੇ।
ਤੜਕੇ ਉੱਠ ਕੇ ਡੇਰਿਆਂ ਨੂੰ ਜਾਂਦੀਆਂ,
ਬੀਬੀਆਂ ਸਵਰਗਾਂ ਨੂੰ ਜਾਣ ਦੇ ਲਈ।
ਜਿਹੜੀਆਂ ਘਰੀਂ ਡੱਕਾ ਨਾ ਤੋੜਨ,
ਉਹ ਡੇਰਿਆਂ ਵਿੱਚ ਜੂਠੇ ਭਾਂਡੇ ਧੋਂਦੀਆਂ।
ਰੋਹਬ ਜਮਾਣ ਲਈ ਲਏ ਜਿਨ੍ਹਾਂ ਨੇ ਕਰਜ਼ੇ,
ਉਹ ਮੁੜ ਨਾ ਪੈਰਾਂ ਤੇ ਖੜ੍ਹੇ ਹੋਏ।
ਦੇਸ਼ ਖਾ ਲਿਆ ਬਾਬਿਆਂ ਤੇ ਨੇਤਾਵਾਂ,
ਉਹ ਮਾੜਾ ਬੋਲੀ ਜਾਂਦੇ ਲੋਕਾਂ ਨੂੰ।
ਉਨ੍ਹਾਂ ਵਰਗਾ ਬਦਕਿਸਮਤ ਨਾ ਕੋਈ,
ਜਿਨ੍ਹਾਂ ਦੇ ਪੁੱਤ ਲੱਗ ਗਏ ਨਸ਼ਿਆਂ ਨੂੰ।
ਆਪਣੇ ਗੁਆਂਢੀ ਨੂੰ ਖ਼ੁਸ਼ੀ ਵਸਦਾ ਵੇਖ,
ਤੇਰੀ ਹਿੱਕ ਤੇ ਕਿਉਂ ਸੱਪ ਲੇਟਦਾ ?

ਮਹਿੰਦਰ ਸਿੰਘ ਮਾਨ

## ਅਵਾਜ਼ ਛੱਜੂ ਦੇ ਚੁਬਾਰੇ ਤੋਂ !

ਖੁਸ਼ੀ ਨੂੰ ਆਖੋ
ਸਹੀ ਪਤੇ 'ਤੇ ਆਈ ਏਂ,
ਜੀ ਆਇਆਂ ਨੂੰ,
ਆ ਜਾ, ਲੰਘ ਆ ਅੰਦਰ।
ਬੂਹੇ 'ਤੇ ਇੱਕ ਦੂਜੇ ਦੇ
ਫ਼ਿਕਰਾਂ ਦੀ ਰਖਵਾਲੀ ਏ,
ਬੈਠਕ ਵਿੱਚ ਆਓ ਭਗਤ ਵਜੋਂ,
ਚਾਹ ਦੀ ਪਿਆਲੀ ਏ।
ਰਸੋਈ 'ਚੋ ਉੱਠਦੀ,
ਤੜਕੇ ਦੀ ਮਹਿਕ ਦੱਸਦੀ ਏ-
ਢਿੱਡ ਵੀ ਰੱਜਿਆ
ਤੇ ਨੀਤ ਵੀ ਰੱਜੀ ਏ।
ਸਾਂਝਾ ਏ ਬਰਾਂਡਾ,
ਅੱਗੇ ਹਾਸੇ ਨੇ, ਠਹਾਕੇ ਨੇ,
ਫ਼ਿਕਰਾਂ ਦੇ ਹੱਲ ਲਈ,
ਵੱਖਰਾ ਜਿਹਾ ਕੋਨਾ ਅੱਗੇ,
ਜਿੱਥੇ ਜਨਮ ਸਾਖੀਆਂ
ਤੇ ਰੁਮਾਲੇ 'ਚ ਗੁਟਕੇ ਨੇ
ਜੁੜਦੇ ਨੇ ਰੋਜ਼ ਹੀ,
ਦੋਵੇਂ ਹੱਥ ਸ਼ੁਕਰਾਨੇ ਦੇ ਨੇ।
ਤਾਂ ਕੀ ਬਾਹਲੀ ਮਿਹਨਤ ਏ,
ਭੱਜ ਨੱਠ ਏ,
ਥਕਾਵਟ ਲਾਹੁੰਦਾ,
ਚੈਨ ਦੀ ਨੀਂਦ ਸਵਾਉਂਦਾ ਇਹ,
ਸਾਡਾ ਛੱਜੂ ਦਾ ਚੁਬਾਰਾ ਈ ਕਾਫ਼ੀ ਏ,
ਬਾਹਲੀ ਤ੍ਰਿਸ਼ਨਾ ਤੋਂ ਮੁਆਫ਼ੀ ਹੈ।
ਮੁਆਫੀ ਤ੍ਰਿਸ਼ਨਾ ਤੋਂ !!



ਕੁਲਵਿੰਦਰ ਕੌਰ
+919877528792

* * * * * * *

### 3 ਸਫ਼ੇ ਦੀ ਬਾਕੀ

ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਹਨਾ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।

### ਕੀ ਅਕਾਲ ਤਖਤ ਦੇ ਜਥੇਦਾਰ ਸੁਖਬੀਰ ਧੜੇ ਨੂੰ ਸਦਣਗੇ ?

ਪੰਥਕ ਹਲਕਿਆਂ ਦਾ ਮੰਨਣਾ ਹੈ ਜੇ ਜਥੇਦਾਰ ਅਕਾਲ ਤਖਤ ਬਾਦਲ ਦਲ ਦੀ ਲੀਡਰਸ਼ਿਪ ਨੂੰ ਅਕਾਲ ਤਖਤ ਸਾਹਿਬ ਉਪਰ ਨਹੀਂ ਸਦਦੇ ਤਾਂ ਉਨ੍ਹਾਂ ਨੂੰ ਪੰਥ ਦੇ ਰੋਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਸੌਦਾ ਸਾਧ ਨੂੰ ਮਾਫ ਕਰਨ ਵੇਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਾਹਮਣਾ ਕਰਨਾ ਪਿਆ ਸੀ। ਉਹ ਉਸ ਤੋਂ ਬਾਅਦ ਕਦੇ ਸੰਗਤੀ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋ ਸਕੇ। ਇਸ ਲਈ ਇਹ ਮੁਦਾ ਜਥੇਦਾਰ ਰਘਬੀਰ ਸਿੰਘ ਲਈ ਧਰਮ ਸੰਕਟ ਦਾ ਮੁਦਾ ਬਣਿਆ ਹੋਇਆ ਹੈ। ਉਹ ਕੁਝ ਸਮੇਂ ਲਈ ਇਹ ਮੁਦਾ ਜਰੂਰ ਟਾਲ ਸਕਦੇ ਹਨ ,ਪਰ ਇਸ ਨੂੰ ਅਖੋਂ ਪਰੋਖੇ ਨਹੀਂ ਕਰ ਸਕਦੇ। ਬਾਗੀਆਂ ਦਾ ਕਬੂਲਨਾਮਾ ਬਾਦਲ ਅਕਾਲੀ ਲੀਡਰਸ਼ਿਪ ਲਈ ਗਲੇ ਦੀ ਹੱਡੀ ਬਣ ਗਿਆ ਹੈ।

### ਬਾਗ਼ੀ ਧੜੇ ਨੇ ਅਕਾਲ ਤਖ਼ਤ ਨੂੰ ਸੌਂਪੇ ਮੁਆਫ਼ੀਨਾਮੇ ਵਿਚ 4 ਗ਼ਲਤੀਆਂ ਮੰਨੀਆਂ...

1. ਡੇਰਾ ਸਿਰਸਾ ਖਿਲਾਫ ਸ਼ਿਕਾਇਤ ਵਾਪਸ ਲੈ ਲਈ-2007 ਵਿੱਚ ਸਲਾਬਤਪੁਰਾ ਵਿੱਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਦੀ ਨਕਲ ਕਰਦੇ ਹੋਏ ਉਹੋ ਜਿਹਾ ਬਾਣਾ ਪਹਿਨ ਕੇ ਅੰਮ੍ਰਿਤ ਛਕਣ ਦਾ ਬਹਾਨਾ ਲਾਇਆ ਸੀ। ਉਸ ਸਮੇਂ ਉਸ ਖ਼ਿਲਾਫ਼ ਪੁਲਿਸ ਕੇਸ ਵੀ ਦਰਜ ਕੀਤਾ ਗਿਆ ਪਰ ਬਾਅਦ ਵਿੱਚ ਅਕਾਲੀ ਸਰਕਾਰ ਨੇ ਸਜ਼ਾ ਦੇਣ ਦੀ ਬਜਾਏ ਕੇਸ ਵਾਪਸ ਲੈ ਲਿਆ।

2. ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫੀ ਦਿੱਤੀ-ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਾਰਵਾਈ ਕਰਦਿਆਂ ਡੇਰਾ ਮੁਖੀ ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਉਣ ਲਈ ਆਪਣਾ ਪ੍ਰਭਾਵ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਉਪਰ ਵਰਤਿਆ। ਇਸ ਤੋਂ ਬਾਅਦ ਸਿੱਖ ਪੰਥ ਦੇ ਰੋਹ ਤੇ ਰੋਸ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੂੰ ਇਸ ਫੈਸਲੇ ਤੋਂ ਪਿੱਛੇ ਹਟਣਾ ਪਿਆ।

3. ਬੇਅਦਬੀ ਦੀਆਂ ਘਟਨਾਵਾਂ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ-1 ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਕੁਝ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਚੋਰੀ ਕਰ ਲਈ। ਫਿਰ 12 ਅਕਤੂਬਰ, 2015 ਨੂੰ ਬਰਗਾੜੀ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਚੋਰੀ ਕਰਕੇ ਬਾਹਰ ਸੁੱਟ ਦਿੱਤੇ ਗਏ। ਇਸ ਕਾਰਨ ਸਿੱਖ ਕੌਮ ਵਿੱਚ ਭਾਰੀ ਰੋਸ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੇ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੇ ਸਮੇਂ ਸਿਰ ਇਸ ਮਾਮਲੇ ਦੀ ਜਾਂਚ ਨਹੀਂ ਕੀਤੀ। ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ। ਇਸ ਨਾਲ ਪੰਜਾਬ ਦੇ ਹਾਲਾਤ ਵਿਗੜ ਗਏ ਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਦੁਖਦਾਈ ਘਟਨਾਵਾਂ ਵਾਪਰੀਆਂ।

4. ਝੂਠੇ ਕੇਸਾਂ ਵਿੱਚ ਮਾਰੇ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੇ-ਅਕਾਲੀ ਸਰਕਾਰ ਨੇ ਸੁਮੇਧ ਸੈਣੀ ਨੂੰ ਪੰਜਾਬ ਦਾ ਡੀਜੀਪੀ ਨਿਯੁਕਤ ਕੀਤਾ। ਉਹ ਸੂਬੇ ਵਿੱਚ ਝੂਠੇ ਪੁਲਿਸ ਮੁਕਾਬਲੇ ਕਰਵਾ ਕੇ ਸਿੱਖ ਨੌਜਵਾਨਾਂ ਨੂੰ ਮਾਰਨ ਲਈ ਜਾਣਿਆ ਜਾਂਦਾ ਸੀ। ਆਲਮ ਸੈਨਾ ਬਣਾਉਣ ਵਾਲੇ ਪੁਲਿਸ ਮੁਲਾਜ਼ਮ ਇਜ਼ਹਾਰ ਆਲਮ ਨੇ ਆਪਣੀ ਪਤਨੀ ਨੂੰ ਟਿਕਟ ਦੇ ਕੇ ਮੁੱਖ ਸੰਸਦੀ ਸਕੱਤਰ ਬਣਾ ਦਿੱਤਾ। 2012 ਵਿੱਚ ਬਣੀ ਅਕਾਲੀ ਦਲ ਦੀ ਸਰਕਾਰ ਤੇ ਪਿਛਲੀਆਂ ਅਕਾਲੀ ਸਰਕਾਰਾਂ ਵੀ ਸੂਬੇ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੀ ਨਿਰਪੱਖ ਜਾਂਚ ਕਰਨ ਤੇ ਪੀੜਤਾਂ ਨੂੰ ਰਾਹਤ ਦੇਣ ਲਈ ਕਮਿਸ਼ਨ ਬਣਾ ਕੇ ਲੋਕਾਂ ਨਾਲ ਕੀਤੇ ਆਪਣੇ ਵਾਅਦਿਆਂ ਵਿੱਚ ਨਾਕਾਮ ਰਹੀਆਂ।

# ਬਾਗੀ ਅਕਾਲੀ ਗਿਆਨੀ ਹਰਪ੍ਰੀਤ ਸਿੰਘ ਜਾਂ ਅੰਮ੍ਰਿਤਪਾਲ ਸਿੰਘ ਨੂੰ ਬਣਾ ਸਕਦੇ ਨੇ ਅਕਾਲੀ ਦਲ ਦਾ ਪ੍ਰਧਾਨ

## ✪ ਕੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਦਮਦਮਾ ਸਾਹਿਬ ਦੇ ਅਹਦੇ ਤੋਂ ਹਟਾਇਆ ਜਾ ਸਕਦਾ ਏ ✪ ਬਾਦਲ ਲੀਡਰਸ਼ਿਪ ਬਗਾਵਤ ਪਿਛੇ ਗਿਆਨੀ ਹਰਪ੍ਰੀਤ ਸਿੰਘ ਦਾ ਹਥ ਸਮਝ ਰਹੀ ਏ

ਅਕਾਲੀ ਦਲ ਦੀ ਬਗਾਵਤ ਵਿੱਚ ਇੱਕ ਨਾਂ ਸਭ ਤੋਂ ਜ਼ਿਆਦਾ ਚਰਚਾ ਵਿੱਚ ਹੈ ਉਹ ਹੈ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਸਮਝਿਆ ਜਾਂਦਾ ਹੈ ਕਿ ਅਕਾਲੀ ਦਲ ਦਾ ਬਾਗ਼ੀ ਧੜਾ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਉਣਾ ਚਾਹੁੰਦਾ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਜੇਕਰ ਸਮੁੱਚੀ ਪਾਰਟੀ ਇਸ ’ਤੇ ਰਾਜ਼ੀ ਹੁੰਦੀ ਹੈ ਤਾਂ ਵਿਚਾਰ ਕੀਤਾ ਜਾ ਸਕਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿੱਚ ਹੁਣ ਤੱਕ ਕਿਸੇ ਵੀ ਅਕਾਲੀ ਧੜੇ ਨੇ ਉਨ੍ਹਾਂ ਤੱਕ ਕੋਈ ਪਹੁੰਚ ਨਹੀਂ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ’ਤੇ ਬਣੇ ਸੰਕਟ ਬਾਰੇ ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀ ਪੁਰਾਤਨ ਸਿਆਸੀ ਜਥੇਬੰਦੀ ਹੈ ਅਤੇ ਇਸ ਵਿੱਚ ਦੋਫਾੜ ਨਹੀਂ ਹੋਣਾ ਚਾਹੀਦਾ। ਜੇਕਰ ਦੋਵਾਂ ਧਿਰਾਂ ਵਿਚਾਲੇ ਕੋਈ ਮਤਭੇਦ ਹਨ ਤਾਂ ਉਹ ਆਪਸ ਵਿੱਚ ਮਿਲ ਬੈਠ ਕੇ ਇਸ ਨੂੰ ਦੂਰ ਕਰ ਲੈਣ। ਉਨ੍ਹਾਂ ਕਿਹਾ ਕਿ ਦੋਹਾਂ ਧਿਰਾਂ ਨੂੰ ਇੱਕ ਕਮਰੇ ਵਿੱਚ ਬੈਠ ਕੇ ਅਜਿਹੇ ਮਸਲੇ ਹੱਲ ਕਰ ਲੈਣੇ ਚਾਹੀਦੇ ਹਨ ਪਰ ਪਾਰਟੀ ਦੋਫਾੜ ਨਹੀਂ ਹੋਣੀ ਚਾਹੀਦੀ। ਪਰ ਵੱਡਾ ਸਵਾਲ ਇਹ ਹੈ ਕੀ ਅਜਿਹਾ ਹੋ ਸਕਦਾ ਹੈ? ਕੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ’ਤੇ ਦੋਵੇ ਧਿਰਾਂ ਇਕੱਠੀਆਂ ਹੋ ਸਕਦੀਆਂ ਹਨ। ਇਹ ਪਹਿਲਾਂ ਮੌਕਾ ਨਹੀਂ ਹੈ ਜਦੋਂ ਅਕਾਲੀ ਦਲ ਦੇ ਪ੍ਰਧਾਨ ਦੀ ਰੇਸ ਵਿੱਚ ਕਿਸੇ ਤਖਤ ਦੇ ਜਥੇਦਾਰ ਦਾ ਨਾਂ ਸਾਹਮਣੇ ਆਇਆ ਹੋਵੇ। 44 ਸਾਲ ਪਹਿਲਾਂ ਅਜਿਹਾ ਹੋ ਚੁੱਕਾ ਹੈ। ਪਹਿਲਾਂ ਵੀ ਇਤਿਹਾਸ ਵਿੱਚ ਮੌਕਾ ਆਇਆ ਸੀ ਜਦੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਅਕਾਲੀ ਦਲ ਦੇ ਪ੍ਰਧਾਨ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਸ ਵੇਲੇ ਅਕਾਲੀ ਦਲ ਵਿੱਚ ਪ੍ਰਧਾਨਗੀ ਦੀ ਲੜਾਈ ਚੱਲ ਰਹੀ ਸੀ, ਉਸ ਸਾਰੀ ਸਿਆਸੀ ਖੇਡ ਵਿੱਚ ਬਾਦਲ ਪਰਿਵਾਰ ਦਾ ਵੱਡਾ ਹੱਥ ਸੀ।

### 1980 ਵਿੱਚ ਲੌਂਗੋਵਾਲ ਨੂੰ ਪ੍ਰਧਾਨ ਬਣਾਇਆ ਗਿਆ


1980 ਦਾ ਹੀ ਉਹ ਸਮਾਂ ਸੀ ਜਦੋਂ ਸਿੱਖ ਪੰਥ ਵਿੱਚ ਮੋਰਚਿਆ ਦਾ ਦੌਰ ਸੀ, ਦੂਜੇ ਪਾਸੇ ਅਕਾਲੀ ਦਲ ਵਿੱਚ ਪਾਵਰ ਦੀ ਲੜਾਈ ਚੱਲ ਰਹੀ ਸੀ ਤੀਜੇ ਪਾਸੇ ਕੇਂਦਰ ਖਿਲਾਫ ਖਿਚੋਤਾਣ ਸੀ। 1978 ਵਿੱਚ ਜਿਸ ਜਗਦੇਵ ਸਿੰਘ ਤਲਵੰਡੀ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਉਸੇ ਨੇ ਜਦੋਂ ਬਾਗ਼ੀ ਅੱਖ ਵਿਖਾਉਣੀ ਸ਼ੁਰੂ ਕੀਤੀ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ। ਸੰਤ ਲੌਂਗੋਵਾਲ 1962 ਵਿਚ ਤਖ਼ਤ ਦਮਦਮਾ ਸਾਹਿਬ ਦੇ ਪਹਿਲੇ ਜਥੇਦਾਰ ਥਾਪੇ ਗਏ ਸਨ। ਪਰ 1964 ਵਿਚ ਉਨ੍ਹਾਂ ਪਾਉਂਟਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਨੂੰ ਸਰਕਾਰੀ ਕਬਜੇ ਵਿਚੋਂ ਛੁਡਾਉਣ ਲਈ ਜਥੇਦਾਰ ਦੇ ਅਹੁਦੇ ਤੋਂ ਅਸਤੀਫਾ ਦੇ ਮੋਰਚਾ ਲਾਇਆ। ਉਸ ਤੋਂ ਬਾਅਦ ਉਹ ਅਕਾਲੀ ਦਲ ਦੇ ਕਈ ਮੋਰਚਿਆਂ ਵਿੱਚ ਸ਼ਾਮਲ ਹੋਏ ਅਤੇ ਸਿੱਖ ਸਿਆਸਤ ਦੇ ਮੋਢੀ ਬਣੇ ਸਨ। ਪਰ ਵੱਡਾ ਸਵਾਲ ਇਹ ਹੈ ਕਿ ਹੁਣ ਜਦੋਂ ਅਕਾਲੀ ਦਲ ਆਪਣੀ ਸਭ ਤੋਂ ਵੱਡੀ ਬਗਾਵਤ ਤੋਂ ਗੁਜ਼ਰ ਰਿਹਾ ਹੈ ਤਾਂ ਕੀ ਜਥੇਦਾਰ ਸਾਹਿਬ ਹਰਪ੍ਰੀਤ ਸਿੰਘ ਨੂੰ ਪਾਰਟੀ ਦੀ ਅਗਵਾਈ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ ?

ਦਰਅਸਲ 70 ਤੋਂ ਲੈਕੇ 90 ਦੇ ਦਹਾਕੇ ਤੱਕ ਅਕਾਲੀ ਦਲ ਵਿੱਚ ਕਈ ਵੱਡੇ ਚਿਹਰੇ ਸਨ। ਇਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਕਿੰਗ ਬਣਨ ਦੀ ਥਾਂ ਕਿੰਗ ਮੇਕਰ ਦੀ ਭੂਮਿਕਾ ਵਿੱਚ ਨਜ਼ਰ ਆਏ। ਪਾਰਟੀ ਦੇ ਹਰ ਇੱਕ ਫੈਸਲੇ ਪਿੱਛੇ ਉਨ੍ਹਾਂ ਦਾ ਦਿਮਾਗ਼ ਅਤੇ ਅਸਰ ਵਿਖਾਈ ਦਿੰਦਾ ਸੀ। ਉਸ ਵੇਲੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਪ੍ਰਕਾਸ਼ ਸਿੰਘ ਬਾਦਲ ਨੇ ਇਸ ਲਈ ਅੱਗੇ ਕੀਤਾ, ਕਿਉਂਕਿ ਉਹ ਉਨ੍ਹਾਂ ਦੇ ਭਰੋਸੇਮੰਦ ਸਨ। ਪਰ ਗਿਆਨੀ ਹਰਪ੍ਰੀਤ ਸਿੰਘ ਨਾਲ ਅਜਿਹਾ ਨਹੀਂ ਹੈ। ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਰਹਿੰਦੇ ਹੋਏ ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਨੂੰ ਕਈ ਵਾਰ ਨਸੀਹਤਾਂ ਦਿੱਤੀਆਂ ਸਨ। ਪਾਰਟੀ ਦੇ ਅੰਦਰ ਇਹ ਅਵਾਜ਼ ਵੀ ਦਬੀ ਜ਼ਬਾਨ ਵਿੱਚ ਉਠਦੀ ਰਹੀ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਬੀਜੇਪੀ ਨਾਲ ਨਜ਼ਦੀਕੀਆਂ ਹਨ। ਹਾਲਾਂਕਿ ਜਥੇਦਾਰ ਹਰਪ੍ਰੀਤ ਸਿੰਘ ਖਿਲਾਫ ਅਸਿੱਧੇ ਤੌਰ ’ਤੇ ਕਾਰਵਾਈ ਦਾ ਮੌਕਾ ਪਾਰਟੀ ਨੂੰ ਉਸ ਵੇਲੇ ਮਿਲਿਆ ਜਦੋਂ ਉਹ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਘਵ ਚੱਢਾ ਦੀ ਮੰਗਣੀ ‘ਤੇ ਪਹੁੰਚ ਗਏ। ਜਥੇਦਾਰ ਹਰਪ੍ਰੀਤ ਸਿੰਘ ਦੀ ਮੌਜੂਦਗੀ ਨੂੰ ਲੈਕੇ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਅੱਗੇ ਕੀਤਾ ਗਿਆ ਉਨ੍ਹਾਂ ਨੇ ਇੱਕ ਤੋਂ ਬਾਅਦ ਇੱਕ ਨਿਸ਼ਾਨਾ ਲਗਾਇਆ, ਇਸ ’ਤੇ ਨਾ ਤਾਂ ਸ੍ਰੋਮਣੀ ਕਮੇਟੀ ਬੋਲੀ ਨਾ ਹੀ ਅਕਾਲੀ ਦਲ ਦੇ ਅੰਦਰੋ ਕੁਝ ਅਵਾਜ਼ ਉੱਠੀ। ਮੌਕਾ ਵੇਖ ਦੇ ਹੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜਦੋਂ ਵਿਦੇਸ਼ੀ ਦੌਰੇ ‘ਤੇ ਗਏ ਤਾਂ ਸ੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਸੱਦੀ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਸੌਂਪ ਕੇ ਗਿਆਨੀ ਰਘੁਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਾ ਦਿੱਤਾ ਗਿਆ। ਸਾਫ ਹੈ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ‘ਤੇ ਸੁਖਬੀਰ ਸਿੰਘ ਬਾਦਲ ਦਾ ਧੜਾ ਕਿਸੇ ਵੀ ਕੀਮਤ ‘ਤੇ ਤਿਆਰ ਨਹੀਂ ਹੋਵੇਗਾ।

ਸੂਤਰਾਂ ਤੋਂ ਪਤਾ ਲਗਾ ਹੈ ਕਿ ਬਾਦਲ ਲੀਡਰਸ਼ਿਪ ਜਥੇਦਾਰ ਹਰਪ੍ਰੀਤ ਸਿੰਘ ਨੂੰ ਤਖਤ ਦਮਦਮਾ ਸਾਹਿਬ ਤੋਂ ਹਟਾਉਣ ਦੀਆਂ ਤਿਆਰੀਆਂ ਕਰ ਰਹੀ ਹੈ, ਕਿਉਂਕਿ ਇਸ ਬਗਾਵਤ ਪਿਛੇ ਗਿਆਨੀ ਹਰਪ੍ਰੀਤ ਸਿੰਘ ਦਾ ਹਥ ਸਮਝਿਆ ਜਾ ਰਿਹਾ ਹੈ।

### ਚੰਦੂਮਾਜਰਾ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਮਿਲੇ

ਸ੍ਰੀ ਅਕਾਲ ਤਖਤ ਦੇ ਮੁਆਫ਼ੀਨਾਮਾ ਦੇਣ ਤੋਂ ਪਹਿਲਾਂ ਬਾਗੀ ਗੁੱਟ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਖਡੂਰ ਸਾਹਿਬ ਤੋਂ ਐੱਮਪੀ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਯਾਨੀ ਬਾਗੀ ਗੁੱਟ ਦੇ ਦਿਮਾਗ ਵਿੱਚ ਦੂਸਰਾ ਪਲਾਨ ਵੀ ਚੱਲ ਰਿਹਾ ਹੈ। ਇਹ ਵੀ ਹੋ ਸਕਦਾ ਹੈ ਕਿ ਬਾਗ਼ੀ ਗੁੱਟ ਅੰਮ੍ਰਿਤਪਾਲ ਸਿੰਘ ਦੇ ਮੋਢਿਆਂ ‘ਤੇ ਆਪਣੀ ਅਗਲੀ ਸਿਆਸੀ ਪਾਰੀ ਖੇਡ ਸਕਦਾ ਹੈ। ਸੁਖਬੀਰ ਸਿੰਘ ਬਾਦਲ ਦਾ ਗੁੱਟ ਵੀ ਇਸ ਤੋਂ ਜਾਣੂ ਹੈ। ਇਸੇ ਲ਼ਈ ਜਦੋਂ ਅੰਮ੍ਰਿਤਪਾਲ ਸਿੰਘ ਦੇ ਘਰ ਜਦੋਂ ਬਾਗੀ ਗੁੱਟ ਗਿਆ ਤਾਂ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਸਵਾਲ ਚੁੱਕਦੇ ਹੋਏ ਕਿਹਾ ਵਿਰੋਧੀ ਧਿਰ ਦੇ ਦਿਮਾਗ ਵਿੱਚ ਪਹਿਲਾਂ ਸਿਆਸਤ ਸੀ ਫਿਰ ਧਰਮ । ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇੱਕ ਨਵੇਂ ਅਕਾਲੀ ਦਲ ਦੀ ਅਗਵਾਈ ਕਰਦੇ ਹੋਏ ਅੰਮ੍ਰਿਤਪਾਲ ਸਿੰਘ ਨੂੰ ਵੇਖਿਆ ਜਾ ਸਕਦਾ ਹੈ। ਪੰਜਾਬ ਦੇ 3 ਹਲਕਿਆਂ ਦੀ ਜ਼ਿਮਨੀ ਚੋਣ ਨੂੰ ਲੈਕੇ ਅੰਮ੍ਰਿਤਪਾਲ ਸਿੰਘ ਦੇ ਤਿੰਨ ਸਾਥੀਆਂ ਨੇ ਜੇਲ੍ਹ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ, ਜੇਕਰ ਬਾਗ਼ੀ ਗੁੱਟ ਇਸ ਨੂੰ ਹਮਾਇਤ ਦਿੰਦਾ ਹੈ ਅਤੇ ਜਿੱਤ ਹਾਸਲ ਹੁੰਦੀ ਹੈ ਤਾਂ ਸਾਫ ਹੈ ਕਿ ਪੰਜਾਬ ਦੀ ਅਕਾਲੀ ਦਲ ਦੀ ਸਿਆਸਤ ਵਿਚ ਵੱਡਾ ਬਦਲਾਅ ਆ ਸਕਦਾ ਹੈ, ਫਿਰ ਸੁਖਬੀਰ ਸਿੰਘ ਬਾਦਲ ਲਈ ਸਿਆਸਤ ਵਿਚ ਵਾਪਸੀ ਦਾ ਰਸਤਾ ਮੁਸ਼ਕਿਲ ਹੋ ਸਕਦਾ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)

Respectable Arora Sikh family seeking a suitable match for their British born son, he is a doctor (GP), 45 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3037)

UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3037)

## CHANGE OF NAME

I, MRS PINKI W/O MR AKSHAY KUMAR WHOSE PERMANENT ADDRESS IN INDIA IS DR. AMBEDKAR NAGAR, SANGRUR, PUNJAB PIN: 148001, AND NOW LIVING AT FLAT 20, 34 SAINT PETER'S ROAD, HARBORNE, BIRMINGHAM, B17 0AY, UK HEREBY GIVE NOTICE OF MY INTENTION TO CHANGE MY NAME TO PINKI KUMAR. (U)

I, AMRITPAL KAUR D/O MR SOHAN SINGH WHOSE PERMANENT ADDRESS IN INDIA IS HOUSE NO 527 VPO SAIR, KAITHAL PIN: 136033, HARYANA, INDIA AND NOW LIVING AT FLAT 54, 427 HIGH ROAD, ILFORD, IG1 1TR U.K. HEREBY GIVE NOTICE OF MY INTENTION TO CHANGE MY NAME TO AMRIT BAJWA. (U/I)


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਅਮਰੀਕਾ ਦੇ ਮੇਨੇ ਰਾਜ ਵਿਚ ਆਪਣੇ ਮਾਤਾ-ਪਿਤਾ ਤੇ ਉਨਾਂ ਦੇ 2 ਦੋਸਤਾਂ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਭਰ ਲਈ ਜੇਲ ਦੀ ਸਜ਼ਾ



ਈਟੋਨ ਜੋਸਫ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਸਾਲ ਤੋਂ ਵਧ ਸਮਾਂ ਪਹਿਲਾਂ ਅਮਰੀਕਾ ਦੇ ਮੇਨੇ ਰਾਜ ਵਿਚ ਵੈਸਟ ਬਾਥ ਵਿਖੇ ਆਪਣੇ ਮਾਤਾ-ਪਿਤਾ ਤੇ ਉਨਾਂ ਦੇ 2 ਦੋਸਤਾਂ ਦੀ ਹੱਤਿਆ ਕਰਨ ਅਤੇ 3 ਹੋਰਨਾਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਜੋਸਫ ਈਟੋਨ ਨੂੰ ਜੱਜ ਨੇ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਈ ਹੈ। ਜੱਜ ਨੇ ਜੋਸਫ ਈਟੋਨ ਵੱਲੋਂ ਅਦਾਲਤ ਵਿਚ ਆਪਣਾ ਗੁਨਾਹ ਮੰਨ ਲੈਣ ਉਪਰੰਤ ਸਜ਼ਾ ਸੁਣਾਈ। ਜੋਸਫ ਈਟੋਨ ਨੇ ਨਾ ਲਾਅ ਇਨਫੋਰਸਮੈਂਟ ਅਧਿਕਾਰੀਆਂ ਤੇ ਨਾ ਹੀ ਅਦਾਲਤ ਵਿਚ ਮੌਜੂਦ ਮ੍ਰਿਤਕਾਂ ਦੇ ਸੱਕੇ ਸਬੰਧੀਆਂ ਤੇ ਦੋਸਤਾਂ ਨੂੰ ਹੱਤਿਆਵਾਂ ਦਾ ਕਾਰਨ ਨਹੀਂ ਦੱਸਿਆ। ਅਪ੍ਰੈਲ 2023 ਵਿਚ ਵਾਪਰੀ ਇਸ ਘਟਨਾ ਵਿਚ ਜ਼ਖਮੀ ਹੋਈ ਇਕ ਔਰਤ ਨੇ ਇਕ ਲਿਖਤੀ ਗਵਾਹੀ ਵਿਚ ਘਟਨਾ ਦਾ ਪੂਰਾ ਵੇਰਵਾ ਦੱਸਿਆ ਹੈ। ਘਟਨਾ ਵਿਚ ਗੋਲੀ ਵੱਜਣ ਕਾਰਨ ਜ਼ਖਮੀ ਹੋਈ ਇਕ ਔਰਤ ਦੇ ਪਿਤਾ ਨੇ ਵੀ ਆਪਣੇ ਲਿਖਤੀ ਬਿਆਨ ਵਿਚ ਜੋਸਫ ਈਟੋਨ ਵੱਲੋਂ ਕੀਤੀ ਹਿੰਸਾ ਬਾਰੇ ਵਿਸਥਾਰ ਪੂਰਵਕ ਦੱਸਿਆ ਹੈ। ਇਸ ਤੋਂ ਇਲਾਵਾ ਹੋਰ ਗਵਾਹੀਆਂ ਵੀ ਈਟੋਨ ਦੇ ਵਿਰੁੱਧ ਭੁੱਗਤੀਆਂ ਹਨ।

# ਅਮਰੀਕਾ ਵਿਚ ਤਬਾਹ ਹੋਏ ਇਕ ਛੋਟੇ ਜਹਾਜ਼ ਵਿਚ ਸਵਾਰ ਇਕ ਪਰਿਵਾਰ ਦੇ 5 ਜੀਆਂ ਦੀ ਮੌਤ-* ਬੇਸਬਾਲ ਟੂਰਨਾਮੈਂਟ ਵੇਖ ਕੇ ਜਾਰਜੀਆ ਵਾਪਿਸ ਆ ਰਿਹਾ ਸੀ ਪਰਿਵਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਨਿਊਯਾਰਕ ਰਾਜ ਦੇ ਉੱਤਰੀ ਹਿੱਸੇ ਵਿਚ ਇਕ ਇੰਜਣ ਵਾਲਾ ਛੋਟਾ ਜਹਾਜ਼ ਤਬਾਹ ਹੋਣ ਤੇ ਉਸ ਵਿਚ ਸਵਾਰ ਜਾਰਜੀਆ ਦੇ ਇਕ ਪਰਿਵਾਰ ਦੇ 5 ਜੀਆਂ ਦੀ ਮੌਤ ਹੋਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਿਆਨ ਅਨੁਸਾਰ ਪਰਿਵਾਰ ਬੇਸਬਾਲ ਟੂਰਨਾਮੈਂਟ ਵੇਖ ਕੇ ਕੂਪਰਸਟਾਊਨ, ਨਿਊਯਾਰਕ ਤੋਂ ਵਾਪਿਸ ਜਾਰਜੀਆ ਆ ਰਿਹਾ ਸੀ ਕਿ ਜਹਾਜ਼ ਅਚਾਨਕ ਹਾਦਸਾਗ੍ਰਸਤ ਹੋ ਕੇ ਜਮੀਨ ਉਪਰ ਡਿੱਗ ਪਿਆ ਤੇ ਉਸ ਵਿਚ ਸਵਾਰ ਸਾਰੇ ਵਿਅਕਤੀ ਮਾਰੇ ਗਏ। ਪੁਲਿਸ ਨੇ ਮ੍ਰਿਤਕਾਂ ਦੀ ਪਛਾਣ ਰੋਜਰ ਬੈਗਸ (76), ਲੌਰਾ ਵੈਨ ਏਪਸ (43), ਰੀਆਨ ਵੈਨ ਏਪਸ (42) ਜੇਮਜ ਆਰ ਵੈਨ ਏਪਸ (12) ਤੇ ਵੈਨ ਏਪਸ (10) ਵਜੋਂ ਕੀਤੀ ਹੈ। ਨਿਊਯਾਰਕ ਸਟੇਟ ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਡੈਲਾਵੇਅਰ ਕਾਊਂਟੀ ਵਿਚ ਮੈਸਨਵਿਲੇ ਕਸਬੇ ਵਿਚ ਲੇਕ ਸੀਸਿਲ ਰੋਡ ਦੇ ਆਸ ਪਾਸ ਦੇ ਖੇਤਰ ਵਿਚ ਸੰਭਾਵੀ ਤੌਰ 'ਤੇ ਇਕ ਜਹਾਜ਼ ਦੇ ਤਬਾਹ ਹੋਣ ਦੀ ਸੂਚਨਾ ਮਿਲਣ 'ਤੇ ਏਜੰਸੀਆਂ ਵੱਲੋਂ ਡਰੋਨ ਦੀ ਮੱਦਦ ਨਾਲ ਜਹਾਜ਼ ਦਾ ਮਲਬਾ ਤੇ ਉਸ ਵਿਚ ਸਵਾਰ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਲੱਭ ਲਈਆਂ ਗਈਆਂ ਹਨ। ਬਿਆਨ ਅਨੁਸਾਰ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਜਿਸ ਉਪਰੰਤ ਹੀ ਹਾਦਸੇ ਦੇ ਅਸਲ ਕਾਰਨ ਬਾਰੇ ਪਤਾ ਲੱਗ ਸਕੇਗਾ। ਜਾਰਜੀਆ ਦੇ ਗਵਰਨਰ ਬਰੀਅਨ ਕੈਂਪ ਨੇ ਇਕ ਬਿਆਨ ਵਿਚ ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੇ ਸੱਕੇ ਸਬੰਧੀਆਂ ਤੇ ਹੋਰ ਸੱਜਣਾਂ ਮਿੱਤਰਾਂ ਨਾਲ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦਾ ਜਲਦੀ ਸੂਬਾਈ ਸਰਕਾਰ ਵਲੋਂ ਸੁੰਦਰੀਕਰਨ ਕਰਵਾਇਆ ਜਾਵੇਗਾ-ਅਰੋੜਾ

## ✪ ਲਾਹੌਰ ਵਿਚ ਮਨਾਈ ਗਈ ਸ਼ੇਰ-ਏ-ਪੰਜਾਬ ਦੀ ਬਰਸੀ ਮਹਾਰਾਜਾ



ਅੰਮ੍ਰਿਤਸਰ-ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 185ਵੀਂ ਬਰਸੀ ਲਾਹੌਰ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਸਾਂਝੇ ਤੌਰ 'ਤੇ ਮਨਾਈ ਗਈ।ਲਾਹੌਰ ਸ਼ਾਹੀ ਕਿਲ੍ਹੇ ਦੇ ਸਾਹਮਣੇ ਸਥਾਪਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਯਾਦਗਾਰ ਗੁਰਦੁਆਰਾ ਡੇਹਰਾ ਸਾਹਿਬ ਦੇ ਬਿਲਕੁਲ ਨਾਲ ਮੌਜੂਦ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿਖੇ ਕਰਾਏ ਗਏ ਸਮਾਗਮ ਵਿਚ ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਅਤੇ ਪੀ. ਐੱਸ. ਜੀ. ਪੀ. ਸੀ. ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ, ਈ. ਟੀ. ਪੀ. ਬੀ. ਦੇ ਵਧੀਕ ਸਕੱਤਰ (ਸ਼ਰਾਈਨਜ਼) ਸੈਫ਼ੁੱਲਾ ਖੋਖਰ, ਅਬਦੁੱਲਾ ਓਵੈਸ, ਕਮੇਟੀ ਦੀ ਜਨਰਲ ਸਕੱਤਰ ਸਤਵੰਤ ਕੌਰ, ਮਹੇਸ਼ ਸਿੰਘ, ਡਾ: ਮਿਮਪਾਲ ਸਿੰਘ, ਗਿਆਨ ਸਿੰਘ ਚਾਵਲਾ, ਸਤਵੰਤ ਸਿੰਘ, ਪ੍ਰੋ. ਕਲਿਆਣ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਜਥਾ ਲੀਡਰ ਖੁਸ਼ਵਿੰਦਰ ਸਿੰਘ ਭਾਟੀਆ, ਡਿਪਟੀ ਲੀਡਰ ਗੁਰਮੀਤ ਸਿੰਘ ਬੂਹ ਤੇ ਬੀਬੀ ਹਰਜਿੰਦਰ ਕੌਰ ਆਦਿ ਹਾਜ਼ਰ ਸਨ ।ਦਿੱਲੀ ਕਮੇਟੀ ਦੇ ਜਥਾ ਲੀਡਰ ਕੁਲਵਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਮੁਕੰਮਲ ਜੀਵਨੀ ਪਾਕਿਸਤਾਨੀ ਸਿਲੇਬਸ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ। ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਸਾਡੀ ਇੱਛਾ ਹੈ ਕਿ ਭਾਰਤ ਸਮੇਤ ਦੁਨੀਆ ਭਰ ਤੋਂ ਵੱਧ ਤੋਂ ਵੱਧ ਸ਼ਰਧਾਲੂ ਪਾਕਿ ਆਉਣ। ਉਨ੍ਹਾਂ ਨੇ ਅੱਗੇ ਦਾਅਵਾ ਕੀਤਾ ਕਿ ਪਾਕਿਸਤਾਨ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ ਜਿੱਥੇ ਸਿੱਖ ਮੈਰਿਜ ਐਕਟ ਲਾਗੂ ਹੈ।ਅਰੋੜਾ ਨੇ ਕਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦਾ ਜਲਦੀ ਸੂਬਾਈ ਸਰਕਾਰ ਵਲੋਂ ਸੁੰਦਰੀਕਰਨ ਕਰਵਾਇਆ ਜਾਵੇਗਾ।ਉਨ੍ਹਾਂ ਨੇ ਰਾਣੀ ਜਿੰਦ ਕੌਰ ਦੀ ਸਮਾਧ ਦੀ ਵੀ ਮੁੜ ਉਸਾਰੀ ਕਰਵਾਏ ਜਾਣ ਦਾ ਭਰੋਸਾ ਦਿੱਤਾ।

MANAK SOLICITORS



**Aneeta Kaur Kang**
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**
**Surinder Singh Manak LLB (Hons)**

# ਲੈਸਟਰ ਕਬੱਡੀ ਟੂਰਨਾਮੈਂਟ ਦਾ ਕੱਪ 2024 ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਨੇ ਜਿੱਤਿਆ ਅਤੇ ਈਰਥ ਵੂਲਿਚ+ਸਾਊਥਾਲ ਕਲੱਬ ਦੀ ਟੀਮ ਉੱਪ ਜੇਤੂ ਰਹੀ

## ਲੈਸਟਰ ਕਲੱਬ ਵੱਲੋਂ ਇੰਗਲੈਂਡ ਦੀ ਕਬੱਡੀ ਲਈ ਕੀਤੀਆਂ ਸੇਵਾਵਾਂ ਲਈ ਕੁਲਵੰਤ ਸਿੰਘ ਸੰਘਾ ਦਾ ਗੋਲਡ ਮੈਡਲ ਨਾਲ ਅਤੇ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਦਾ ਵਿਸ਼ੇਸ਼ ਸਨਮਾਨ – ਸ਼ੌਕਤ ਸੱਪਾਂ ਵਾਲਾ ਸਰਬੋਤਮ ਜਾਫੀ ਅਤੇ ਛੋਟਾ ਦੁੱਲਾ ਸਰਬੋਤਮ ਧਾਵੀ



## ਜਾਰੀ ਕਰਤਾ: ਲੈਸਟਰ ਕਬੱਡੀ ਕਲੱਬ , ਲੈਸਟਰ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰੂ ਰਾਮਦਾਸ ਸੈਂਟਰ ਫਾਰ ਇਕਨੌਮਿਕ ਗਰੋਥ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਵੱਲੋਂ ਵਿਸ਼ੇਸ਼ ਪਸਾਰ ਭਾਸ਼ਣ ਕਰਵਾਇਆ

***ਵਿਸ਼ਾ ਸੀ "ਗੁਰੂ ਸਾਹਿਬਾਨ ਵੱਲੋਂ ਵਸਾਏ ਨਗਰਾਂ ਦੀ ਸਾਂਭ ਸੰਭਾਲ ਅਤੇ ਵਿਕਾਸ!"**
*** ਪਾਕਿਸਤਾਨ ਨਾਲ ਸੀਮਾਵਾਂ ਖੋਲਣ ਤੇ ਵਪਾਰ ਵਧੇਗਾ ਅਤੇ ਪੰਜਾਬ ਸਮੇਤ ਦੇਸ਼ ਦੀ ਆਰਥਿਕ ਉੱਨਤੀ ਹੋਵੇਗੀ! ( ਬੁਲਾਰੇ)**



ਲੁਧਿਆਣਾ ਮਾਡਲ ਟਾਊਨ ਐਕਸਟੈਨਸ਼ਨ ਸਟੱਡੀ ਸਰਕਲ ਵਿਖੇ ਅੱਜ ਸੈਮੀਨਾਰ ਹਾਲ ਵਿਚ ਪ੍ਰੋਗਰਮ ਦੀ ਆਰੰਭਤਾ ਗੁਰਬਾਣੀ ਸ਼ਬਦ 'ਸੰਤਾਂ ਕੇ ਕਾਰਜ ਆਪ ਖਲੋਆ' ਨਾਲ ਹੋਈ। ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਉਸਤਾਦ ਗੁਰਨਾਮ ਸਿੰਘ ਹੋਰਾਂ ਦੀ ਅਗਵਾਈ ਵਿੱਚ ਗਾਇਨ ਕੀਤਾ।

ਪ੍ਰੋਗਰਾਮ ਦਾ ਮੁੱਢ ਬਨਦਿਆਂ ਕੇਂਦਰ ਦੇ ਜਨਰਲ ਸਕੱਤਰ ਜਸਪਾਲ ਸਿੰਘ ਹੁਰਾਂ ਦੱਸਿਆ ਕਿ ਗੁਰੂ ਸਾਹਿਬਾਨ ਨੇ ਨਗਰ ਵਸਾਉਣ ਵੇਲੇ ਰੋਜ਼ਗਾਰ ਅਤੇ ਵਪਾਰ ਨੂੰ ਉਨੱਤ ਕਰਨ ਲਈ ਕਿੱਤਾ ਆਧਾਰਤ ਬਾਜ਼ਾਰਾਂ ਅਤੇ ਯਾਤਰੀਆਂ ਅਤੇ ਵਪਾਰੀਆਂ ਲਈ ਸਰਾਵਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਤੇਜ਼ ਵਿਕਾਸ ਲਈ ਸਰਹੱਦਾਂ ਨੂੰ ਵਪਾਰ ਲਈ ਖੋਲਣਾ ਚਾਹੀਦਾ ਹੈ।

ਡਾਇਰੈਕਟਰ ਖੁਸ਼ਵਿੰਦਰ ਬੀਰ ਸਿੰਘ ਹੁਰਾਂ ਸਵਾਗਤੀ ਸ਼ਬਦ ਕਹਿੰਦਿਆਂ ਕਰਤਾਰਪੁਰ ਸਾਹਿਬ ਤੋਂ ਸ੍ਰੀ ਆਨੰਦਪੁਰ ਸਾਹਿਬ ਤੱਕ ਸ਼ਹਿਰਾਂ ਦੀ ਸਥਾਪਨਾ ਬਾਰੇ ਚਾਨਣਾ ਪਾਇਆ। ਸ਼ਹਿਰੀਕਰਨ ਦੇ ਗੁਰੂ ਸਾਹਿਬਾਨ ਦੇ ਮਾਡਲ ਬਾਰੇ ਆਰਥਿਕ ਵਿਕਾਸ ਨੂੰ ਸਮਾਜਿਕ ਧਾਰਮਿਕ ਵਿਕਾਸ ਦੇ ਹਾਣੀ ਬਣਾਇਆ। ਡਾਕਟਰ ਬਲਵਿੰਦਰ ਪਾਲ ਸਿੰਘ ਹੋਰਾਂ ਦੋ ਸ਼ਬਦ ਕਹਿੰਦਿਆਂ ਇਤਿਹਾਸਿਕ ਸ਼ਹਿਰਾਂ ਦੇ ਸਮਾਜਿਕ ਆਰਥਿਕ ਵਿਕਾਸ ਦੇ ਮੁੱਦੇ ਸਰਕਾਰਾਂ ਅੱਗੇ ਰੱਖਣ ਲਈ ਅਪੀਲ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਇਨ੍ਹਾਂ ਸ਼ਹਿਰਾਂ ਰਾਹੀਂ ਕੌਮਾਂਤਰੀ ਪੱਧਰ ਦਾ ਟੂਰਿਜ਼ਮ ਤੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਸਾਧਨ ਵੱਧ ਸਕਣ।ਮੁੱਖ ਪਸਾਰ ਭਾਸ਼ਣ ਦਿੰਦਿਆਂ ਪ੍ਰੋਫੈਸਰ ਮਨਜੀਤ ਸਿੰਘ ਸਾਹੀ ਸਾਬਕਾ ਡੀਨ ਗੁਰੂ ਰਾਮਦਾਸ ਸਕੂਲ ਆਫ ਪਲੈਨਿੰਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਗੁਰੂ ਸਾ-ਹਬਾਨ ਵੱਲੋਂ ਵਸਾਏ ਨਗਰਾਂ ਬਾਰੇ ਤਿੰਨ ਨੁਕਤਿਆਂ ਤੇ ਸਾਂਝ ਪਾਈ, ਕਿਹੜੇ ਨਗਰ ਹਨ? ਸਾਂਭ ਸੰਭਾਲ ਕਿਵੇਂ ਹੋਵੇ? ਅਤੇ ਅੱਜ ਦੇ ਸੰਦਰਭ ਵਿੱਚ ਵਿਕਾਸ ਨੂੰ ਕਿਵੇਂ ਸਿਰੇ ਚੜਾਇਆ ਜਾਏ?

ਕਰਤਾਰਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਕਈ ਨਗਰ ਵਸਾਏ ਗਏ ਇਹ ਨਗਰ 'ਨਾਮ ਨਿਵਾਸ' ਦੇ ਲਈ ਸਨ। ਕੇਂਦਰੀ ਧੁਰਾ ਧਰਮਸ਼ਾਲ ਸੀ। ਧਰਮਸ਼ਾਲ ਦੇ ਚਾਰ ਪਧਰਾਂ ਦੇ ਨਿਵਾਸ ਸਨ; ਸ੍ਰੀ ਅਕਾਲ ਪੁਰਖ ਸਾਹਿਬ, ਗੁਰੂ ਸਾਹਿਬ-ਾਨ ਦਾ ਨਿਵਾਸ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਵਾਸ ਅਤੇ ਗੁਰੂ ਸੰਗਤ ਦਾ ਨਿਵਾਸ।'
ਸ਼ਹਿਰਾਂ ਦੇ ਵਿਕਾਸ ਲਈ ਖੁੱਲੀ ਥਾਂ, ਖੁਲ੍ਹਾ ਪਾਣੀ, ਵਾਤਾਵਰਣ ਅਤੇ ਸਮਾਜਿਕ-ਆਰਥਿਕ ਖੁਸ਼ਹਾਲੀ ਜ਼ਰੂਰੀ ਰੱਖਿਆ ਗਿਆ। ਨਗਰਾਂ ਦਾ ਨੀਵੀਆਂ ਥਾਵਾਂ ਨੂੰ ਸਰੋਵਰ 'ਚ ਬਦਲਿਆ। 'ਬਲਿਹਾਰੀ ਕੁਦਰਤਿ ਵਸਿਆ' ਦਾ ਥੀਮ ਮੁੱਖ ਰੱਖਿਆ। ਰਿਹਾਇਸ਼ੀ ਇਲਾਕੇ ਦਾ ਪਾਣੀ ਧਰਮਸ਼ਾਲ ਵੱਲ ਨਹੀਂ ਸੀ ਆਉਂਦਾ। ਹਰੇਕ ਥਾਂ ਇਕ ਓਅੰਕਾਰ ਸਿਮਰਨ ਦਾ ਸੱਚਖੰਡ ਵਸਾਉਣ ਦਾ ਉਪਰਾਲਾ ਰਿਹਾ। ਤਿੰਨ ਚੀਜ਼ਾਂ ਮੁੱਖ ਸਨ, ਨਾਨਕਸ਼ਾਹੀ ਇੱਟਾਂ, ਟਿੰਡਾਂ ਵਾਲੇ ਖੂਹ ਅਤੇ ਘੋੜਿਆਂ ਦੀ ਪਾਲਨਾ। ਇਸ ਨਾਲ ਵਧੇਰੇ ਕਿਰਤ, ਵਧੇਰੇ ਫਸਲਾਂ ਅਤੇ ਦੂਰ ਦੁਰਾਡੇ ਦੀ ਪਹੁੰਚ ਸੰਭਵ ਹੋਈ। ਦੁਰਲਭ ਸੁਗਾਤਾਂ ਸਿੱਖ, ਗੁਰੂ ਨੂੰ ਭੇਂਟ ਕਰਦੇ ਸਨ। ਗੁਰੂ ਸਾਹਿਬਾਨ ਸ਼ਹਿਰ ਦੇ ਕਾਰੀਗਰਾਂ ਤੋਂ ਉਹੋ ਜਿਹੀਆਂ ਵਸਤਾਂ ਬਣਵਾਉਂਦੇ ਤੇ ਇੰਝ ਅੰਮ੍ਰਿਤਸਰ ਦਾ ਸ਼ਹਿਰ ਵਧਿਆ ਫੁੱਲਿਆ। ਸਾਰੇ ਨਗਰਾਂ ਦੀ ਸਾਂਭ ਸੰਭਾਲ ਨੀਤੀ ਦੀ ਲੋੜ ਹੈ। ਸੰਰਚਨਾ ਬਣਾਉਣੀ, ਯੂਨੀਵਰਸਿਟੀਆਂ, ਹਸਪਤਾਲ, ਟੂਰਿਜ਼ਮ ਸਹੂਲਤਾਂ ਆਦਿ।ਗੁਰੂ ਸਾਹਿਬਾਨ ਨੇ ਸ਼ਹਿਰਾਂ ਵਿੱਚ ਸਮਾਜਿਕ ਤਾਣਾ ਬਾਣਾ, ਜਾਤ ਆਧਾਰਤ ਨਹੀਂ ਬਣਾਇਆ। ਕੇਂਦਰੀ ਸਰਕਾਰ ਦੀ ''ਗਰੀਨ ਸ਼ਹਿਰਾਂ'' ਦੀ ਸਕੀਮ ਦਾ ਲਾਭ ਲੈ ਕੇ ਇਤਿਹਾਸਿਕ ਸ਼ਹਿਰਾਂ ਦੀ ਵਿਕਾਸ ਦੀ ਸੰਭਾਲ ਕੀਤੀ ਜਾ ਸਕਦੀ ਹੈ ਜਿਸ ਵਿੱਚ ਵਿਦੇਸ਼ੀ ਸੰਗਤਾਂ, ਸੰਸਥਾਵਾਂ ਤੇ ਪੰਥਕ ਸੰਸਥਾਵਾਂ ਯੋਗਦਾਨ ਪਾ ਸਕਦੀਆਂ ਹਨ। ਪ੍ਰੋਫੈਸਰ ਸਾਹੀ ਹੋਰਾਂ ਦੀ ਅੰਮ੍ਰਿਤਸਰ ਸ਼ਹਿਰ ਦੀ ਸਭਿਅਕ ਪਿਛੋਕੜ ਬਾਰੇ ਖੋਜ ਪੁਸਤਕ ''ਰਿਸਪਲੈਂਡਿੰਟ ਅਰਬਨ ਪਲੈਨਿੰਗ ਐਂਡ ਡਿਜ਼ਾਇਨਿੰਗ ਕੰਸੈਪਟ ਆਫ ਅੰਮ੍ਰਿਤਸਰ'' ਅੰਗਰੇਜ਼ੀ ਰਿਲੀਜ਼ ਕੀਤੀ ਗਈ।

ਸ੍ਰ. ਸਤਬੀਰ ਸਿੰਘ ਰਿਟਾਇਰਡ ਡੀ.ਜੀ.ਐਮ. (ਪੰਜਾਬ ਐਂਡ ਸਿੰਧ ਬੈਂਕ) ਅਤੇ ਸੰਪਾਦਕ ਕਾਸਮਿਕ ਫੇਥ ਹੋਰਾਂ ਪੁਸਤਕ ਦੀ ਸੁਚੱਜੀ ਚਰਚਾ ਕੀਤੀ। ਉਨ੍ਹਾਂ ਸੁਝਾਵ ਦਿੱਤਾ ਕਿ ਉਨ੍ਹਾਂ ਸ਼ਹਿਰਾਂ ਦੀ ਵਿਰਾਸਤੀ ਮਹੱਤਵ ਨੂੰ ਬਹਾਲ ਕਰਨ ਲਈ ਜ਼ਰੂਰ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਯਾਤਰੂ ਵੱਧ ਚੜ ਕੇ ਆਉਣ।ਉਨ੍ਹਾ ਇਤਿਹਾਸਿਕ ਹਵਾਲਿਆਂ ਅਤੇ ਤਕਨੀਕੀ ਨੁਕਤਿਆਂ ਦੇ ਜਾਣੂ ਪ੍ਰੋਫੈਸਰ ਸਾਹੀ ਦੇ ਉੱਘੇ ਯੋਗਦਾਨ ਦੀ ਸ਼ਲਾਘਾ ਕੀਤੀ।

ਸ੍ਰ. ਗੁਰਮੀਤ ਸਿੰਘ ਫਾਊਂਡਰ ਮੈਂਬਰ ਸਟੱਡੀ ਸਰਕਲ ਤੇ ਸਾਬਕਾ ਆਨਰੇਰੀ ਸਕੱਤਰ ਸ਼੍ਰੀ ਅਕਾਲ ਤਖਤ ਸਾਹਿਬ ਹੁਰਾਂ ਸਾਰ ਵਿਸਥਾਰ ਕਰਦਿਆਂ ਪਾਸਾਰ ਭਾਸ਼ਣ ਦੀ ਸ਼ਲਾਘਾ ਕੀਤੀ। ਗੁਰੂ ਸਾਹਿਬਾਨ ਨੇ ਸਭ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਨਗਰਾਂ ਦੀ ਉਸਾਰੀ ਕੀਤੀ। ਉਨ੍ਹਾਂ ਦੱਸਿਆ ਕਿ ਨਾਲੰਦਾ ਯੂਨੀਵਰਸਿਟੀ, ਰਾਜਗੀਰ (ਬਿਹਾਰ) ਨੇੜੇ ਗੁਰੂ ਨਾਨਕ ਦੇਵ ਜੀ ਪੁੱਜੇ ਸਨ। ਇਸ ਬਾਰੇ ਖੋਜ ਕਰਨ ਲਈ ਟੀਮਾਂ ਲੱਗੀਆਂ ਹਨ। ਉਹਨਾਂ ਨੇ ਗੁਰੂ ਸਾਹਿਬ ਦੇ ਵਸਾਏ ਸ਼ਹਿਰਾਂ ਦਾ ਵਿਸਤ੍ਰਿਤ ਵਰਣਨ ਕੀਤਾ ਤੇ ਉਹਨਾਂ ਦੀ ਵਿਰਾਸਤੀ ਬੁਲੰਦੀ ਨੂੰ ਕਾਇਮ ਰੱਖਣ ਤੇ ਜ਼ੋਰ ਦਿੱਤਾ।

## ਨੌਜਵਾਨ ਸਭਾ ਬਾਬਾ ਮੱਖਣ ਸ਼ਾਹ ਲੁਬਾਣਾ ਇਟਲੀ ਅਤੇ ਸੰਗਤਾਂ ਵਲੋ ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆ ਦੀ ਮਿੱਠੀ ਯਾਦ ਚ ਕਰਵਾਏ ਵਿਸ਼ੇਸ ਸਮਾਗਮ





ਬਰੇਸ਼ੀਆਂ (ਗੁਰਸ਼ਰਨ ਸਿੰਘ ਸੋਨੀ) ਉੱਤਰੀ ਇਟਲੀ ਦੇ ਗੁਰਦੁਆਰਾ ਸਿੰਘ ਸਭਾ ਫਲੈਰੋ ਵਿਖੇ ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਮਿੱਠੀ ਯਾਦ ਵਿੱਚ ਸਮੂਹ ਸੰਗਤਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨੌਜਵਾਨ ਸਭਾ ਬਾਬਾ ਮੱਖਣ ਸ਼ਾਹ ਲੁਬਾਣਾ ਇਟਲੀ ਵੱਲੋਂ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ ਜਿਨਾਂ ਵਿੱਚ ਆਰੰਭੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪੰਰਤ ਵਿਸ਼ਾਲ ਦੀਵਾਨ ਸਜਾਏ ਗਏ ਜਿਹਨਾਂ ਤੋਂ ਭਾਈ ਚੰਚਲ ਸਿੰਘ ਦੇ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਬਾਬਾ ਗੁਲਜਾਰ ਸਿੰਘ ਨਾਨਕਸਰ ਜੱਬੋਵਾਲ ਵਾਲਿਆਂ ਵੱਲੋਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਉਣ ਦੇ ਨਾਲ - ਨਾਲ ਬਾਬਾ ਰੋਸ਼ਨ ਸਿੰਘ ਹੋਤੀ ਮਰਦਾਨ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ ।ਇਸ ਮੌਕੇ ਉਹਨਾਂ ਸਮੂਹ ਸੰਗਤਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਲਈ ਅਤੇ ਅਮ੍ਰਿੰਤ ਛੱਕ ਕੇ ਗੁਰੂ ਵਾਲੇ ਬਣਨ ਲਈ ਪੁਰ ਜੌਰ ਅਪੀਲ ਕੀਤੀ। ਮੌਜੂਦ ਪ੍ਰਬੰਧਕ ਕਮੇਟੀ ਸੁਰਿੰਦਰਜੀਤ ਸਿੰਘ ਪੰਡੋਰੀ, ਬਲਕਾਰ ਸਿੰਘ, ਨਿਸ਼ਾਨ ਸਿੰਘ, ਕੁਲਵੰਤ ਸਿੰਘ ਬੱਸੀ, ਸਵਰਨ ਸਿੰਘ, ਸ਼ਰਨਜੀਤ ਸਿੰਘ, ਮਹਿੰਦਰ ਸਿੰਘ, ਅਮਰੀਕ ਸਿੰਘ, ਲਖਵਿੰਦਰ ਸਿੰਘ ਅਤੇ ਨੌਜਵਾਨ ਸਭਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸੇਵਾਦਾਰ ਰਵਿੰਦਰ ਸਿੰਘ, ਸਿਮਰਜੀਤ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਕਰਨੈਲ ਸਿੰਘ, ਪਲਵਿੰਦਰ ਸਿੰਘ, ਦਿਲਬਾਗ ਸਿੰਘ ਆਦਿ ਵਲੋ ਆਈਆ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਤ ਬਾਬਾ ਰੌਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## Tail Piece

## DECADES OF DEMOCRACY COULD NOT TURN PARLIAMENT HOUSE OF EPRESENTATIVES

We adopted democracy more than seen decades ago and in spite ofall our declarations, till date our Parliament could ot become Houseof Representatives of the People of India. Our contesting groupscontinue their fight even in Parliament and all members are stilldivided into two groups supoorters and oppositions and could not turnRepresentatives of the people of India. We had been noticing that thecontesting groups continue their fight even in Parliament and muchtime of Parliament is wasteed in this futile exercise.

We had no way out in the beginning and the politicians divid-edthemselves into parties and groups just to work for choosingcan-didates and that was just a work of short-listing. But it is nownot short-listing now, and the groups continue their fights even inParliament. The people just become watchers and enjoy these fights inthe Parliament. None of the members present in the house could workfor the welfarte of the people. The government formed could work onlywhen they are in majority and that too absolute majority and if notthe Bills, Projects, Schemes and Policies too can-not be passed and thenation comes to a stand.

Some wy out must be there. We are a model democracy and all thedemocracies in the world are following us. Let it turn true democ-racyand for that the House must turn Party-less and become repre-sentativeof the people and even Prtime Minister and other ministers be electedby tehm in the house and all must work on each Bill, Policy, Projectand scheme with full use of conscience, will and wis-dom and even votestoo must be as such . The present division of members is totallyundemocratic and must stop with immediate effect.

Dalip Singh Wasan, Advocate

# ਘੱਟ ਗਿਣਤੀ ਭਾਈਚਾਰਿਆਂ ਤੇ ਮਨੁੱਖਤਾ ਵਿਰੋਧੀ ਜ਼ਹਿਰ ਘੋਲਣ ਵਾਲੇ ਸਮੂਹ ਹਨ ਅੱਤਵਾਦੀ!!!


ਗਿਆਨੀ ਕੇਵਲ ਸਿੰਘ

9592093472




ਸਿੱਖੀ ਤੇ ਸੰਘਰਸ਼ ਸੁਮੇਲ ਹੈ। ਸਿੱਖ ਦੀ ਤਿਆਰੀ ਪਿੱਛੇ ਗੁਰੂ ਜੀ ਨੇ ਅਕਾਲ ਪੁਰਖ ਦੀ ਨਦਰਿ ਨੂੰ ਰੱਖਿਆ ਹੈ। ਅਕਾਲ ਪੁਰਖ ਨਦਰਿ ਹੇਠ ਕਾਇਨਾਤ ਦਾ ਸਮੁੱਚਾ ਪ੍ਰਬੰਧ ਚੱਲ ਰਿਹਾ ਹੈ। ਇਸ ਰੱਬੀ ਪ੍ਰਬੰਧਨ ਹੇਠ ਸਭ ਇਕਸੁਰਤਾ ਤੇ ਇਕਸਾਰਤਾ ਦਾ ਕਾਦਰੀ ਵਰਤਾਰਾ ਚੱਲਦਾ ਆ ਰਿਹਾ ਹੈ ਤੇ ਚੱਲਦਾ ਰਹੇਗਾ।

ਇਸੇ ਹੀ ਹੁਕਮੀ ਦੇ ਹੁਕਮ ਵਿਚ ਸੰਸਾਰ ਅੰਦਰ ਪੀਰ ਪੈਗੰਬਰ ਅਵਤਾਰ ਔਲੀਆ ਨਿਰੰਤਰ ਮਨੁੱਖਤਾ ਨੂੰ ਗਿਆਨ ਵੰਡਣ ਲਈ ਆਏ ਹਨ। ਉਨ੍ਹਾਂ ਸੰਸਾਰ ਅੰਦਰ ਜੀਵਨ ਜੁਗਤਿ ਸਮਝਾਉਣ ਲਈ ਆਪਣੇ ਜ਼ਿੰਮੇ ਲੱਗੇ ਪਰਮੇਸ਼ਵਰੀ ਫਰਜ਼ ਨਿਭਾਏ ਹਨ। ਜੋ ਮਨੁੱਖ ਰੱਬੀ ਗਿਆਨ ਰਾਹੀਂ ਸਮਝ ਸੂਝ ਲੈ ਕੇ ਤਿਆਰ ਹੁੰਦਾ ਹੈ ਉਸ ਦੀ ਸਮਝ ਵਿਚ ਇਨਸਾਨੀਅਤ ਦੀਆਂ ਖੂਬੀਆਂ ਭਾਰੀ ਭਰਪੂਰ ਰਹਿੰਦੀਆਂ ਹਨ। ਵੈਰ ਵਿਰੋਧ ਈਰਖਾ ਨਫ਼ਰਤ ਸਾੜੇ ਤੋਂ ਉਹ ਨਿਰਲੇਪ ਹੁੰਦੇ ਹਨ। ਉਹ ਸਭ ਨੂੰ ਰੱਬ ਦੇ ਬੰਦੇ ਕਰਕੇ ਜਾਣਦੇ , ਪਿਆਰਦੇ, ਸਤਿਕਾਰਦੇ ਹਨ। ਉਨ੍ਹਾ ਲਈ ਜ਼ਾਤਾਂ ਤੇ ਮਜ਼ਬਾਂ ਦੀਆਂ ਹੱਦਾਂ ਸਦਾ ਬੇਲੋੜੀਆਂ ਹੁੰਦੀਆਂ ਹਨ।

ਆਮ ਜਨ ਸਾਧਾਰਨ ਵਿਅਕਤੀ ਕਿਉਂ ਕਿ ਜ਼ਾਤੀ ਜ਼ਿੰਦਗੀ ਦੇ ਤੰਗ ਵਲਗਣ ਵਿਚ ਸਵਾਰਥੀ ਸੋਚ ਤੇ ਲਾਲਸਾ ਲੈ ਕੇ ਵਿਚਰਦਾ ਹੈ। ਇਸ ਦੇ ਦਿਲ ਦਿਮਾਗ ਵਿਚ ਮੇਰ ਤੇਰ , ਈਰਖਾ ਦਵੈਤ ਦੇ ਮਾਰੂ ਜਰਾਸੀਮ ਭਰ ਜਾਂਦੇ ਹਨ। ਇਹ ਮਨੁੱਖ ਜਿੱਥੇ ਜ਼ਿੰਦਗੀ ਦੀ ਸਮਝ ਤੋਂ ਕੋਰਾ ਹੁੰਦਾ ਹੈ ਉੱਥੇ ਇਸ ਦੇ ਅੰਦਰ ਬੇਸਮਝੀ ਭਾਰੂ ਹੋਣ ਕਾਰਣ ਦੂਜਿਆਂ ਪ੍ਰਤੀ ਮਾਣ ਸਨਮਾਨ ਦੀਆਂ ਭਾਵਨਾਵਾਂ ਮਰ ਜਾਂਦੀਆਂ ਹਨ। ਐਸਾ ਮਨੁੱਖ ਸਮਾਜ ਦੇ ਕਿਸੇ ਵੀ ਖਿੱਤੇ ਵਿਚ ਜਾਂ ਕਿਸੇ ਜ਼ਿੰਮੇਵਾਰੀ ਦੇ ਲਈ ਸਥਾਪਿਤ ਹੋਵੇਗਾ; ਉਸ ਪਾਸੋਂ ਦੂਜੇ ਭਲੇ ਦੀ ਆਸ ਕਰਨੀ ਬੇਲੋੜੀ ਹੁੰਦੀ ਹੈ।

ਸਿੱਖ ਦੀ ਤਿਆਰੀ ਪਿੱਛੇ ਗੁਰੂ ਨੇ ਜੋ ਅਣਥੱਕ ਘਾਲ ਘਾਲੀ ਹੈ ਇਸ ਨੂੰ ਆਮ ਮਨੁੱਖ ਜਾਂ ਅਸੂਲਾਂ ਤੋਂ ਥਿੜਕੇ ਵਿਅਕਤੀ ਕਦਾਚਿਤ ਸਮਝਣ ਪੱਖੋਂ ਫੇਲ੍ਹ ਹੁੰਦੇ ਹਨ। ਸਿੱਖਾਂ ਵਾਸਤੇ ਇਹ ਲੋਕ ਕੁਝ ਵੀ ਊਲ ਜਲੂਲ ਬੋਲਦੇ ਹੀ ਆਏ ਹਨ। ਇਸ ਸ਼੍ਰੇਣੀ ਦੇ ਮਨੁੱਖ ਸਮਾਜ ਲਈ ਘਾਤਕ ਹੁੰਦੇ ਹਨ। ਇਹ ਸਮਾਜ ਦੇ ਮਾਹੌਲ ਅੰਦਰ ਜ਼ਹਿਰ ਘੋਲਣ ਦਾ ਕੰਮ ਕਰਦੇ ਹਨ।

ਕੰਗਨਾ ਰਣੌਤ ਇਕ ਮੂੰਹ ਜ਼ੋਰ ਹਿਮਾਚਲ ਪ੍ਰਦੇਸ਼ ਦੀ ਪਾਰਲੀਮੈਂਟ ਮੈਂਬਰ ਬੀਬੀ ਵੱਲੋਂ ਚੰਡੀਗੜ੍ਹ ਹਵਾਈ ਅੱਡੇ 'ਤੇ ਆਪਣੀ ਅਕਲ ਦਾ ਜਲੂਸ ਕੱਢਿਆ ਹੈ ਇਕ ਸੁਰੱਖਿਅਤ ਕਰਮਚਾਰੀ ਧੀ ਨੂੰ ਖਾਲਿਸਤਾਨੀ ਆਖ ਕੇ। ਇਹ ਬਹੁਤ ਹੀ ਖਤਰਨਾਕ ਕਿਰਿਆ ਹੈ। ਸਿੱਖ ਘਰਾਣੇ ਦੀ ਸੁਰੱਖਿਆ ਕਰਮਚਾਰੀ ਧੀ ਵੱਲੋਂ ਉਸ ਦੇ ਇਸ ਭਿਆਨਕ ਵਤੀਰੇ ਦਾ ਉੱਤਰ ਚੁਪੇੜ ਨਾਲ ਦਿੱਤਾ ਗਿਆ। ਜਿਸ ਬਾਰੇ ਹੱਕ ਵਿਰੋਧ ਦੀਆਂ ਵੱਖ ਵੱਖ ਚਰਚਾਵਾਂ ਪੜ੍ਹਨ ਸੁਣਨ ਲਈ ਸਾਹਮਣੇ ਹਨ।

ਇਹ ਬੀਬੀ ਕਿਸਾਨ ਅੰਦੋਲਨ ਮੌਕੇ ਵੇਲੇ




ਵੀ ਆਪਣੀ ਖੋਟੀ ਅਕਲ ਦਾ ਜ਼ਹਿਰੀਲਾ ਰੂਪ ਉਜਾਗਰ ਕਰ ਚੁੱਕੀ ਹੈ। ਇਸ ਨੂੰ ਇਸ ਦੇ ਪਰਵਾਰ ਤੇ ਨੇੜਲੇ ਚੰਗੇ ਵਿਅਕਤੀਆਂ ਵੱਲੋਂ ਨੱਥ ਪਾਉਣੀ ਚਾਹੀਦੀ ਸੀ ਮਗਰ ਇਹ ਮੂੰਹ ਜੋਰ ਬੀਬੀ ਆਪਣੇ ਹੀ ਹੰਕਾਰ ਨਾਲ ਭਰੀ ਹੋਈ ਸੱਤਾਧਾਰੀ ਧਿਰ ਦੇ ਮੋਢਿਆਂ 'ਤੇ ਚੜ੍ਹ ਕੇ ਕੁਰੱਖਤ ਹੋ ਗਈ ਹੈ। ਪੰਜਾਬੀ ਦਾ ਮੁਹਾਵਰਾ ਹੈ "ਇਕ ਕਮਲੀ ਦੂਜੀ ਪੈ ਗਈ ਮੜ੍ਹੀਆਂ ਦੇ ਰਾਹ।"

ਦੁੱਖ ਹੋਰ ਵੱਡਾ ਹੋ ਜਾਂਦਾ ਹੈ ਜਦੋਂ ਇਹ ਪੜ੍ਹੇ ਲਿਖੇ ਵਰਗ ਦੀ ਬੀਬੀ ਜੋ ਖੁਦ ਨੂੰ ਫਿਲਮਾਂ ਦੀ ਅਦਾਕਾਰ ਦੱਸਦੀ ਹੈ। ਕੀ ਇਸ ਤਰ੍ਹਾਂ ਦੀਆਂ ਆਪ ਹੁਦਰੀਆਂ ਕਰਨ ਵਾਲੀ ਸਮਾਜ ਦੇ ਸੁਧਾਰ ਲਈ ਪ੍ਰੇਰਨਾ ਸਰੋਤ ਹੋ ਸਕਦੀ ਹੈ? ਫਿਲਮਾਂ ਨੂੰ ਸਮਾਜ ਸੁਧਾਰ ਦੇ ਕੇਂਦਰ ਵੱਲੋਂ ਵੇਖਦੇ ਤੇ ਪ੍ਰਚਾਰਦੇ ਹਾਂ।

ਕੰਗਨਾ ਰਣੌਤ ਵਲੋਂ ਸਿੱਖਾਂ ਨੂੰ ਅੱਤਵਾਦੀ ਆਖਣ ਦੀ ਕਰਤੂਤ ਸਿੱਖ ਕੌਮ ਦਾ ਅਪਮਾਨ ਹੈ। ਸਿੱਖ ਕੌਮ ਕੋਲ ਜੋ ਸਿੱਖਿਆ ਤੇ ਜੀਵਨ ਘਾੜਤ ਹੈ ਉਸ ਵਿਚ ਕਿਸੇ ਬਾਰੇ ਬੁਰਾ ਸੋਚਣ ਤੇ ਕਰਨ ਦੀ ਰਾਈ ਮਾਤਰ ਵੀ ਗੁੰਜਾਇਸ਼ ਨਹੀਂ ਹੈ। ਸਿੱਖ ਭਾਰਤ ਦੇਸ਼ ਦਾ ਆਦਰਯੋਗ ਸ਼ਹਿਰੀ ਹੈ। ਜੋ ਆਪਣੀ ਜ਼ਿੰਦਗੀ ਨਿਜ ਲਈ ਨਹੀਂ ਜਿਉਂਦਾ। ਸਿੱਖ ਕੋਲ ਸੇਵਾ, ਸਿਮਰਨ, ਉਦਾਰਤਾ ਤੇ ਪਰਉਪਕਾਰ ਵਰਗੇ ਕਾਦਰੀ ਗੁਣ ਹਨ, ਜੋ ਸਤਿਗੁਰੂ ਸਹਿਬਾਨ ਨੇ ਆਪਣੇ ਜੀਵਨ ਦੇ ਕਰਣੀਨਾਮੇ ਰਾਹੀਂ ਕੁੱਟ ਕੁੱਟ ਕੇ ਭਰੇ ਹਨ। ਸਿੱਖ ਸੰਸਾਰ ਦੀ ਕਿਸੇ ਵੀ ਧਰਤੀ 'ਤੇ ਹੋਵੇ ਇਹ ਇਨਸਾਨੀ ਗੁਣਾਂ ਦਾ ਮੁਜੱਸਮਾ ਬਣ ਕੇ ਹੀ ਵਿਚਰਦਾ ਹੈ। ਸੰਸਾਰ ਇਸ ਦੇ ਇਸ ਦੁਰਲੱਭ ਸੇਵਾ ਦੇ ਕਰਮ ਅੱਗੇ ਸਿਰ ਝੁਕਾਉਂਦਾ ਹੈ। ਭਾਰਤ ਦੇਸ਼ ਦੇ ਇਤਿਹਾਸ ਵਿਚੋਂ ਸਿੱਖ ਕੌਮ ਦੀ ਕੁਰਬਾਨੀ ਨੂੰ ਪਾਸੇ ਕਰ ਲਿਆ ਜਾਵੇ ਤਾਂ ਮਗਰ ਖੋਖਲਾਪਨ ਹੀ ਰਹਿ ਜਾਂਦਾ ਹੈ।

ਭਾਰਤੀ ਸਮਾਜ ਵਿਚ ਇਹ ਮੰਨਿਆ ਜਾਂਦਾ ਹੈ ਕਿ ਇਹ ਦੇਸ਼ ਧਾਰਮਿਕ ਪਰਵਿਰਤੀ ਵਾਲਾ ਹੈ। ਇਥੋਂ ਰਿਸ਼ੀਆਂ ਮੁਨੀਆਂ ਤੇ ਹੋਰ ਗਿਆਨ ਪਾਂਧੀਆਂ ਨੇ ਲੰਮੇ ਸਮੇਂ ਤੋਂ ਚੰਗੇ ਗੁਣਾਂ ਵਾਲਾ ਸਮਾਜ ਸਿਰਜਣ ਵਿਚ ਵੱਡਾ ਹਿੱਸਾ ਪਾਇਆ ਹੈ।

ਮਗਰ ਵਰਤਮਾਨ ਸਮੇਂ ਭਾਰਤੀ ਵੱਸੋਂ ਦਾ ਵੱਡਾ ਹਿੱਸਾ ਆਪਣੇ ਗਿਆਨ ਤੇ ਸੰਸਕਾਰੀ ਵਿਰਸੇ ਤੋਂ ਟੁੱਟ ਕੇ ਜ਼ਿੰਦਗੀ ਜੀਉਣ ਲੱਗਿਆ ਹੈ। ਜਿਸ ਦਾ ਦਿਲ ਦਿਮਾਗ ਆਪਣੀ ਗਿਣਤੀ ਤੇ ਰਾਜਸੀ ਸੱਤਾ ਦੇ ਘੁਮੰਡ ਕਰਕੇ ਸਮਾਜਿਕ ਵਿਵਸਥਾ ਨੂੰ ਵਿਗਾੜ ਕੇ ਉਜੜ ਰਾਹੇ ਪਾ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਘਰ ਇਨ੍ਹਾਂ ਘੁਮੰਡ ਧਾਰੀਆਂ ਦੀ ਮਾਰ ਹੇਠਾਂ ਵਧੇਰੇ ਹੈ। ਵੱਖ ਵੱਖ ਢੰਗਾਂ ਨਾਲ ਸਿੱਖਾਂ ਨੂੰ ਅਪਮਾਨਿਤ ਕਰਨ ਲਈ ਮਿਥੀ ਸਾਜਿਸ਼ ਰਾਹੀਂ ਸ਼ਿਕਾਰ ਬਣਾਇਆ ਜਾ ਰਿਹਾ। ਦੁੱਖ ਇਸ ਗੱਲ ਦਾ ਹੈ ਕਿ ਸਰਬੱਤ ਦਾ ਭਲਾ ਮੰਗਣ ਦਾ ਅਮਲ ਉਜਾਗਰ ਕਰਨ ਵਾਲੀ ਕੌਮ 'ਤੇ ਵੱਖ ਵੱਖ ਊਝਾਂ ਲਾ ਕੇ ਅਪਮਾਨਿਤ ਕਰਨ ਦਾ ਦੌਰ ਚਲਾਇਆ ਜਾਂਦਾ ਹੈ। ਕੰਗਨਾ ਰਣੌਤ ਬੀਬੀ ਦਾ ਸਿੱਖਾਂ ਪ੍ਰਤੀ ਵਿਹਾਰ ਸੁਤੇ ਸਿਧ ਸਹਜ ਦਾ ਵਰਤਾਰਾ ਨਹੀਂ ਬਲਕਿ ਯੋਜਨਾਬੱਧ ਮੁਹਿੰਮ ਦਾ ਹਿੱਸਾ ਹੈ।

1947 ਤੋਂ ਲਗਾਤਾਰ ਸਿੱਖ ਇਸ ਵਰਤਾਰੇ ਦਾ ਮਿਥਵਾਂ ਨਿਸ਼ਾਨਾ ਹਨ। ਅਸੀਂ ਜਜ਼ਬਾਤੀ ਨਹੀਂ ਹੋਣਾ। ਸਾਨੂੰ ਭਾਰਤੀ ਹਾਕਮ ਜਮਾਤ ਦੇ ਅੰਦਰੂਨੀ ਮਨਸੂਬਿਆਂ ਨੂੰ ਗੰਭੀਰ ਚਿੰਤਨ ਰਾਹੀਂ ਸਮਝਣ ਤੇ ਹਕੂਮਤੀ ਮਨਸੂਬਿਆਂ ਨੂੰ ਗਿਆਨ ਖੜਗ ਰਾਹੀਂ ਪਛਾੜਨ ਦੀ ਵੱਡੀ ਲੋੜ ਹੈ। ਬਾਕੀ ਭਾਰਤੀ ਘੱਟ ਗਿਣਤੀ ਭਾਈਚਾਰਿਆਂ ਪਤੀ ਵਿਵਹਾਰ ਨੂੰ ਵੀ ਧਿਆਨ ਵਿਚ ਰੱਖਣਾ ਬੇਹੱਦ ਜ਼ਰੂਰੀ ਹੈ। ਘੱਟ ਗਿਣਤੀ ਭਾਈਚਾਰਿਆਂ ਦੇ ਨੇੜੇ ਹੋਣਾ, ਨਾਲ ਤੁਰਨਾ ਤੇ ਹੱਕ ਹਕੂਕਾਂ ਦੀ ਲੜਾਈ ਨੂੰ ਰਲ ਕੇ ਲੜਨ ਦੀ ਵਿਉਂਤ ਵਾਸਤੇ ਵਧਣਾ ਜਰੂਰੀ ਹੈ।

ਕੀ ਸਿੱਖ ਵਾਕਿਆ ਅੱਤਵਾਦੀ ਹਨ? ਕੀ ਸਿੱਖ ਵਾਕਿਆ ਹੀ ਵੱਖਵਾਦੀ ਹਨ? ਸਿੱਖ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਈ ਨਹੀਂ ਹਨ! ਭਾਰਤੀ ਹਕੂਮਤ ਦੇ ਸੱਭਿਆਚਾਰ ਮੰਤਰਾਲੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕੋਈ ਘੱਟ ਗਿਣਤੀ ਭਾਈਚਾਰਿਆਂ ਬਾਰੇ ਅਪਮਾਨਿਤ ਟਿੱਪਣੀ ਕਰੇ ਤਾਂ ਉਸ ਨੂੰ ਨੱਥ ਪਾਉਣ ਲਈ ਪੱਕਾ ਬਾਨਣੂ ਬੰਨੇ।

ਅਸਲੀ ਅੱਤਵਾਦੀ ਸਿੱਖਾਂ, ਹੋਰ ਘੱਟ ਗਿਣਤੀ ਭਾਈਚਾਰਿਆਂ ਤੇ ਮਨੁੱਖਤਾ ਵਿਰੋਧੀ ਜ਼ਹਿਰ ਘੋਲਣ ਵਾਲੇ ਸਮੂਹ ਹਨ। ਉਨ੍ਹਾਂ ਸਭ ਨੂੰ ਸਾਰੇ ਕਹੋ ਅੱਤਵਾਦੀ! ਅੱਤਵਾਦੀ!! ਅੱਤਵਾਦੀ!!!


ਸਾਬਕਾ ਜਥੇਦਾਰ

ਤਖ਼ਤ ਸ੍ਰੀ ਦਮਦਮਾ ਸਾਹਿਬ।

panthaknagara@gmail.com


## ਵੈਨਕੂਵਰ, ਟੋਰਾਂਟੋ, ਮੌਂਟਰੀਅਲ ਅਤੇ ਔਟਵਾ ਵਿਖੇ ਏਅਰ ਇੰਡੀਆ ਬੰਬ ਧਮਾਕੇ ਵਿੱਚ ਮਾਰ ਗਏ 329 ਮੁਸਾਫਿਰਾਂ ਸ਼ਾਂਤਮਈ ਇਕੱਤਰਤਾਵਾਂ




ਵੈਨਕੂਵਰ (ਡਾਕਟਰ ਗੁਰਵਿੰਦਰ ਸਿੰਘ)-23 ਜੂਨ ਨੂੰ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਭਾਰਤੀ ਸਫਾਰਤਖਾਨਿਆਂ ਅਤੇ ਖਾਲਿਸਤਾਨੀ ਪੱਖੀ ਸਿੱਖ ਧਿਰਾਂ ਵੱਲੋਂ ਏਅਰ ਇੰਡੀਅ ਬੰਬ ਧਮਾਕੇ ਦੇ 39ਵੇਂ ਵਰ੍ਹੇ ਤੇ ਮਿਰਤਕਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਜਿੱਥੇ ਭਾਰਤ ਸਰਕਾਰ ਦੇ ਅਦਾਰਿਆਂ ਵੱਲੋਂ ਏਅਰ ਇੰਡੀਆ ਬੰਬ ਧਮਾਕੇ ਦੇ ਦੋਸ਼ ਖਾਲਿਸਤਾਨੀ ਧਿਰਾਂ 'ਤੇ ਮੜੇ ਗਏ, ਉੱਥੇ ਖਾਲਿਸਤਾਨ ਪੱਖੀ ਅਦਾਰਿਆਂ, ਵਿਸ਼ੇਸ਼ ਕਰ ਸਿੱਖ ਫਰ ਜਸਟਿਸ ਨੇ ਇਸ ਅੱਤਵਾਦੀ ਹਮਲੇ ਲਈ ਭਾਰਤ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਅਤੇ ਇਸ ਦੀ ਜਾਂਚ ਲਈ ਪੰਜ ਮਿਲੀਅਨ ਡਾਲਰ ਦੇਣ ਵਾਸਤੇ ਅਹਿਦ ਪ੍ਰਗਟਾਇਆ। ਸਿੱਖ ਜਥੇਬੰਦੀਆਂ ਨੇ ਟਰਾਂਟੋ, ਵੈਨਕੂਵਰ, ਔਟਵਾ, ਅਤੇ ਮੌਂਟਰੀਅਲ ਵਿਖੇ ਖਾਲਿਸਤਾਨ ਰੈਲੀਆਂ ਰਾਹੀਂ ਭਾਰਤੀ ਜਾਸੂਸਾਂ ਦੀ ਏਅਰ ਇੰਡੀਆ ਨੂੰ ਬੰਬ ਨਾਲ ਉਡਾਉਣ ਦੀ ਸ਼ਾਜਿਸ ਨੂੰ ਜੱਗ ਜਾਹਿਰ ਕਰਨ ਦਾ ਐਲਾਨ ਕੀਤਾ ਹੈ। ਸਿਖਸ ਫਾਰ ਜਸਟਿਸ ਅਨੁਸਾਰ ਕਨੇਡਾ ਵਿੱਚ ਭਾਰਤੀ ਅਤਿਵਾਦ, ਜਿਸਦਾ ਪ੍ਰਧਾਨ ਮੰਤਰੀ ਟਰੂਡੋ ਨੇ ਜ਼ਿਕਰ ਵੀ ਕੀਤਾ ਹੈ, 1985 ਤੋਂ ਲਗਾਤਾਰ ਜਾਰੀ ਹੈ। ਜਿਸਦੇ ਤਹਿਤ ਕਨੇਡਾ ਵੱਲੋਂ ਟਰਾਂਟੋ ਸਥਿਤ ਭਾਰਤੀ ਰਾਜਦੂਤ ਸੁਰਿੰਦਰ ਮਲਿਕ, ਬ੍ਰਿਜ਼ ਮੋਹਨ ਅਤੇ ਦਵਿੰਦਰ ਆਹਲੂਵਾਲੀਆ ਨੂੰ ਕਨੇਡਾ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ। ਜਿੱਥੇ ਭਾਰਤੀ ਰਾਜਦੂਤ ਸੁਰਿੰਦਰ ਮਲਿਕ ਨੇ ਆਪਣੇ ਪਰਿਵਾਰ ਨੂੰ ਏਅਰ ਇੰਡੀਆ ਦੀ ਫਲਾਈਟ 182 ਵਿੱਚੋਂ ਆਖ਼ਰੀ ਵਕਤ ਤੇ ਬਾਹਰ ਕੱਢ ਲਿਆ ਸੀ, ਉੱਥੇ ਭਾਰਤੀ ਅਫਸਰ ਸਿਧਾਰਥਾ ਸਿੰਘ ਅਤੇ ਕਨੇਡੀਅਨ ਰਾਜਨੀਤਕ ਲੀਡਰ ਉੱਜਲ ਦੁਸਾਂਝ ਨੇ ਵੀ ਆਖ਼ਰੀ ਪਲਾਂ ਵਿਚ ਆਪਣੀ ਫਲਾਈਟ 182 ਦੀਆਂ ਟਿਕਟਾਂ ਰੱਦ ਕਰਵਾ ਦਿੱਤੀਆਂ ਸਨ। ਏਅਰ ਇੰਡੀਆ ਬੰਬ ਧਮਾਕੇ ਤੋਂ ਪਹਿਲਾਂ ਭਾਰਤੀ ਰਾਜਦੂਤਾਂ ਦੇ ਸ਼ੱਕੀ ਰਵੱਈਏ ਦਾ ਹਵਾਲਾ ਦਿੰਦਿਆਂ ਸਿੱਖਸ ਫੋਰ ਜਸਟਿਸ ਦੇ ਜਰਨਲ ਕੌਂਸਲ ਗੁਰਪਤਵੰਤ ਸਿੰਘ ਪੰਨੂੰ ਦਾ ਕਹਿਣਾ ਹੈ ਕਿ "ਕਨੇਡਾ ਸਰਕਾਰ ਏਅਰ ਇੰਡੀਅਨ ਬੰਬ ਧਮਾਕੇ ਵਿੱਚ ਭਾਰਤ ਦੀ ਭੂਮਿਕਾ ਦੀ ਜਾਂਚ ਕਰੇ, ਜਿਸ ਲਈ ਐਸ.ਐਫ.ਜੇ ਵੱਲੋਂ ਇਨਕੁਆਰੀ ਕਮਿਸ਼ਨ ਦੇ ਖ਼ਰਚੇ ਲਈ $5 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਹੈ। ਸਿੱਖ ਜਥੇਬੰਦੀਆਂ ਦੇ ਸੱਦੇ ਤੇ ਪਹੁੰਚਿਆ ਸੰਗਤਾਂ ਨੇ ਵਾਹਿਗੁਰੂ ਦਾ ਜਾਪ ਕੀਤਾ ਅਤੇ ਅਤੇ ਮ੍ਰਿਤਕਾਂ ਲਈ ਅਰਦਾਸਾਂ ਕੀਤੀਆਂ।

# ਸਰਬੱਤ ਦੇ ਭਲੇ ਲਈ ਕਾਰਜ਼ਸ਼ੀਲ ਹੈ ਯੂਨਾਈਟਿਡ ਸਿੱਖ ਮਿਸ਼ਨ ਕੈਲੇਫੋਰਨੀਆ

ਗੁਰਮੀਤ ਸਿੰਘ ਪਲਾਹੀ
9815802070





ਚੰਗੇ ਭਵਿੱਖ ਲਈ, ਪਰ ਕਦੇ-ਕਦੇ ਮਜ਼ਬੂਰੀਆਂ ਕਾਰਨ ਮਨੁੱਖ ਦਾ ਖਾਸਾ ਪ੍ਰਵਾਸ ਹੰਢਾਉਣ ਦਾ ਰਿਹਾ ਹੈ। ਪ੍ਰਵਾਸ ਦੀ ਇਹ ਪ੍ਰਵਿਰਤੀ ਮਨੁੱਖ ਨੂੰ ਦੇਸ਼, ਵਿਦੇਸ਼ ਦੇ ਲੋਕਾਂ ਨਾਲ ਸਾਂਝ ਪਾਉਣ, ਆਪਣਾ ਭਵਿੱਖ ਸੁਆਰਣ, ਨਵੇਂ ਸਭਿਆਚਾਰਾਂ 'ਚ ਵਿਚਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਪ੍ਰਵਾਸੀ ਮਨੁੱਖ ਨਵੇਂ ਥਾਵਾਂ 'ਤੇ ਜਾਕੇ ਬਹੁਤ ਕੁਝ ਸਿਖਦਾ ਹੈ, ਤਜ਼ਰਬੇ ਹਾਸਲ ਕਰਦਾ ਹੈ, ਵੱਡੀਆਂ ਪ੍ਰਾਪਤੀਆਂ ਕਰਦਾ ਹੈ, ਪਰ ਜਨਮ ਭੂਮੀ ਨਾਲ ਉਸਦਾ ਲਗਾਅ ਲਗਾਤਾਰ ਰਹਿੰਦਾ ਹੈ ਅਤੇ ਉਹ ਜ਼ਿੰਦਗੀ ਭਰ ਉਸਦਾ ਕਰਜ਼ਾ ਚੁਕਾਉਣ ਲਈ ਤਤਪਰ ਰਹਿੰਦਾ ਹੈ।

ਹਿੰਦੋਸਤਾਨੀ ਪ੍ਰਵਾਸੀਆਂ ਖ਼ਾਸ ਕਰਕੇ ਪੰਜਾਬੀ ਪ੍ਰਵਾਸੀਆਂ, ਜਿਹਨਾ ਜਿਥੇ ਵਿਸ਼ਵ ਦੇ ਵੱਖੋ-ਵੱਖਰੇ ਥਾਵਾਂ 'ਤੇ ਜਾਕੇ ਬਹੁਤ ਕੁਝ ਹਾਸਲ ਕੀਤਾ, ਉਥੇ ਉਹਨਾ ਆਪਣੇ ਧਰਮ, ਸਭਿਆਚਾਰ, ਬੋਲੀ ਨੂੰ ਜੀਊਂਦੇ ਰੱਖਿਆ। ਉਹ ਇੰਜੀਨੀਅਰ, ਡਾਕਟਰ, ਪ੍ਰੋਫੈਸ਼ਨਲ ਬਣੇ। ਉਹਨਾ ਖੇਤੀ ਅਤੇ ਬਿਜ਼ਨੈਸ ਖ਼ਾਸ ਕਰਕੇ ਟਰੱਕਿੰਗ 'ਚ ਵਿਸ਼ੇਸ਼ ਉਪਲੱਬਧੀਆਂ ਹਾਸਲ ਕੀਤੀਆਂ। ਸਿਆਸੀ ਖੇਤਰ 'ਚ ਪੈਰ ਪਸਾਰੇ, ਪਰ ਸਮਾਜ ਸੇਵਾ 'ਚ ਉਹਨਾ ਗੁਰੂਆਂ ਦੇ ਦੱਸੇ ਰਸਤੇ 'ਤੇ ਚਲਦਿਆਂ ਵੱਡੇ ਮਾਅਰਕੇ ਮਾਰੇ। ਇਸੇ ਸਦਕਾ ਪਿਛਲੇ ਚਾਰ -ਪੰਜ ਦਹਾਕਿਆਂ ਤੋਂ ਪ੍ਰਵਾਸੀ ਪੰਜਾਬੀਆਂ ਆਪਣੇ ਦੇਸ਼ ਪੰਜਾਬ ਅਤੇ ਆਪਣੇ ਪਿੰਡਾਂ, ਸ਼ਹਿਰਾਂ ਲਈ ਉਹਨਾ ਦੇ ਬੁਨਿਆਦੀ ਢਾਂਚੇ 'ਚ ਉਸਾਰੀ ਲਈ ਵਿਸ਼ੇਸ਼ ਯੋਗਦਾਨ ਪਾਇਆ, ਹਸਪਤਾਲ, ਸਕੂਲ, ਸਟੇਡੀਅਮ, ਜੰਜ ਘਰ ਆਦਿ ਉਸਾਰੇ, ਲੋੜਵੰਦ ਲੜਕੀਆਂ ਦੇ ਵਿਆਹਾਂ, 'ਚ ਯੋਗਦਾਨ ਪਾਇਆ। ਸਕੂਲ, ਕਾਲਜਾਂ ਦੇ ਵਿਦਿਆਰਥੀ ਲਈ ਫ਼ੀਸਾਂ ਅਦਾ ਕਰਕੇ ਉਹਨਾ ਨੂੰ ਪੜ੍ਹਾਇਆ। ਪਰ ਕੁਝ ਇੱਕ ਸੰਸਥਾਵਾਂ ਨੇ ਵਿਲੱਖਣ ਸੇਵਾ ਕਰਦਿਆਂ ਪੰਜਾਬ 'ਚ ਵਧ ਰਹੇ ਕੈਂਸਰ ਅਤੇ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਭਰਪੂਰ ਉਪਰਾਲੇ ਕੀਤੇ।

ਇਹੋ ਜਿਹੀਆਂ ਸੰਸਥਾਵਾਂ ਵਿਚੋਂ ਇੱਕ ਯੂਨਾਈਟਿਡ ਸਿੱਖ ਮਿਸ਼ਨ ਸੰਸਥਾ ਹੈ, ਜਿਸ ਦੇ ਆਗੂਆਂ ਨੇ ਭਰਪੂਰ ਯਤਨ ਕਰਕੇ ਪੰਜਾਬ ਦੇ ਪਿੰਡਾਂ 'ਚ ਵੱਡੀ ਪੱਧਰ ਉਤੇ ਕੰਮ ਕੀਤਾ ਹੈ। ਹਜ਼ਾਰਾਂ ਵਿਅਕਤੀਆਂ ਦੀਆਂ ਅੱਖਾਂ ਦੀ ਰੌਸ਼ਨੀ ਮੁੜ ਪਰਤਾਈ ਅਤੇ ਬੁਢਾਪੇ 'ਚ ਨਿਆਸਰੇ ਲੋੜਬੰਦ ਬਜ਼ੁਰਗਾਂ ਦੀਆਂ ਅੱਖਾਂ 'ਚ ਲੈੱਨਜ਼ ਪਾਉਣ ਦੀ ਸੇਵਾ ਨਿਭਾਈ।

ਯੂਨਾਈਟਿਡ ਸਿੱਖ ਮਿਸ਼ਨ ਕੈਲੇਫੋਰਨੀਆ ਯੂਐਸਏ ਦਾ ਮੁੱਖ ਉਦੇਸ਼ ਅੱਖਾਂ ਦੇ ਅਪਰੇਸ਼ਨ ਅਤੇ ਅੱਖਾਂ ਦੇ ਚੈੱਕਅੱਪ ਕੈਂਪ ਲਾਉਣਾ ਹੈ। ਸਾਲ 2023 ਵਿੱਚ ਇਸ ਸੰਸਥਾ ਵਲੋਂ ਭਾਣੋਕੀ (ਫਗਵਾੜਾ) ਵਿਖੇ 45, ਫਿਰੋਜ਼ਪੁਰ ਵਿਖੇ 83, ਸਰਹਾਲਾ (ਅੰਮ੍ਰਿਤਸਰ) ਵਿਖੇ 69, ਸਮੁੰਦਰਾ ਜਿਲਾ ਰੂਪਨਗਰ ਵਿਖੇ 32, ਹੇਲਰਾਂ (ਜਲੰਧਰ) ਵਿਖੇ 56, ਭਾਵਾਂ (ਹੁਸ਼ਿਆਰਪੁਰ) ਵਿਖੇ 70, ਉਪਲ ਤਰਨਤਾਰਨ ਵਿਖੇ 60,



ਰਛਪਾਲ ਸਿੰਘ ਢੀਂਡਸਾ

ਪੱਧਰੀ ਅੰਮ੍ਰਿਤਸਰ ਵਿਖੇ 16, ਬਿਆਸ 'ਚ 39, ਭਲੋਜਲਾ (ਤਰਨਤਾਰਨ) ਵਿਖੇ 58, ਰਸਤਗੋ ਜਲੰਧਰ 35, ਅਲੀਪੁਰ (ਹੁਸ਼ਿਆਰਪੁਰ) ਵਿਖੇ 36, ਭਾਸਵਾਨ ਜਲੰਧਰ 'ਚ 32, ਭੱਟੀਕੇ ਅੰਮ੍ਰਿਤਸਰ ਵਿਖੇ 168, ਸਿਧਵਾ ਦੋਨਾ ਵਿਖੇ 45, ਘੁਮਾਣ (ਗੁਰਦਾਸਪੁਰ) 27, ਪੁਰ ਹੀਰਾਂ ਵਿਖੇ 59, ਸਾਧੂ ਆਸ਼ਰਮ ਕੋਟਲ ਲੇਹਲ ਸੰਗਰੂਰ ਵਿਖੇ 172, ਧਾਮਕੋਟ (ਲੁਧਿਆਣਾ) 'ਚ 50, ਰੰਨਗੀਆਂ ਵਿਖੇ 18, ਸੁਲਤਾਨਵਿੰਡ 'ਚ 86, ਕੋਟਲੀਥਾਨ ਸਿੰਘ ਵਿਖੇ 26, ਜਲਵਾਨਾ (ਸੰਗਰੂਰ) 14, ਗਿੱਲ ਬੈਬ ਵਿਖੇ 60, ਬਿਲੀ ਬੜੈਚ 47, ਟਾਂਡਾ ਵਿਖੇ 54, ਮਾਨੋਹਰਪੁਰ 45, ਬਿਆਸ ਪਿੰਡ 46, ਸਾਧੂ ਆਸ਼ਰਮ ਮਾਨਸਾ 138, ਪੁਲ ਰੁਖੜਾ 42, ਜੈਨਪੁਰ 39, ਚੋਟੀਆਂ 49, ਔਲਖ 60, ਰੁਪਾਲਹੇਰੀ 48, ਮੁਹੱਦੀਆ 53, ਲਹਿਰਾ ਵਿਖੇ 33, ਬਜ਼ੁਰਗਾਂ ਦੇ ਅੱਖਾਂ ਦੀ ਸਰਜਰੀ ਕੀਤੀ ਗਈ ਤੇ ਅੱਖਾਂ ਦੇ ਲੈੱਨਜ਼ ਪੁਆਏ। ਇਸ ਤਰ੍ਹਾਂ ਸਾਲ 2023 'ਚ ਕੁਲ ਮਿਲਾਕੇ ਦਸ ਹਜ਼ਾਰ ਤੋਂ ਵਧ ਲੋਕਾਂ ਦੀਆਂ ਅੱਖਾਂ ਦੇ ਚੈੱਕ ਅੱਪ ਕਰਵਾਏ ਗਏ। ਸਾਲ 2024 ਵਿੱਚ ਵੀ ਇਹ ਕਾਰਜ ਨਿਰਵਿਘਨ ਜਾਰੀ ਹੈ।

ਯੂਨਾਈਟਿਡ ਸਿੱਖ ਮਿਸ਼ਨ ਅੱਖਾਂ ਦੇ ਕੈਂਪ ਲਗਾਕੇ ਪੰਜਾਬ ਦੇ ਬਜ਼ੁਰਗਾਂ, ਲੋੜਬੰਦਾਂ ਦੀ ਸਹਾਇਤਾ ਲਈ ਕਾਰਜਸ਼ੀਲ ਹੈ, ਕਿਉਂਕਿ ਪੰਜਾਬ ਦੇ ਲੋਕ ਅੱਖਾਂ ਪ੍ਰਤੀ ਖ਼ਾਸ ਤੌਰ 'ਤੇ ਅਵੇਸਲੇ ਹਨ, ਇਸੇ ਕਰਕੇ ਇੱਕ ਡੂੰਘੀ ਸੋਚ ਮਨ 'ਚ ਰੱਖਦਿਆਂ ਇਸ ਸੰਸਥਾ ਦੇ ਮੈਂਬਰਾਂ ਨੇ ਰਸ਼ਪਾਲ ਸਿੰਘ ਢੀਂਡਸਾ, ਵਰਿੰਦਰ ਕੌਰ ਸੰਘਾ, ਗੁਰਪਾਲ ਸਿਮਘ ਢੀਂਡਸਾ, ਰਣਜੀਤ ਸਿੰਘ, ਬਿੰਦਰ ਸਿੰਘ ਢਿਲੋਂ, ਬਲਵਿੰਦਰ ਸਿੰਘ ਬੜੈਚ ਅਤੇ ਹੋਰਨਾਂ ਦੀ ਅਗਵਾਈ ਵਿੱਚ ਇਸ ਸਬੰਧ ਵਿੱਚ ਵਡੇਰੇ ਕਦਮ ਪੁੱਟੇ। ਇਸ ਸੰਸਥਾ ਵਲੋਂ ਦੋ ਦਹਾਕਿਆਂ ਵਿੱਚ 250 ਤੋਂ ਵੱਧ ਅੱਖਾਂ ਦੇ ਕੈਂਪ ਪਿਛਲੇ ਪੰਜਾਂ ਸਾਲਾਂ ਵਿੱਚ ਅਤੇ 600 ਤੋਂ ਵੱਧ ਕੈਂਪ ਪਿਛਲੇ 19 ਸਾਲਾਂ ਵਿੱਚ ਲਗਾ ਚੁੱਕੀ ਹੈ, ਜਿਸ ਤੋਂ 3 ਲੱਖ ਤੋਂ ਵਧ ਲੋਕਾਂ ਨੇ ਫਾਇਦਾ ਲਿਆ ਹੈ। ਅੱਖਾਂ ਦੇ ਸਰਜਰੀ ਕਰਕੇ ਲੈੱਨਜ਼ ਹੀ ਨਹੀਂ ਪਾਏ ਗਏ, ਸਗੋਂ ਉਹਨਾ ਨੂੰ ਮੁਫਤ ਦਵਾਈਆਂ, ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ।

ਕੈਲੇਫੋਰਨੀਆ ਦੀ ਯੂਨਾਈਟਿਡ ਸਿੱਖ ਮਿਸ਼ਨ ਇੱਕ ਗੈਰ-ਸਰਕਾਰੀ ਅੰਤਰਰਾਸ਼ਟਰੀ ਸੰਸਥਾ ਹੈ, ਜੋ ਸਿਹਤ, ਸਿੱਖਿਆ, ਵਾਤਾਵਰਨ ਅਤੇ ਮਨੁੱਖੀ ਵਿਕਾਸ ਲਈ ਬਚਨਬੱਧਤਾ ਦੇ ਨਾਲ ਕੰਮ ਕਰਦੀ ਹੈ। ਇਹ ਸੰਸਥਾ ਅਮਰੀਕਾ ਵਿੱਚ ਵੱਖੋ-ਵੱਖਰੇ ਦੇਸ਼ਾਂ 'ਚ ਕੰਮ ਕਰਨ ਲਈ ਚੈਰੀਟੇਬਲ ਸੁਸਾਇਟੀ ਵਲੋਂ ਰਜਿਸਟਰਡ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਜਿਥੇ ਸਿਹਤ ਸੰਭਾਲ ਖ਼ਾਸ ਕਰਕੇ ਅੱਖਾਂ ਦੀ ਸੰਭਾਲ ਮੁੱਖ ਤੌਰ 'ਤੇ ਹੈ ਉਥੇ ਸੰਸਥਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਸਾਲ 2021 ਵਿੱਚ ਰਛਪਾਲ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿੱਚ 1.2 ਮੈਗਾਵਾਟ ਦੇ ਸੋਲਰ ਸਿਸਟਮ ਲਗਾਏ ਗਏ, ਜਿਸ ਨਾਲ ਸਾਫ਼-ਸੁਥਰਾ ਵਾਤਾਵਰਨ ਬਣਾਉਣ ਵਿੱਚ ਤਾਂ ਫ਼ਾਇਦਾ ਹੋਇਆ ਹੀ ਪਰ ਨਾਲ ਦੀ ਨਾਲ ਬਿਜਲੀ ਖਪਤ ਅਤੇ ਖ਼ਰਚ ਵੀ ਘਟਿਆ।

ਕੈਲੇਫੋਰਨੀਆ ਦੀ ਯੂਨਾਈਟਿਡ ਸਿੱਖ ਮਿਸ਼ਨ ਇੱਕ ਗੈਰ-ਸਰਕਾਰੀ ਅੰਤਰਰਾਸ਼ਟਰੀ ਸੰਸਥਾ ਹੈ, ਜੋ ਸਿਹਤ, ਸਿੱਖਿਆ, ਵਾਤਾਵਰਨ ਅਤੇ ਮਨੁੱਖੀ ਵਿਕਾਸ ਲਈ ਬਚਨਬੱਧਤਾ ਦੇ ਨਾਲ ਕੰਮ ਕਰਦੀ ਹੈ। ਇਹ ਸੰਸਥਾ ਅਮਰੀਕਾ ਵਿੱਚ ਵੱਖੋ-ਵੱਖਰੇ ਦੇਸ਼ਾਂ 'ਚ ਕੰਮ ਕਰਨ ਲਈ ਚੈਰੀਟੇਬਲ ਸੁਸਾਇਟੀ ਵਲੋਂ ਰਜਿਸਟਰਡ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਜਿਥੇ ਸਿਹਤ ਸੰਭਾਲ ਖ਼ਾਸ ਕਰਕੇ ਅੱਖਾਂ ਦੀ ਸੰਭਾਲ ਮੁੱਖ ਤੌਰ 'ਤੇ ਹੈ ਉਥੇ ਸੰਸਥਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਸਾਲ 2021 ਵਿੱਚ ਰਛਪਾਲ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿੱਚ 1.2 ਮੈਗਾਵਾਟ ਦੇ ਸੋਲਰ ਸਿਸਟਮ ਲਗਾਏ ਗਏ, ਜਿਸ ਨਾਲ ਸਾਫ਼-ਸੁਥਰਾ ਵਾਤਾਵਰਨ ਬਣਾਉਣ ਵਿੱਚ ਤਾਂ ਫ਼ਾਇਦਾ ਹੋਇਆ ਹੀ ਪਰ ਨਾਲ ਦੀ ਨਾਲ ਬਿਜਲੀ ਖਪਤ ਅਤੇ ਖ਼ਰਚ ਵੀ ਘਟਿਆ।

ਇਸ ਸੰਸਥਾ ਦੇ ਕੰਮਾਂ ਅਤੇ ਭਵਿੱਖ ਯੋਜਨਾ ਬਾਰੇ ਜਦੋਂ ਪ੍ਰਧਾਨ ਰਛਪਾਲ ਸਿੰਘ ਢੀਂਡਸਾ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾ ਨੇ ਦੱਸਿਆ ਕਿ ਉਹਨਾ ਦੀ ਯੋਜਨਾ ਪੰਜਾਬ ਦੇ ਹਰ ਪਿੰਡਾਂ ਵਿੱਚ ਅੱਖਾਂ ਦੇ ਮਿਸ਼ਨ ਨੂੰ ਲੈ ਕੇ ਪਹੁੰਚਣ ਦੀ ਹੈ। ਉਹਨਾ ਨੇ ਇਹ ਵੀ ਕਿਹਾ ਕਿ ਅਮਰੀਕਾ ਵਸਦੇ ਪ੍ਰਵਾਸੀ ਵੀਰਾਂ ਵਲੋਂ ਉਹਨਾ ਦੀ ਸੰਸਥਾ ਨੂੰ ਇਸ ਕਾਰਜ ਵਿੱਚ ਵਿਸ਼ੇਸ਼ ਸਹਿਯੋਗ ਮਿਲਦਾ ਹੈ ਕਿਉਂਕਿ ਲੋਕ ਆਪਣੇ-ਆਪਣੇ ਪਿੰਡਾਂ ਵਿੱਚ ਅੱਖਾਂ ਦੇ ਕੈਂਪ ਲਗਵਾ ਕੇ ਉਹਨਾ ਨੂੰ ਮੁਫ਼ਤ ਸਹੂਲਤਾਂ ਦੇਣ ਲਈ ਯੋਗਦਾਨ ਪਾਉਂਦੇ ਹਨ। ਉਹਨਾ ਦੱਸਿਆ ਕਿ ਉਹਨਾ ਦਾ ਮਿਸ਼ਨ ਪੰਜਾਬ ਦੇ ਹਰ ਪਿੰਡ ਵਿੱਚ ਪਹੁੰਚਣ ਦਾ ਹੈ ਅਤੇ ਸਾਲ ਦਰ ਸਾਲ ਉਹਨਾ ਦੀ ਸੰਸਥਾ ਅੱਖਾਂ ਦੇ ਕੈਂਪ ਲਗਾਉਣ 'ਚ ਵਾਧਾ ਕਰਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ। ਰਛਪਾਲ ਸਿੰਘ ਢੀਂਡਸਾ ਅਤੇ ਉਹਨਾ ਦੀ ਟੀਮ ਦਾ ਸੁਪਨਾ ਪੰਜਾਬ ਵਿੱਚ ਇੱਕ ਵੱਡਾ ਸੁਪਰਸਪੈਸ਼ਲਿਟੀ ਹਸਪਤਾਲ ਬਣਾਉਣ ਦਾ ਹੈ, ਜਿਥੇ ਮਾਡਰਨ ਸੁਵਿਧਾਵਾਂ ਤਾਂ ਪ੍ਰਦਾਨ ਕੀਤੀਆਂ ਹੀ ਜਾਣਗੀਆਂ ਸਗੋਂ ਮਾਹਰ ਡਾਕਟਰ ਦੀ ਸੇਵਾ ਵੀ ਲਈ ਜਾਵੇਗੀ।

********

# ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ ਕਾਰਨ ਕੈਨੇਡਾ ਦੀ ਅਰਥਵਿਵਸਥਾ 'ਤੇ ਬੁਰਾ ਅਸਰ ਪਿਆ

**ਵਿਸ਼ੇਸ਼ ਰਿਪੋਟ** ○ ਬੇਰੁਜ਼ਗਾਰੀ, ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਕਾਰਣ ਵਿਦਿਆਰਥੀਆਂ ਦਾ ਮੋਹ ਭੰਗ ○ ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.1% ਤੱਕ ਪਹੁੰਚੀ ਜੋ ਕਿ 3 ਸਾਲਾਂ ਵਿੱਚ ਸਭ ਤੋਂ ਵੱਧ

ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਲੰਮੇ ਸਮੇਂ ਤੋਂ ਪਸੰਦੀਦਾ ਦੇਸ਼ ਸੀ ਪਰ ਹੁਣ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਪਿਛਲੇ ਇੱਕ ਸਾਲ ਵਿੱਚ ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਹਰਮਨਪਿਆਰਾ ਨਹੀਂ ਰਿਹਾ। ਆਈ. ਆਰ. ਸੀ. ਸੀ ਦੇ ਅੰਕੜਿਆਂ ਅਨੁਸਾਰ ਮਾਰਚ 2024 ਵਿੱਚ ਸਿਰਫ 4,210 ਭਾਰਤੀ ਵਿਦਿਆਰਥੀਆਂ ਨੇ ਅਧਿਐਨ ਪਰਮਿਟ ਲਈ ਅਰਜ਼ੀ ਦਿੱਤੀ ਹੈ। ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਿਰਫ 83.16% ਹੈ। ਮਾਰਚ 2022 ਅਤੇ ਮਾਰਚ 2023 ਵਿੱਚ 25 ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੀ ਸੀ।

ਭਾਰਤੀ ਵਿਦਿਆਰਥੀਆਂ ਵੱਲੋਂ ਕੈਨੇਡੀਅਨ ਸਟੱਡੀ ਪਰਮਿਟ ਅਰਜ਼ੀਆਂ ਦੀ ਗਿਣਤੀ ਅਕਤੂਬਰ 2023 ਤੱਕ ਲਗਾਤਾਰ ਘਟਦੀ ਜਾ ਰਹੀ ਹੈ। ਪਿਛਲੇ ਸਾਲ ਦੇ ਮੁਕਾਬਲੇ 2023 ਦੀ ਆਖਰੀ ਤਿਮਾਹੀ ਵਿੱਚ 86% ਜ਼ਿਆਦਾ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਵੀਜ਼ਾ ਲਈ ਅਪਲਾਈ ਕੀਤਾ। 2023 ਵਿਚ ਜੁਲਾਈ ਤੋਂ ਸਤੰਬਰ ਵਿਚਕਾਰ 1.08 ਲੱਖ ਵੀਜ਼ਾ ਪਰਮਿਟ ਜਾਰੀ ਹੋਏ, ਅਕਤੂਬਰ ਤੋਂ ਦਸੰਬਰ ਵਿਚਕਾਰ ਸਟੱਡੀ ਪਰਮਿਟ ਦੀ ਗਿਣਤੀ 14,910 'ਤੇ ਆ ਗਈ।

ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ ਦਾ ਕੈਨੇਡੀਅਨ ਅਰਥਚਾਰੇ 'ਤੇ ਮਹੱਤਵਪੂਰਨ ਅਸਰ ਪਿਆ ਹੈ। 41% ਅੰਤਰਰਾਸ਼ਟਰੀ ਵਿਦਿਆਰਥੀ ਭਾਰਤ ਤੋਂ ਆਉਂਦੇ ਹਨ, ਟਿਊਸ਼ਨ ਫੀਸਾਂ, ਰਿਹਾਇਸ਼ ਅਤੇ ਰਹਿਣ-ਸਹਿਣ ਦੇ ਖਰਚਿਆਂ ਰਾਹੀਂ ਸਾਲਾਨਾ ਅਰਬਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ ਦੇ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀ ਸਾਲਾਨਾ ਕੈਨੇਡੀਅਨ ਆਰਥਿਕਤਾ ਵਿੱਚ ਲਗਭਗ 1.34 ਲੱਖ ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ। ਪੰਜਾਬ ਦੇ ਵਿਦਿਆਰਥੀ ਕੈਨੇਡੀਅਨ ਆਰਥਿਕਤਾ ਵਿੱਚ 68,000 ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ। ਓਨਟਾਰੀਓ ਵਿੱਚ 8 ਸਾਲਾਂ ਤੋਂ ਗਰੋਸਰੀ ਸਟੋਰ ਚਲਾ ਰਹੇ ਰਾਜ ਪਟੇਲ ਦਾ ਕਹਿਣਾ ਹੈ ਕਿ ਸਾਡੇ ਜ਼ਿਆਦਾਤਰ ਉਤਪਾਦ ਕਿਫਾਇਤੀ ਹਨ, ਵਿਦਿਆਰਥੀ ਸਾਡੇ ਮੁੱਖ ਗਾਹਕਾਂ ਵਿੱਚੋਂ ਇੱਕ ਹਨ। ਇਸ ਬਦਲਾਅ ਕਾਰਨ ਕਾਰੋਬਾਰ ਪ੍ਰਭਾਵਿਤ ਹੋਇਆ ਹੈ। ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਵਿੱਚ ਗਿਰਾਵਟ ਦੇ ਕਈ ਕਾਰਨ ਹਨ, ਇਨ੍ਹਾਂ ਵਿੱਚ ਵਿਗੜਦੇ ਕੂਟਨੀਤਕ ਸਬੰਧ, ਰੁਜ਼ਗਾਰ ਦੇ ਮੌਕਿਆਂ ਦੀ ਘਾਟ, ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਸ਼ਾਮਲ ਹਨ।

### ਰਹਿਣ-ਸਹਿਣ ਦਾ ਖਰਚਾ ਵਧਿਆ, ਪਾਰਟ ਟਾਈਮ ਨੌਕਰੀਆਂ ਕਾਫ਼ੀ ਨਹੀਂ

ਕੈਨੇਡਾ ਵਿੱਚ 2021 ਵਿੱਚ ਮਹਿੰਗਾਈ ਦਰ 0.71% ਜੋ 2023 ਵਿੱਚ ਵੱਧ ਕੇ 6.8% ਹੋ ਗਿਆ ਹੈ। ਸਰਕਾਰ ਨੇ ਭਾਰਤੀ ਵਿਦਿਆਰਥੀਆਂ 'ਤੇ ਹਫ਼ਤੇ ਵਿਚ 24 ਘੰਟੇ ਕੰਮ ਕਰਨ ਦੀ ਸੀਮਾ ਲਗਾਈ ਹੈ। ਇਸ ਕਾਰਨ ਵਿਦਿਆਰਥੀਆਂ ਲਈ ਚੰਗੀ ਜੀਵਨ ਸ਼ੈਲੀ ਜਿਉਣਾ ਸੰਭਵ ਨਹੀਂ ਹੈ। ਕੈਨੇਡਾ ਵਿੱਚ ਰਿਹਾਇਸ਼ੀ ਸੰਕਟ ਕਾਰਨ ਇੱਕ ਮਕਾਨ ਕਿਰਾਏ 'ਤੇ ਦੇਣਾ ਤੇ ਇਸ ਨੂੰ ਲੈਣਾ ਵੀ ਹੁਣ ਸੌਖਾ ਨਹੀਂ ਹੈ।



## ਆਖ਼ਰਕਾਰ ਕੈਨੇਡਾ ਦੀ ਪੜ੍ਹਾਈ ਦਾ ਮਿਆਰ ਕੀ ਹੈ ?

ਟੋਰਾਂਟੋ ਵਿੱਚ ਲੰਬੇ ਸਮੇਂ ਤੋਂ ਪੱਤਰਕਾਰ ਵਜੋਂ ਕੰਮ ਕਰ ਰਹੇ ਜਸਵੀਰ ਸ਼ਮੀਲ ਆਖਦੇ ਹਨ ਕਿ ਪਿਛਲੇ ਦਸ ਸਾਲਾਂ ਤੋਂ ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀ ਖ਼ਾਸ ਤੌਰ ਉੱਤੇ ਭਾਰਤੀ ਵਿਦਿਆਰਥੀਆਂ ਦਾ ਗਿਣਤੀ ਵਿੱਚ ਵਾਧਾ ਹੋਇਆ ਹੈ। ਜਸਵੀਰ ਸ਼ਮੀਲ ਨੇ ਦੱਸਿਆ, "ਸਟੱਡੀ ਪਰਮਿਟ ਸਿਰਫ਼ ਕੈਨੇਡਾ ਆਉਣ ਦਾ ਇੱਕ ਤਰੀਕਾ ਹੈ। ਇੱਥੇ ਜ਼ਿਆਦਾਤਰ ਵਿਦਿਆਰਥੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਟਰੱਕ ਡਰਾਈਵਰ, ਟੈਕਸੀ ਚਲਾਉਣੀ, ਡਲਿਵਰੀ ਦਾ ਕੰਮ, ਹੋਟਲ ਵਿੱਚ ਕੰਮ ਕਰਨ ਲੱਗ ਜਾਂਦੇ ਹਨ।" ਸ਼ਮੀਲ ਦੱਸਦੇ ਹਨ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਦਿਆਰਥੀ ਇੰਨ੍ਹਾਂ ਕੰਮਾਂ ਵਿੱਚ ਹੀ ਫਸ ਕੇ ਰਹਿ ਜਾਂਦੇ ਹਨ। ਵਿਦਿਆਰਥੀਆਂ ਨੇ ਜਿਸ ਵਿਸ਼ੇ ਦੀ ਪੜ੍ਹਾਈ ਕੀਤੀ ਹੁੰਦੀ ਹੈ, ਉਸ ਵਿੱਚ ਨੌਕਰੀ ਹਾਸਲ ਕਰਨ ਵਾਲਿਆਂ ਦਾ ਨੰਬਰ ਬਹੁਤ ਘੱਟ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਕੈਨੇਡਾ ਵਿੱਚ ਹਾਲਾਤ ਬਹੁਤ ਖ਼ਰਾਬ ਹਨ। ਵਿਦਿਆਰਥੀਆਂ ਦੀ ਗੱਲ ਤਾਂ ਇਕ ਪਾਸੇ ਰਹੀ ਇੱਥੋਂ ਦੇ ਨਾਗਰਿਕਾਂ ਨੂੰ ਨੌਕਰੀ ਨਹੀਂ ਮਿਲ ਰਹੀ ਹੈ। ਸ਼ਮੀਲ ਮੁਤਾਬਕ ਕੈਨੇਡਾ ਦੇ ਨਿੱਜੀ ਕਾਲਜ ਭਾਰਤੀ ਵਿਦਿਆਰਥੀਆਂ ਨਾਲ ਭਰੇ ਪਏ ਹਨ। ਕਈ ਕਾਲਜਾਂ ਵਿੱਚ ਤਾਂ 95 ਪ੍ਰਤੀਸ਼ਤ ਭਾਰਤੀ ਵਿਦਿਆਰਥੀ ਹੀ ਹਨ। ਉਨ੍ਹਾਂ ਦੱਸਿਆ ਕਿ ਜਨਵਰੀ 2024 ਵਿੱਚ ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਉੱਤੇ ਕੁਝ ਸਖ਼ਤੀ ਕੀਤੀ ਜਿਸ ਮੁਤਾਬਕ ਕੈਨੇਡਾ ਸਰਕਾਰ ਨੇ ਦੋ ਸਾਲ ਦੇ ਲਈ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ 35 ਫੀਸਦ ਦੀ ਕਟੌਤੀ ਕੀਤੀ ਹੈ। ਇਸ ਤੋਂ ਇਲਾਵਾ ਕੈਨੇਡਾ ਨੇ ਹੁਣ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਣ ਦਾ ਐਲਾਨ ਕੀਤਾ ਹੈ ਜੋ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨਗੇ। ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਜ਼ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ। ਕੈਨੇਡਾ ਨੇ ਇਹ ਕਦਮ ਉਥੇ ਘਰਾਂ ਦੀ ਸਮੱਸਿਆ ਕਾਰਨ ਪੈਦਾ ਹੋਏ ਹਾਲਤਾਂ ਕਾਰਨ ਚੁੱਕੇ ਹਨ। ਕੈਨੇਡਾ ਸਰਕਾਰ ਦੇ ਅੰਕੜੇ ਦੱਸਦੇ ਹਨ ਕਿ ਇਸ ਸਮੇਂ ਪੂਰੇ ਕੈਨੇਡਾ ਵਿੱਚ 3 ਲੱਖ 45 ਹਜ਼ਾਰ ਮਕਾਨਾਂ ਦੀ ਕਮੀ ਹੈ। ਨਤੀਜਾ ਵਿਦਿਆਰਥੀਆਂ ਨੂੰ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

### ਭਾਰਤੀ ਨੌਜਵਾਨਾਂ ਵਿੱਚ ਹੁਨਰ ਦੀ ਘਾਟ, ਨੌਕਰੀ ਦੇ ਮੌਕੇ ਘਟ ਰਹੇ

ਕੈਨੇਡਾ ਵਿੱਚ ਨੌਕਰੀ ਦੀ ਮਾਰਕੀਟ ਵਿੱਚ ਗਿਰਾਵਟ ਭਾਰਤੀ ਵਿਦਿਆਰਥੀਆਂ ਲਈ ਹੋਰ ਸਮੱਸਿਆਵਾਂ ਪੈਦਾ ਕਰ ਰਹੀ ਹੈ। ਕੈਨੇਡਾ ਵਿੱਚ ਤਕਨੀਕੀ ਭਰਤੀ ਕਰਨ ਵਾਲੇ ਲਸ਼ਿਤ ਕਪੂਰ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ 20 ਸਾਲਾਂ ਦੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਇਹ ਸਖ਼ਤ ਹੁਨਰ ਨਹੀਂ ਹੁੰਦੇ ਹਨ, ਜਿਸ ਨਾਲ ਉਨ੍ਹਾਂ ਦੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੋਰ ਘਟਦੀਆਂ ਹਨ। ਅਸਲ ਵਿੱਚ, ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.1% ਤੱਕ ਪਹੁੰਚ ਗਈ, ਜੋ ਕਿ 3 ਸਾਲਾਂ ਵਿੱਚ ਸਭ ਤੋਂ ਵੱਧ ਹੈ। ਅਪ੍ਰੈਲ 2024 ਵਿਚ 25 ਹਜ਼ਾਰ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ 2200 ਨੌਕਰੀਆਂ ਚਲੀਆਂ ਗਈਆਂ।

### ਕੈਨੇਡਾ ਨੇ ਅਮਰੀਕਾ ਦੇ ਐਚ -1ਬੀ ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਨਿਯਮਾਂ ਵਿੱਚ ਦਿੱਤੀ ਢਿੱਲ

ਅਮਰੀਕਾ ਦੇ ਐਚ -1ਬੀ ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਨਿਯਮਾਂ ਵਿੱਚ ਢਿੱਲ ਦਿੱਤੀ ਹੈ। ਕੈਨੇਡੀਅਨ ਸਰਕਾਰ ਦੇ ਇਸ ਕਦਮ ਨੂੰ ਆਈ.ਟੀ. ਦਾ ਪ੍ਰਮੁੱਖ ਸਥਾਨ ਬਣਾਉਣ ਦੇ ਉਦੇਸ਼ ਵਜੋਂ ਦੇਖਿਆ ਜਾ ਰਿਹਾ ਹੈ। ਕੈਨੇਡਾ ਦੇ ਵਰਕ ਪਰਮਿਟ ਨਿਯਮਾਂ 'ਚ ਦਿੱਤੀ ਢਿੱਲ ਨੇ ਇੱਕ ਚੋਟੀ ਦੇ ਆਈਟੀ ਸੈਕਟਰ ਵਜੋਂ ਇਸਦੀ ਸਥਿਤੀ ਨੂੰ ਵਧਾ ਦਿੱਤਾ ਹੈ। ਇਸ ਨੂੰ ਭਾਰਤੀਆਂ ਲਈ ਵੀ ਚੰਗੀ ਖ਼ਬਰ ਵਜੋਂ ਦੇਖਿਆ ਜਾ ਰਿਹਾ ਹੈ। ਐਚ-1ਬੀ ਵੀਜ਼ਾ ਰੱਖਣ ਵਾਲੇ ਭਾਰਤੀਆਂ ਨੂੰ ਵੀ ਵਰਕ ਪਰਮਿਟ ਨਿਯਮਾਂ ਵਿੱਚ ਢਿੱਲ ਦਾ ਲਾਭ ਮਿਲੇਗਾ। ਕੈਨੇਡਾ ਦੇ ਫੈਸਲੇ ਨਾਲ ਉੱਚ ਹੁਨਰਮੰਦ ਪੇਸ਼ੇਵਰਾਂ, ਖਾਸ ਤੌਰ 'ਤੇ ਆਈ.ਟੀ. ਨਾਲ ਸਬੰਧਤ ਪੇਸ਼ਿਆਂ ਵਿੱਚ, ਉੱਥੇ ਜਾਣਾ ਆਸਾਨ ਹੋ ਜਾਵੇਗਾ। ਇਹ ਗਲੋਬਲ ਟੈਲੇਂਟ ਪੂਲ ਵਿੱਚ ਆਪਣੀ ਪ੍ਰਤੀਯੋਗਿਤਾ ਨੂੰ ਬਰਕਰਾਰ ਰੱਖਣ ਲਈ ਕੈਨੇਡਾ ਦੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।

1.2% ਦੀ ਜੀਡੀਪੀ ਵਿਕਾਸ ਦਰ ਦੇ ਨਾਲ, ਕੈਨੇਡਾ ਆਈਟੀ ਪੇਸ਼ੇਵਰਾਂ ਲਈ ਬਹੁਤ ਸਾਰੇ ਮੌਕੇ ਪ੍ਰਦਾਨ ਕਰਦਾ ਹੈ। ਵਿੱਤੀ ਸਾਲ 2022-2023 ਵਿੱਚ 15,000 ਤੋਂ ਵੱਧ ਭਾਰਤੀ ਤਕਨੀਕੀ ਪੇਸ਼ੇਵਰ ਕੈਨੇਡਾ ਚਲੇ ਗਏ, ਜੋ ਕਿ ਤਕਨੀਕੀ ਪ੍ਰਤਿਭਾ ਲਈ ਇੱਕ ਵਿਸ਼ਵਵਿਆਪੀ ਕੇਂਦਰ ਵਜੋਂ ਦੇਸ਼ ਦੀ ਵਧ ਰਹੀ ਸਥਿਤੀ ਅਤੇ ਭਾਰਤੀ ਨਾਗਰਿਕਾਂ ਵਿੱਚ ਇਸਦੀ ਪ੍ਰਸਿੱਧੀ ਨੂੰ ਦਰਸਾਉਂਦਾ ਹੈ।

ਯੂਐਸ ਅਐਚ-1ਬੀ ਵੀਜ਼ਾ ਧਾਰਕਾਂ ਲਈ ਵਰਕ ਪਰਮਿਟ ਨਿਯਮਾਂ ਵਿੱਚ ਇਹ ਢਿੱਲ ਅਮਰੀਕਾ ਵਿੱਚ ਭਾਰਤੀ ਆਈਟੀ ਪੇਸ਼ੇਵਰਾਂ ਲਈ ਮਹੱਤਵਪੂਰਨ ਹੈ, ਕਿਉਂਕਿ ਇਹ ਉਹਨਾਂ ਨੂੰ ਸਥਿਰ ਰੁਜ਼ਗਾਰ ਦੇ ਮੌਕਿਆਂ ਦੇ ਨਾਲ ਇੱਕ ਨਵੇਂ ਬਾਜ਼ਾਰ ਵਿੱਚ ਆਪਣੇ ਹੁਨਰ ਦਾ ਲਾਭ ਉਠਾਉਣ ਲਈ ਇੱਕ ਵਿਕਲਪਕ ਰਸਤਾ ਪ੍ਰਦਾਨ ਕਰ ਸਕਦਾ ਹੈ। ਖਾਸ ਤੌਰ 'ਤੇ ਮੌਜੂਦਾ ਅਮਰੀਕੀ ਇਮੀਗ੍ਰੇਸ਼ਨ ਮਾਹੌਲ ਵਿੱਚ ਪਾਬੰਦੀਆਂ ਵਾਲੀਆਂ ਨੀਤੀਆਂ ਜਾਂ ਅਨਿਸ਼ਚਿਤ ਨੌਕਰੀ ਦੀ ਸੁਰੱਖਿਆ ਤੋਂ ਪ੍ਰਭਾਵਿਤ ਲੋਕਾਂ ਲਈ।

### ਪੰਜਾਬੀ ਵੀ ਅਕੇ ਕੈਨੇਡਾ ਦੀ ਜ਼ਿੰਦਗੀ ਤੋਂ

ਪੰਜਾਬੀ ਵੀ ਕੈਨੇਡਾ ਦੀ ਜ਼ਿੰਦਗੀ ਤੋਂ ਅਕ ਚੁਕੇ ਹਨ ਆਪਣੇ ਦੇਸ਼ ਦੇ ਰੁਪਇਆਂ ਨੂੰ ਡਾਲਰਾਂ ਨਾਲ ਗੁਣਾ ਕਰਕੇ ਨੌਜਵਾਨ ਮੁੰਡੇ ਅਤੇ ਕੁੜੀਆਂ ਚਾਅ ਚਾਅ ਵਿੱਚ ਆ ਤਾਂ ਜਾਂਦੇ ਹਨ ਪਰ ਜਦੋਂ ਆਪਣਿਆਂ ਤੋਂ ਦੂਰ ਰਹਿੰਦਿਆਂ ਬੀਮੇ, ਘਰਾਂ, ਗੱਡੀਆਂ ਅਤੇ ਹੋਰ ਸਮਾਨ ਦੀਆਂ ਕਿਸ਼ਤਾਂ ਉਤਾਰਦਿਆਂ ਉਨ੍ਹਾਂ ਦੀ ਜ਼ਿੰਦਗੀ ਕੋਹਲੂ ਦੇ ਬੈਲ ਵਾਂਗ ਬਣ ਜਾਂਦੀ ਹੈ ਤਾਂ ਮਨ ਵਿੱਚ ਇਹੋ ਵਲਵਲਾ ਉੱਠਦਾ ਹੈ ਕਿ ਕਿੱਥੇ ਆ ਕੇ ਫਸ ਗਏ ਹਾਂ, ਇਸਦੇ ਨਾਲੋਂ ਤਾਂ ਉੱਥੇ ਹੀ ਚੰਗੇ ਸੀ। ਘੱਟੋ ਘੱਟ ਕੋਈ ਦੁੱਖ ਸੁਖ ਸੁਣਨ ਵਲਾ ਤਾਂ ਸੀ ਉੱਥੇ, ਇੱਥੇ ਤਾਂ ਕੋਈ ਬੁਲਾਉਂਦਾ ਵੀ ਨਹੀਂ। ਪਾਰਕਾਂ ਪਲਾਜ਼ਿਆਂ, ਸੈਰਗਾਹਾਂ ਤੇ ਜਨਤਕ ਥਾਵਾਂ 'ਤੇ ਘੁੰਮਦੇ ਲੋਕਾਂ ਦੇ ਉਦਾਸ ਅਤੇ ਉੱਤਰੇ ਹੋਏ ਚਿਹਰੇ ਉਨ੍ਹਾਂ ਦੀ ਮਨਾਂ ਦੀ ਦਾਸਤਾਂ ਬਿਆਨ ਕਰ ਰਹੇ ਹੁੰਦੇ ਹਨ ਪਰ ਇੱਕ ਦੂਜੇ ਨੂੰ ਵੇਖੋ ਵੇਖੀ ਜੀਅ ਰਹੇ ਹੁੰਦੇ ਹਨ। ਪਾਰਕਾਂ ਵਿੱਚ ਅਤੇ ਹੋਰ ਥਾਵਾਂ 'ਤੇ ਬੈਠੇ ਬਜ਼ੁਰਗ ਪਤੀ ਪਤਨੀ ਅਤੇ ਨੌਜਵਾਨ ਪਤੀ ਪਤਨੀ ਉਸ ਥਾਂ ਦਾ ਆਨੰਦ ਘੱਟ ਮਾਣ ਰਹੇ ਹੁੰਦੇ ਹਨ, ਆਪਣੀਆਂ ਸਮੱਸਿਆਵਾਂ ਦੀ ਚਰਚਾ ਵੱਧ ਕਰ ਰਹੇ ਹੁੰਦੇ ਹਨ। ਪਾਰਕਾਂ ਵਿੱਚ ਬੱਚਿਆਂ ਨੂੰ ਖਿਡਾਉਣ ਆਏ ਬਜ਼ੁਰਗਾਂ ਅਤੇ ਪਤੀਆਂ ਪਤਨੀਆਂ ਦੇ ਕੰਨਾਂ ਤੋਂ ਫੋਨ ਨਹੀਂ ਉੱਤਰਦਾ ਕਿਉਂਕਿ ਉਹ ਆਪਣੇ ਰਿਸ਼ਤੇਦਾਰਾਂ ਕੋਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਰਹੇ ਹੁੰਦੇ ਹਨ। ਫੋਨ ਕਰਦੇ ਸਮੇਂ ਤਾਂ ਉਹ ਆਪਣੇ ਨਾਲ ਲਿਆਂਦੇ ਬੱਚਿਆਂ ਨੂੰ ਵੀ ਭੁੱਲ ਜਾਂਦੇ ਹਨ। ਪੱਛਮੀ ਦੇਸ਼ਾਂ ਵਿੱਚ ਬੇਰੋਜ਼ਗਾਰੀ ਦਾ ਸੰਤਾਪ ਭੋਗ ਰਹੇ, ਰੋਜ਼ਗਾਰ ਲੱਭ ਰਹੇ, ਬੇਸਮੈਂਟਾਂ ਵਿੱਚ ਜ਼ਿੰਦਗੀ ਗੁਜ਼ਾਰ ਰਹੇ, ਨਾ ਇੱਥੇ ਰਹਿਣ ਜੋਗੇ ਤੇ ਨਾ ਹੀ ਮੁੜ ਵਾਪਸ ਜਾਣ ਜੋਗੇ।

ਕੈਨੇਡਾ ਸਰਕਾਰ ਵੱਲੋਂ ਨਿੱਤ ਨਵੇਂ ਲਗਾਏ ਜਾ ਰਹੇ ਟੈਕਸਾਂ, ਤੇਜ਼ੀ ਨਾਲ ਵਧ ਰਹੀ ਮਹਿੰਗਾਈ, ਨੌਕਰੀ ਤੋਂ ਕੱਢੇ ਜਾਣ ਦਾ ਡਰ, ਜੁਰਮਾਂ, ਫ਼ਿਰੌਤੀਆਂ, ਚੋਰੀਆਂ, ਵਧ ਰਹੀਆਂ ਵਾਰਦਾਤਾਂ, ਖਾਮੀਆਂ ਭਰਪੂਰ ਕਾਨੂੰਨਾਂ ਅਤੇ ਮਾਲਕ ਮਕਾਨਾਂ ਅਤੇ ਕਿਰਾਏਦਾਰਾਂ ਦੇ ਵਧ ਰਹੇ ਝਗੜਿਆਂ ਨੇ ਪ੍ਰਵਾਸੀ ਲੋਕਾਂ ਦੇ ਮਨਾਂ ਵਿੱਚ ਇਸ ਪ੍ਰਵਾਸ ਦੀ ਜ਼ਿੰਦਗੀ ਪ੍ਰਤੀ ਅਕੇਵਾਂ ਪੈਦਾ ਕਰ ਦਿੱਤਾ ਹੈ। ਪੱਛਮੀ ਦੇਸ਼ਾਂ ਵਿੱਚ ਪੜ੍ਹਨ ਆਏ ਬੱਚਿਆਂ ਦਾ ਨਸ਼ਿਆਂ ਵਿੱਚ ਗਲਤਾਨ ਹੋਣਾ, ਉਨ੍ਹਾਂ ਦੇ ਕਤਲ ਹੋਣਾ ਤੇ ਉਨ੍ਹਾਂ ਵੱਲੋਂ ਖੁਦਕੁਸ਼ੀਆਂ ਕਰਨਾ ਪ੍ਰਵਾਸ ਦੀ ਜ਼ਿੰਦਗੀ ਪ੍ਰਤੀ ਕਈ ਖਦਸ਼ੇ ਪੈਦਾ ਕਰ ਰਿਹਾ ਹੈ। ਸਿਹਤ ਸੇਵਾਵਾਂ ਦਾ ਮੰਦਾ ਹਾਲ, ਖਾਮੀਆਂ ਭਰਪੂਰ ਸਿੱਖਿਆ ਪ੍ਰਣਾਲੀ, ਪੱਛਮੀ ਸੱਭਿਆਚਾਰ ਵਿੱਚ ਫਸਕੇ ਬਾਗੀ ਹੁੰਦੇ ਜਾ ਰਹੇ ਬੱਚੇ ਕਮਜ਼ੋਰ ਕਾਨੂੰਨ, ਨਸ਼ਿਆਂ ਦਾ ਵਧ ਰਿਹਾ ਰੁਝਾਨ ਪ੍ਰਵਾਸ ਦੀ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਰਿਹਾ ਹੈ।

# ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਨਾਲ ਕਿਉਂ ਨਹੀਂ ਜੁੜ ਰਹੇ ਸੈਲਾਨੀ ?

ਖਾਸ ਖਬਰ

**✪ ਰੋਜ਼ਾਨਾ ਔਸਤਨ ਸਿਰਫ 15 ਤੋਂ 20 ਸੈਲਾਨੀ ਇਸ ਨੂੰ ਦੇਖਣ ਵਾਸਤੇ ਆ ਰਹੇ ਨੇ ✪ ਸਰਕਾਰਾਂ ਵੱਲੋਂ ਕਦੇ ਵੀ ਇਸ ਵਿਰਾਸਤ ਨੂੰ ਸੈਲਾਨੀ ਨਕਸ਼ੇ 'ਤੇ ਲਿਆਉਣ ਲਈ ਯਤਨ ਨਹੀਂ ਕੀਤਾ**














ਇੱਥੇ ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ ਸੈਲਾਨੀਆਂ ਦੀ ਆਮਦ ਨੂੰ ਉਡੀਕ ਰਿਹਾ ਹੈ। ਇਹ ਪੈਲੇਸ ਲਗਪਗ ਇੱਕ ਦਹਾਕੇ ਤੋਂ ਵਧੇਰੇ ਸਮੇਂ ਤੱਕ ਬੰਦ ਰਿਹਾ ਅਤੇ ਦੋ ਸਾਲ ਪਹਿਲਾਂ ਮੁਰੰਮਤ ਤੋਂ ਬਾਅਦ ਇਸ ਨੂੰ ਮੁੜ ਸ਼ੁਰੂ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦਾ ਇਹ ਸਮਰ ਪੈਲੇਸ ਸਥਾਨਕ ਕੰਪਨੀ ਬਾਗ (ਪੁਰਾਤਨ ਨਾਮ ਰਾਮ ਬਾਗ) ਵਿੱਚ ਸਥਾਪਤ ਹੈ। ਲੰਬਾ ਸਮਾਂ ਚੱਲੀ ਮੁਰੰਮਤ ਤੋਂ ਬਾਅਦ ਇਸ ਨੂੰ ਲਗਪਗ ਦੋ ਸਾਲ ਪਹਿਲਾਂ ਲੋਕਾਂ ਵਾਸਤੇ ਖੋਲ੍ਹਿਆ ਗਿਆ ਸੀ ਪਰ ਪਹਿਲਾਂ ਵਾਂਗ ਹੀ ਇੱਥੇ ਲੋਕਾਂ ਦੀ ਆਮਦ ਨਾ ਮਾਤਰ ਹੈ। ਹੁਣ ਵੀ ਰੋਜ਼ਾਨਾ ਔਸਤਨ 15 ਤੋਂ 20 ਸੈਲਾਨੀ ਇਸ ਨੂੰ ਦੇਖਣ ਵਾਸਤੇ ਆ ਰਹੇ ਹਨ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਇਸ ਸਾਲ ਫਰਵਰੀ 'ਚ ਰੰਗਲਾ ਪੰਜਾਬ ਮੇਲਾ ਮਨਾਉਣ ਅਤੇ ਇੱਥੇ 20 ਮਿੰਟ ਦਾ ਲਾਈਟ ਐਂਡ ਸਾਊਂਡ ਸ਼ੋਅ ਸ਼ੁਰੂ ਕਰਨ ਦਾ ਉਪਰਾਲਾ ਵੀ ਸਲਾਨੀਆਂ ਵਿੱਚ ਇੱਥੇ ਆਉਣ ਪ੍ਰਤੀ ਖਿਚਾਅ ਪੈਦਾ ਕਰਨ ਵਿਚ ਅਸਫਲ ਰਿਹਾ। ਜ਼ਿਕਰਯੋਗ ਹੈ ਕਿ ਇਹ ਇਤਿਹਾਸਕ ਇਮਾਰਤ ਇਸ ਵੇਲੇ ਭਾਰਤੀ ਪੁਰਾਤਤਵ ਵਿਭਾਗ ਦੀ ਦੇਖ-ਰੇਖ ਹੇਠ ਹੈ ਪਰ ਇਸ ਵਿੱਚ ਅਜਾਇਬ ਘਰ ਪੰਜਾਬ ਵਿਰਾਸਤ ਅਤੇ ਸੈਰ ਸਪਾਟਾ ਵਿਭਾਗ ਵੱਲੋਂ ਚਲਾਇਆ ਜਾ ਰਿਹਾ।

ਸਰਕਾਰਾਂ ਵੱਲੋਂ ਕਦੇ ਵੀ ਇਸ ਇਤਿਹਾਸਕ ਇਮਾਰਤ ਨੂੰ ਸੈਲਾਨੀ ਨਕਸ਼ੇ 'ਤੇ ਲਿਆਉਣ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ, ਜਿਸ ਦਾ ਸਿੱਟਾ ਹੈ ਕਿ ਇਹ ਅੱਜ ਵੀ ਅਣਗੌਲਿਆ ਹੋਇਆ ਹੈ। ਇਸ ਤੋਂ ਇਲਾਵਾ ਇਤਿਹਾਸਕ ਰਾਮਬਾਗ ਅਤੇ ਖਾਸ ਕਰਕੇ ਸਮਰ ਪੈਲੇਸ ਦੇ ਆਲੇ ਦੁਆਲੇ ਦਾ ਇਲਾਕਾ ਸਫਾਈ ਪੱਖੋਂ ਬੁਰੀ ਹਾਲਤ ਵਿੱਚ ਹੈ। ਇੱਥੇ ਆਉਣ ਜਾਣ ਵਾਸਤੇ ਵੀ ਕੋਈ ਵਿਸ਼ੇਸ਼ ਰਾਹ ਨਹੀਂ ਉਸਾਰਿਆ ਗਿਆ। ਸੂਤਰਾਂ ਅਨੁਸਾਰ ਜਦੋਂ ਇਸ ਅਜਾਇਬ ਘਰ ਨੂੰ ਮੁੜ ਸ਼ੁਰੂ ਕੀਤਾ ਗਿਆ ਤਾਂ ਉਸ ਵੇਲੇ ਕੀਤੇ ਕੁਝ ਯਤਨਾਂ ਦੇ ਕਾਰਨ ਸੈਲਾਨੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ ਪਰ ਹੁਣ ਮੁੜ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਔਸਤਨ ਆਮਦ ਪ੍ਰਤੀ ਦਿਨ 15 ਤੋਂ 20 ਵਿਅਕਤੀ ਰਹਿ ਗਈ ਹੈ।

ਸਰਕਾਰ ਨੇ ਇੱਥੇ ਕਰੋੜਾਂ ਰੁਪਏ ਖਰਚ ਕਰਕੇ ਇਸ ਦੀ ਸਾਂਭ ਸੰਭਾਲ ਅਤੇ ਇਸ ਦੀ ਮੁਰੰਮਤ ਕੀਤੀ ਹੈ ਪਰ ਇਸ ਨੂੰ ਸੈਰ ਸਪਾਟੇ ਦੇ ਨਕਸ਼ੇ 'ਤੇ ਲਿਆਉਣ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ ਗਿਆ। ਇਤਿਹਾਸਕ ਰਾਮ ਬਾਗ 'ਚ ਹੀ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵੀ ਸਥਾਪਤ ਹੈ ਪਰ ਉਹ ਵੀ ਕਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਨਹੀਂ ਬਣ ਸਕਿਆ। ਜਦੋਂ ਕਿ ਸ਼ਹਿਰ ਵਿਚ ਰੋਜ਼ਾਨਾ ਹਜ਼ਾਰਾਂ ਸੈਲਾਨੀ ਆਉਂਦੇ ਹਨ। ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਵਿੱਚ ਸਿੱਖ ਸ਼ਾਸਕ ਦੇ ਹਥਿਆਰ ਤੇ ਹੋਰ ਯਾਦਗਾਰਾਂ ਨੂੰ ਪ੍ਰਦਰਸ਼ਿਤ ਕੀਤਾ ਹੋਇਆ ਹੈ। ਸਮਰ ਪੈਲੇਸ ਮਿਊਜ਼ੀਅਮ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨੂੰ ਦਰਸਾਉਂਦੀਆਂ ਵੱਖ-ਵੱਖ ਗੈਲਰੀਆਂ ਬਣਾਈਆਂ ਗਈਆਂ ਹਨ ਤਾਂ ਜੋ ਇੱਥੇ ਆਉਣ ਵਾਲੇ ਕਿਸੇ ਵੀ ਸੈਲਾਨੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪੂਰੀ ਜਾਣਕਾਰੀ ਮਿਲ ਸਕੇ ਕਿ ਉਹ ਆਪਣਾ ਰਾਜ ਕਿਵੇਂ ਚਲਾਉਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਸਮਰ ਪੈਲੇਸ ਵਿੱਚ ਬਣੀਆਂ ਗੈਲਰੀਆਂ ਵਿੱਚ ਲਗਾਇਆ ਗਿਆ ਹੈ। ਇਸ ਵਿੱਚ ਮਹਾਰਾਜੇ ਤੋਂ ਇਲਾਵਾ ਸੈਨਿਕਾਂ ਅਤੇ ਹੋਰ ਮੰਤਰੀਆਂ ਦੇ ਬੁੱਤ ਬਣਾਏ ਗਏ ਹਨ।

ਇਕ ਹੋਰ ਗੈਲਰੀ ਉਸ ਦੇ ਪਹਿਲੇ ਵਿਆਹ ਦਾ ਦ੍ਰਿਸ਼ ਦਿਖਾਉਂਦੀ ਹੈ ਜਿਸ ਵਿਚ ਉਹ ਰਾਣੀ ਮਹਿਤਾਬ ਕੌਰ ਦੇ ਗਲੇ ਵਿਚ ਮਾਲਾ ਪਾ ਰਿਹਾ ਹੈ ਅਤੇ ਬਾਰਾਤੀ ਉਸ ਦੇ ਨਾਲ ਖੜ੍ਹੀ ਹੈ।

ਗੈਲਰੀ ਵਿੱਚ ਉਸ ਦੇ ਪਹਿਲੇ ਪੁੱਤਰ ਖੜਕ ਸਿੰਘ ਦਾ ਦਰਬਾਰ ਵੀ ਦਿਖਾਇਆ ਗਿਆ ਹੈ।

ਮਹਾਰਾਜਾ ਦਲੀਪ ਸਿੰਘ, ਮਹਾਰਾਜਾ ਦੇ ਦੂਜੇ ਪੁੱਤਰ ਰਾਣੀ ਜ਼ਿੰਦਾ ਆਦਿ ਦੇ ਬੁੱਤ ਸਥਾਪਿਤ ਕੀਤੇ ਗਏ ਹਨ।

ਇਨ੍ਹਾਂ ਸਭ ਦੇ ਨਾਲ-ਨਾਲ ਐਲਈਡੀ ਪੈਨਲ ਵੀ ਲਗਾਏ ਗਏ ਹਨ ਤਾਂ ਜੋ ਸੈਲਾਨੀਆਂ ਨੂੰ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ।

### ਫੌਜੀ ਮੈਨੂਅਲ ਫਾਰਸੀ ਵਿੱਚ ਲਿਖਿਆ ਗਿਆ

ਇਮਾਰਤ ਵਿੱਚ ਬਣੀ ਗੈਲਰੀ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਮਿਲਟਰੀ ਮੈਨੁਅਲ ਵੀ ਰੱਖਿਆ ਗਿਆ ਹੈ। ਇਸ ਵਿੱਚ ਉਸਦੀ ਫ਼ੌਜ ਨਾਲ ਜੁੜੀ ਸਾਰੀ ਜਾਣਕਾਰੀ ਹੈ। ਇਹ ਕਿਤਾਬਚਾ ਫਾਰਸੀ ਵਿੱਚ ਹੈ।

### ਹਥਿਆਰ ਵੀ ਵਿਖਾਏ ਗਏ

ਇਸ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਫੌਜ ਦੁਆਰਾ ਵਰਤੀ ਜਾਂਦੀ ਚਾਰ ਗਲੀ, ਦੋ ਟੋਲੀਆਂ ਅਤੇ ਇੱਕ ਗਰੋਵ ਬੰਦੂਕ, ਜੰਬੂਰਾ ਬੰਦੂਕ, ਗੋਲਡ ਪਲੇਟਿਡ ਸੈਬਰ ਗਨ, ਇੰਗਲੈਂਡ ਤੋਂ ਮੰਗਵਾਈ ਗਈ ਕਾਰਬਾਈਨ, ਨੇਜੇ, ਸਜਾਵਟੀ ਢਾਲ, ਸਪਿਲਟਰ, ਖੰਡੇ, ਤੇਗਾ, ਜੰਜੀਰੀ ਗੋਲੇ, ਜੰਜਾਲ ਗੰਨ, ਚਾਰ-ਆਇਨਾਰ ਸੈੱਟ, ਕੈਪਡ ਗਨ, ਸਟਿਕ ਗਨ, ਐਰੋਹੈੱਡ, ਕੁਹਾੜਾ ਆਦਿ ਪ੍ਰਦਰਸ਼ਿਤ ਕੀਤੇ ਗਏ ਹਨ।

### ਇਮਾਰਤ ਦਾ ਇਤਿਹਾਸ

ਕੰਪਨੀ ਬਾਗ ਦੇ ਅੰਦਰ ਬਣੇ ਸਮਰ ਪੈਲੇਸ ਦੀ ਇਮਾਰਤ 19ਵੀਂ ਸਦੀ ਵਿੱਚ ਤਿਆਰ ਕੀਤੀ ਗਈ ਸੀ। ਮਹਾਰਾਜਾ ਰਣਜੀਤ ਸਿੰਘ ਨੇ 1802 ਵਿਚ ਅੰਮ੍ਰਿਤਸਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ। ਇਸ ਤੋਂ ਬਾਅਦ ਹੀ ਇਹ ਮਹਿਲ ਉਸਾਰਿਆ ਗਿਆ ਸੀ। ਜਦੋਂ ਗਰਮੀਆਂ ਸ਼ੁਰੂ ਹੁੰਦੀਆਂ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਇਸ ਮਹਿਲ ਵਿੱਚ ਤਿੰਨ ਮਹੀਨੇ ਠਹਿਰਦੇ ਸਨ। ਇੱਥੋਂ ਉਹ ਸਰਕਾਰ ਚਲਾਉਂਦਾ ਸੀ। ਬਾਕੀ ਦੇ ਨੌਂ ਮਹੀਨੇ ਉਨ੍ਹਾਂ ਨੇ ਲਾਹੌਰ ਤੋਂ ਰਾਜ ਕੀਤਾ।

# ਭਾਰਤ ਵਿਚ ਕ੍ਰਿਪਾਨ ਉਪਰ ਪਾਬੰਦੀ ਲੱਗਣ ਲੱਗੀ

**✪ ਅੰਮ੍ਰਿਤਧਾਰੀ ਲੜਕੀ ਨੂੰ ਜੁਡੀਸ਼ੀਅਲ ਪ੍ਰੀਖਿਆ ਵਿਚ ਬੈਠਣ ਤੋਂ ਰੋਕਿਆ ✪ ਸੁਖਬੀਰ ਬਾਦਲ ਤੇ ਸ਼੍ਰੋਮਣੀ ਕਮੇਟੀ ਨੇ ਜਤਾਇਆ ਵਿਰੋਧ**

ਅੰਮ੍ਰਿਤਸਰ-ਰਾਜਸਥਾਨ ਵਿੱਚ ਕਕਾਰ ਉਤਾਰਨ ਜਿਹਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਇੱਕ ਗੁਰਸਿੱਖ ਲੜਕੀ ਲਖਵਿੰਦਰ ਕੌਰ ਨੂੰ ਕ੍ਰਿਪਾਨ ਪਹਿਨਣ ਕਰਕੇ ਪ੍ਰੀਖਿਆ ਵਿੱਚ ਨਹੀਂ ਬੈਠਣ ਦਿੱਤਾ। ਜਾਣਕਾਰੀ ਮੁਤਾਬਕ ਗੁਰਸਿੱਖ ਲੜਕੀ ਅੰਬਾਲਾ ਛਾਉਣੀ ਦੀ ਰਹਿਣ ਵਾਲੀ ਹੈ। ਅਤੇ ਉਹ ਰਿਆਤ ਕਾਲਜ ਆਫ਼ ਲਾਅ, ਰੂਪ ਨਗਰ ਵਿੱਚ ਸਹਾਇਕ ਪ੍ਰੋਫੈਸਰ ਹੈ। ਲਖਵਿੰਦਰ ਕੌਰ ਨੇ ਦੱਸਿਆ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐਚ.ਡੀ ਕਰ ਰਹੀ ਹੈ ਅਤੇ ਇਹ ਉਸਦਾ ਅੰਤਿਮ ਸਾਲ ਹੈ। ਉਹ ਨਿਆਂਪਾਲਿਕਾ ਦੀ ਪ੍ਰੀਖਿਆ ਦੀ ਵੀ ਤਿਆਰੀ ਕਰ ਰਹੀ ਸੀ। ਪਿਛਲੇ ਹਫ਼ਤੇ ਉਸ ਦੀ ਰਾਜਸਥਾਨ ਜੁਡੀਸ਼ਰੀ ਪ੍ਰੀਖਿਆ 23 ਜੂਨ ਨੂੰ ਸੀ। ਜਿਸ ਦਾ ਕੇਂਦਰ ਜੋਧਪੁਰ ਵਿਖੇ ਸੀ. ਉਹ ਸਮੇਂ ਸਿਰ ਸਬੰਧਤ ਕੇਂਦਰ ਪਹੁੰਚ ਗਈ। ਜਦੋਂ ਉਹ ਪ੍ਰੀਖਿਆ ਕੇਂਦਰ ਵਿੱਚ ਦਾਖ਼ਲ ਹੋਣ ਲਈ ਲਾਈਨ ਵਿੱਚ ਖੜ੍ਹੀ ਹੋਈ ਤਾਂ ਉਸ ਨੂੰ ਆਪਣਾ ਕੜਾ ਅਤੇ ਕਿਰਪਾਨ ਉਤਾਰਨ ਲਈ ਕਿਹਾ ਗਿਆ।

ਲਖਵਿੰਦਰ ਕੌਰ ਨੇ ਦੱਸਿਆ ਕਿ ਉਸ ਨੇ 5 ਕੱਕਾਰਾਂ ਬਾਰੇ ਸੀਨੀਅਰ ਅਧਿਕਾਰੀਆਂ ਨੂੰ ਦੱਸਿਆ ਪਰ ਉਨ੍ਹਾਂ ਨੂੰ ਸੈਂਟਰ ਵਿੱਚ ਬੈਠਣ ਤੋਂ ਰੋਕ ਦਿੱਤਾ ਗਿਆ। ਜਦੋਂ ਉਸਨੇ ਸਮਝਾਇਆ ਕਿ ਧਾਰਾ 25 ਵਿਚ ਸੰਵਿਧਾਨਕ ਅਧਿਕਾਰ ਦਿੱਤੇ ਗਏ ਹਨ। ਇਸ ਦੇ ਬਾਵਜੂਦ ਉਨ੍ਹਾਂ ਨੇ ਉਸ ਨੂੰ ਪ੍ਰੀਖਿਆ ਕੇਂਦਰ ਵਿੱਚ ਬੈਠਣ ਤੋਂ ਇਨਕਾਰ ਕਰ ਦਿੱਤਾ।

### ਭਵਿੱਖ ਲਈ ਇਸ ਮੁੱਦੇ ਨੂੰ ਉਠਾਉਣਾ ਜ਼ਰੂਰੀ ਹੈ

ਲਖਵਿੰਦਰ ਕੌਰ ਨੇ ਕਿਹਾ ਕਿ ਭਵਿੱਖ ਲਈ ਇਸ ਮੁੱਦੇ ਨੂੰ ਉਠਾਉਣਾ ਬਹੁਤ ਜ਼ਰੂਰੀ ਹੈ। ਇਸ ਦਾ ਹੱਲ ਲੱਭਣਾ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਨਾਲ ਜੋ ਵਾਪਰਿਆ ਹੈ, ਉਹ ਭਵਿੱਖ ਵਿੱਚ ਦੂਜਿਆਂ ਨਾਲ ਨਾ ਵਾਪਰੇ। ਇਸ ਇਮਤਿਹਾਨ ਤੋਂ ਪਹਿਲਾਂ ਉਸਨੇ ਦੂਜੇ ਰਾਜਾਂ ਅਤੇ ਰਾਜਸਥਾਨ ਵਿੱਚ ਵੀ ਪ੍ਰੀਖਿਆਵਾਂ ਦਿੱਤੀਆਂ ਸਨ। ਪਰ ਇਸ ਵਾਰ ਉਸ ਨੂੰ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ।

### ਇਸ ਤੋਂ ਪਹਿਲਾਂ ਵੀ ਇੱਕ ਮਾਮਲਾ ਸਾਹਮਣੇ ਆਇਆ ਸੀ

ਇਸ ਤੋਂ ਪਹਿਲਾਂ ਵੀ ਗੁਰਸਿੱਖ ਲੜਕੀ ਵਕੀਲ ਅਰਮਨਜੋਤ ਕੌਰ ਨੂੰ ਕਿਰਪਾਨ ਸਮੇਤ ਅਦਾਲਤੀ ਪ੍ਰੀਖਿਆ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਗਿਆ ਸੀ। ਜਿਸ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਵਿਰੋਧ ਪ੍ਰਗਟਾਇਆ ਸੀ। ਐਡਵੋਕੇਟ ਧਾਮੀ ਨੇ ਕਿਹਾ ਸੀ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਪੂਰਾ



ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਤੋਂ ਪੰਜ ਕੱਕਾਰਾਂ ਨੂੰ ਵੱਖ ਨਹੀਂ ਕਰ ਸਕਦਾ।

### ਸੁਖਬੀਰ ਨੇ ਇਸ ਘਟਨਾ 'ਤੇ ਰੋਸ ਪ੍ਰਗਟ ਕੀਤਾ

ਇਸ ਘਟਨਾ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਨੇ ਰੋਸ ਪ੍ਰਗਟ ਕੀਤਾ ਹੈ। ਆਪਣੇ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕਰਦੇ ਹੋਏ, ਉਸਨੇ ਕਿਹਾ - ਇਹ ਸੱਚਮੁੱਚ ਹੈਰਾਨ ਕਰਨ ਵਾਲੀ ਗੱਲ ਹੈ ਕਿ ਇੱਕ ਹੋਰ ਅੰਮ੍ਰਿਤਧਾਰੀ ਮਹਿਲਾ ਵਕੀਲ - ਬੀਬੀ ਲਖਵਿੰਦਰ ਕੌਰ ਨੂੰ 23 ਜੂਨ ਨੂੰ ਰਾਜਸਥਾਨ ਨਿਆਂਇਕ ਪ੍ਰੀਖਿਆ ਦੇ ਇੱਕ ਕੇਂਦਰ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਉਸਨੇ ਪੰਜ ਕਕਾਰ ਪਹਿਨੇ ਹੋਏ ਸਨ। ਇਸ ਤੋਂ ਪਹਿਲਾਂ ਬੀਬੀ ਅਰਮਨਜੋਤ ਕੌਰ ਨੂੰ ਪ੍ਰੀਖਿਆ ਵਿਚ ਬੈਠਣ ਤੋਂ ਰੋਕ ਦਿੱਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਵਰਤਾਰਾ ਸਿੱਖ ਸੰਵੇਦਨਾ ਨੂੰ ਸੱਟ ਮਾਰਨ ਵਾਲਾ ਹੈ ਜਿਸ ਪ੍ਰਤੀ ਰਾਜਸਥਾਨ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਰੜੀ ਕਾਰਵਾਈ ਕਰੇ, ਪਰੰਤੂ ਦੁਖ ਦੀ ਗੱਲ ਹੈ ਕਿ ਸਿੱਖ ਕੌਮ ਵੱਲੋਂ ਲਗਾਤਾਰ ਪ੍ਰਗਟਾਏ ਜਾ ਰਹੇ ਇਤਰਾਜ਼ ਮਗਰੋਂ ਵੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜੀ ਬੈਠੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਆਪਹੁਦਰੀ ਕਾਰਵਾਈ ਦੇਸ਼ ਦੇ ਸੰਵਿਧਾਨ ਨੂੰ ਚੁਣੌਤੀ ਦੇਣ ਦੀ ਹਰਕਤ ਹੈ, ਜਿਸ ਵਾਸਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਤੇ ਸੰਵਿਧਾਨ ਦੀ ਤੌਹੀਨ ਕਰਨ ਤਹਿਤ ਸਰਕਾਰ ਵੱਲੋਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਪਹਿਲੀ ਬਹਿਸ 'ਚ ਜੋ ਬਿਡੇਨ ਨੂੰ ਡੋਨਾਲਡ ਟਰੰਪ ਨੇ ਹਰਾਇਆ

**✪ ਟਰੰਪ ਨਾਲ ਬਹਿਸ ਵਿਚ ਬਿਡੇਨ ਦਾ ਖ਼ਰਾਬ ਪ੍ਰਦਰਸ਼ਨ ✪ ਪਾਰਟੀ ਬਾਈਡੇਨ ਨੂੰ ਉਮੀਦਵਾਰ ਵਜੋਂ ਨਹੀਂ ਬਦਲੇਗੀ ✪ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਹਟਣ ਦੀ ਮੰਗ ਵਧਣ ਲੱਗੀ**

ਵਾਸ਼ਿੰਗਟਨ-ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਲਈ ਹੋਣ ਵਾਲੀਆਂ ਚੋਣਾਂ ਦੇ ਅਧੀਨ ਅਟਲਾਂਟਾ ਵਿਚ ਹੋਈ ਬਹਿਸ ਵਿਚ ਖ਼ਰਾਬ ਪ੍ਰਦਰਸ਼ਨ ਤੋਂ ਬਾਅਦ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਅਤੇ ਮੁੱਖ ਧਾਰਾ ਦੀ ਅਮਰੀਕੀ ਮੀਡੀਆ 'ਚ ਰਾਸ਼ਟਰਪਤੀ ਜੋਅ ਬਾਈਡੇਨ ਦੇ ਚੋਣ ਦੌੜ ਤੋਂ ਹਟਣ ਦੀ ਮੰਗ ਵੱਧ ਰਹੀ ਹੈ। ਬਾਈਡੇਨ (81) ਅਤੇ ਉਨ੍ਹਾਂ ਦੇ ਪ੍ਰਚਾਰ ਮੁਹਿੰਮ ਚਲਾ ਰਹੇ ਲੋਕਾਂ ਨੇ ਕਿਹਾ ਕਿ ਉਹ ਹਾਰ ਨਹੀਂ ਮੰਨ ਰਹੇ ਹਨ ਅਤੇ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਸਫ਼ਲਤਾਪੂਰਵਕ ਮੁਕਾਬਲਾ ਕਰਨ ਲਈ ਵਚਨਬੱਧ ਹਨ। ਪ੍ਰਚਾਰ ਮੁਹਿੰਮ ਦੀ ਲੀਡਰਸ਼ਿਪ ਨੇ ਕਿਹਾ, "ਬਾਈਡੇਨ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਹਨ। ਉਮੀਦਵਾਰ ਨਹੀਂ ਬਦਲਿਆ ਜਾ ਰਿਹਾ ਹੈ।" ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਾਈਡੇਨ ਨੇ ਡੈਮੋਕ੍ਰੇਟਿਕ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਨ ਲਈ ਪ੍ਰਾਇਮਰੀ ਚੋਣ ਵਿਚ ਜਿੱਤ ਹਾਸਲ ਕਰ ਲਈ ਹੈ।

ਡੋਨਾਲਡ ਟਰੰਪ ਨੇ ਸਨਸਨੀਖੇਜ਼ ਇਲਜ਼ਾਮ ਲਗਾਉਂਦੇ ਹੋਏ ਕਿਹਾ ਕਿ "ਗੈਰ-ਕਾਨੂੰਨੀ ਸ਼ਰਨਾਰਥੀ ਦੇਸ਼ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰ ਰਹੇ ਹਨ ਅਤੇ ਅਤੀਤ ਵਿੱਚ ਕਈ ਨੌਜਵਾਨ ਔਰਤਾਂ ਦੇ ਕਤਲ ਵਿੱਚ ਸ਼ਾਮਲ ਸਨ।" ਜਿਸ ਦਾ ਜਵਾਬ ਦਿੰਦੇ ਹੋਏ



ਬਿਡੇਨ ਨੇ ਕਿਹਾ, "ਕਈ ਮੁਟਿਆਰਾਂ ਦੇ ਕਤਲ ਪਿਛੇ ਉਨ੍ਹਾਂ ਦੇ ਆਪਣੇ ਪਤੀ ਅਤੇ ਸਹੁਰੇ ਦਾ ਹੱਥ ਸੀ।"


ਵ੍ਹਾਈਟ ਹਾਊਸ 'ਚ ਦੂਜਾ ਕਾਰਜਕਾਲ ਪਾਉਣ ਦੇ ਇਛੁੱਕ ਬਾਈਡੇਨ ਦੀ ਆਵਾਜ਼ ਬਹਿਸ ਦੌਰਾਨ ਲੜਖੜਾਉਂਦੀ ਨਜ਼ਰ ਆਈ, ਜਿਸ ਨਾਲ ਡੈਮੋਕ੍ਰੇਟ ਦੇ ਸੀਨੀਅਰ ਨੇਤਾ ਇਹ ਸੋਚਣ ਨੂੰ ਮਜ਼ਬੂਰ ਹੋ ਗਏ ਹਨ ਕਿ ਕੀ ਮੌਜੂਦਾ ਰਾਸ਼ਟਰਪਤੀ ਚੋਣਾਂ ਤੋਂ ਪਹਿਲੇ ਦੇ ਕਠਿਨ ਮਹੀਨਿਆਂ ਦੌਰਾਨ ਸਿਖਰ 'ਤੇ ਰਹਿ ਸਕਦੇ ਹਨ। ਉੱਥੇ ਹੀ ਰਿਪਬਲਿਕਨ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦੇ ਸੰਭਾਵਿਤ ਉਮੀਦਵਾਰ ਟਰੰਪ (78) ਨੇ 90 ਮਿੰਟ ਦੀ ਬਹਿਸ ਦੌਰਾਨ ਸ਼ੁਰੂਆਤ ਤੋਂ ਹੀ ਬਾਈਡੇਨ ਨੂੰ ਸਖ਼ਤ ਟੱਕਰ ਦਿੱਤੀ। ਰਾਸ਼ਟਰਪਤੀ ਅਹੁਦੇ ਦੇ ਚੋਣ ਲਈ ਅਟਲਾਂਟਾ 'ਚ ਵੀਰਵਾਰ ਰਾਤ ਪਹਿਲੀ ਬਹਿਸ ਦੇ ਬਾਅਦ ਤੋਂ ਹੀ 'ਦਿ ਨਿਊਯਾਰਕ ਟਾਈਮਜ਼' ਸਮੇਤ ਕਈ ਮੀਡੀਆ ਸੰਸਥਾ ਅਤੇ ਬਾਈਡੇਨ ਦੀ ਪਾਰਟੀ ਦੇ ਸਮਰਥਕ ਅਤੇ ਅਹਿਮ ਨੀਤੀ ਨਿਰਮਾਤਾ ਉਨ੍ਹਾਂ ਨੂੰ ਇਸ ਦੌੜਨ ਤੋਂ ਹਟਣ ਦੀ ਮੰਗ ਕਰ ਰਹੇ ਹਨ। ਬਹਿਸ ਤੋਂ ਬਾਅਦ 'ਦਿ ਨਿਊਯਾਰਕ ਟਾਈਮਜ਼' ਨੇ ਆਪਣੇ ਸੰਪਾਦਕੀ ਵਿਚ ਲਿਖਿਆ, "ਆਪਣੇ ਦੇਸ਼ ਦੀ ਸੇਵਾ ਕਰਨ ਲਈ ਰਾਸ਼ਟਰਪਤੀ ਬਾਈਡੇਨ ਨੂੰ ਇਸ ਦੌੜ ਤੋਂ ਹਟ ਜਾਣਾ ਚਾਹੀਦਾ।

ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ੋਮ ਨੇ ਕਿਹਾ, "ਤੁਸੀਂ ਸਿਰਫ਼ ਇੱਕ ਬਹਿਸ ਵਿੱਚ ਪ੍ਰਦਰਸ਼ਨ ਕਰਕੇ ਆਪਣਾ ਮੂੰਹ ਨਹੀਂ ਮੋੜ ਸਕਦੇ। ਇਸ ਤਰ੍ਹਾਂ ਕੋਈ ਪਾਰਟੀ ਨਹੀਂ ਕਰਦੀ?" ਉਨ੍ਹਾਂ ਕਿਹਾ, "ਰਾਸ਼ਟਰਪਤੀ ਨੇ ਚੰਗਾ ਕੰਮ ਕੀਤਾ ਹੈ। ਸਾਨੂੰ ਇਸ ਸਮੇਂ ਉਨ੍ਹਾਂ ਲਈ ਕੁਝ ਕਰਨਾ ਚਾਹੀਦਾ ਹੈ।"

ਇਸ ਦੇ ਨਾਲ ਹੀ, ਬਿਡੇਨ ਦੀ ਉਪ ਪ੍ਰਧਾਨ ਕਮਲਾ ਹੈਰਿਸ ਨੇ ਆਪਣੀਆਂ ਕਮਜ਼ੋਰੀਆਂ ਨੂੰ ਸਵੀਕਾਰ ਕੀਤਾ, ਪਰ ਕਿਹਾ ਕਿ ਰਾਸ਼ਟਰਪਤੀ ਨੇ ਅੰਤ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਹੈ।

# ਸਾਧ ਨੂੰ ਸੰਘ ਪਰਿਵਾਰ ਨਾਲ ਜੁੜਨ ਕਾਰਣ ਅਕਾਲ ਤਖਤ ਤੋਂ ਮੰਗਣੀ ਪੈ ਰਹੀ ਮੁਆਫ਼ੀ

## ✪ ਅਕਾਲ ਤਖਤ ਸਾਹਿਬ ਵਲੋਂ ਆਰਐੱਸਐੱਸ ਦੇ ਸਮਾਗਮਾਂ ਵਿੱਚ ਜਾਣ ਦੀ ਸਿੱਖਾਂ ਨੂੰ ਮਨਾਹੀ ਹੈ ?





ਪਿਹੋਵਾ-ਹਰਿਆਣਾ ਦੇ ਜਾਣੇ-ਪਛਾਣੇ ਸਿੱਖ ਪ੍ਰਚਾਰਕ ਗੁਰਵਿੰਦਰ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੂੰ ਇੱਕ ਚਿੱਠੀ ਲਿਖ ਕੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਬਦਲੇ ਮੁਆਫ਼ੀ ਮੰਗੀ ਹੈ। ਸਾਧ ਗੁਰਵਿੰਦਰ ਸਿੰਘ ਹਰਿਆਣਾ ਦੇ ਪਿਹੋਵਾ ਨੇੜਲੇ ਉਦਾਸੀ ਸੰਪ੍ਰਦਾਇ ਦੇ ਅਸਥਾਨ ਗੁਰਦੁਆਰਾ ਉਦਾਸੀਨ ਬ੍ਰਹਮ ਅਖਾੜਾ ਦੇ ਮੁਖੀ ਹਨ।

ਅਕਾਲ ਤਖ਼ਤ ਦੇ ਸਕੱਤਰੇਤ ਦੇ ਸਕੱਤਰ ਜਸਪਾਲ ਸਿੰਘ ਨੇ ਸਾਧ ਗੁਰਵਿੰਦਰ ਸਿੰਘ ਦਾ ਮੁਆਫ਼ੀਨਾਮਾ ਮਿਲਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ, "ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖਾਂ ਦੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦੀ ਹੋਣ ਵਾਲੀ ਅਗਲੀ ਬੈਠਕ ਵਿੱਚ ਇਸ ਮਸਲੇ ਉੱਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲਿਆ ਜਾਵੇਗਾ।"

ਦਰਅਸਲ 23 ਜੂਨ ਨੂੰ ਕੁਰੂਕਸ਼ੇਤਰ ਦੇ ਇੱਕ ਸਕੂਲ ਸੰਘ ਸ਼ਿਕਸ਼ਾ ਵਿਭਾਗ (ਸਿਖਲਾਈ ਕੈਂਪ) ਦਾ ਸਮਾਪਤੀ ਸਮਾਗਮ ਸੀ ਜਿਸ ਵਿੱਚ ਸਾਧ ਗੁਰਵਿੰਦਰ ਸਿੰਘ ਨੂੰ ਬਤੌਰ ਮੁੱਖ ਮਹਿਮਾਨ ਬੁਲਾਇਆ ਗਿਆ ਸੀ ਵਿੱਚ ਆਰਐੱਸਐੱਸ ਵੱਲੋਂ ਇੱਕ ਸਮਾਗਮ ਕਰਵਾਇਆ ਗਿਆ ਸੀ। ਇਸ ਸਮਾਗਮ ਵਿੱਚ ਗੁਰਵਿੰਦਰ ਸਿੰਘ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਸਾਧ ਦੀਆਂ ਮੰਚ ਉੱਤੇ ਸਵੈਮ ਸੇਵਕਾਂ ਨਾਲ ਖੜ੍ਹੇ ਹੋ ਕੇ ਛਾਤੀ ਤੱਕ ਹੱਥ ਉੱਤੇ ਚੁੱਕ ਕੇ ਸਹੁੰ ਚੁੱਕਣ ਦੀਆਂ ਤਸਵੀਰਾਂ ਵੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈਆਂ ਸਨ। ਇਸ ਤੋਂ ਬਾਅਦ ਸਿਖਾਂ ਨੇ ਸੰਘ ਸਮਾਗਮ ਵਿੱਚ ਜਾਣ ਲਈ ਗੁਰਵਿੰਦਰ ਸਿੰਘ ਦੀ ਆਲੋਚਨਾ ਕੀਤੀ। ਇਸ ਮਗਰੋਂ ਗੁਰਵਿੰਦਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਇਸ ਨੂੰ ਅਣਜਾਣੇ ਵਿੱਚ ਕੀਤੀ ਗਈ ਗਲਤੀ ਦੱਸਿਆ ਤੇ ਇਸ ਲਈ ਮੁਆਫ਼ੀ ਦੀ ਅਪੀਲ ਕੀਤੀ।

ਸਾਧ ਗੁਰਵਿੰਦਰ ਸਿੰਘ ਨੇ ਆਪਣੇ ਪੱਤਰ ਵਿੱਚ ਦਾਅਵਾ ਕੀਤਾ ਕਿ ਉਹ ਸਕੂਲ ਦਾ ਸਮਾਗਮ ਸਮਝ ਕੇ ਗਏ ਸੀ। ਇੱਥੇ ਪਹੁੰਚਣ ਤੋਂ ਪਹਿਲਾਂ ਤੱਕ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਇਹ ਸਮਾਗਮ ਆਰਐੱਸਐੱਸ ਦੇ ਨੁਮਾਇੰਦਿਆਂ ਵੱਲੋਂ ਕਰਵਾਇਆ ਜਾ ਰਿਹਾ ਹੈ। ਮੇਰਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ ਤੇ ਮੈਂ ਤੇ ਪੂਰਾ ਅਸਥਾਨ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਾਂ। ਸਾਧ ਗੁਰਵਿੰਦਰ ਸਿੰਘ ਨੇ ਇਹ ਵੀ ਲਿਖਿਆ ਕਿ ਜਦੋਂ ਵੀ ਅਕਾਲ ਤਖ਼ਤ ਤੋਂ ਉਨ੍ਹਾਂ ਨੂੰ ਬੁਲਾਇਆ ਜਾਵੇਗਾ, ਉਹ ਉੱਥੇ ਇੱਕ 'ਨਿਮਾਣੇ ਸਿੱਖ' ਵੱਜੋਂ ਹਾਜ਼ਰ ਹੋਣਗੇ। ਯਾਦ ਰਹੇ ਕਿ ਸੰਘ ਅਤੇ ਇਸ ਦੇ ਇੱਕ ਹੋਰ ਸੰਗਠਨ ਰਾਸ਼ਟਰੀ ਸਿੱਖ ਸੰਗਤ ਦੀਆਂ ਗਤੀਵਿਧੀਆਂ ਨੂੰ ਲੈ ਕੇ 2004 ਵਿੱਚ ਅਕਾਲ ਤਖ਼ਤ ਤੋਂ ਇੱਕ ਹੁਕਮਨਾਮਾ ਜਾਰੀ ਹੋਇਆ ਸੀ।

ਜਾਣਕਾਰ ਦੱਸਦੇ ਹਨ ਕਿ 2004 ਵਿੱਚ ਮਰਹੂਮ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, ਅਕਾਲ ਤਖ਼ਤ ਦੇ ਜਥੇਦਾਰ ਹੁੰਦੇ ਸਨ, ਉਨ੍ਹਾਂ ਨੇ 23 ਜੁਲਾਈ, 2004 ਨੂੰ ਅਕਾਲ ਤਖ਼ਤ ਸਾਹਿਬ ਤੋਂ ਇੱਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਇਸ ਸੰਦੇਸ਼ ਵਿੱਚ ਕਿਹਾ ਗਿਆ ਸੀ, "ਆਰਐੱਸਐੱਸ/ਰਾਸ਼ਟਰੀ ਸਿੱਖ ਜਥੇਬੰਦੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਸਿੱਖ ਵਿਰੋਧੀ ਸਰਗਰਮੀਆ ਕੀਤੀਆਂ ਜਾ ਰਹੀਆਂ ਹਨ। ਸਮੂਹ ਸਿੱਖ ਸੰਗਤ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਅਖੌਤੀ ਪੰਥ ਵਿਰੋਧੀ ਰਾਸ਼ਟਰੀ ਸਿੱਖ ਸੰਗਤ ਜਥੇਬੰਦੀ ਦੇ ਪ੍ਰਚਾਰ ਤੋਂ ਸੁਚੇਤ ਰਹਿਣ ਅਤੇ ਇਸ ਜਥੇਬੰਦੀ ਨੂੰ ਕਿਸੇ ਕਿਸਮ ਦਾ ਸਹਿਯੋਗ ਨਾ ਦੇਣ।"

### ਸੰਘ ਨਾਲ ਸਿੱਖ ਭਾਈਚਾਰੇ ਦੇ ਕੀ ਹਨ ਮਤਭੇਦ

ਸਿੱਖ ਭਾਈਚਾਰੇ ਵਿੱਚ ਕਾਫੀ ਗਿਣਤੀ ਲੋਕਾਂ ਦਾ ਇਹ ਮੰਨਣਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ, ਮੁਲਕ ਵਿੱਚ ਬਹੁਗਿਣਤੀ ਹਿੰਦੂ ਭਾਈਚਾਰੇ ਦੇ ਨਾਂ ਉੱਤੇ ਕੰਮ ਕਰਦਾ ਹੈ। ਇਹ ਭਾਰਤ ਦੇ ਬਹੁ-ਸੱਭਿਆਚਾਰਕ ਖਾਸੇ ਨੂੰ ਖ਼ਤਮ ਕਰਕੇ, ਇੱਕ ਦੇਸ, ਇੱਕ ਧਰਮ, ਇੱਕ ਭਾਸ਼ਾ, ਇੱਕ ਨਿਸ਼ਾਨ ਅਤੇ ਇੱਕ ਵਿਧਾਨ ਦੇ ਨਿਸ਼ਾਨੇ ਨਾਲ ਹਿੰਦੂਤਵ ਨੂੰ ਸਾਰੇ ਭਾਈਚਾਰਿਆਂ ਉੱਤੇ ਥੋਪਣਾ ਚਾਹੁੰਦਾ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਅਤੇ ਸਿੱਖ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ, "ਸੰਘ, ਮੁਸਲਮਾਨਾਂ ਨੂੰ ਅਲੱਗ-ਥਲੱਗ ਕਰਨ ਅਤੇ ਸਿੱਖਾਂ ਨੂੰ ਹਿੰਦੂ ਧਰਮ ਵਿੱਚ ਮਿਲਾਉਣ ਦੀ ਵਿਚਾਰਧਾਰਾ ਉੱਤੇ ਕੰਮ ਕਰ ਰਿਹਾ ਹੈ। ਸਿੱਖ ਇੱਕ ਵੱਖਰਾ ਧਰਮ ਹੈ, ਇਸ ਦੀ ਅਜਾਦ ਹਸਤੀ ਹੈ ਅਤੇ ਇਸ ਦੀ ਵਿਲੱਖਣ ਪਛਾਣ ਹੈ, ਜਿਸ ਨੂੰ ਸੰਘ ਖ਼ਤਮ ਕਰਨਾ ਚਾਹੁੰਦਾ ਹੈ।"

ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੀ ਸੰਘ ਦੀਆਂ ਗਤੀਵਿਧੀਆਂ ਨੂੰ ਘੱਟ ਗਿਣਤੀ ਵਿਰੋਧੀ ਅਤੇ ਦੇਸ ਨੂੰ ਫਿਰਕੂ ਅਧਾਰ ਉੱਤੇ ਪਾੜਨ ਵਾਲਾ ਕਰਾਰ ਦੇ ਕੇ ਇਸ ਦੀਆਂ ਗਤੀਵਿਧੀਆਂ ਉੱਤੇ ਪਾਬੰਦੀ ਲਾਉਣ ਦੀ ਮੰਗ ਕਰ ਚੁੱਕੇ ਹਨ।


2 ਜੁਲਾਈ 2024 ਨੂੰ ਲੋਕ ਸਭਾ ਵਿੱਚ ਬੋਲਦਿਆਂ ਅਕਾਲੀ ਦਲ ਦੀ ਐੱਮਪੀ ਹਰਸਿਮਰਤ ਕੌਰ ਬਾਦਲ ਦੇ ਸ਼ਬਦ ਇਸੇ ਸੰਦਰਭ ਵਿੱਚ ਜ਼ਿਕਰਯੋਗ ਹਨ।

ਉਨ੍ਹਾਂ ਕਿਹਾ, "ਇਨ੍ਹਾਂ (ਕਾਂਗਰਸ ਵੱਲ ਇਸ਼ਾਰਾ) ਸਾਡੇ ਧਾਰਮਿਕ ਸਥਾਨਾਂ (ਦਰਬਾਰ ਸਾਹਿਬ) ਉੱਤੇ ਟੈਂਕ ਚੜ੍ਹਾਏ ਅਤੇ ਤੁਸੀਂ (ਭਾਜਪਾ) ਕੀ ਕਰ ਰਹੇ ਹੋ, ਸਾਡੇ ਧਾਰਮਿਕ ਅਦਾਰਿਆਂ ਉੱਤੇ ਕਬਜੇ ਕਰ ਰਹੇ ਹੋ। ਹਰਿਆਣਾ ਦੀ ਗੁਰਦੁਆਰਾ ਕਮੇਟੀ, ਸ਼੍ਰੋਮਣੀ ਕਮੇਟੀ ਤੋਂ ਵੱਖਰੀ ਬਣਾ ਦਿੱਤੀ। ਦਿੱਲੀ ਕਮੇਟੀ ਉੱਤੇ ਕਬਜ਼ਾ ਕਰ ਲਿਆ। ਪਟਨਾ ਸਾਹਿਬ ਅਤੇ ਨਾਂਦੇੜ ਸਾਹਿਬ ਦੀਆਂ ਕਮੇਟੀਆਂ ਵਿੱਚ ਆਪਣੇ ਬੰਦੇ ਬਿਠਾ ਦਿੱਤੇ।"

# ਡੇਰਾ ਮੁਖੀ ਨੂੰ ਨਹੀਂ ਮਿਲੀ ਰਾਹਤ, ਫਰਲੋ ਦੀ ਅਰਜ਼ੀ 'ਤੇ ਸ਼੍ਰੋਮਣੀ ਕਮੇਟੀ ਤੇ ਹਰਿਆਣਾ ਸਰਕਾਰ ਨੂੰ ਨੋਟਿਸ

## ✪ ਪਟੀਸ਼ਨ ਵਿਚ ਡੇਰਾ ਮੁਖੀ ਨੂੰ ਹਰਿਆਣਾ ਸਰਕਾਰ ਵਲੋਂ ਵਾਰ-ਵਾਰ ਪੈਰੋਲ 'ਤੇ ਰਿਹਾਅ ਕਰਨ 'ਤੇ ਇਤਰਾਜ਼ ਜਤਾਇਆ ਸੀ

ਚੰਡੀਗੜ੍ਹ-ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਤੁਰੰਤ ਰਾਹਤ ਨਹੀਂ ਮਿਲ ਸਕੀ ਹੈ। ਹਾਈ ਕੋਰਟ ਦੇ ਐਕਟਿੰਗ ਚੀਫ਼ ਜਸਟਿਸ ਜੀ. ਐਸ. ਸੰਧਾਵਾਲੀਆ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਨੇ ਡੇਰਾ ਮੁਖੀ ਦੀ ਫਰਲੋ ਅਰਜ਼ੀ 'ਤੇ ਮੁੱਖ ਪਟੀਸ਼ਨ ਸਮੇਤ 31 ਜੁਲਾਈ ਤੱਕ ਪਟੀਸ਼ਨ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਇਸਦੇ ਨਾਲ ਹੀ ਅਦਾਲਤ ਨੇ ਸ੍ਰੋਮਣੀ ਕਮੇਟੀ ਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ ਡੇਰਾ ਮੁਖੀ ਨੇ ਇਸ ਤੋਂ ਪਹਿਲਾਂ ਛੁੱਟੀ ਵਾਲੇ ਬੈਂਚ ਅੱਗੇ 14 ਜੂਨ ਨੂੰ ਇਹ ਅਰਜ਼ੀ




ਦਾਇਰ ਕੀਤੀ ਸੀ, ਪਰ ਛੁੱਟੀ ਵਾਲੇ ਬੈਂਚ ਨੇ ਕੋਈ ਹੁਕਮ ਜਾਰੀ ਨਾ ਕਰਦੇ ਹੋਏ ਕਿਹਾ ਸੀ ਕਿ ਸਿਰਫ਼ ਚੀਫ਼ ਜਸਟਿਸ ਦਾ ਬੈਂਚ ਹੀ ਇਸ ਪਟੀਸ਼ਨ 'ਤੇ ਸੁਣਵਾਈ ਕਰੇਗਾ ਕਿਉਂਕਿ ਉਸੇ ਬੈਂਚ ਕੋਲ ਇਹ ਮਾਮਲਾ ਵਿਚਾਰ ਅਧੀਨ ਹੈ। ਡੇਰਾ ਮੁਖੀ ਨੇ ਹਾਈ ਕੋਰਟ ਤੋਂ ਉਸਨੂੰ 21 ਦਿਨਾਂ ਦੀ ਫਰਲੋ ਦੇਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ ਤਾਂ ਜੋ ਉਹ ਇਸ ਸਮੇਂ ਦੌਰਾਨ ਜੇਲ੍ਹ ਤੋਂ ਬਾਹਰ ਰਹਿ ਕੇ 'ਕਲਿਆਣਕਾਰੀ ਕੰਮ' ਕਰ ਸਕੇ। ਡੇਰਾ ਮੁਖੀ ਨੇ ਕਿਹਾ ਹੈ ਕਿ ਫਰਲੋ ਲਈ ਅਧਿਕਾਰੀਆਂ ਨੂੰ ਅਰਜ਼ੀ ਦਿੱਤੀ ਜਾ ਚੁੱਕੀ ਹੈ ਪਰ ਹਾਈ ਕੋਰਟ ਦੇ 29 ਫਰਵਰੀ ਦੇ ਸਟੇਅ ਆਰਡਰ ਕਾਰਨ ਇਸ ਪਟੀਸ਼ਨ 'ਤੇ ਵਿਚਾਰ ਨਹੀਂ ਕੀਤਾ ਗਿਆ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਸ ਨੇ ਪਿਛਲੇ ਸਮੇਂ ਵਿਚ ਪੈਰੋਲ ਜਾਂ ਫਰਲੋ ਛੋਟ ਦੀ ਦੁਰਵਰਤੋਂ ਨਹੀਂ ਕੀਤੀ ਹੈ ਤੇ ਹਮੇਸ਼ਾਂ ਸਮੇਂ ਸਿਰ ਆਤਮ ਸਮਰਪਣ ਕੀਤਾ ਹੈ।

ਡੇਰਾ ਮੁਖੀ ਅਨੁਸਾਰ 20 ਦਿਨਾਂ ਦੀ ਪੈਰੋਲ ਤੇ 21 ਦਿਨਾਂ ਦੀ ਫਰਲੋ ਪਹਿਲਾਂ ਹੀ ਉੱਚਿਤ ਅਧਿਕਾਰੀਆਂ ਦੇ ਵਿਚਾਰ ਅਧੀਨ ਹੈ। 29 ਫਰਵਰੀ ਨੂੰ ਹਾਈ ਕੋਰਟ ਨੇ ਰਾਜ ਨੂੰ ਨਿਰਦੇਸ਼ ਦਿੱਤਾ ਸੀ ਕਿ ਭਵਿੱਖ ਵਿਚ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਡੇਰਾ ਮੁਖੀ ਦੀ ਪੈਰੋਲ ਅਰਜ਼ੀ 'ਤੇ ਵਿਚਾਰ ਨਾ ਕੀਤਾ ਜਾਵੇ।

ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵਲੋਂ ਦਾਇਰ ਪਟੀਸ਼ਨ ਦੇ ਮੱਦੇਨਜ਼ਰ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ। ਪਟੀਸ਼ਨ ਵਿਚ ਡੇਰਾ ਮੁਖੀ ਨੂੰ ਜਬਰ-ਜਨਾਹ ਤੇ ਕਤਲ ਕੇਸਾਂ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਹਰਿਆਣਾ ਸਰਕਾਰ ਵਲੋਂ ਵਾਰ-ਵਾਰ ਪੈਰੋਲ ਜਾਂ ਫਰਲੋ 'ਤੇ ਰਿਹਾਅ ਕਰਨ 'ਤੇ ਇਤਰਾਜ਼ ਜਤਾਇਆ ਗਿਆ ਹੈ।

# ਬੰਦ ਬੰਦ ਕਟਵਾਉਣ ਵਾਲੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ



ਜਸਵਿੰਦਰ ਸਿੰਘ ਰੁਪਾਲ



ਹਰ ਰੋਜ ਅਰਦਾਸ ਵਿਚ ਜਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਵਾਹਿਗੁਰੂ ਬੋਲਿਆ ਜਾਂਦਾ ਹੈ, ਕਿੰਨੀ ਮਹਾਨ ਹੋਵੇਗੀ ਉਹ ਕੁਰਬਾਨੀ ਜਿਸ ਬਾਰੇ ਇਕ ਗੁਰਸਿੱਖ ਨੂੰ ਨਿਤ ਯਾਦ ਕਰਨ ਦੀ ਤਾਕੀਦ ਹੈ। ਵਾਹਿਗੁਰੂ ਜੀ ਦੇ ਜਨਮ-ਮਰਨ ਦੇ ਅਟੱਲ ਹੁਕਮ ਸਦਕਾ ਜੋ ਵੀ ਜੰਮਿਆ ਹੈ, ਉਸ ਨੇ ਮਰ ਤਾਂ ਜਾਣਾ ਹੀ ਹੈ ਪਰ ਮਰਣਾ ਪ੍ਰਵਾਨ ਉਨ੍ਹਾਂ ਦਾ ਹੀ ਹੈ ਜਿਨ੍ਹਾਂ ਨੇ ਕਿਸੇ ਖਾਸ ਉੱਚ ਉਦੇਸ਼ ਦੀ ਪ੍ਰਾਪਤੀ ਲਈ ਆਪਣੀ ਜਿੰਦਗੀ ਵਾਰ ਦਿੱਤੀ। ਉਨ੍ਹਾਂ ਦੇ ਪਾਏ ਪੂਰਨੇ ਸਦੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਅਜਿਹੇ ਹੀ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਕੁਝ ਸ਼ਬਦਾਂ ਰਾਹੀਂ ਉਨ੍ਹਾਂ ਦੇ ਕਮਾਈ ਵਾਲੇ ਜੀਵਨ ਨੂੰ ਬਿਆਨਣ ਦੀ ਕੋਸ਼ਿਸ਼ ਰਾਹੀਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਮੁਲਤਾਨ ਦੇ ਨੇੜੇ ਪਿੰਡ ਅਲੀਪੁਰ ਵਿਖੇ 10 ਜੁਲਾਈ 1644 ਈਸਵੀ ਨੂੰ ਪਿਤਾ ਰਾਓ ਮਾਈ ਦਾਸ ਅਤੇ ਮਾਤਾ ਮਦਰੀ ਬਾਈ ਦੀ ਕੁੱਖੋਂ ਮਨੀ ਰਾਮ ਦਾ ਜਨਮ ਹੋਇਆ। ਉਸ ਦੇ ਦਾਦਾ ਜੀ ਬਲੂ ਰਾਏ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਿੰਘ ਜੀਂ ਦੀ ਫੌਜ ਦੇ ਜਰਨੈਲ ਸਨ ਅਤੇ ਜੰਗ ਵਿਚ ਹੀ ਸ਼ਹੀਦ ਹੋਏ ਸਨ। ਮਨੀ ਰਾਮ, ਜਿਸ ਨੂੰ ਬਚਪਨ ਵਿਚ ਮਨੀਆ ਕਰ ਕੇ ਵੀ ਬੁਲਾਇਆ ਜਾਂਦਾ ਸੀ, ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਹੋਣ ਦਾ ਮਾਣ ਪ੍ਰਾਪਤ ਹੈ। 15 ਸਾਲ ਦੀ ਉਮਰ ਵਿਚ ਭਾਈ ਲੱਖੀ ਸ਼ਾਹ, (ਜਿਸ ਨੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ), ਦੀ ਪੁੱਤਰੀ ਸੀਤੋਂ ਨਾਲ ਆਪ ਜੀ ਦਾ ਵਿਆਹ ਹੋਇਆ। 1657 ਵਿਚ ਆਪਣੇ ਪਿਤਾ ਜੀ ਨਾਲ ਮਨੀ ਰਾਮ ਗੁਰੂ ਹਰਿ ਰਾਇ ਜੀ ਨੂੰ ਕੀਰਤਪੁਰ ਸਾਹਿਬ ਮਿਲੇ ਸਨ। ਉਪਰੰਤ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਦਿੱਲੀ ਚਲੇ ਗਏ ਸਨ। 1614 ਈਸਵੀ ਨੂੰ ਉਹ ਗੁਰੂ ਤੇਗ ਬਹਾਦਰ ਜੀ ਨਾਲ ਬਾਬਾ ਬਕਾਲੇ ਆ ਗਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇ (1675 ਈਸਵੀ), ਉਹ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਸਨ। 1699 ਈਸਵੀ ਨੂੰ ਖਾਲਸਾ ਸਾਜਨਾ ਦਿਵਸ ਤੇ ਹੀ ਉਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਅਤੇ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ।

ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਦਰਬਾਰ ਵਿਚ ਗੁਰਮਤਿ ਸਿਧਾਂਤਾਂ ਨੂੰ ਸਿੱਖਦੇ ਹੋਏ ਤਨੋਂ ਮਨੋਂ ਸੇਵਾ ਕਰਦੇ ਹੁੰਦੇ ਸਨ। ਲੰਗਰ ਬਗੈਰਾ ਦੀ ਸੇਵਾ ਤੋਂ ਬਿਨਾਂ ਭਾਈ ਸਾਹਿਬ ਗੁਰਬਾਣੀ ਦੇ ਬਹੁਤ ਵਧੀਆ ਵਿਆਖਿਆਕਾਰ ਵੀ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਲਿਖਣ ਦੀ ਸੇਵਾ ਵੀ ਨਿਭਾਈ ਹੈ। ਉਹ ਇਕ ਸਫ਼ਲ ਪ੍ਰਬੰਧਕ ਅਤੇ ਕਥਾ ਵਾਚਕ ਵੀ ਸਨ।

1691 ਈਸਵੀ ਦੀ ਵਿਸਾਖੀ ਦੇ ਪ੍ਰਬੰਧ ਕਰਨ ਦੀ ਜਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀ ਲਗਾਈ ਸੀ ਅਤੇ ਵਧੀਆ ਪ੍ਰਬੰਧਕ ਹੋਣ ਕਾਰਨ ਆਪ ਨੂੰ ਦੀਵਾਨ ਖਿਤਾਬ ਨਾਲ ਵੀ ਨਿਵਾਜਿਆ ਸੀ। ਆਪ ਜੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਰਹੇ ਅਤੇ ਅਕਾਲ ਤਖਤ ਦੇ ਜੱਥੇਦਾਰ ਵੀ। ਭਾਈ ਗੁਰਦਾਸ ਜੀ ਤੋਂ ਬਾਅਦ ਬਣੇ ਜਥੇਦਾਰ ਵਜੋਂ ਆਪ ਅਕਾਲ ਤਖਤ ਦੇ ਦੂਜੇ ਸੇਵਾਦਾਰ ਸਨ। ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਜੰਗਾਂ ਵਿਚ ਵੀ ਦਿੱਤਾ। 1688 ਈਸਵੀ ਵਿਚ ਭੰਗਾਣੀ ਦੇ ਯੁੱਧ ਵਿਚ ਵੀ ਆਪ ਲੜੇ ਸਨ ਜਿੱਥੇ ਆਪ ਜੀ ਦਾ ਭਰਾ ਹਰੀ ਚੰਦ ਸ਼ਹੀਦ ਹੋਇਆ ਸੀ। ਇਸੇ ਤਰਾਂ ਨਦੌਣ ਦੀ ਜੰਗ ਵਿਚ ਵੀ 1690 ਈਸਵੀ ਵਿਚ ਹਿੱਸਾ ਲਿਆ ਸੀ।

ਆਪ ਜੀ ਕਿਉਂਕਿ ਗੁਰਬਾਣੀ ਦੀ ਵਿਆਖਿਆ ਕਰਦੇ ਸਨ। ਇਸ ਲਈ ਆਪ ਜੀ ਦੇ ਨਾਮ ਨਾਲ ਜੁੜੀਆਂ ਕੁਝ ਪੁਸਤਕਾਂ ਵੀ ਮਿਲਦੀਆਂ ਹਨ।

* ਗਿਆਨ ਰਤਨਾਵਲੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਸਾਖੀਆਂ ਹਨ । ਇਹ ਪੁਸਤਕ ਗਿਆਨੀ ਸੂਰਤ ਸਿੰਘ ਦੀ ਲਿਖੀ ਹੋਈ ਹੈ ਜਿਸ ਵਿਚ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਭਾਈ ਮਨੀ ਸਿੰਘ ਜੀ ਦੁਆਰਾ ਸੁਣਾਈਆਂ ਗਈਆਂ ਸਾਖੀਆਂ ਤੇ ਅਧਾਰਿਤ ਹੀ ਲਿਖੀ ਹੈ।

* ਭਗਤ ਰਤਨਾਵਲੀ ਜਿਸ ਨੂੰ ਸਿੱਖਾਂ ਦੀ ਭਗਤ ਮਾਲਾ ਵੀ ਕਿਹਾ ਜਾਂਦਾ ਹੈ। ਇਹ ਵੀ ਗਿਆਨੀ ਸੂਰਤ ਸਿੰਘ ਜੀ ਨੇ ਭਾਈ ਸਾਹਿਬ ਵਲੋਂ ਸੁਣਾਈਆਂ ਸਾਖੀਆਂ ਆਦਿ ਦੇ ਆਧਾਰ ਤੇ ਲਿਖੀ ਗਈ ਹੈ।

* ਇਸੇ ਤਰਾਂ ਗੁਰਬਿਲਾਸ ਪਾਤਸ਼ਾਹੀ ੬ ਵੀ ਆਪ ਜੀ ਦੇ ਨਾਮ ਨਾਲ ਜੋੜੀ ਜਾਂਦੀ ਹੈ। ਅਸਲ ਵਿਚ ਲਿਖੀ ਇਹ ਵੀ ਨਹੀਂ ਆਪ ਜੀਂ ਨੇ।

ਭਾਈ ਸਾਹਿਬ ਦੀ ਸ਼ਹਾਦਤ :- ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਨੂੰ ਜੱਥੇਬੰਦਕ ਸੇਧ ਅਤੇ ਅਗਵਾਈ ਦਿੱਤੀ। ਬੰਦਾ ਸਿੰਘ ਬਹਾਦਰ ਤੋਂ ਬਾਅਦ ਵੱਖ ਵੱਖ ਸਿੱਖ ਦਲਾਂ ਨੂੰ ਇੱਕਠਿਆਂ ਕਰਨ ਦਾ ਕੰਮ ਵੀ ਆਪ ਜੀ ਨੇ ਕੀਤਾ। ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਪੈਦਾ ਹੋਇਆ ਤਕਰਾਰ ਵੀ ਆਪ ਨੇ ਪੂਰੀ ਸਿਆਣਪ ਨਾਲ ਸੁਲਝਾਇਆ।

ਹਰਿਮੰਦਰ ਸਾਹਿਬ ਵਿਖੇ ਗੁਰਪੁਰਬ ਮਨਾਉਣ ਤੇ ਪਾਬੰਦੀ ਲੱਗੀ ਹੋਈ ਸੀ। ਭਾਈ ਸਾਹਿਬ ਇਸ ਬੰਦੀ ਨੂੰ ਹਟਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਸਨ। ਹਾਕਮ ਜ਼ਕਰੀਆ ਖਾਨ ਵਲੋਂ 5000 ਰੁਪਏ ਦੇਣ ਦੀ ਸ਼ਰਤ ਤੇ ਗੁਰਪੁਰਬ ਮਨਾਉਣ ਦੀ ਆਗਿਆ ਦੇਣ ਦੀ ਗੱਲ ਹੋਈ ਜੋ ਭਾਈ ਸਾਹਿਬ ਜੀ ਨੇ ਪ੍ਰਵਾਨ ਕਰ ਲਈ। ਦੀਵਾਲੀ ਤੇ ਅੰਮ੍ਰਿਤਸਰ ਆਉਣ ਦੇ ਸੰਦੇਸ਼ ਭੇਜੇ ਗਏ। ਪਰ ਹਾਕਮ ਦਾ ਇਰਾਦਾ ਸੀ ਕਿ ਜਦੋਂ ਪੂਰਨ ਇੱਕਠ ਹੋਇਆ ਤਾਂ ਸਿੱਖਾਂ ਨੂੰ ਕਤਲ ਕਰ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਨੂੰ ਇਹ ਭਿਣਕ ਪੈਂਦਿਆਂ ਹੀ ਉਨ੍ਹਾਂ ਸਭ ਸਿੱਖਾਂ ਨੂੰ ਦੁਬਾਰਾ ਸੁਨੇਹੇ ਭੇਜੇ ਕਿ ਉਹ ਨਾ ਆਉਣ। ਦੀਵਾਲੀ ਤੇ ਸੰਗਤ ਘੱਟ ਇੱਕਠੀ ਹੋਈ। ਕੁਦਰਤੀ 5000 ਰੁਪਏ ਦਾ ਪ੍ਰਬੰਧ ਨਾ ਹੋ ਸਕਿਆ। ਭਾਈ ਸਾਹਿਬ ਨੇ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਰਕਮ ਕਿਸ ਗੱਲ ਦੀ ਜਦ ਇੱਕਠ ਹੀ ਨਹੀਂ ਹੋਇਆ। ਸੂਬਾ ਲਾਹੌਰ ਲੱਖਪਤ ਰਾਇ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੂੰ ਇਸਲਾਮ ਵਿੱਚ ਆਉਣ ਲਈ ਕਾਫੀ ਲਾਲਚ ਦਿੱਤੇ ਗਏ ਜੋ ਉਨ੍ਹਾਂ ਠੁਕਰਾ ਦਿੱਤੇ। 24-06-1734 ਈਸਵੀ ਨੂੰ ਨਖ਼ਾਸ ਚੌਕ ਲਾਹੌਰ ਵਿਖੇ ਆਪ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸੁਬੇਗ ਸਿੰਘ ਜੀ ਨੇ ਮਸਤੀ ਦਰਵਾਜਿਓਂ ਸ਼ਾਹੀ ਕਿਲ੍ਹੇ ਦੇ ਨੇੜੇ ਆਪ ਜੀ ਦਾ ਸੰਸਕਾਰ ਕੀਤਾ। ਆਪ ਜੀ ਦੀ ਯਾਦ ਵਿਚ ਗੁਰਦਵਾਰਾ ਸ਼ਹੀਦ ਗੰਜ ਦੂਜਾ ਲਾਹੌਰ ਵਿਚ ਸ਼ੁਸ਼ੋਭਿਤ ਹੈ।

ਸ਼ਹੀਦਾਂ ਦਾ ਪਰਿਵਾਰ :- ਆਪ ਜੀ ਦੇ ਪਰਿਵਾਰ ਨੂੰ ਜੇ ਸ਼ਹੀਦਾਂ ਦਾ ਪਰਿਵਾਰ ਕਿਹਾ ਜਾਵੇ, ਤਾਂ ਕੋਈ ਅਤਿ ਕਥਨੀ ਨਹੀਂ ਹੋਏਗੀ। ਆਪ ਜੀ ਕੁੱਲ 12 ਭਰਾ ਸਨ, ਜਿਨ੍ਹਾਂ ਵਿਚੋਂ ਆਪ ਸਮੇਤ 11 ਭਰਾ ਸਿੱਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚੋਂ ਹਨ। ਬਾਰਵਾਂ ਭਰਾ ਭਾਈ ਅਮਰ ਚੰਦ ਜੀ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਆਪ ਦੇ ਸ਼ਹੀਦ ਹੋਏ 11 ਭਰਾਵਾਂ ਦਾ ਵੇਰਵਾ ਇਸ ਤਰਾਂ ਹੈ-

੧. ਭਾਈ ਦਿਆਲਾ ਜੀਂ , ਦਿੱਲੀ ਵਿਖੇ ...1675 ਈਸਵੀ

੨. ਭਾਈ ਹਰੀ ਚੰਦ ਜੀ, ਭੰਗਾਣੀ ਦੇ ਯੁੱਧ ਵਿਚ 1688 ਈਸਵੀ

੩. ਭਾਈ ਸੋਹਣ ਚੰਦ ਜੀਂ, ਨਾਦੌਣ ਦੇ ਯੁੱਧ ਵਿਚ 1691 ਈਸਵੀ

੪. ਭਾਈ ਲਹਿਣਾ ਜੀ, ਗੁਲੇਰ ਯੁੱਧ 1696 ਈਸਵੀ

੫.ਭਾਈ ਦਾਨ ਸਿੰਘ ਜੀ ਚਮਕੌਰ ਦੀ ਜੰਗ ਵਿਚ 1704 ਈਸਵੀ

੬. ਭਾਈ ਰਾਇ ਸਿੰਘ ਜੀ ਖਿਦਰਾਣੇ ਦੀ ਢਾਬ ਤੇ 1705 ਈਸਵੀ

੭. ਭਾਈ ਮਾਨ ਸਿੰਘ ਜੀ, ਚਿਤੌੜ ਗੜ੍ਹ ਵਿਖੇ 1708 ਈਸਵੀ

੮. ਭਾਈ ਜੇਠਾ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ

੯. ਭਾਈ ਰੂਪ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ

੧੦. ਭਾਈ ਮਨੀ ਸਿੰਘ ਜੀ, ਲਾਹੌਰ ਵਿਖੇ 1734 ਈਸਵੀ

੧੧. ਭਾਈ ਜਗਤ ਸਿੰਘ ਜੀ, ਲਾਹੌਰ ਵਿਖੇ 1734 ਈਸਵੀ

ਆਪ ਜੀ ਦੇ ਕੁੱਲ 10 ਪੁੱਤਰ ਸਨ, ਜਿਨ੍ਹਾਂ ਵਿਚੋਂ 8 ਪੁੱਤਰ ਕੌਮ ਦੇ ਲੇਖੇ ਲੱਗੇ। ਇਹ 8 ਹੇਠ ਲਿਖੇ ਹਨ-

੧. ਭਾਈ ਭਗਵਾਨ ਸਿੰਘ ਜੀ, ਸਟਰਗੜ੍ਹ 1700 ਈਸਵੀ

੨. ਭਾਈ ਉਦੈ ਸਿੰਘ ਜੀ ਸ਼ਾਹੀ ਟਿੱਬੀ 1704 ਈਸਵੀ

੩. ਭਾਈ ਬਚਿੱਤਰ ਸਿੰਘ ਜੀ, ਕੋਟਲਾ ਨਿਹੰਗ ਖਾਂ, 1704 ਈਸਵੀ

੪. ਭਾਈ ਅਨਿਕ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ

੫. ਭਾਈ ਅਜਬ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ

੬. ਭਾਈ ਅਜਾਇਬ ਸਿੰਘ ਜੀ ਚਮਕੌਰ ਦੀ ਜੰਗ 1704 ਈਸਵੀ

੭. ਭਾਈ ਚਿਤਰ ਸਿੰਘ ਜੀ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)

੮. ਭਾਈ ਗੁਰਬਖਸ਼ ਸਿੰਘ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)

ਬਾਕੀ ਬਚੇ ਦੋ ਪੁੱਤਰ ਭਾਈ ਬਲਰਾਮ ਸਿੰਘ ਜੀ ਅਤੇ ਭਾਈ ਦੇਸਾ ਸਿੰਘ ਜੀ ਨੇ ਵੀ ਖਾਲਸਾ ਪੰਥ ਦੀ ਬਹੁਤ ਸੇਵਾ ਕੀਤੀ ਹੈ। ਭਾਈ ਦੇਸਾ ਸਿੰਘ ਜੀ ਓਹੀ ਹਨ ਜਿਹਨਾਂ ਰਹਿਤਨਾਮੇ ਲਿਖੇ ਹਨ।

ਸ਼ਹੀਦਾਂ ਦੇ ਇਸ ਪਰਿਵਾਰ ਦੀ ਇਸ ਅਨੂਠੀ ਸ਼ਹਾਦਤ ਅੱਗੇ ਸੀਸ ਝੁਕਾਉਂਦੇ ਹਾਂ।

*********

-ਮਾਮਲਾ ਬੀਬੀ ਜਗੀਰ ਕੌਰ ਦੇ ਖਿਲਾਫ ਨਗਰ ਪੰਚਾਇਤ ਦੀ ਜ਼ਮੀਨ ਹੜੱਪਣ ਦੇ ਦੋਸ਼ਾਂ ਦਾ-

# ਹਾਈਕੋਰਟ ਨੇ ਨਜਾਇਜ਼ ਕਬਜ਼ੇ ’ਤੇ ਸਕੂਲ ਦੀ ਉਸਾਰੀ ਨੂੰ ਲੈਕੇ ਦਿੱਤੇ ਸਖਤ ਹੁਕਮ

## ✪ ਭ੍ਰਿਸ਼ਟ ਅਫਸਰਾਂ ਦੇ ਖਿਲਾਫ ਅਪਰਾਧਿਕ ਕੇਸ ਦਰਜ ਹੋਣਗੇ



ਜਲੰਧਰ-ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਖਿਲਾਫ ਬੇਗੋਵਾਲ ਵਿੱਚ ਨਗਰ ਪੰਚਾਇਤ ਦੀ ਜ਼ਮੀਨ ਹੜੱਪਣ ‘ਤੇ ਪਟੀਸ਼ਨ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਦਾਇਰ ਹੋਈ ਸੀ, ਜਿਸ ’ਤੇ ਹੁਣ ਅਦਾਲਤ ਦਾ ਵੱਡਾ ਫੈਸਲਾ ਆ ਗਿਆ ਹੈ। ਅਦਾਲਤ ਨੇ ਪੰਜਾਬ ਵਿਜੀਲੈਂਸ ਦੀ ਜਾਂਚ ਰਿਪੋਰਟ ਤੇ ਅਦਾਲਤ ਨੇ ਮੁਆਵਜ਼ਾ ਵਸੂਲਣ ਦੇ ਨਾਲ ਜ਼ਮੀਨ ਵਾਪਸ ਲੈਣ ਦਾ ਨਿਰਦੇਸ਼ ਦਿੱਤੇ ਹਨ ਅਤੇ ਜਿੰਨਾਂ ਅਫਸਰਾਂ ਦੀ ਮਿਲੀ ਭੁਗਤ ਨਾਲ ਜ਼ਮੀਨ ’ਤੇ ਕਬਜ਼ਾ ਕੀਤਾ ਗਿਆ ਸੀ ਉਨ੍ਹਾਂ ਖਿਲਾਫ ਅਪਰਾਧਿਕ ਕਾਰਵਾਈ ਦੇ ਆਦੇਸ਼ ਵੀ ਦਿੱਤੇ ਹਨ। ਡਾਇਰੈਕਟਰ ਵਿਜੀਲੈਂਸ ਬਿਊਰੋ ਨੇ ਹਾਈਕੋਰਟ ਵਿੱਚ ਸੌਂਪੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਇਸ ਦੇ ਨਾਲ 5 ਕਰੋੜ 91 ਲੱਖ 4 ਹਜ਼ਾਰ 944 ਰੁਪਏ ਦਾ ਨੁਕਸਾਨ ਹੋਇਆ ਹੈ।

ਇਲਜ਼ਾਮਾਂ ਮੁਤਾਬਿਕ ਪਟੀਸ਼ਨਕਰਕਾ ਨੇ ਇਲਜ਼ਾਮ ਲਗਾਇਆ ਸੀ ਕਿ ਬੀਬੀ ਜਗੀਰ ਕੌਰ ਨੇ ਆਪਣੇ ਖਾਸ ਲੋਕਾਂ ਦੇ ਜ਼ਰੀਏ ਨਗਰ ਪੰਚਾਇਤ ਦੀ 172 ਕਨਾਲ ਯਾਨੀ 15 ਮਰਲੇ ਜ਼ਮੀਨ ‘ਤੇ ਕਬਜ਼ਾ ਕਰਕੇ 6-6 ਫੁੱਟ ਦੀ ਕੰਧ ਬਣਾ ਲਈ ਸੀ। ਸਿਰਫ਼ ਏਨਾ ਹੀ ਨਹੀਂ ਇਹ ਵੀ ਇਲਜ਼ਾਮ ਲਗਾਇਆ ਗਿਆ ਸੀ ਕਿ ਇਸ ’ਤੇ ਪ੍ਰਾਈਵੇਟ ਸਕੂਲ ਵੀ ਬਣਾਇਆ ਗਿਆ ਹੈ। ਇਸ ਦੇ ਖਿਲਾਫ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ ਪਰ ਹਾਈਕੋਰਟ ਨੇ ਡਾਇਰੈਕਟਰ ਬਿਊਰੋ ਆਫ ਵਿਜੀਲੈਂਸ ਨੂੰ 28 ਅਗਸਤ 2023 ਨੂੰ ਜਾਂਚ ਸੌਂਪ ਦਿੱਤੀ ਸੀ, ਜਿਸ ਦੀ ਰਿਪੋਰਟ ਦੇ ਅਧਾਰ ’ਤੇ ਅਦਾਲਤ ਨੇ ਹੁਣ ਫੈਸਲਾ ਸੁਣਾਇਆ ਹੈ।

ਅਦਾਲਤ ਦੇ ਆਦੇਸ਼ ਤੋਂ ਬਾਅਦ ਡਾਇਰੈਕਟਰ ਵਿਜੀਲੈਂਸ ਬਿਊਰੋ ਦੇ ਰਾਹੁਲ ਐੱਸ ਵੱਲੋਂ ਅਦਾਲਤ ਵਿੱਚ ਐਫੀਡੇਵਿਟ ਫਾਈਲ ਕਰਕੇ ਜਾਂਚ ਰਿਪੋਰਟ ਸੌਂਪੀ। ਇਸ ਵਿੱਚ ਕਿਹਾ ਗਿਆ ਹੈ ਕਿ ਐਸਐਸਪੀ ਜਲੰਧਰ ਵਿਜੀਲੈਂਸ ਬਿਊਰੋ ਨੇ ਇਸ ਦੀ ਜਾਂਚ ਕੀਤੀ ਹੈ, ਜਿਸ ਦੀ 45 ਸਫਿਆਂ ਦੀ ਸ਼ੁਰੂਆਤੀ ਰਿਪੋਰਟ ਤਿਆਰ ਕੀਤੀ ਗਈ ਹੈ, ਇਸ ਵਿੱਚ ਸਾਹਮਣੇ ਆਇਆ ਹੈ ਜ਼ਮੀਨ ’ਤੇ ਨਾਜਾਇਜ਼ ਅਫਸਰਾਂ ਦੀ ਮਿਲੀਭੁਗਤ ਦੇ ਨਾਲ ਕੀਤਾ ਗਿਆ ਸੀ।

ਗਰਾਮ ਪੰਚਾਇਤ ਵੱਲੋਂ ਵੀ ਇਸ ਦਾ ਕੋਈ ਵਿਰੋਧ ਨਹੀਂ ਕੀਤਾ ਗਿਆ। ਜਿਸ ’ਤੇ ਫਿਰ ਗੈਰ ਕਾਨੂੰਨੀ ਤਰੀਕੇ ਨਾਲ ਸਕੂਲ ਵੀ ਤਿਆਰ ਕਰ ਦਿੱਤਾ ਗਿਆ, ਕਿਉਂਕਿ ਬੀਬੀ ਜਗੀਰ ਕੌਰ ਉਸ ਸਕੂਲ ਦੀ ਮੈਨੇਜਮੈਂਟ ਕਮੇਟੀ ਵਿੱਚ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 172 ਕਨਾਲ ਦੀ ਜ਼ਮੀਨ ਦੀ ਵਰਤੋਂ ਕਰਨ ਦੇ ਕੋਈ ਚਾਰਜ ਵੀ ਨਹੀਂ ਵਸੂਲੇ ਗਏ। ਡਾਈਰੈਕਟਰ ਵਿਜੀਲੈਂਸ ਬਿਊਰੋ ਮੁਤਾਬਿਕ ਇਸ ਦੇ ਨਾਲ 5 ਕਰੋੜ 91 ਲੱਖ 4 ਹਜ਼ਾਰ 944 ਰੁਪਏ ਦਾ ਨੁਕਸਾਨ ਹੋਇਆ ਹੈ।

ਵਿਜੀਲੈਂਸ ਦੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਕਿ ਕਾਰਜਕਾਰੀ ਅਧਿਕਾਰੀ ਬੇਗੋਵਾਲ ਵੱਲੋਂ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ ਨੂੰ ਸਾਲ 1993 ਤੋਂ ਬਾਅਦ 28 ਜੂਨ 2014 ਨੂੰ ਸਿਰਫ ਇੱਕ ਨੋਟਿਸ ਜਾਰੀ ਕੀਤਾ ਗਿਆ ਸੀ ਜਦਕਿ ਨੋਟੀਫਾਈਡ ਏਰੀਆ ਕਮੇਟੀ, ਬੇਗੋਵਾਲ ਹੋਂਦ ਵਿੱਚ ਆਈ ਸੀ। ਸਿਰਫ ਇੰਨਾ ਹੀ ਨਹੀਂ, ਮਾਲਕੀ ਵਾਲੀ ਜ਼ਮੀਨ ਦੀ ਚਾਰਦੀਵਾਰੀ ਦੀ ਅਣਅਧਿਕਾਰਤ ਉਸਾਰੀ ਬਾਰੇ ਨੋਟਿਸ ਦੇ ਬਾਵਜੂਦ, ਕਬਜ਼ਾ ਲੈ ਕੇ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਪੰਜਾਬ ਹਰਿਆਣਾ ਹਾਈਕੋਰਟ ਨੇ ਵਿਜੀਲੈਂਸ ਬਿਊਰੋ ਦੀ ਜਾਂਚ ਰਿਪੋਰਟ ਦੇ ਅਧਾਰ ’ਤੇ ਹੁਕਮ ਦਿੱਤਾ ਹੈ ਕਿ ਉਹ ਸਾਰੇ ਅਫਸਰਾਂ ਦੇ ਖਿਲਾਫ ਅਪਰਾਧਿਕ ਕੇਸ ਦਰਜ ਕਰੇ ਜਿਨ੍ਹਾ ਨੇ ਆਪਣੀ ਡਿਊਟੀ ਅਤੇ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਹੀਂ ਨਿਭਾਈ ਹੈ।

ਇਸ ਦੇ ਨਾਲ ਨਗਰ ਪੰਚਾਇਤ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਨੂੰ ਹੁਕਮ ਜਾਰੀ ਕਰਦੇ ਹੋਏ ਪੰਜਾਬ ਮਿਊਨੀਸੀਪਲ ਐਕਟ 1911 ਅਧੀਨ ਜ਼ਮੀਨ ’ਤੇ ਰੁਪਿਆਂ ਦੀ ਰਿਕਵਰੀ ਕੀਤੀ ਜਾਵੇ ਅਤੇ ਕਾਨੂੰਨ ਦੇ ਮੁਤਾਬਿਕ ਜ਼ਮੀਨ ਵਾਪਸ ਲਈ ਜਾਵੇ। ਇਸ ਦੇ ਨਾਲ ਅਦਾਲਤ ਨੇ ਨਿਰਦੇਸ਼ ਦਿੱਤੇ ਹਨ ਕਿ ਇਨ੍ਹਾਂ ਸਾਰੇ ਹੁਕਮਾਂ ਦੀ ਪਾਲਣਾ 6 ਮਹੀਨੇ ਦੇ ਅੰਦਰ ਹੋਣੀ ਚਾਹੀਦੀ ਹੈ, ਜਿਸ ਦੀ ਰਿਪੋਰਟ ਅਦਾਲਤ ਵਿੱਚ ਸੌਂਪੀ ਜਾਵੇ।

# ਖਾਲਸਾ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਲਈ ਮਨਸੁੱਖਪ੍ਰੀਤ ਕੌਰ ਖਾਲਸਾ ਦਾ ਪੰਜਾਬ ਵਿਖੇ ਸਨਮਾਨ



ਪੂਜਨੀਕ ਮਾਤਾ ਸਰਦਾਰਨੀ ਕਿਸ਼ਨ ਕੌਰ ਦੀ ਨਿੱਘੀ ਪਿਆਰੀ ਯਾਦ ਵਿੱਚ ਬੀਬੀ ਦਰਸ਼ਨ ਕੌਰ ਧਰਮ ਪਤਨੀ ਸਵਰਗਵਾਸੀ ਸਰਦਾਰ ਝਲਮਣ ਸਿੰਘ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਗੁਰਦਵਾਰਾ ਸੰਤ ਬਾਬਾ ਫੂਲਾ ਸਿੰਘ ਜੀ ਪਿੰਡ ਵਿਰਕ, ਜਿਲ੍ਹਾ ਜਲੰਧਰ ਵਿਖੇ 21 ਜੂਨ 2024 ਨੂੰ ਕਰਵਾਏ ਗਏ ਜਿਸ ਵਿਚ ਸ੍ਰੀ ਸੁਖਮਨੀ ਸਾਹਿਬ ਨਿਸ਼ਕਾਮ ਸੇਵਾ ਸੋਸਾਇਟੀ ਗੋਰਾਇਆਂ ਵਾਲੀਆਂ ਬੀਬੀਆਂ ਨੇ 10 ਵਜੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਰੰਭ ਹੋਏ ਜਿਸਦੇ ਭੋਗ ਸਵਾ ਗਿਆਰਾਂ ਵਜੇ ਪਾਏ ਗਏ।

ਉਪਰੰਤ ਰਾਗੀ ਭਾਈ ਬਿਕਰਮਜੀਤ ਸਿੰਘ ਮੌਲੀ ਨੇ ਅੰਮ੍ਰਿਤ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਉਨ੍ਹਾ ਤੋਂ ਬਾਅਦ ਮਨਸੁਖਪ੍ਰੀਤ ਕੌਰ ਖਾਲਸਾ ਜੀ ਨੇ ਕੀਰਤਨ ਕੀਤਾ ਅਤੇ ਅਨੰਦ ਸਾਹਿਬ ਜੀ ਦੇ ਪਾਠ ਤੋਂ ਉਪਰੰਤ ਅਰਦਾਸ ਹੋਈ ਅਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਆਪਣਾ ਧੁਰ ਕੀ ਬਾਣੀ ਦਾ ਫੁਰਮਾਨ ਬਖਸ਼ਿਆ।

ਇਸ ਸਮੇ ਸ੍ਰੀ ਸੁਖਮਨੀ ਸਾਹਿਬ ਨਿਸ਼ਕਾਮ ਸੇਵਾ ਸੋਸਾਇਟੀ ਗੋਰਾਇਆਂ ਦੀਆ ਬੀਬੀਆਂ ਨੂੰ ਸਿੱਖ ਧਰਮ ਦੀਆ ਸੇਵਾਵਾਂ ਲਈ ਸ਼ਲਾਘਾ ਪੱਤਰ ਦਿੱਤਾ ਗਿਆ ਜਿਸ ਤੋਂ ਬਾਅਦ ਬਲਜੀਤ ਸਿੰਘ ਬਰਾੜ ਅਤੇ ਭੁਪਿੰਦਰ ਕੌਰ ਬਰਾੜ ਰੋਜਾਨਾ ਪੰਜਾਬ ਟਾਈਮਜ ਜਲੰਧਰ ਵਾਲਿਆਂ ਨੂੰ ਮਾਂ ਬੋਲੀ ਪੰਜਾਬੀ ਦੀਆਂ ਸੇਵਾਵਾਂ ਲਈ ਸ਼ਲਾਘਾ ਪੱਤਰ ਦਿੱਤਾ ਗਿਆ।

ਅਤੇ ਸਤਿਗੁਰੂ ਦੀ ਇਲਾਹੀ ਬਖਸ਼ਿੱਸ਼ ਨਾਲ ਮਨਸੁਖਪ੍ਰੀਤ ਕੋਰ ਖਾਲਸਾ ਜਿਨ੍ਹਾ ਨੇ ਛੇ ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਸਪੂੰਰਨ ਕੀਤਾ ਜਿਸਦਾ ਭੋਗ ਗੁਰਦਵਾਰਾ ਸ੍ਰੀ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਾਇਆ ਗਿਆ ਉਨ੍ਹਾ ਨੂੰ ਖਾਲਸਾ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਦੀਆਂ ਸੇਵਾਵਾਂ ਲਈ ਇੱਕ ਸ਼ਾਨਦਾਰ ਫਰੇਮ ਕੀਤਾ ਹੋਇਆ ਸਨਮਾਨ ਪੱਤਰ ਭੇਟ ਕੀਤਾ ਗਿਆ।

ਇਸ ਸਮੇ ਮਾਤਾ ਕਿਸ਼ਨ ਕੌਰ ਜੀ ਦੇ ਪੇਕੇ ਪਿੰਡ ਮੌਆਈ ਨਜਦੀਕ ਗੁਰੂ ਅਰਜਨ ਦੇਵ ਜੀ ਦੇ ਇਤਿਹਾਸਕ ਗੁਰਦਵਾਰਾ ਮੌਊ ਸਾਹਿਬ ਤੋਂ ਉਨ੍ਹਾ ਦੇ ਭਤੀਜੇ ਗੁਰਦਾਵਰ ਸਿੰਘ ਘੁੰਮਣ ਅਤੇ ਹਰਵਿੰਦਰ ਸਿੰਘ ਪੱਪੂ ਸਾਬਕਾ ਸਰਪੰਚ ਤੇ ਓਨ੍ਹਾਂ ਦੇ ਰਿਸ਼ਤੇਦਾਰਾਂ ਨੇ ਆਪਣੇ ਜੀਵਨ ਦੀਆਂ ਕੁੱਝ ਘੜੀਆਂ ਸਫਲ ਕੀਤੀਆਂ।

ਤਰਲੋਚਨ ਸਿੰਘ ਵਿਰਕ ਸੰਚਾਲਕ ਪੰਜਾਬੀ ਲਿਸਨਰਜ ਕਲੱਬ ਲੈਸਟਰ ਯੁ.ਕੇ. ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸੰਤ ਬਾਬਾ ਫੂਲਾ ਸਿੰਘ ਜੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਮਨਸੁੱਖਪ੍ਰੀਤ ਕੋਰ ਖਾਲਸਾ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਮਾਤਾ ਕਿਸ਼ਨ ਕੌਰ ਜੀ ਦੀ 29ਵੀਂ ਬਰਸੀ ਯਾਦਗਰੀ ਹੋ ਨਿਬੜੀ ਜਿਨ੍ਹਾ ਦੀ ਯਾਦ ਵਿੱਚ ਉਨ੍ਹਾਂ ਦੇ ਵੱਡੇ ਲੜਕੇ ਝਲਮਣ ਸਿੰਘ ਅਤੇ ਵੱਡੇ ਪੋਤਰੇ ਤਰਲੋਚਨ ਸਿੰਘ ਵਿਰਕ ਨੇ ਸੰਤ ਬਾਬਾ ਫੂਲਾ ਸਿੰਘ ਜੀ ਗੁਰਦਵਾਰਾ ਸਾਹਿਬ ਵਿਖੇ ਦਰਸ਼ਨੀ ਡਿਊੜੀ ਅਤੇ ਗੇਟ ਦੀ ਸੇਵਾ 10 ਨਵੰਬਰ 199 ਨੂੰ ਕਰਵਾਈ ਸੀ ਜਿਸਦਾ ਉਦਘਾਟਨ ਮਾਤਾ ਕਿਸ਼ਨ ਕੌਰ ਜੀ ਦੇ ਭਰਾ ਭਾਈ ਬਿਸ਼ਨ ਸਿੰਘ ਜੀ ਅਤੇ ਭਾਈ ਜਰਨੈਲ ਸਿੰਘ ਜੀ ਨੇ ਕੀਤਾ ਸੀ।

## ਕੈਨੇਡਾ 'ਚ ਅਗਲੇ ਹਫਤੇ ਗਰਮੀ ਦਾ ਪ੍ਰਕੋਪ ਮੁੜ ਤੋਂ ਵਧਣ ਦੇ ਆਸਾਰ

ਵੈਨਕੂਵਰ-(ਮਲਕੀਤ ਸਿੰਘ)-ਕੈਨੇਡਾ ਦੇ ਕੁਝ ਚੋਣਵੇਂ ਇਲਾਕਿਆਂ ਨੂੰ ਛੱਡ ਕੇ ਬਾਕੀ ਦੇਸ਼ 'ਚ ਅਗਲੇ ਹਫਤੇ ਮੁੜ ਤੋਂਗਰਮੀ ਦਾ ਪ੍ਰਕੋਪ ਵੱਧਣ ਦੀਆਂ ਕਿਆਸ ਅਗਈਆ ਹਨ। ਮੌਸਮ ਵਿਭਾਗ ਦੇ ਮਾਹਰਾਂ ਵੱਲੋਂ ਜਾਰੀ ਕੀਤੀ ਇੱਕ ਜਾਣਕਾਰੀ ਮੁਤਾਬਿਕ ਅਗਲੇ ਹਫਤੇ ਗਰਮੀ ਦਾ ਪਾਰਾ ਲਗਾਤਾਰ ਵੱਧਣ ਦੀ ਸੰਭਾਵਨਾ ਹੈ ਜਿਸਦੇ ਸਿੱਟੇ ਵਜੋਂ ਤਾਪਮਾਨ 30 ਤੋਂ 31 ਸ਼ੈਲਸੀਅਸ ਤੀਕ ਪੁੱਜ ਸਕਦਾ ਹੈ। ਕੈਨੇਡਾ 'ਚ ਵਧਦੇ ਤਾਪਮਾਨ ਕਾਰਨ ਸਮੁੰਦਰੀ ਬੀਚਾਂ ਅਤੇ ਪਾਰਕਾਂ 'ਚ ਆਮ ਲੋਕਾਂ ਦੀਆਂ ਰੌਣਕਾਂ ਲਗਾਤਾਰ ਵੱਧਦੀਆਂ ਦੇਖੀਆਂ ਜਾ ਸਕਦੀਆਂ ਹਨ।

## * ਪ੍ਰਿੰਸ ਰੋਪਿਡ 'ਚ ਆਤਿਸਬਾਜ਼ੀ ਦਾ ਲੋਕਾਂ ਨੇ ਅਨੰਦ ਮਾਣਿਆ

ਵੈਨਕੂਵਰ-( ਮਲਕੀਤ ਸਿੰਘ)- ' 'ਕੈਨੇਡਾ ਡੇਅ' ਦੇ ਮੌਕੇ 'ਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਸਮੇਤ ਵੈਨਕੂਵਰ ਮਹਾਂਨਗਰ 'ਚ ਸਥਿਤ ਡਾਊਨ ਟਾਊਨ ਵਿਚ ਵੀ ਵੱਡੀ ਗਿਣਤੀ 'ਚ ਇਕੱਤਰ ਹੋਏ ਕੈਨੇਡੀਅਨ ਵਲੋ ਜਸਨ ਮਨਾਏ ਜਾਣ ਦੀ ਸੂਚਨਾਵਾਂ ਹਨ। ਇਸ ਸਬੰਧ ਵਿੱਚ ਬਹੁਗਿਣਤੀ ਕੈਨੇਡੀਅਨ ਲੋਕਾਂ ਦੀ ਆਮਦ ਨਾਲ ਵੈਨਕੂਵਰ ਦੀਆਂ ਚੋਣਵੀਆਂ ਸੜਕਾਂ ਅਤੇ ਪਾਰਕਾਂ 'ਚ ਰੌਣਕਾ ਵਾਲਾ ਮਾਹੌਲ ਸਿਰਜਿਆ ਨਜ਼ਰੀ ਪਿਆ। ਖੁਸ਼ੀ ਦੇ ਰੌਅ 'ਚ ਮਗਨ ਕੁਝ ਕੈਨੇਡੀਅਨ ਆਪੋ- ਆਪਣੇ ਵਾਹਨਾਂ 'ਤੇ ਕੈਨੇਡਾ ਦਾ ਕੌਮੀ ਝੰਡਾ ਲਗਾ ਕੇ ਵਾਹਨਾ ਸਮੇਤ ਵੱਖ-ਵੱਖ ਰਸਤਿਆਂ 'ਤੇ 'ਗੇੜੀਆਂ' ਕੱਢਦੇ ਵੀ ਨਜ਼ਰੀ ਪਏ।

# ਕੀ ਸਾਕਾ ਨੀਲਾ ਤਾਰਾ ਲਈ ਇਕੱਲੀ ਇੰਦਰਾ ਗਾਂਧੀ ਹੀ ਜਿਜ਼ਮੇਵਾਰ ਸੀ ?

**ਬਲਰਾਜ ਸਿੰਘ ਬਰਾੜ**
ਦਿਉਣ ਖੇੜਾ ਹਾਲ ਅਬਾਦ
ਮੰਡੀ ਡੱਬਵਾਲੀ ਜ਼ਿਲਾ ਸਿਰਸਾ।
ਫੋਨ ਨੰਬਰ 9914740184

ਜੂਨ 1984 ਦਾ ਪਹਿਲਾ ਹਫ਼ਤਾ ਸਿੱਖ ਕੌਮ ਲਈ ਬੜਾ ਮੰਦਭਾਗਾ ਅਤੇ ਕਦੇ ਵੀ ਨਾ ਭੁੱਲਣ ਯੋਗ ਨਾਸੂਰ ਬਣ ਗਿਆ ਜਿਸ ਦੀ ਟੀਸ ਸਿੱਖ ਹਿਰਦਿਆਂ ਵਿਚ ਰਹਿੰਦੀ ਦੁਨੀਆਂ ਤੱਕ ਪੈਂਦੀ ਰਹੇਗੀ। ਇਸ ਕੁਲੇਹਿਣੇ ਦਿਹਾੜੇ ਸਿੱਖ ਕੌਮ ਦਾ ਵਿਰਾਸਤੀ ਅਤੇ ਬਹੁਤ ਮੁਕੱਦਸ ਸਥਾਨ ਸ੍ਰੀ ਆਕਾਲ ਤਖਤ ਸਾਹਿਬ ਭਾਰਤੀ ਹਕੂਮਤ ਦਾ ਹੁਕਮ ਮੰਨਦਿਆਂ ਸਾਡੀ ਆਪਣੀ ਹੀ ਫੌਜ ਨੇ ਤੋਪਾਂ ਅਤੇ ਟੈਂਕਾਂ ਦੇ ਗੋਲਿਆਂ ਨਾਲ ਢਹਿ ਢੇਰੀ ਕਰ ਦਿੱਤਾ ਗਿਆ ਸੀ ਅਤੇ ਰੂਹਾਨੀਅਤ ਦਾ ਮੁਜੱਸਮਾ ਪਵਿੱਤਰ ਸ੍ਰੀ ਦਰਬਾਰ ਸਾਹਿਬ ਨੂੰ ਵੀ ਗੋਲੀਆਂ ਨਾਲ ਜ਼ਖ਼ਮੀ ਕਰ ਦਿੱਤਾ ਗਿਆ ਅਤੇ ਇਕ ਗੋਲੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਜ਼ਖਮੀ ਹੋ ਗਈ ਅਤੇ ਤਾਬੇ ਬੈਠਾ ਇਕ ਸਿੰਘ ਵੀ ਸ਼ਹੀਦ ਹੋ ਗਿਆ ਸੀ। ਇਸ ਤੋਂ ਇਲਾਵਾ ਪੰਜਾਬ ਵਿਚਲੇ ਤਿੰਨ ਦਰਜਨ ਦੇ ਕਰੀਬ ਗੁਰੂ ਘਰਾਂ ਤੇ ਫੌਜ ਨੇ ਹਮਲਾ ਕਰਕੇ ਬੇਅਦਬੀ ਕੀਤੀ ਅਤੇ ਹਜ਼ਾਰਾਂ ਬੇਗੁਨਾਹ ਸਿੱਖ ਬੱਚੇ ਬੱਚੀਆਂ, ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਦਾ ਕੱਤਲੇਆਮ ਕੀਤਾ ਅਤੇ ਸੈਂਕੜੇ ਨੌਜਵਾਨ ਗ੍ਰਿਫਤਾਰ ਕਰਕੇ ਦੂਰ ਦੁਰਾਡੇ ਦੀਆਂ ਜੇਲਾਂ ਵਿੱਚ ਬੰਦ ਕਰ ਦਿੱਤਾ। ਸਿੱਖ ਕੌਮ ਦਾ ਸ਼ਹੀਦੀਆਂ ਨਾਲ ਬਹੁਤ ਡੂੰਘਾ ਰਿਸ਼ਤਾ ਹੈ ਹੱਕ ਸੱਚ ਦੀ ਲੜਾਈ ਲੜਦਿਆਂ ਸਾਡੇ ਰਹਿਬਰਾਂ ਨੇ ਮੌਤ ਰਾਣੀ ਨੂੰ ਵਰਿਆ ਪਰ ਕਿਸੇ ਵੀ ਜਾਬਰ ਸਾਹਮਣੇ ਗੋਡੇ ਨਹੀਂ ਟੇਕੇ। ਸ਼ਾਇਦ ਹੀ ਦੁਨੀਆਂ ਦੀ ਕਿਸੇ ਕੌਮ ਦੇ ਹਿੱਸੇ ਇਹੋ ਜਿਹਾ ਅਮੀਰ ਜੁਝਾਰੂ ਵਿਰਸਾ ਆਇਆ ਹੋਵੇ। ਦੁਨੀਆਂ ਦੀਆਂ ਕੁੱਲ ਜੰਗਾਂ ਨਿੱਜ ਲਈ ਲੜੀਆਂ ਗਈਆਂ ਪਰ ਇਕੋ ਹੀ ਕੌਮ ਦੇ ਰਹਿਬਰਾਂ ਨੇ ਜਾਬਰਾਂ ਦੁਵਾਰਾ ਕੀਤੇ ਜ਼ੁਲਮ ਅਤੇ ਅਨਿਆਂ ਖਿਲਾਫ ਹਿੱਕਾ ਡਾਹਕੇ ਲੜਾਈਆਂ ਲੜੀਆਂ ਅਤੇ ਮੁਜਲੂਮਾਂ ਅਤੇ ਜ਼ੁਲਮ ਸਹਿੰਦੇ ਨਿਤਾਣਿਆ ਲਈ ਵੀ ਸਹਾਦਿਤਾਂ ਦੇ ਜਾਮ ਪੀਤੇ। ਸਾਕਾ ਨੀਲਾ ਤਾਰਾ ਨੂੰ ਸਿੱਖ ਕੌਮ ਆਪਣੇ ਖਿਲਾਫ ਤੀਜਾ ਘੱਲੂਘਾਰਾ ਮੰਨਦੀ ਹੈ। ਸਾਕੇ ਅਤੇ ਸ਼ਹੀਦੀਆਂ ਸਾਡੇ ਲਈ ਬਿਲਕੁਲ ਵੀ ਓਪਰੇ ਨਹੀਂ। ਸਿੱਖ ਕੌਮ ਸ਼ਬਦ ਗੁਰੂ ਤੋਂ ਲੈਕੇ ਸ਼ਮਸ਼ੀਰ ਤੱਕ ਦਾ ਸਫ਼ਰ ਹੈ। ਸਾਡੇ ਪਹਿਲੇ ਰਹਿਬਰ ਜਿਸਨੂੰ ਅਸੀਂ ਕੁੱਲ ਦੁਨੀਆ ਦਾ ਰਹਿਬਰ ਵੀ ਆਖ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਬੇ ਨਾਨਕ ਨੇ ਹੱਕ ਸੱਚ ਦੀ ਕਿਰਤ ਦਾ ਹੋਕਾ ਦਿੱਤਾ ਅਤੇ ਨਾਮ ਜਪਣ ਅਤੇ ਆਪਣੀ ਕਿਰਤ ਚੋਂ ਲੋੜਮੰਦਾਂ ਲਈ ਦਸਵੰਧ ਦਾ ਸੰਕਲਪ ਵੀ ਪ੍ਰਚਾਰਿਆ। ਸਰਬੱਤ ਦਾ ਭਲਾ ਵੀ ਸਿੱਖ ਧਰਮ ਦਾ ਫਲਸਫਾ ਹੈ। ਸਿੱਖ ਕੌਮ ਲਈ ਪਹਿਲਾਂ ਸਾਕਾ ਜਹਾਂਗੀਰ ਬਾਦਸ਼ਾਹ ਨੇ ਸਾਡੇ ਪੰਜਵੇਂ ਰਹਿਬਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਨੇੜੇ ਲੰਘਦੀ ਰਾਵੀ ਕਿਨਾਰੇ ਤੱਤੀ ਤਵੀ ਤੇ ਬਿਠਾ ਕੇ ਸਿਰ ਚ ਤੱਤਾ ਰੇਤਾ ਪਾਕੇ ਅਤੇ ਹੋਰ ਤਸੀਹੇ ਦੇਣ ਤੋਂ ਬਾਅਦ ਸ਼ਰੀਰ ਨਾਲ ਭਾਰੀ



ਪੱਥਰ ਬੰਨਕੇ ਰਾਵੀ ਨਦੀ ਵਿਚ ਰੋੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤੋ ਬਾਅਦ ਕੌਮ ਵਿੱਚ ਜੁਝਾਰੂ ਜੱਜਬਾ ਭਾਰੂ ਹੁੰਦਾ ਗਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਭਗਤੀ ਦੇ ਰਸਤੇ ਤੇ ਚੱਲਦਿਆਂ ਜੇ ਦੁਸ਼ਮਣ ਲਲਕਾਰੇ ਤਾਂ ਇੱਟ ਦਾ ਜਵਾਬ ਪੱਥਰ ਨਾਲ ਕਿਵੇਂ ਦੇਣਾ ਹੈ ਦਾ ਜਜ਼ਬਾ ਸਿੱਖ ਸੇਵਕਾਂ ਵਿੱਚ ਭਰਨਾ ਸ਼ੁਰੂ ਕੀਤਾ। ਉਸ ਤੋਂ ਬਾਅਦ ਇਸੇ ਨੀਤੀ ਤੇ ਚੱਲਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਸਿੰਘਾਂ ਦੀ ਫੌਜ ਤਿਆਰ ਕੀਤੀ। ਗੁਰੂ ਸਾਹਿਬ ਨੇ ਦੱਸਿਆ ਕਿ ਨਾ ਕਿਸੇ ਨੂੰ ਡਰਾਉਣਾ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ। ਜ਼ੁਲਮ ਕਰਨਾ ਵੀ ਪਾਪ ਅਤੇ ਜ਼ੁਲਮ ਸਹਿਣਾ ਵੀ ਪਾਪ ਹੱਕ ਸੱਚ ਤੇ ਚਲਦਿਆਂ ਧਰਮ ਲਈ ਮਰ ਮਿਟਣਾ ਪਰ ਈਨ ਨਹੀਂ ਮੰਨਣੀ। ਹਮੇਸ਼ਾ ਨਿਮਾਣੇ ਅਤੇ ਗਰੀਬ ਦੀ ਬਾਂਹ ਫੜਨੀ। ਸਿਦਕੋਂ ਨਹੀਂ ਡੋਲਣਾਂ ਅਤੇ ਇਸੇ ਰਾਹ ਤੇ ਚਲਦਿਆਂ ਗੁਰੂ ਸਾਹਿਬ ਆਪਣਾ ਸਰਬੰਸ ਵਾਰ ਗਏ ਅਤੇ ਪੰਥ ਖਾਲਸਾ ਦੇ ਰਹਿਬਰ ਹੋ ਨਿਬੜੇ । ਗੁਰੂ ਦੇ ਸਿੰਘ ਵੀ ਆਪਣੇ ਰਹਿਬਰ ਦੇ ਵਿਖਾਏ ਰਾਹ ਉਪਰ ਅਡੋਲ ਪਹਿਰਾ ਦਿੰਦੇ ਹੋਏ ਹੱਕ ਸੱਚ ਅਤੇ ਧਰਮ ਲਈ ਜੂਝਦਿਆਂ ਬੇਅੰਤ ਕੁਰਬਾਨੀਆਂ ਦਿੱਤੀਆਂ ਅਤੇ ਦੇਸ਼ ਤੇ ਚੜ੍ਹਕੇ ਆਏ ਜਾਬਰਾਂ ਦਾ ਹਿੱਕ ਡਾਹ ਕੇ ਮੁਕਾਬਲਾ ਕੀਤਾ। ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਵਰਗਿਆਂ ਨੂੰ ਸੋਚਣ ਤੇ ਮਜਬੂਰ ਕਰ ਦਿੱਤਾ ਕਿ ਘੋੜਿਆਂ ਦੀਆਂ ਕਾਠੀਆਂ ਨੂੰ ਘਰ ਸਮਝਣ ਵਾਲੀ ਇਸ ਕੌਮ ਨੂੰ ਡੱਕਣਾ ਕੋਈ ਸੌਖਾ ਨਹੀਂ। ਆਪਣੇ ਅਹਿਲਕਾਰਾਂ ਦੀਆਂ ਚੁੱਕਾਂ ਵਿੱਚ ਆਏ ਅਤੇ ਆਪਣੇ ਉਪਰ ਹੋਏ ਗੁਰੀਲੇ ਹਮਲਿਆਂ ਦਾ ਬਦਲਾ ਲੈਣ ਲਈ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਜ਼ੋਰਦਾਰ ਹਮਲੇ ਕੀਤੇ ਪਰ ਖਾਲਸਾ ਆਪਣੇ ਸਯੋਗ ਜਥੇਦਾਰਾਂ ਦੀ ਅਗਵਾਈ ਹੇਠ ਡੱਟਕੇ ਮੁਕਾਬਲਾ ਕਰਦਾ ਰਿਹਾ ਅਤੇ ਬੇਸ਼ਕ ਇਹਨਾਂ ਹਮਲਿਆਂ ਨਾਲ ਕੌਮ ਦਾ ਜਾਨ ਮਾਲ ਦਾ ਬਹੁਤ ਭਾਰੀ ਨੁਕਸਾਨ ਹੋਇਆ ਅਤੇ ਬੇਅੰਤ ਕਸ਼ਟ ਸਹਾਰਦਿਆਂ ਅਬਦਾਲੀ ਦੁਵਾਰਾ ਦੋ ਘੱਲੂਘਾਰਿਆਂ ਵਿਚੋਂ ਵੀ ਕੌਮ ਗੁੱਜਰੀ ਪਰ ਜੁਝਾਰੂ ਖਾਲਸੇ ਨੇ ਈਨ ਨਹੀਂ ਮੰਨੀ।

ਪਹਿਲਾਂ ਛੋਟਾ ਘੱਲੂਘਾਰਾ ਅਤੇ ਸੋਲਾਂ ਕੁ ਸਾਲਾਂ ਬਾਅਦ ਵੱਡਾ ਘੱਲੂਘਾਰਾ ਕੁੱਪ ਰਹੀੜਾ ਦੇ ਛੰਭ ਵਿਚ ਵਾਪਰਿਆ ਹਜ਼ਾਰਾਂ ਦੀ ਗਿਣਤੀ ਚ ਔਰਤਾਂ, ਬੱਚੇ, ਬਜ਼ੁਰਗ ਅਤੇ ਜੰਗਜੂ ਨੌਜਵਾਨ ਸ਼ਹੀਦੀਆਂ ਪਾ ਗਏ ਅਤੇ ਰਹਿੰਦੇ ਸਿੰਘ ਛੁੱਪ ਛੁੱਪਾ ਜੰਗਲਾਂ ਵੱਲ ਚਲੇ ਗਏ ਅਤੇ ਖਾਲਸੇ ਦਾ ਹੋਸਲਾ ਵੇਖੋ ਛੇ ਮਹੀਨੇ ਬਾਅਦ ਹੀ ਲੁੱਟ ਕੇ ਮੁੜ ਰਹੀਆਂ ਅਬਦਾਲੀ ਦੀਆਂ ਫੌਜਾਂ ਤੇ ਗੁਰੀਲਾ ਹੱਲਾ ਬੋਲ ਕੇ ਮਾਲ ਅਸਬਾਬ ਲੁੱਟ ਲਿਆ। ਬੇਸ਼ਕ ਕੌਮ ਕਦੇ ਵੀ ਡੋਲੀ ਨਹੀਂ ਕਿਉਂਕਿ ਕੁਰਬਾਨੀਆਂ ਤਾਂ ਇਹਦਾ ਸ਼ੌਕ ਹੈ ਪਰ ਜਿਹੜਾ ਤੀਜਾ ਘੱਲੂਘਾਰਾ ਇਸ ਲਈ ਅਸਹਿ ਅਤੇ ਅਤੀ ਅੰਤ ਦੁੱਖਦਾਈ ਇਸ ਲਈ ਹੈ ਕਿ ਇਹ ਆਪਣੇ ਹੀ ਦੇਸ਼ ਦੇ ਤੱਤਕਾਲੀ ਹੁਕਮ ਰਾਣਾ ਨੇ ਆਪਣੇ ਹੀ ਦੇਸ਼ ਦੀਆਂ ਫੌਜਾਂ ਦੁਵਾਰਾ ਕਰਵਾਇਆ ਗਿਆ ਹਮਲਾ ਸੀ ਜਿਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਕੌਮ ਆਪਣੀ ਸੀਮਤ ਆਬਾਦੀ ਚੋਂ 80 ਫ਼ੀਸਦੀ ਕੁਰਬਾਨੀਆਂ ਇਕੱਲੀ ਨੇ ਦਿਤੀਆਂ ਅਤੇ ਬਾਅਦ ਵਿੱਚ ਹੋਈਆਂ ਚਾਰ ਜੰਗਾਂ,ਜੋਂ ਸਾਡੇ ਤੇ ਥੋਪੀਆਂ ਗਈਆਂ ਸਨ, ਵਿਚ ਸਾਡੇ ਸਿੱਖ ਫੌਜੀ ਜਵਾਨ ਬੜੀ ਦਲੇਰੀ ਨਾਲ ਹਿੱਕਾਂ ਡਾਹ ਕੇ ਲੜੇ ਅਤੇ ਸੱਭ ਤੋਂ ਵੱਧ ਸ਼ਹੀਦੀਆਂ ਪਾਈਆਂ। ਸਾਕਾ ਨੀਲਾ ਤਾਰਾ ਤੋਂ ਬਾਅਦ ਕਾਰਗਿਲ ਯੁੱਧ ਵਿਚ ਫੌਜ ਦੀ 8 ਸਿੱਖ ਬਟਾਲੀਅਨ ਨੇ ਆਪਣੀ ਬੇਜੋੜ ਸਕਤੀ ਅਤੇ ਦੇਸ਼ ਭਗਤੀ ਦਾ ਸਬੂਤ ਦਿੰਦੇ ਹੋਏ ਦੁਸ਼ਮਣ ਦੇ ਦੰਦ ਖੱਟੇ ਕੀਤੇ ਅਤੇ ਜਿੱਤ ਪ੍ਰਾਪਤ ਕੀਤੀ। ਬੇਸ਼ਕ ਇਸ ਦਾ ਸਿਹਰਾ ਸਾਡੀ ਸੁਮੁੱਚੀ ਫੌਜ ਦੇ ਸਿਰ ਵੱਜਦਾ ਹੈ ਪਰ ਬ੍ਰਗੇਡੀਅਰ ਸਰਦਾਰ ਕੁਲਦੀਪ ਸਿੰਘ ਕਾਹਲੋਂ ਮੁਤਾਬਕ 8 ਸਿੱਖ ਬਟਾਲੀਅਨ ਦਾ ਵਿਲੱਖਣ ਯੋਗਦਾਨ ਸੀ। ਕੋਈ ਇਕ ਵੀ ਅਜਿਹਾ ਖੇਤਰ ਨਹੀਂ ਜਿੱਥੇ ਪੰਜਾਬੀਆਂ ਅਤੇ ਖਾਸ ਕਰ ਸਿੱਖ ਕੌਮ ਦਾ ਵਿਸ਼ੇਸ਼ ਯੋਗਦਾਨ ਨਾ ਰਿਹਾ ਹੋਵੇ। ਹਰੀ ਕ੍ਰਾਂਤੀ ਰਾਹੀਂ ਖੇਤੀਬਾੜੀ ਚ ਇੰਨਕਲਾਬ ਲਿਆਉਣ ਵਿੱਚ ਪੰਜਾਬ ਅਤੇ ਹਰਿਆਣਾ ਮੋਢੀ ਸਨ ਜੋਂ ਕਿ ਕਦੇ ਪੰਜਾਬ ਦਾ ਹੀ ਅੰਗ ਸੀ। ਖੇਡਾਂ ਵਿਚ ਵੀ ਸਿੱਖ ਖਿਡਾਰੀਆਂ ਦਾ ਵਿਤੋਂ ਬਾਹਰੀ ਯੋਗ ਦਾਨ ਹੈ। ਇਹ ਘੱਲੂਘਾਰਾ ਕਿਵੇਂ ਵਾਪਰਿਆ ਕਿਉਂ ਵਾਪਰਿਆ ਇਹ ਬਹੁਤ ਲੰਮਾ ਚੌੜਾਂ ਵਖਿਆਨ ਹੈ। ਬੇਸ਼ਕ ਵਿਸ਼ੇਸ਼ ਤੌਰ ਤੇ ਉਸ ਸਮੇਂ ਦੀ ਤੱਤਕਾਲੀ ਸ਼ਾਸਕ ਸ੍ਰੀ ਮਤੀ ਇੰਦਰਾਂ ਗਾਂਧੀ ਸੀ ਅਤੇ ਸਿੱਖਾਂ ਨਾਲ ਵਿਸ਼ੇਸ਼ ਕਿੜ ਕੱਢਣ ਲਈ ਉਸਨੇ ਵਿਸ਼ੇਸ਼ ਹਾਲਾਤ ਪੈਦਾ ਕੀਤੇ ਇਹ ਕੋਈ ਗੁੱਝੇ ਨਹੀਂ ਰਹੇ ਪਰ ਸਵਾਲਾਂ ਦਾ ਸਵਾਲ ਇਹ ਹੈ ਬੇਸ਼ੱਕ ਉਹ ਇਹ ਸਾਰਾ ਖ਼ਾਕਾ ਆਪਣੇ ਦਿਮਾਗ ਚ ਬੈਠਾਈ ਬੈਠੀ ਸੀ ਫਿਰ ਵੀ ਇਕ ਜੰਗਜੂ ਕੌਮ ਦੇ ਵਿਰਾਸਤੀ ਕੇਂਦਰ ਸ੍ਰੀ ਆਕਾਲ ਤਖਤ ਸਾਹਿਬ ਤੇ ਹਮਲਾ ਕਰਨਾ ਇੰਨਾ ਆਸਾਨ ਕੰਮ ਨਹੀਂ ਸੀ ਜੇਕਰ ਉਸਨੂੰ ਅੰਦਰੋਂ ਅਤੇ ਬਾਹਰੋਂ ਕੁਝ ਵਿਸ਼ੇਸ਼ ਤਾਕਤਾਂ ਮੂਕ ਸਹਿਮਤੀ ਨਾ ਦਿੰਦੀਆਂ। ਸੱਭ ਤੋਂ ਪਹਿਲਾਂ ਜਿਥੋਂ ਤੱਕ ਧਰਮ ਮੋਰਚਾ ਲਾਈ ਬੈਠੇ ਅਕਾਲੀਆਂ ਦੀ ਅਤੇ ਕਾਂਗਰਸ ਚ ਬੈਠੇ ਸਿੱਖਾਂ ਦੀ ਗੱਲ ਹੈ ਸੱਭ ਤੋਂ ਪਹਿਲਾਂ ਸਮਝੌਤੇ ਦੇ ਨਾਮ ਹੇਠ ਅਕਾਲੀਆਂ ਲੀਡਰਾਂ ਨੂੰ ਥਕਾ ਲਿਆ ਗਿਆ ਉਸਨੂੰ ਪਤਾ ਸੀ ਮੈਂ ਦੇਣਾ ਕੁੱਛ ਨਹੀਂ ਬਸ ਮੱਸਲੇ ਨੂੰ ਲਟਕਾਉਣਾ ਹੀ ਇਕੋ ਇਕ ਮਕਸਦ ਸੀ। ਬਹੁਤ ਤੇਜ਼ ਤਰਾਰ ਸਿਆਸਤਦਾਨ ਸੀ ਉਹ ਭਿੰਡਰਾਂਵਾਲੇ ਸੰਤਾਂ ਦੀ ਚੜ੍ਹਤ ਤੋਂ ਪ੍ਰੇਸ਼ਾਨ ਅਕਾਲੀ ਲੀਡਰਾਂ ਦਾ ਰੁੱਖ ਵੀ ਦੇਖ ਰਹੀ ਸੀ ਅਤੇ ਮੀਟਿੰਗ ਦਰ ਮੀਟਿੰਗ ਕਰਕੇ ਇਕ ਕਿਸਮ ਨਾਲ ਥਕਾ ਲਿਆ ਸੀ ਅਤੇ ਸਰਦਾਰ ਬੂਟਾ ਸਿੰਘ ਵਰਗੇ ਕਾਂਗਰਸੀ ਵੀ ਸਿਥੇ ਪੈ ਚੁੱਕੇ ਸਨ। ਉਹ ਅਕਾਲੀ ਲੀਡਰਾਂ ਦੀ, ਸੰਤ ਭਿੰਡਰਾਂਵਾਲਿਆਂ ਬਾਬਤ ਡਰੀ ਸਹਿਮੀ ਸੋਚ, ਮਹਿਸੂਸ ਕਰ ਚੁੱਕੀ ਸੀ। ਮਈ ਦੇ ਅਖੀਰ 'ਚ ਹੋਈ ਮੀਟਿੰਗ ਚ ਉਸਨੇ ਚੰਗੀ ਤਰ੍ਹਾਂ ਭਾਂਪ ਲਿਆ ਸੀ ਅਕਾਲੀ ਆਗੂ ਇਹ ਭਾਣਾ ਵਰਤ ਜਾਣ ਪਿਛੋਂ ਵੱਡੇ ਵੱਡੇ ਧੜੱਲੇਦਾਰ ਸਿਆਸੀ ਬਿਆਨਾਂ ਤੋਂ ਵੱਧ ਕੁੱਝ ਨਹੀਂ ਕਰਨਗੇ ਅਤੇ ਕਈ ਲੋਕ ਤਾਂ ਅਕਾਲੀ ਆਗੂਆਂ ਦੀ ਮੂਕ ਸਹਿਮਤੀ ਦੀ ਗੱਲ ਵੀ ਕਰਦੇ ਹਨ ਅਤੇ ਇਕ ਗੁਪਤ ਚਿੱਠੀ ਦੀ ਗੱਲ ਵੀ ਸਿਆਸੀ ਗਲਿਆਰਿਆਂ ਚ ਘੁੰਮੀ ਪਰ ਸਚਾਈ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਜਿਸ ਤਰ੍ਹਾਂ ਬਾਅਦ ਵਿੱਚ ਆਈ ਅਕਾਲੀ ਭਾਜਪਾ ਸਰਕਾਰ ਦਾ ਰਵਈਆ ਸਾਕਾ ਨੀਲਾ ਤਾਰਾ ਬਾਬਤ ਪ੍ਰਤੀ ਰਿਹਾ ਉਹ ਕਈ ਸ਼ੰਕੇ ਜ਼ਰੂਰ ਖੜ੍ਹੇ ਕਰਦਾ।

ਸੁਮੇਧ ਸੈਣੀ ਵਰਗੇ ਜ਼ਾਲਮ ਅਫਸਰ ਨੂੰ ਪੰਜਾਬ ਪੁਲਸ ਦਾ ਮੁਖੀ ਥਾਪਣਾ ਅਤੇ ਇਜ਼ਹਾਰ ਆਲਮ ਦੇ ਪਰਵਾਰ ਨੂੰ ਵੱਕਾਰੀ ਅਹੁਦੇ ਬਖਸ਼ਣਾ ਸ਼ੱਕ ਜ਼ਰੂਰ ਪੈਦਾ ਕਰਦਾ। ਇਕ ਵੀ ਝੂਠੇ ਮੁਕਾਬਲੇ ਦੀ ਪੜਤਾਲ ਨਾ ਕਰਵਾਉਣ ਅਤੇ ਸਾਰੇ ਮਾਮਲੇ ਦੀ ਛਾਣਬੀਣ ਕਰਨ ਲਈ ਜਸਟਿਸ ਅਜੀਤ ਸਿੰਘ ਜੀ ਦੀ ਅਗਵਾਈ ਚ ਬਣਿਆ ਗੈਰ ਸਰਕਾਰੀ ਕਮਿਸ਼ਨ ਉਪਰ ਹਾਈ ਕੋਰਟ ਦੁਵਾਰਾ ਪਬੰਦੀ ਲਗਵਾ ਦੇਣਾ ਬਹੁਤ ਗੁੱਝਾ ਇਸ਼ਾਰਾ ਕਰਦਾ ਜਾਪਦਾ ਹੈ। ਸਾਕਾ ਨੀਲਾ ਤਾਰਾ ਵਾਪਰਨ ਤੋਂ ਬਾਅਦ ਅਕਾਲੀ ਦਲ ਨੇ ਸਿਰੇ ਦੀ ਸਿੱਖ ਵਿਰੋਧੀ ਪਾਰਟੀ ਭਾਰਤੀ ਜਨਤਾ ਪਾਰਟੀ ਨਾਲ ਪਤੀ ਪਤਨੀ ਵਾਲਾ ਨਾਤਾ ਗੰਢਕੇ ਰਾਜਭਾਗ ਦਾ ਸੁੱਖ ਮਾਣਨਾ ਲੋਕ ਦਿਲਾਂ ਚ ਸ਼ੰਕੇ ਪੈਦਾ ਕਰਦਾ।

**ਬਾਕੀ ਹਿਸਾ ਸਫ਼ਾ 63 ਤੇ ਪੜ੍ਹੋ** →

## 62 ਸਫ਼ੇ ਦੀ ਬਾਕੀ

ਲਾਲ ਕ੍ਰਿਸ਼ਨ ਅਡਵਾਨੀ ਆਪਣੀ ਕਿਤਾਬ 'ਮਾਈ ਕੰਟਰੀ ਮਾਈ ਲਾਈਫ' ਵਿਚ ਸਪੱਸ਼ਟ ਹੀ ਲਿਖਦਾ ਕਿ ਇੰਦਰਾ ਗਾਂਧੀ ਅਕਾਲ ਤਖ਼ਤ ਤੇ ਹਮਲਾ ਕਰਨ ਸਬੰਧੀ ਝਿਜਕ ਰਹੀ ਸੀ ਪਰ ਮੈਂ ਉਸ ਨੂੰ ਇਹ ਕੰਮ ਜਲਦੀ ਕਰਨ ਨੂੰ ਕਿਹਾ ਅਤੇ ਬਾਅਦ ਵਿੱਚ ਅਟੱਲ ਬਿਹਾਰੀ ਵਾਜਪਾਈ ਨੇ ਇੰਦਰਾਂ ਨੂੰ ਦੁਰਗਾ ਦਾ ਖਿਤਾਬ ਦਿੱਤਾ। ਇੰਦਰਾਂ ਗਾਂਧੀ ਵਾਜਪਾਈ ਨਾਲ ਅਕਸਰ ਹੀ ਸਿਆਸੀ ਮਸਲਿਆਂ ਉਪਰ ਵਿਚਾਰ ਵਟਾਂਦਰਾ ਕਰਦੀ ਸੀ ਅਤੇ ਸੋਨੀਆ ਗਾਂਧੀ ਵੀ ਆਪਣੀਂ ਸੱਸ ਦੀ ਨਸੀਹਤ ਤੇ ਦੁਚਿੱਤੀ ਸਮੇਂ ਵਾਜਪਾਈ ਦੀ ਸਲਾਹ ਲੈਂਦੀ ਸੀ ਇਸਦਾ ਜ਼ਿਕਰ ਇਕ ਮਹਿਲਾ ਪੱਤਰਕਾਰ ਨੇ ਆਪਣੀ ਇਕ ਕਿਤਾਬ ਵਿਚ ਕੀਤਾ ਹੈ। ਬਾਕੀ ਹਰ ਇਕ ਨੇ ਸਾਡੀਆਂ ਹੱਕੀ ਮੰਗਾਂ ਨੂੰ ਟੀਰੀ ਅੱਖ ਨਾਲ ਹੀ ਵੇਖਿਆ। ਸਰਕਾਰ ਨੇ ਬੜੀ ਖੋਟੀ ਨੀਤ ਨਾਲ ਗੋਦੀ ਮੀਡੀਏ ਰਾਹੀਂ ਸਾਰੇ ਦੇਸ਼ ਚ ਸਾਡਾ ਵੱਖਵਾਦੀ ਅਕਸ ਪੇਸ਼ ਕੀਤਾ। ਕਦੇ ਵੀ ਸੰਤ ਭਿੰਡਰਾਂਵਾਲਿਆਂ ਨੇ ਸਿਧੇ ਖਾਲਿਸਤਾਨ ਨਹੀਂ ਮੰਗਿਆ ਸੀ ਅਸਲ ਚ ਮੁੱਦਾ ਤਾਂ ਸਿਰਫ ਪੰਜਾਬ ਤੋਂ ਖੋਹੇ ਹੱਕ ਵਾਪਸ ਮੰਗਣੇ ਸਨ ਗੋਦੀ ਮੀਡੀਏ ਨੇ ਤਾਂ ਕਿਸਾਨ ਅੰਦੋਲਨ ਨੂੰ ਵੀ ਅੱਤਵਾਦ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਪਰ ਸਫ਼ਲ ਨਹੀਂ ਹੋ ਸਕੇ। ਪੰਜਾਬ ਦੇ ਹਿੰਦੂ ਵੀਰ ਵੀ ਭੁਲਚਾਏ ਗਏ ਅਤੇ ਸਿੱਖਾਂ ਦੀ ਹਰ ਜਾਇਜ਼ ਮੰਗ ਨੂੰ ਟੀਰ ਪਾਕੇ ਵੇਖਦੇ ਰਹੇ।

ਪੰਜਾਬੀ ਭਾਸ਼ਾ ਦੇ ਨਾਂ ਤੇ ਪੰਜਾਬੀ ਸੂਬਾ ਮੰਗਣਾ ਵੀ ਖਾਲਿਸਤਾਨ ਦਾ ਭੂਤ ਬਣ ਗਿਆ। ਸ਼ੁਰੂ ਵਿਚ ਅੰਗਰੇਜ਼ਾਂ ਕੋਲ ਮਾਸਟਰ ਤਾਰਾ ਸਿੰਘ ਜ਼ਰੂਰ ਇਸ ਮੁੱਦੇ ਨੂੰ ਉਭਾਰਦੇ ਰਹੇ ਸਨ ਪਰ ਬਾਅਦ ਵਿੱਚ ਉਹਨਾਂ ਨਹਿਰੂ ਅਤੇ ਗਾਂਧੀ ਦੁਵਾਰਾ ਦਿੱਤੇ ਗਏ ਵਾਅਦਿਆਂ ਤੇ ਵਿਸ਼ਵਾਸ ਕਰਕੇ ਸਿੱਖਾਂ ਦੀ ਹੋਣੀ ਨੂੰ ਪੂਰੀ ਤਰ੍ਹਾਂ ਭਾਰਤ ਨਾਲ ਜੋੜ ਦਿੱਤਾ ਬੇਸ਼ਕ ਉਹ ਵਾਅਦੇ ਵਫ਼ਾ ਨਹੀਂ ਹੋਏ। ਅੱਜ ਵੀ ਮੁੱਠੀ ਭਰ ਲੋਕਾਂ ਵਲੋਂ ਖਾਲਿਸਤਾਨ ਦੇ ਨਾਹਰੇ ਲਾ ਕੇ ਸੁਮੁੱਚੇ ਸਿੱਖ ਜਗਤ ਦਾ ਨੁਕਸਾਨ ਕੀਤਾ ਜਾ ਰਿਹਾ। ਕਿਸੇ ਤਰਾਂ ਵੀ ਪੰਜਾਬ ਅਤੇ ਸਿੱਖ ਕੌਮ ਦੇ ਹਿੱਤ ਵਿੱਚ ਨਹੀਂ। ਮੁਕਦੀ ਗੱਲ ਕਿਸੇ ਵੀ ਸਿਆਸੀ ਪਾਰਟੀ ਨੇ ਸਿੱਖਾਂ ਦਾ ਦਰਦ ਨਹੀ ਸੱਮਝਿਆ ਅਤੇ ਸਾਰੀਆਂ ਸਿਆਸੀ ਧਿਰਾਂ ਦੀ ਮੂਕ ਸਹਿਮਤੀ ਸੀ ਜਿਸਦਾ ਤਤਕਾਲੀ ਸ਼ਾਸਕ ਨੂੰ ਪੂਰਾ ਅਹਿਸਾਸ ਸੀ ਅਤੇ ਉਸ ਨੇ ਆਪੂ ਬਣਾਏ ਇਸ ਮਹੋਲ ਦਾ ਫਾਇਦਾ ਚੁੱਕਿਆ। ਇਥੋਂ ਤੱਕ ਬਰਤਾਨੀਆ ਦੀ ਤੱਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦਾ ਵੀ ਹਲਕਾ ਜਿਹਾ ਥਾਪੜਾ ਇੰਦਰਾਂ ਗਾਂਧੀ ਨੂੰ ਮਿਲਿਆ। ਜਿਥੋਂ ਤੱਕ ਬਾਜਾਤੇ ਖ਼ੁੱਦ ਇੰਦਰਾ ਗਾਂਧੀ ਦਾ ਸਵਾਲ ਉਹ ਪੂਰਾ ਮਨ ਬਣਾ ਚੁੱਕੀ ਸੀ ਪਹਿਲਾਂ ਫ਼ੌਜੀ ਜਨਰਲ ਸਿਨਹਾਂ ਸਾਹਿਬ ਦੀ ਡਿਊਟੀ ਲਾਈ ਸੀ ਪਰ ਉਹ ਆਪਣੇ ਦੇਸ਼ ਦੇ ਲੋਕਾਂ ਖਿਲਾਫ ਜਾਣ ਲਈ ਤਿਆਰ ਨਾ ਹੋਏ ਬਲਕਿ ਉਹਨਾਂ ਸੁਝਾਅ ਦਿੱਤਾ ਕਿ ਸੰਤ ਭਿੰਡਰਾਂਵਾਲਿਆਂ ਅਤੇ ਉਸਦੇ ਪੈਰੋਕਾਰਾਂ ਨੂੰ ਕਾਬੂ ਕਰਨ ਦੇ ਹੋਰ ਵੀ ਤਰੀਕੇ ਵਰਤੇ ਜਾ ਸਕਦੇ ਹਨ ਪਰ ਇੰਦਰਾ ਨੇ ਉਹਨਾਂ ਦਾ ਸੁਝਾਅ ਨਹੀਂ ਮੰਨਿਆ ਕਿਉਂਕਿ ਉਹ ਤਾਂ ਸਿਖਾਂ ਨੂੰ ਸਬਕ ਸਿਖਾਉਣ ਲਈ ਬਜਿੱਦ ਸੀ। ਉਸਦਾ ਸਬੂਤ ਇਹ ਹੈ ਕਿ ਇਕ ਪਾਸੇ ਅਕਾਲੀਆਂ ਨਾਲ ਗੱਲ ਬਾਤ ਦਾ ਢੌਂਗ ਰਚਾ ਰਹੀ ਸੀ ਦੂਸਰੇ ਪਾਸੇ ਜਨਵਰੀ, 1984 ਤੋਂ ਹੀ ਦੇਹਰਾਦੂਨ ਲਾਗੇ ਉਤਰਾਖੰਡ ਦੀਆਂ ਪਹਾੜੀਆਂ ਵਿਚਕਾਰ ਸੁਮੁੱਚੇ ਦਰਬਾਰ ਸਾਹਿਬ ਕੰਪਲੈਕਸ ਦੀ ਇਮਾਰਤ ਦੀ ਨਕਲ ਕਰਕੇ ਫ਼ੌਜੀ ਅਭਿਆਸ ਕਰਵਾਇਆ ਜਾ ਰਿਹਾ ਸੀ। ਉਹ ਐਮਰਜੈਂਸੀ ਵਿੱਚ ਅਕਾਲੀ ਦੱਲ ਦੀ ਸ਼ਮੂਲੀਅਤ ਕਰਕੇ ਸਿੱਖਾਂ ਨਾਲ ਡਾਢੀ ਨਰਾਜ਼ ਸੀ ਉਹ ਅਕਾਲੀ ਦਲ ਨੂੰ ਐਮਰਜੈਂਸੀ ਦਾ ਵਿਰੋਧ ਨਾ ਕਰਨ ਤੇ ਪੰਜਾਬ ਦੀ ਹਰ ਮੰਗ ਮੰਨਣ ਨੂੰ ਤਿਆਰ ਸੀ ਇੱਥੇ ਅਕਾਲੀ ਦੱਲ ਦੇ ਕੁੱਝ ਆਗੂਆਂ ਦੇ ਸਵਾਰਥ ਕਰਕੇ ਅਕਾਲੀ ਦਲ ਬਹੁਤ ਵੱਡੀ ਸਿਆਸੀ ਗਦਾਰੀ ਕਰ ਗਿਆ ਪੰਜਾਬ ਅਤੇ ਪੰਜਾਬ ਵਾਸੀਆਂ ਨਾਲ। ਐਮਰਜੈਂਸੀ ਤੋਂ ਬਾਅਦ ਜਨਤਾ ਦੱਲ ਦੀ ਕੇਂਦਰ ਵਿੱਚ ਸਰਕਾਰ ਚ ਸ਼ਾਮਲ ਹੋ ਕੇ ਪੰਜਾਬ ਬਾਰੇ ਕੁਝ ਨਹੀਂ ਕਰ ਸਕਿਆ ਅਸਲ ਚ ਨਿੱਜ ਭਾਰੀ ਪੈ ਗਿਆ। ਸਦੀਆਂ ਤੱਕ ਪੰਜਾਬ ਇਸ ਦਾ ਸੰਤਾਪ ਭੋਗੇਗਾ ਇੱਥੇ ਇਹ ਸੇਅਰ ਬੜਾ ਢੁਕਦਾ।

ਇਤਿਹਾਸ ਕੇ ਪੰਨੋਂ ਸੇ ਆਖਰ
ਯੇਹ ਸਦਾ ਆਈ
ਲਮਹੋਂ ਨੇ ਖ਼ਤਾ ਕੀ ਥੀ
ਸੱਦੀਓ ਨੇ ਸਜ਼ਾ ਪਾਈ।

ਮੇਰਾ ਇਸ ਸਾਰੇ ਬਿਰਤਾਂਤ ਨੂੰ ਲਿੱਖਣ ਦਾ ਮੱਤਲਬ ਇੰਦਰਾਂ ਗਾਂਧੀ ਨੂੰ ਕਲੀਨ ਚਿੱਟ ਦੇਣਾ ਨਹੀਂ ਉਹ ਤਾਂ ਕਹਾਣੀਆਂ ਪਾ ਪਾ ਕੇ ਇਕ ਬਿਰਤਾਂਤ ਸਿਰਜ ਰਹੀ ਸੀ ਇਸ ਸਾਰੇ ਨਾਵਲ ਦਾ ਅਤੇ ਇਸਦਾ ਅੰਤ ਵੀ ਉਸਨੂੰ ਪਤਾ ਸੀ ਪਰ ਆਪਣੇ ਅੰਤ ਤੋਂ ਅਣਜਾਣ ਸੀ। ਮੈਂ ਤਾਂ ਗੱਲ ਕਰ ਰਿਹਾ ਹਾਂ ਉਹਨਾਂ ਲੋਕਾਂ ਦੀ ਜਿਹਨਾਂ ਲੋਕਾਂ ਨੇ ਪਰਦੇ ਪਿੱਛੇ ਰਹਿਕੇ ਇੰਦਰਾ ਗਾਂਧੀ ਦੇ ਮੋਢੇ ਤੇ ਰੱਖਕੇ ਆਪਣੀਆਂ ਗੰਨਾ ਸਿੱਖ ਕੌਮ ਵਿਰੁੱਧ ਚਲਾਈਆਂ ਅਤੇ ਦੁੱਖ ਦੀ ਗੱਲ ਉਸ ਵਿਚ ਆਪਣੇ ਵੀ ਸ਼ਾਮਲ ਸਨ।

ਇੰਦਰਾਂ ਗਾਂਧੀ ਨੇ ਇਹ ਕਾਰਵਾਈ ਕਰਨੀਂ ਹੀ ਕਰਨੀਂ ਸੀ ਬਘਿਆੜ ਨੇ ਲੇਲਾ ਖਾਣਾ ਹੀ ਖਾਣਾ ਸੀ ਬੇਸ਼ਕ ਲੇਲਾ ਕਿੰਨੀਆਂ ਵੀ ਸਚਾਈਆਂ ਦੱਸਦਾ। ਛੇ ਜੂਨ ਨੂੰ ਸ਼ੰਤ ਜਰਨੈਲ ਸਿੰਘ, ਜਨਰਲ ਸ਼ਬੇਗ ਸਿੰਘ , ਭਾਈ ਅਮਰੀਕ ਸਿੰਘ ਅਤੇ ਹੋਰ ਪ੍ਰਮੁੱਖ ਖਾੜਕੂ ਸ਼ਹੀਦੀਆਂ ਪਾ ਜਾਂਦੇ ਹਨ ਪਰ ਸੱਤ ਜੂਨ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਅੱਗ ਲਾਈ ਜਾਂਦੀ ਹੈ ਜਿਸ ਵਿਚ ਬਹੁਤ ਅਨਮੋਲ ਸਿੱਖ ਇਤਿਹਾਸ ਨਾਲ ਜੁੜਿਆ ਸਾਹਿਤ ਅਤੇ ਸਿੱਖਾਂ ਵਿਰਾਸਤ ਦੀਆਂ ਅਸੀਮ ਵਸਤਾਂ ਸੜਕੇ ਸਵਾਹ ਹੋ ਜਾਂਦੀਆਂ ਹਨ ਅਤੇ ਬਹੁਤ ਕੀਮਤੀ ਵਿਰਾਸਤੀ ਵਸਤਾਂ ਫੌਜ ਉਠਾ ਕੇ ਲੈ ਜਾਂਦੀ ਹੈ ਜਿਸਦਾ ਅੱਜ ਤੱਕ ਥਹੁ ਪਤਾ ਨਹੀਂ ਲੱਗਿਆ। ਇਸ ਤੋਂ ਪਤਾ ਚਲਦਾ ਹੈ ਕਿ ਸੰਤਾਂ ਨੂੰ ਗ੍ਰਿਫਤਾਰ ਕਰਨਾ ਮਹਿਜ ਇਕ ਬਹਾਨਾ ਸੀ ਉਸਦਾ ਮਕ ਤਾਂ ਸਾਰੀ ਸਿੱਖ ਕੌਮ ਤੋਂ ਬਦਲਾ ਲੈਣਾ ਅਤੇ ਸਿੱਖ ਕੌਮ ਦੀ ਨਸਲਕੁਸ਼ੀ ਕਰਨਾ ਸੀ। ਸਾਕਾ ਨੀਲਾ ਤਾਰਾ ਸੋ ਜੂਨ ਚੁਰਾਸੀ ਚ ਵਰਤਿਆ ਇਹ ਤੀਜਾ ਘੱਲੂਘਾਰਾ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਇਹਦੇ ਜ਼ਖਮਾਂ ਦੀ ਚੀਸ ਸਦੀਆਂ ਤੱਕ ਪੈਂਦੀ ਰਹੇਗੀ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਆਪਣੇ ਹਿਰਦਿਆਂ ਵਿਚ ਇਸਦੀ ਚਸਕ ਮਹਿਸੂਸ ਕਰਨਗੀਆਂ ਅਤੇ ਸਿੱਖ ਕੌਮ ਦੀਆਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਅਤੇ ਦਿੱਲੀ ਤੱਖ਼ਤ ਤੇ ਕਾਬਜ਼ ਰਹੀਆਂ ਸਿਆਸੀ ਧਿਰਾਂ ਦੀ ਅਕਿਰਤਘੱਣਤਾ ਦੀ ਰੜਕ ਵੀ ਸੀਨੇ ਵਿਚ ਪੈਂਦੀ ਰਹੇਗੀ ।

ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਇਤਿਹਾਸ ਦੇ ਪੰਨਿਆਂ ਚ ਮੂੰਹ ਛੁਪਾਕੇ ਰੋਇਆ ਕਰਨਗੀਆਂ ਅਤੇ ਦਿੱਲੀ ਤੱਖ਼ਤ ਦੀ ਨਫ਼ਰਤ ਅਤੇ ਅਸਵੇਦਨਸੀਲਤਾ ਉਪਰ ਹਰਾਣੀ ਵੀ ਪ੍ਰਗਟ ਕਰਿਆ ਕਰਨਗੀਆਂ ਕਿ ਦੇਸ਼ ਪ੍ਰਤੀ ਇੰਨੀਆਂ ਕੁਰਬਾਨੀਆਂ ਦੇਣ ਵਾਲੀ ਕੌਮ ਦੇ ਲਈ ਭਾਰਤ ਦੇ ਮਹਾਨ ਲੋਕ ਵੀ ਹਾਅ ਦਾ ਨਾਹਰਾ ਨਾ ਮਾਰ ਸਕੇ ਕਿਉਂਕਿ ਹਾਕਮ ਤਾਂ ਕਈ ਵਾਰ ਸੱਤਾ ਦੇ ਨਸ਼ੇ ਵਿਚ ਮੱਖਮੂਰ ਹੁੰਦੇ ਹਨ। ਇਤਿਹਾਸ ਗਵਾਹ ਰਹੇਗਾ ਕਿ ਸਿੱਖ ਕੌਮ ਅਤੇ ਭਾਰਤ ਮਹਾਨ ਨੂੰ ਇੱਕ ਦੂੱਜੇ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਇਹ ਮੁੱਠੀ ਭਰ ਭਾੜੇ ਦੇ ਬੰਦੇ ਅਤੇ ਕੁਝ ਕੁ ਮੁਤੱਸਵੀ ਸਿਆਸਤ ਦਾਨ ਆਪਣੇ ਤੱਤਿਆਂ ਨਾਹਰਿਆਂ ਅਤੇ ਗੁੱਝੇ ਉਦੇਸ਼ਾਂ ਸਦਕਾ ਜੋਂ ਸੁਮੁੱਚੀ ਸਿੱਖ ਕੌਮ ਨੂੰ ਆਪਣੇ ਦੇਸ਼ ਭਗਤੀ ਦੇ ਆਸ਼ੇ ਤੋਂ ਥਿੜਕਾਉਣਾ ਚਾਹੁੰਦੇ ਹਨ ਕਦੇ ਕਾਮਯਾਬ ਨਹੀਂ ਹੋਣਗੇ ਅਤੇ ਪੰਜਾਬ ਅਤੇ ਭਾਰਤ ਸਿੱਖਾਂ ਦੀ ਕਰਮਭੂਮੀ ਸੀ, ਹੈ ਅਤੇ ਰਹੇਗੀ ਕਿਉਂਕਿ ਕਰਿਤਘਣ ਕੌਮਾਂ ਹਮੇਸ਼ਾਂ ਆਪਣੇ ਦੇਸ਼ ਅਤੇ ਸਮਾਜ ਪ੍ਰਤੀ ਸੰਵੇਦਨਸ਼ੀਲ ਹੁੰਦੀਆਂ ਹਨ। ਬੇਸ਼ਕ ਬਹੁਤ ਕੁਝ ਗੱਲ੍ਹਤ ਵਾਪਰਿਆ ਪਰ ਸਿੱਖ ਕੌਮ ਦੇ ਬਹਾਦਰ ਫ਼ੌਜੀ ਕਦੇ ਵੀ ਦੁਸ਼ਮਣ ਦੀ ਕੈਰੀ ਨਜ਼ਰ ਆਪਣੇ ਦੇਸ਼ ਤੇ ਨਹੀਂ ਪੈਣ ਦੇਣਗੇ ਇਸ ਦਾ ਪ੍ਰਤੱਖ ਪ੍ਰਮਾਣ ਕਾਰਗਿਲ ਦੀ ਜੰਗ ਅਤੇ ਪਿਛਲੇ ਸਮੇਂ ਚੀਨ ਅਤੇ ਭਾਰਤੀ ਫੌਜਾਂ ਵਿਚਕਾਰ ਹੋਈਆਂ ਝੜਪਾਂ ਵਿਚ ਸਿੱਖ ਫੌਜੀਆਂ ਦਾ ਬਾਜ਼ਾਂ ਵਾਂਗੂ ਜੂਝਕੇ ਸ਼ਹੀਦੀਆਂ ਪਾਉਣੀਆਂ। ਵਕਤ ਦੇ ਹਾਕਮਾਂ ਨੂੰ ਵੀ ਚਾਹੀਦਾ ਹੈ ਕਿ ਸਿੱਖ ਕੌਮ ਦੀਆਂ ਦੇਸ਼ ਪ੍ਰਤੀ ਕੀਤੀਆਂ ਘਾਲਣਾਵਾਂ ਨੂੰ ਇਨਸਾਫ ਦੀ ਅੱਖ ਨਾਲ ਵਾਚਣ ਅਤੇ ਇਸ ਕੌਮ ਨੂੰ ਬਣਦਾ ਕੌਮੀਂ ਸਨਮਾਨ ਦਿੱਤਾ ਜਾਵੇ ਰੱਬ ਸੱਭ ਨੂੰ ਸਮੱਤ ਬਖਸ਼ੇ। ਆਮੀਨ !

**** ****

# ਬਾਦਲ ਦਲ ਦਾ ਕਾਟੋਕਲੇਸ਼ ਸੁਰਖੀਆਂ 'ਚ



ਬਾਦਲ ਦਲ ਦਾ ਕਾਟੋਕਲੇਸ਼ ਖੂਬ ਸੁਰਖੀਆਂ ਬਟੋਰ ਰਿਹਾ ਹੈ। ਦੋਨੋ ਧੜੇ ਆਪਣੇ ਆਪ ਨੂੰ ਦੁੱਧ ਧੋਤੇ ਸਾਬਿਤ ਕਰਨ ਲਈ ਪੂਰਾ ਤਾਣ ਲਾ ਰਹੇ ਹਨ, ਪੰਜਾਬ ਅਤੇ ਪੰਥ ਹਿਤੈਸ਼ੀ ਹੋਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਅਤੀਤ ਵਿੱਚ ਖਾਲਸਾ ਪੰਥ ਨਾਲ ਕੀਤੇ ਗੁਨਾਹਾਂ ਅਤੇ ਧੋਖਿਆਂ ਨੂੰ ਇੱਕ ਦੂਜੇ ਸਿਰ ਮੜ੍ਹ ਕੇ ਸੁਥਰੇ ਹੋਣ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਦਕਿ ਜਦੋਂ ਪੰਥਕ ਮੁਖੌਟਿਆਂ ਥੱਲੇ ਪੰਥ ਦਾ ਹਿਰਦਾ ਵਲੂੰਧਰਿਆ ਜਾ ਰਿਹਾ ਸੀ ਇਹ ਸਭ ਇੱਕ ਦੂਜੇ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕਰਕੇ ਨਿੱਜੀ ਹਿੱਤ ਪਾਲਦੇ ਰਹਿਣਾਂ ਇਹਨਾਂ ਦੀ ਆਦਤ ਹੀ ਬਣੀ ਰਹੀ ਹੈ। ਇਹੀ ਕਾਰਨ ਹਨ ਨਾਂ ਇਹਨਾਂ ਦਾ ਮੂੰਹ ਬਰਗਾੜੀ ਦੀਆਂ ਘਟਨਾਵਾਂ ਸਮੇ ਖੁਲ੍ਹਿਆ, ਨਾਂ ਸੌਦਾ ਸਾਧ ਨੂੰ ਜੱਥੇਦਾਰਾਂ ਦੀ ਧੌਣ ਤੇ ਗੋਡਾ ਰੱਖ ਕੇ ਮੁਆਫੀ ਦੇਣ ਸਮੇ ਖੁਲ੍ਹਿਆ। ਇਹ ਤਾਂ ਸਾਰਾ ਸਾਰਾ ਦਿਨ ਬਾਦਲਾਂ ਦੀਆਂ ਟੈਲੀਵਿਜ਼ਨਾਂ ਤੇ ਸਫਾਈਆਂ ਦਿੰਦੇ ਰਹੇ ਹਨ। ਇਹਨਾਂ ਦੀਆਂ ਅੱਖਾਂ ਸਾਹਮਣੇ ਅਕਾਲੀ ਦਲ ਦਾ ਪ੍ਰਵਾਰੀਕਰਨ, ਅਪਰਾਧੀਕਰਨ, ਕਾਂਗਰਸੀਕਰਨ ਅਤੇ ਵਪਾਰੀਕਰਨ ਹੋਇਆ ਹੈ। ਜੇ ਉਸ ਸਮੇ ਕੁਝ ਕੀਤਾ ਹੁੰਦਾ ਤਾਂ ਅੱਜ ਨਾਂ ਤੁਹਾਨੂੰ ਇਹ ਦਿਨ ਦੇਖਣੇ ਪੈਂਦੇ ਅਤੇ ਨਾਂ ਅੱਜ ਪੰਥਕ ਸੰਸਥਾਵਾਂ ਅਤੇ ਅਕਾਲੀ ਦਲ ਦੀ ਇਹ ਹਾਲਤ ਹੁੰਦੀ।

ਦਰਅਸਲ ਇਹ ਫੁੱਟ ਬਾਦਲ ਦਲ ਵਿੱਚ ਕੇਵਲ ਸਿਆਸੀ ਤਾਕਤ ਹਥਿਆਉਣ ਲਈ ਪਈ ਹੈ। ਪੰਥਕ ਸਰੋਕਾਰਾਂ ਨਾਲ ਇਸਦਾ ਦੂਰ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਜਿਹੜੇ ਲੋਕ ਕਦੀਂ ਬਾਦਲ ਪਰਿਵਾਰ ਨੂੰ ਸਿਆਸੀ ਪਾਵਰ ਬੈਂਕ ਸਮਝਦੇ ਰਹੇ ਹਨ ਅਤੇ ਸਿਆਸੀ ਤਾਕਤ ਹਾਸਿਲ ਕਰਨ ਲਈ ਪੰਥ ਉੱਤੇ ਹੁੰਦਾ ਹਰ ਜ਼ੁਲਮ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ ਹਨ ਉਨ੍ਹਾਂ ਨੂੰ ਬਾਦਲ ਦਲ ਦੀਆਂ ਵਾਰ ਵਾਰ ਹੋ ਰਹੀਆਂ ਨਮੋਸ਼ੀਜਨਕ ਹਾਰਾਂ ਨੇ ਇਹ ਸਮਝਾ ਦਿੱਤਾ ਹੈ ਕਿ ਹੁਣ ਪੰਥ ਦੇ ਮਨਾਂ ਵਿੱਚੋਂ ਉੱਤਰ ਚੁੱਕਾ ਬਾਦਲ ਪ੍ਰੀਵਾਰ ਇਹਨਾਂ ਨੂੰ ਸਿਆਸੀ ਤਾਕਤ ਦੇਣ ਦੇ ਸਮਰੱਥ ਨਹੀਂ ਰਿਹਾ ਅਤੇ ਇਹਨਾਂ ਅੱਕੀਂ ਪਲਾਹੀਂ ਹੱਥ ਮਾਰਨੇ ਸ਼ੁਰੂ ਕਰ ਦਿੱਤੇ ਹਨ।

ਪਰ ਹੁਣ ਖਾਲਸਾ ਪੰਥ ਸੁਚੇਤ ਹੈ, ਵਾਰ ਵਾਰ ਰੁੱਸਣ ਅਤੇ ਕੁੱਝ ਸੌਦਾ ਕਰ ਕੇ ਫਿਰ ਮੰਨ ਜਾਣ ਦੀ ਖੇਡ ਖੇਡ ਕੇ ਘਰ ਵਾਪਸੀ ਹੁੰਦੀ, ਪੰਥ ਨੇ ਬਹੁਤ ਵਾਰ ਵੇਖ ਲਈ ਹੈ। ਹੁਣ ਧੋਖਾ ਨਹੀਂ ਦਿੱਤਾ ਜਾ ਸਕਦਾ। ਵਾਰ ਵਾਰ ਪਰਖਿਆਂ ਉੱਤੇ ਪੰਥ ਕਿਵੇਂ ਵਿਸ਼ਵਾਸ਼ ਕਰੇ ? ਖਾਲਸਾ ਪੰਥ ਨੂੰ ਆਪਣੀਆਂ ਪੰਥਕ ਸੰਸਥਾਵਾਂ ਦੀ ਵਕਾਰ ਬਹਾਲੀ ਅਤੇ ਆਪਣੀ ਰਾਜਨੀਤਕ ਧਿਰ ਦੀ ਸਥਾਪਤੀ ਲਈ ਲੰਬਾ ਸੰਘਰਸ਼ ਲੜਨਾਂ ਪੈਣਾਂ ਹੈ, ਪੰਜਾਬ ਪ੍ਰਸਤ ਅਤੇ ਪੰਥ ਪ੍ਰਸਤ ਨੌਜਵਾਨੀ ਨੂੰ ਨਿਰਸਵਾਰਥ ਪੰਜਾਬ ਅਤੇ ਪੰਥ ਪ੍ਰਸਤ ਸਨੇਹੀਆਂ ਦਾ ਸਾਥ ਲੈ ਕੇ ਸਾਹਮਣੇ ਆਉਣਾਂ ਪੈਣਾਂ ਹੈ ਤਾਂ ਹੀ ਪੰਥ ਅਤੇ ਪੰਜਾਬ ਦਾ ਮਾਣ ਕਾਇਮ ਕੀਤਾ ਜਾ ਸਕਦਾ ਹੈ।

ਵਾਹਿਗੁਰੂ ਸਮੱਤ ਬਖਸ਼ਣ
ਗੁਰੂ ਪੰਥ ਦਾ ਦਾਸ
ਸੁਖਦੇਵ ਸਿੰਘ "ਭੌਰ"

# ਝੋਨੇ ਦੀ ਖੇਤੀ ਤੇ ਚਿੱਟੇ ਨਾਲ ਪੰਜਾਬ ਦਾ ਉਜਾੜਾ

ਪ੍ਰਿੰ. ਸਰਵਣ ਸਿੰਘ



ਪੰਜਾਬ 1947 ਦੇ ਉਜਾੜੇ ਪਿੱਛੋਂ ਵੀਹੋਰ ਉਜਾੜੇ ਦੇ ਰਾਹ ਪਿਆ ਹੋਇਐ। ਇਕ ਬੰਨੇਇਸ ਨੂੰ ਝੋਨਾ ਲਈ ਬੈਠਾ ਹੈ, ਦੂਜੇ ਬੰਨੇਚਿੱਟਾ। ਰਹਿੰਦੀ ਕਸਰ ਪੰਜਾਬ ਤੇ ਕੇਂਦਰ ਦੇ ਰਾਜ ਨੇਤਾ ਕੱਢੀ ਜਾ ਰਹੇ ਹਨ ਜਿਨ੍ਹਾਂ ਨੂੰ ਪੰਜਾਬ ਦੇ ਅਰਥਚਾਰੇ ਤੇ ਭਵਿੱਖ ਦਾ ਕੋਈ ਫਿਕਰ ਹੀ ਨਹੀਂ। ਜਿਵੇਂ ਸਿੰਥੈਟਿਕ ਨਸ਼ਿਆਂ ਦੇ ਕਈ ਨਾਂ ਹਨ ਓਵੇਂ ਝੋਨੇ ਨੂੰ ਕੋਈ ਜੀਰੀ ਕਹਿੰਦੈ, ਕੋਈ ਮੁੰਜੀ, ਕੋਈ ਧਾਨ ਤੇ ਕੋਈ ਚੌਲ਼। ਪੰਜਾਬ ਦੇਧਰਤ ਹੇਠਲੇ ਪਾਣੀ ਦੀ ਬਰਬਾਦੀ ਤੇ ਵਾਤਾਵਰਣ ਦੀ ਖਰਾਬੀ ਦਾ ਮੁੱਖ ਕਾਰਨ ਝੋਨੇ ਦੀ ਬੇਲਗਾਮ ਬੀਜਾਂਦ ਹੈ। ਝੋਨੇ ਦੀ ਬੇਕਾਬੂਹੋਈ ਜਾਂਦੀ ਬੀਜਾਂਦ ਨੂੰਨਵੇਂ ਨਸ਼ਿਆਂ ਤੇ ਨਵੀਆਂ ਬਿਮਾਰੀਆਂ ਦੀ ਮਾਂ ਕਿਹਾ ਜਾ ਸਕਦੈ। ਚੌਲ ਪੰਜਾਬੀਆਂ ਦਾ ਖਾਜਾਨਹੀਂ। ਝੋਨਾ ਉਹ ਭਾਰਤੀ ਹਾਕਮਾਂ ਦੀਆਂ ਵੋਟਾਂ ਲਈ ਪਾਲ ਰਿਹੈ। ਝੋਨੇ ਨਾਲ ਪੰਜਾਬ ਆਰਜ਼ੀ ਤੌਰ 'ਤੇ ਖੁਸ਼ਹਾਲ ਹੋਇਆ ਤੇਝੋਨੇ ਕਰਕੇ ਹੀ ਕੰਗਾਲ ਹੋ ਰਿਹੈ। ਪੰਜਾਬ ਸਿਰ ਵਧੇਰੇ ਕਰਜ਼ਾ ਝੋਨੇ ਨੇਹੀ ਚੜ੍ਹਾਇਆ ਤੇ ਵਾਤਾਵਰਨ ਵੀ ਖਰਾਬ ਕੀਤਾ।

1970 ਦੇ ਆਸ ਪਾਸਪੰਜਾਬ ਦੇ ਕਿਸਾਨ ਝੋਨਾ ਲਾਉਣ ਲੱਗੇ ਤਾਂ ਝੋਨੇਦੀਐੱਮਐੱਸਪੀ ਖਰੀਦ ਨੇ ਨਸ਼ੇ ਵਾਂਗ ਹੁਲਾਰਾ ਦਿੱਤਾ। ਪਰ ਹੁਣ ਖੇਤੀ ਖਰਚਿਆਂ ਦੀਵਧੀ ਜਾਂਦੀਮਹਿੰਗਾਈ ਦੇ ਦੌਰ 'ਚ ਝੋਨਾ ਲਾਉਣਾ ਪੰਜਾਬ ਲਈ ਆਤਮਘਾਤੀ ਸਿੱਧ ਹੋ ਰਿਹੈ। ਝੋਨੇ ਕਰਕੇ ਹੀ ਪੰਜਾਬ ਮਾਰੂਥਲ ਬਣਨ ਦੇ ਰਾਹ ਪਿਆ ਹੋਇਐ।

ਪੰਜਾਹ ਕੁਸਾਲ ਪਹਿਲਾਂ ਗਾਣਾ ਸੁਣਦੇ ਸਾਂ: ਤੇਲੂ ਰਾਮ ਦੀ ਹੱਟੀ ਦਾ ਜ਼ਰਦਾ ਜੋੜਾਂ ਵਿਚ ਬਹਿ ਗਿਆ ਜੱਟ ਦੇ...। ਉਦੋਂ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਝੋਨਾ ਵੀ ਜੱਟਾਂ ਦੇ ਜੋੜਾਂ 'ਚ ਬਹਿ ਜਾਵੇਗਾ ਤੇਝੋਨੇ ਦੀ ਫਸਲ ਪੰਜਾਬ ਦੇ ਪਾਣੀ ਤੇ ਬਿਜਲੀ ਦਾ ਬੇੜਾ ਬਹਾ ਦੇਵੇਗੀ ਅਤੇ ਪੰਜਾਬ ਸਿਰ ਲੱਖਾਂ ਕਰੋੜਾਂ ਦਾ ਕਰਜ਼ਾ ਚੜ੍ਹਾਉਣ ਦੇ ਨਾਲ ਵਾਤਾਵਰਨ ਵੀ ਵਿਗਾੜ ਦੇਵੇਗੀ।

ਇਹਨੀਂ ਦਿਨੀਂ ਝੋਨੇ ਦੀ ਲੁਆਈ ਜ਼ੋਰਾਂ 'ਤੇ ਹੈ। ਪਨੀਰੀਆਂ ਪੁੱਟੀਆਂ ਤੇ ਕੱਦੂ ਕੀਤੇ ਖੇਤਾਂ 'ਚ ਲਾਈਆਂ ਜਾ ਰਹੀਆਂ। ਮੁਫ਼ਤ ਦੀ ਬਿਜਲੀ ਨਾਲ ਚਲਦੀਆਂ ਬੰਬੀਆਂ ਧਰਤੀ ਹੇਠਲਾ ਰਹਿੰਦਾ ਖੂੰਹਦਾ ਪਾਣੀ ਵੀ ਬਾਹਰ ਕੁਲੰਜੀ ਜਾਂਦੀਆਂ। ਕਿਆਰੇ ਕੋਈਕਿੱਲੇ, ਅੱਧੇ ਕਿੱਲੇ ਤੋਂ ਘੱਟ ਨਹੀਂ ਪਾਉਂਦਾ। ਝੋਨੇ ਦੀ ਲੁਆਈ ਵੀ ਮਹਿੰਗੀ ਤੋਂ ਮਹਿੰਗੀ ਹੋਈ ਜਾਂਦੀ ਹੈ। ਮਜਦੂਰਾਂ ਨੂੰ ਬੰਬੀਆਂ 'ਤੇ ਰੱਖਣ ਲਈ ਨਸ਼ੇ ਪਾਣੀ ਦਾ ਲਾਲਚ ਦੇਣਾ ਪੈ ਰਿਹੈ। ਅੰਦਾਜ਼ਾ ਹੈ ਇਸ ਵਾਰ 75 ਲੱਖ ਏਕੜ ਤੋਂਵੀ ਵੱਧ ਝੋਨਾਲੱਗੇਗਾ। ਪਿਛਲੇ ਸਾਲ ਦਾ 2 ਲੱਖ 71 ਹਜ਼ਾਰ ਮੀਟ੍ਰਿਕ ਟਨ ਝੋਨੇ ਦਾ ਰਿਕਾਰਡ ਜੁ ਤੋੜਨਾ ਹੋਇਆ। ਉਹਦੇ ਨਾਲ ਫਿਰ ਕੇਂਦਰ ਸਰਕਾਰ ਨੇ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡ ਕੇ ਵੋਟਾਂ ਜੁ ਲੈਣੀਆਂ ਹੋਈਆਂ! ਕੀਹਨੂੰ ਪਰਵਾਹ ਹੈ ਪੰਜਾਬ ਦੇ ਜ਼ਿਲ੍ਹਿਆਂ ਦੇ ਜ਼ਿਲ੍ਹੇ ਕਾਲੇ ਜ਼ੋਨ 'ਚ ਚਲੇ ਜਾਣ ਤੇ ਪੰਜਾਬ ਦੇ ਮਾਰੂਥਲ ਬਣ ਜਾਣ ਦੀ?

ਨਸ਼ਾ ਕੋਈ ਵੀ ਹੋਵੇ ਪਹਿਲਾਂ ਹੁਲਾਰਾ ਦਿੰਦੈ, ਪਿੱਛੋਂ ਘਾਤਕ ਬਣ ਜਾਂਦੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਸਿੰਥੈਟਿਕ ਨਸ਼ਿਆਂ ਦੀ ਹਨ੍ਹੇਰੀ ਆਈ ਹੋਈ ਹੈ। ਉਨ੍ਹਾਂ ਨਸ਼ਿਆਂ ਦੇ ਨਾਂ ਸੁਣ ਕੇ ਹੀ ਹੈਰਾਨ ਰਹਿ ਜਾਈਦਾ! ਇਕ ਦਿਨ ਮੈਂ ਨਵੇਂ ਨਸ਼ਿਆਂ ਦੇ ਨਾਂ ਨੋਟ ਕਰਨ ਲੱਗਾ ਤਾਂ ਵੀਹ ਇੱਕੀ ਨਾਵਾਂ ਦੀ ਸੂਚੀ ਬਣ ਗਈ। ਉਨ੍ਹਾਂ ਦੇ ਨਾਂ ਇਸ ਕਰਕੇ ਨਹੀਂ ਲਿਖ ਰਿਹਾ ਪਈ ਜਿਨ੍ਹਾਂ ਨੂੰ ਨਹੀਂ ਪਤਾ ਉਹ ਵੀ ਕਿਤੇ 'ਚਿੱਟੇ ਵਾਂਗਉਨ੍ਹਾਂ ਨਾਵਾਂ ਵਾਲੇ ਨਸ਼ਿਆਂ 'ਤੇ ਨਾ ਲੱਗ ਜਾਣ!

ਕੁਝ ਸਾਲ ਪਹਿਲਾਂ ਮੈਂ ਅਖ਼ਬਾਰੀ ਲੇਖ ਲਿਖਿਆ ਸੀ: ਕਬੱਡੀ ਨੂੰ ਡਰੱਗ ਦਾ ਜੱਫਾ। ਉਸ ਵਿਚ ਉਨ੍ਹਾਂ ਡਰੱਗਾਂ ਦੇ ਨਾਵਾਂ ਦਾ ਵੇਰਵਾ ਦੇ ਬੈਠਾ ਸਾਂ ਜੋ ਕਬੱਡੀ ਦੇ ਕਈ ਖਿਡਾਰੀ ਲੈ ਰਹੇ ਸਨ। ਬਾਅਦ ਵਿਚ ਕਬੱਡੀ ਕੋਚਾਂ ਨੇ ਮੈਨੂੰ ਉਲਾਂਭਾ ਦਿੱਤਾ ਕਿ ਡਰੱਗਾਂ ਦੇ ਨਾਂ ਨਹੀਂ ਸੀ ਲਿਖਣੇ ਚਾਹੀਦੇ। ਮੈਂ ਪੁੱਛਿਆ, "ਕਿਉਂ?" ਜੁਆਬ ਮਿਲਿਆ, "ਜਿਹੜੇ ਖਿਡਾਰੀਆਂ ਨੂੰ ਪਹਿਲਾਂ ਨਹੀਂ ਸੀ ਪਤਾ, ਉਹ ਮੈਡੀਕਲ ਸਟੋਰਾਂ ਤੋਂ ਸਾਥੋਂ ਪੁੱਛੇ ਬਿਨਾਂ ਆਪੇ ਹੀ 'ਸਪਲੀਮੈਂਟ ਲੈਣ ਲੱਗ ਪਏ ਨੇ!"

ਖੇਤੀ ਅਰਥਚਾਰੇ ਦੇ ਅੰਤਰਰਾਸ਼ਟਰੀ ਮਾਹਿਰ ਡਾ. ਸਰਦਾਰਾ ਸਿੰਘ ਜੌਹਲ ਦੀ ਇਲੈਕਟ੍ਰੀਸਿਟੀ ਰਿਪੋਰਟ ਅਨੁਸਾਰ ਪੰਜਾਬ ਵਿਚ ਟਿਊਬਵੈੱਲਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਦੀ ਸਬਸਿਡੀ ਦਾ ਫ਼ਾਇਦਾ ਪੰਜਾਬ ਦੇ ਕਿਸਾਨਾਂ ਨੂੰ ਨਹੀਂ ਸਗੋਂ ਭਾਰਤੀ ਖਪਤਕਾਰਾਂ ਨੂੰ ਹੋ ਰਿਹੈ। ਮੁਫ਼ਤ ਦੀ ਬਿਜਲੀ ਨਾਲ ਪੰਜਾਬ ਦਾ ਪਾਣੀ ਥੱਲੇ ਹੀ ਥੱਲੇ ਉੱਤਰੀ ਜਾ ਰਿਹੈ ਜਿਸ ਕਰਕੇ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਨੇ ਪੈ ਰਹੇ ਨੇ ਤੇ ਪਾਣੀ ਖਿੱਚਣ ਲਈ ਹਾਰਸ ਪਾਵਰ ਵੱਧ ਤੋਂ ਵੱਧ ਵਰਤਣੀ ਪੈ ਰਹੀ ਹੈ। ਪਹਿਲਾਂ ਖੂਹੀਆਂ ਡੂੰਘੀਆਂ ਕਰਦੇ ਰਹੇ ਫਿਰ ਹੋਰ ਪਾਈਪਾਂ ਪਾ ਕੇ ਬੋਰ ਡੂੰਘੇ ਕਰਦੇ ਰਹੇ। ਫਿਰ ਸਬਮਰਸੀਬਲ ਟਿਊਬਵੈੱਲ ਲੱਗਣ ਲੱਗੇ। ਜ਼ਮੀਨਾਂ ਕੱਦੂ ਕਰ ਕੇ ਪਾਣੀ ਜ਼ਮੀਨ 'ਚ ਰਿਸਣੋਂ ਰੋਕ ਦਿੱਤਾ। ਝੋਨਿਆਂ 'ਚ ਖੜ੍ਹਾ ਪਾਣੀ ਧੁੱਪ ਨਾਲ ਉੱਡਣ ਲੱਗਾ। ਜਿਹੜਾ ਪਾਣੀ ਧਰਤੀ 'ਚ ਸਿਮ ਜਾਏ ਉਹ ਤਾਂ ਮੁੜ ਵਰਤਿਆ ਜਾ ਸਕਦੈ ਪਰ ਜਿਹੜਾ ਹਵਾ 'ਚ ਉੱਡ ਜਾਵੇ ਉਹ ਮੁੜ ਕੇ ਹੱਥ ਨਹੀਂ ਆਉਂਦਾ। ਪਾਣੀ ਵਰਗੀ ਬੇਸ਼ਕੀਮਤੀ ਪੂੰਜੀ ਪੰਜਾਬ ਭੰਗ ਦੇ ਭਾੜੇ ਉਡਾ ਰਿਹੈ। ਜਿਥੇ ਇਕ ਲੀਟਰ ਪਾਣੀ ਦੀ ਬੋਤਲ ਵੀਹ ਰੁਪਈਆਂ 'ਚ ਵਿਕਦੀ ਹੋਵੇ ਉਥੇ ਇਕ ਕਿਲੋ ਝੋਨਾ ਪੈਦਾ ਕਰਨ ਲਈ ਚਾਲੀ ਲੀਟਰ ਪਾਣੀ ਧਰਤੀ ਦੀ ਕੁੱਖ 'ਚੋਂ ਖਿੱਚ ਦਿੱਤਾ ਜਾਂਦੈ! ਹਿਸਾਬ ਲਾ ਲਓ 75 ਲੱਖ ਏਕੜਾਂ 'ਚੋਂ ਦੋ ਢਾਈ ਲੱਖ ਟਨ ਤੋਂ ਵੀ ਵੱਧ ਝੋਨਾ ਪੈਦਾ ਕਰਨਾ ਪੰਜਾਬ ਨੂੰ ਕਿੰਨੇ ਕਰੋੜਾਂ ਅਰਬਾਂ 'ਚ ਪਿਆ? ਲਾਇਆ ਕਿਸੇ ਸਰਕਾਰ ਨੇ ਹਿਸਾਬ ਕਿਤਾਬ? ਹੈ ਕੋਈ ਵਾਲੀ ਵਾਰਸ ਪੰਜਾਬ ਦਾ?

1961 ਵਿਚ ਪੰਜਾਬ 'ਚ ਕੇਵਲ 7445 ਟਿਊਬਵੈੱਲ ਸਨ। ਝੋਨੇ ਦੀ ਕਾਸ਼ਤ ਕਰਕੇ ਹੀ ਸਤੰਬਰ 2015 ਤਕ ਪੰਜਾਬ ਦੇ ਖੇਤਾਂ ਵਿਚ 12,36,185 ਟਿਊਬਵੈੱਲ ਲੱਗ ਗਏ। 2021 ਤੋਂ14 ਲੱਖ ਦਾ ਅੰਕੜਾ ਪਾਰ ਕਰ ਗਏ ਜੋ ਹੁਣ 15 ਲੱਖ ਹੋਣ ਵਾਲੇ ਹਨ। ਖੇਤਾਂ ਦੇ ਬੋਰਾਂ ਤੋਂ ਬਿਨਾਂ 2500 ਵਾਟਰ ਵਰਕਸ ਅਤੇ 20 ਲੱਖ ਤੋਂ ਵੱਧ ਘਰੇਲੂ ਬੋਰ ਹਨ। ਪਿਛਲੇ ਦਸਾਂ ਸਾਲਾਂ ਵਿਚ ਬੋਰਾਂ ਤੇ ਮੋਟਰਾਂ ਉੱਤੇ ਪੰਜਾਬੀ ਕਿਸਾਨਾਂ ਦਾ20 ਹਜ਼ਾਰ ਕਰੋੜ ਰੁਪਈਏ ਖਰਚਾ ਆ ਚੁੱਕੈ। 27 ਹਜ਼ਾਰ ਕਰੋੜ ਤੋਂ ਵੱਧ ਦੀ ਬਿਜਲੀ ਫੂਕੀ ਜਾ ਚੁੱਕੀ ਹੈ। ਹਰ ਸਾਲ ਧਰਤੀ ਦਾ ਪਾਣੀ 40 ਤੋਂ 80 ਸੈਂਟੀਮੀਟਰ ਤਕ ਥੱਲੇ ਗਰਕ ਰਿਹੈ। ਇੱਕ ਕਿਲੋ ਚੌਲ ਪੈਦਾ ਕਰਨ ਉੱਤੇ 4000 ਲੀਟਰ ਪਾਣੀ ਖਪਦੈ। ਹਰ ਸਾਲ 200 ਲੱਖ ਟਨ ਤੋਂ ਵੱਧ ਅਨਾਜ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਭੇਜਿਆ ਜਾ ਰਿਹੈ ਜਿਸ ਦਾ ਮਤਲਬ ਹੈ 88000 ਕਰੋੜ ਗੈਲਨ ਪਾਣੀ ਦਾਣਿਆਂ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਜਾ ਰਿਹੈ। ਇੱਕ ਪਾਸੇ ਆਬਾਦੀ ਵਧ ਰਹੀ ਹੈ ਤੇ ਦੂਜੇ ਪਾਸੇ ਪ੍ਰਤੀ ਵਿਅਕਤੀ ਪਾਣੀ ਦੀ ਖਪਤ 40 ਲੀਟਰ ਤੋਂ ਵਧ ਕੇ 70 ਲੀਟਰ ਹੋ ਗਈ ਹੈ। ਉਤੋਂ ਦਰਿਆਈ ਪਾਣੀ ਘਟ ਰਿਹੈ। ਪੰਜਾਬ ਬੰਜਰ ਨਹੀਂ ਬਣੇਗਾ ਤਾਂ ਹੋਰ ਕੀ ਬਣੇਗਾ?

ਡਾ. ਜੌਹਲ ਦੀ ਸਿੱਧੀ ਗੱਲ ਵੀ ਪਤਾ ਨਹੀਂ ਪੰਜਾਬ ਦੀਆਂ ਸਰਕਾਰਾਂ ਤੇ ਕਿਸਾਨਾਂ ਨੂੰ ਕਿਉਂ ਸਮਝ ਨਹੀਂ ਆ ਰਹੀ? ਜਿਹੜੀ ਬਿਜਲੀ ਖੇਤੀਬਾੜੀ ਨੂੰ ਮੁਫ਼ਤ ਦਿੱਤੀ ਜਾਂਦੀ ਹੈ ਉਹ ਖੇਤੀ ਫਸਲਾਂ ਦੇ ਭਾਅ ਬੰਨ੍ਹਣ ਵੇਲੇ, ਖੇਤੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੱਲੋਂ ਖਰਚੇ ਵਿਚ ਨਹੀਂ ਗਿਣੀ ਜਾਂਦੀ। ਖਰਚੇ ਦੇ ਹਿਸਾਬ ਨਾਲ ਫਸਲਾਂ ਦੇ ਭਾਅ ਵੀ ਫਿਰ ਘੱਟ ਬੰਨ੍ਹੇ ਜਾਂਦੇ ਹਨ। ਇੰਜ ਘਾਟਾ ਪੰਜਾਬ ਦੇ ਕਿਸਾਨਾਂ ਨੂੰ ਵੀ ਪੈਂਦਾ ਹੈ ਤੇ ਸਰਕਾਰ ਦੇ ਬਿਜਲੀ ਵਿਭਾਗਨੂੰ ਵੀ। ਫਾਇਦਾ ਹੋਰਨਾਂ ਸੂਬਿਆਂ ਦੇ ਖਪਤਕਾਰਾਂ ਨੂੰ ਹੁੰਦਾ ਹੈ। ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਪੰਜਾਬ ਦੇ ਪਾਣੀਆਂ, ਜ਼ਮੀਨਾਂ, ਕਿਸਾਨਾਂ ਤੇ ਵਾਤਾਵਰਨਦੀ ਵੈਰੀ ਬਣ ਬੈਠੀ ਹੈ। ਮੁਫ਼ਤ ਦੀ ਖੁੱਲ੍ਹੀ ਬਿਜਲੀ ਨਾਲੋਂ ਸਸਤੀ ਅੱਧੀ ਬਿਜਲੀ ਨਾਲ ਸਭ ਦਾ ਸਰ ਸਕਦਾ ਹੈ।

ਇਹ ਮੰਨਿਆ ਹੋਇਆ ਤੱਥ ਹੈ ਕਿ ਮੁਫ਼ਤ ਦੀ ਕੋਈ ਵੀ ਚੀਜ਼ ਵਸਤ ਹੋਵੇ ਉਸ ਦੀ ਫਜ਼ੂਲ ਵਰਤੋਂ ਹੁੰਦੀ ਹੀਹੁੰਦੀ ਹੈ। ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਨਜਾਇਜ਼ ਵੀ ਵਰਤੀ ਜਾਂਦੀ ਹੈ। ਬੰਬੀਆਂ 'ਤੇ ਰੱਖੇ ਦੇਸੀ ਹੀਟਰ ਦੋ ਚਾਰ ਕੱਪ ਚਾਹ ਬਣਾਉਂਦਿਆਂ ਦੋ ਚਾਰ ਸੌ ਦੀ ਬਿਜਲੀ ਫੂਕ ਦਿੰਦੇ ਹਨ। ਜੇਕਰ ਬਿਜਲੀ ਕਿਸਾਨਾਂ ਨੂੰ ਮੀਟਰਾਂ ਉੱਤੇ ਸਸਤੀ ਤੇ ਚੌਵੀ ਘੰਟੇ ਮਿਲੇ ਤਾਂ ਉਹ ਇੱਕ ਯੂਨਿਟ ਵੀ ਵਾਧੂ ਨਹੀਂ ਬਾਲਣਗੇ। ਨਾ ਹੀ ਝੋਨੇ ਨੂੰ ਬੇਲੋੜਾ ਪਾਣੀ ਦੇਣਗੇ। ਮੁੱਲ ਦੀ ਸਸਤੀ ਬਿਜਲੀ ਨਾਲ ਝੋਨੇ ਦੀ ਥਾਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬੀਜੀਆਂ ਜਾਣਗੀਆਂ ਜਿਸ ਨਾਲ ਪਾਣੀ ਦੀ ਬਚਤ ਹੋਵੇਗੀ ਜੋ ਪੰਜਾਬ ਦੀ ਜਿੰਦ ਜਾਨ ਹੈ।

ਇਸ ਲਈ ਮੁਫ਼ਤ ਬਿਜਲੀ ਦੇਣ ਦੀ ਸਾਲਾਨਾ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਬਸਿਡੀ ਟਿਊਬਵੈੱਲਾਂ ਨੂੰ ਦੇਣ ਦੀ ਥਾਂ ਉਹੀ ਸਬਸਿਡੀ ਕਿਸਾਨਾਂਨੂੰ ਖੇਤਾਂ ਪ੍ਰਤੀ ਦੇਣੀ ਚਾਹੀਦੀ ਹੈ ਜਿਸ ਨਾਲ ਕਿਸਾਨ ਆਪਣੇ ਖੇਤ ਪੱਧਰ ਕਰੇ, ਖੇਤਾਂ ਦੀ ਮਿੱਟੀ ਜ਼ਰਖੇਜ਼ ਬਣਾਵੇ, ਖੇਤੀਬਾੜੀ ਦੇ ਸੰਦ ਲਵੇ, ਪਸ਼ੂਆਂ ਦੇ ਢਾਰੇ ਛੱਤੇ, ਪਾਣੀ ਬਚਾਉਣ ਲਈ ਜ਼ਮੀਨਦੋਜ਼ ਪਾਈਪਾਂ ਪਾਵੇ, ਫੁਹਾਰੇ ਲਾਵੇ, ਉਜਾੜੇ ਤੋਂ ਵਾੜਾਂ ਕਰੇ ਤੇ ਆਪਣੇ ਫਾਰਮ ਸੁਧਾਰੇ। ਇਹ ਪੈਸਾ ਕਿਸਾਨ ਦੀ ਜ਼ਮੀਨ ਨੂੰ ਹੋਰ ਉਪਜਾਊ ਬਣਾਵੇਗਾ ਨਾ ਕਿ ਆਪਣੀ ਹੀ ਜ਼ਮੀਨ ਦਾ ਪਾਣੀ ਖਿੱਚ ਕੇ ਜ਼ਮੀਨ ਨੂੰ ਮਾਰੂਥਲਬਣਾਵੇਗਾ।

ਪਰ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਵੀ ਤਦ ਹੀ ਨਿਕਲਿਆ ਜਾ ਸਕੇਗਾ ਜਦਕਿਸਾਨਾਂ ਨੂੰ ਝੋਨਾ ਨਾ ਲਾਉਣ ਲਈ ਆਰਥਿਕ ਮਦਦ ਮਿਲੇਗੀ। ਡਾ. ਜੌਹਲ ਨੇ 1985 ਦੀ ਰਿਪੋਰਟ ਵਿੱਚ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਝੋਨਾ ਨਾ ਬੀਜਣ ਵਾਲੇ ਕਿਸਾਨਾਂ ਨੂੰ ਇੱਕ ਹੈਕਟਰ ਪ੍ਰਤੀ 16 ਹਜ਼ਾਰ ਰੁਪਏ ਨਕਦ ਦਿੱਤੇ ਜਾਣ। ਅਜੋਕੀ ਮਹਿੰਗਾਈ 'ਚ ਇਹ ਰਕਮ ਕਿਤੇ ਵੱਧ ਬਣੇਗੀ।

ਸਰਕਾਰ ਇਹ ਸਮਝ ਲਵੇ ਕਿ ਉਹ ਪ੍ਰਤੀ ਏਕੜ 10 ਹਜ਼ਾਰ ਤੋਂ 20 ਹਜ਼ਾਰ ਰੁਪਈਆਂ ਦੀ ਜੋਬਿਜਲੀ ਕਿਸਾਨਾਂ ਨੂੰਮੁਫ਼ਤ ਦੇ ਰਹੀ ਹੈ ਉਹੀ ਪੈਸੇ ਕਿਸਾਨਾਂ ਨੂੰ ਝੋਨੇ ਦੀ ਥਾਂ ਹੋਰ ਫਸਲਾਂ ਬੀਜਣ ਲਈ ਦੇਵੇ। ਇੰਜ ਝੋਨੇ ਹੇਠੋਂ ਰਕਬਾ ਨਿਕਲੇਗਾ ਤੇ ਹੋਰ ਫਸਲਾਂ ਹੇਠ ਵਧੇਗਾ। ਸਾਉਣੀ ਦੀਆਂ ਫਸਲਾਂ ਮੱਕੀ, ਬਾਜਰਾ, ਜੁਆਰ, ਸਬਜ਼ੀਆਂ ਤੇ ਦਾਲਾਂ ਆਦਿ ਨੂੰ ਲਾਹੇਵੰਦੇ ਸਮੱਰਥਨ ਮੁੱਲ 'ਤੇ ਖਰੀਦਣਾ ਵੀ ਯਕੀਨੀ ਬਣਾਵੇ। ਇਹ ਨਾ ਹੋਵੇ ਕਿ ਝੋਨੇ ਦੀ ਥਾਂ ਹੋਰ ਫਸਲਾਂ ਬਿਜਵਾ ਕੇ ਸਰਕਾਰ ਖਰੀਦੇ ਹੀ ਨਾ। ਪੰਜਾਬ ਵਿਚ ਜੇਕਰ ਮੱਕੀ, ਕਣਕ-ਝੋਨੇ ਦੇ ਭਾਅ ਹੀ ਖਰੀਦੀ ਜਾਣੀ ਕਾਨੂੰਨੀ ਬਣਾਈ ਜਾਵੇ ਤਾਂ ਕਿਸਾਨ ਮੱਕੀ ਬੀਜਣ ਵੱਲ ਮੋੜਾ ਪਾ ਸਕਦੇ ਹਨ। ਪਹਿਲਾਂ ਮੱਕੀ ਤੇ ਕਣਕ ਹੀ ਮੁੱਖ ਫਸਲਾਂ ਹੁੰਦੀਆਂ ਸਨ। ਇਹਦੇ ਨਾਲ ਵੀ ਝੋਨੇ ਹੇਠ ਰਕਬਾ ਘਟੇਗਾ ਅਤੇ ਪਾਣੀ ਤੇ ਬਿਜਲੀ ਦੀ ਬੱਚਤ ਹੋਵੇਗੀ। ਬਾਸਮਤੀ ਦੀ ਫਸਲ ਝੋਨੇ ਤੋਂ ਘੱਟ ਪਾਣੀ ਲੈਂਦੀ ਹੈ। ਬਾਸਮਤੀ ਦਾ ਘੱਟੋਘੱਟ ਸਮੱਰਥਨ ਮੁੱਲ ਵੀ ਕੇਂਦਰ ਸਰਕਾਰ ਤੈਅ ਕਰੇ। ਹੁਣ ਇਹ ਕਦੇ ਬੇਹੱਦ ਮਹਿੰਗੀ ਵਿਕਦੀ ਹੈ, ਕਦੇ ਬੇਹੱਦ ਸਸਤੀ। ਵੋਟਾਂ ਵਟੋਰਨ ਦਾ ਆਰਜ਼ੀ ਫਾਇਦਾ ਛੱਡ ਕੇ, ਸਾਰੀਆਂ ਹੀ ਰਾਜਸੀ ਪਾਰਟੀਆਂ ਨੂੰ ਪੰਜਾਬ ਦੇ ਤੇ ਕਿਸਾਨਾਂ ਦੇ ਭਲੇ ਬਾਰੇ ਸੋਚਣਾ ਚਾਹੀਦੈ। ਉਨ੍ਹਾਂ ਨੂੰ ਸਪੱਸ਼ਟ ਸਟੈਂਡ ਲੈਣਾ ਚਾਹੀਦੈ ਕਿ ਟਿਊਬਵੈੱਲਾਂ ਨੂੰ ਬਿਜਲੀ ਮੁਫ਼ਤ ਨਹੀਂ ਸਗੋਂ ਸਸਤੀ ਦਿੱਤੀ ਜਾਵੇਗੀ ਜੋ ਚੌਵੀ ਘੰਟੇ ਮਿਲੇਗੀ। ਕਿਸਾਨ ਵੀ ਮੁਫ਼ਤ ਵਿੱਚ ਅੱਠ ਘੰਟੇ ਬਿਜਲੀ ਮੰਗਣ ਦੀ ਥਾਂ ਚੌਵੀ ਘੰਟੇ ਸਸਤੀ ਬਿਜਲੀ ਦੀ ਮੰਗ ਕਰਨ। ਹੁਣ ਤਾਂ ਉਹ ਆਪਣੇ ਰੁੱਖ ਦੀਆਂ ਜੜ੍ਹਾਂ ਆਪ ਹੀ ਵੱਢੀ ਜਾ ਰਹੇ ਹਨ!

ਪੰਜਾਬ ਪੈਦਾਵਾਰ ਕਰਨ 'ਚ ਕਿਸੇ ਤੋਂ ਪਿੱਛੇ ਨਹੀਂ ਪਰ ਵਪਾਰ ਕਰਨ ਵਿਚ ਫਾਡੀ ਰੱਖਿਆ ਹੋਇਐ। ਦੇਸ਼ ਦੇ ਖ਼ੁਸ਼ਹਾਲ ਭਵਿੱਖ ਲਈ ਹਿੰਦ-ਪਾਕਿ ਦੇ ਦੋਹਾਂ ਪੰਜਾਬਾਂ ਵਿਚ ਦੀ ਸੜਕੀ ਵਪਾਰ ਕਰਨ ਦੇ ਸਰਹੱਦੀ ਲਾਂਘੇ ਖੁਲ੍ਹਵਾਉਣੇ ਦੋਹਾਂ ਪੰਜਾਬਾਂ ਤੇ ਹਿੰਦ-ਪਾਕਿ ਦੇ ਸਭ ਤੋਂ ਵੱਡੇ ਮੁੱਦੇ ਹਨ। ਭਾਰਤ-ਪਾਕਿ ਵਿਚਕਾਰ ਦੁਸ਼ਮਣੀ ਦੀ ਥਾਂ ਦੋਸਤੀ ਹੀ ਦੋਹਾਂ ਦੇਸ਼ਾਂ ਦੇ ਖੁਸ਼ਹਾਲ ਹੋਣ ਦੀ 'ਗਰੰਟੀ ਹੋ ਸਕਦੀ ਹੈ।

*principalsarwansingh@gmail.com*

# ਯੂਰਪੀ ਸੰਘ ਦੀਆਂ ਚੋਣਾ, ਸੱਜ ਪਿਛਾਖੜ ਦੀ ਜਿੱਤ ਖਤਰੇ ਦੀ ਘੰਟੀ

ਜਗਦੀਸ਼ ਸਿੰਘ ਚੋਹਕਾ
91-9217997445
001-403-285-4208



ਸੰਸਾਰ ਆਰਥਿਕ ਵਾਧਾ ਦਰ ਬੜੀ ਤੇਜ਼ੀ ਨਾਲ ਹੇਠਾਂ ਵਲ ਜਾ ਰਹੀ ਹੈ। ਇਹ ਇਕ ਸਰਵਜਨਕ ਮੰਦੀ ਦਾ ਪ੍ਰਗਟਾਵਾ ਹੈ ਜੋ ਪਿਛਲੇ 80-ਸਾਲਾਂ ਅੰਦਰ ਦੋ ਵਾਰੀ ਇਕ ਦਹਾਕੇ ਅੰਦਰ ਪਨਪ ਰਿਹਾ ਹੈ। ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ 2023 ਦੌਰਾਨ ਸੰਸਾਰ ਵਿਕਾਸ ਵਾਧਾ ਦਰ 3.00 ਫੀ ਸਦ ਤੋਂ ਹੇਠਾਂ ਖਿਸਕ ਦੇ 1.7 ਫੀ ਸਦ ਆ ਗਈ ਹੈ ! ਯੂਰਪੀ-ਸੰਘ ਦੀ ਵਾਧਾ ਦਰ ਜ਼ੀਰੋ ਫੀ ਸਦ ਜੋ 2023 'ਚ ਸਮਝੀ ਜਾਂਦੀ ਸੀ, ਦੌਬਾਰਾ ਦੁਹਰਾਈ ਬਾਅਦ 1.9 ਫੀ ਸਦ ਅੰਕ ਹੇਠਾਂ ਹੋਰ ਜਾਣ ਦੀ ਕਿਆਸ-ਰਾਈ ਕੀਤੀ ਗਈ ਹੈ ! ਉਪਰੋਕਤ ਸੰਸਾਰ ਆਰਥਿਕ ਰਿਪੋਰਟਾਂ ਅਨੁਸਾਰ ਮੰਦਾ ਹੋਰ ਭਿਆਨਕ ਰੂਪ ਧਾਰਨ ਕਰਕੇ, 'ਗਰੀਬੀ ਵੱਧੇਗੀ ! ਕੌਮਾਂਤਰੀ ਕਿਰਤ ਸੰਸਥਾ ਦੀ ਸੰਸਾਰ ਰੁਜ਼ਗਾਰ ਤੇ ਸਮਾਜਕ ਆਲਾ-ਦੁਆਲਾ ਰਿਪੋਰਟ ਜਨਵਰੀ, 2023 ਅਨੁਸਾਰ ਕਿਰਤ ਮੰਡੀ ਅੰਦਰ 52-ਮਿਲੀਅਨਜ਼ ਪੂਰੀ ਦਿਹਾੜੀ ਵਾਲੇ ਕੰਮ-ਘੰਟਿਆਂ ਵਿੱਚ ਕਸਾਰਾ ਆਇਆ। ਕਿਰਤ-ਸ਼ਕਤੀ ਹਿਸੇਦਾਰੀ 1.2 ਫੀ ਸਦ ਤੋਂ ਹੇਠਾਂ ਹੀ ਰਹੇਗੀ ? ਸੰਸਾਰ ਮੁਦਰਾ ਸਫੀਤੀ ਖੁਰਾਕੀ ਵਸਤਾਂ 'ਚ ਪਹਿਲਾ ਨਾਲੋ 14- ਫੀ ਸਦ ਉਪਰ ਜਾਵੇਗੀ। "ਆਕਸਫਾਮ" ਨੇ ਇਕ ਰਿਪੋਰਟ ਵਿੱਚ ਕਿਹਾ ਹੈ ਕਿ ਅਮੀਰ ਹੀ ਵੱਧਣ-ਫੁੱਲਣਗੇ ਜੋ ਸੰਸਾਰ ਅੰਦਰ ਇਕ ਫੀ ਸਦ ਹੁੰਦੇ ਹੋਏ ਏਨੀ ਸੰਪਤੀ ਦੇ ਮਾਲਕ ਬਣ ਜਾਣਗੇ ਜਿਨੀ 99- ਫੀ ਸਦ ਬਾਕੀ ਲੋਕਾਂ ਪਾਸ ਹੋਵੇਗੀ ? ਸੰਸਾਰ ਪੂੰਜੀਵਾਦੀ ਸੰਕਟ ਹੋਰ ਗੈਹਰਾ ਹੋਣ ਕਾਰਨ ਬੇਰੁਜ਼ਗਾਰੀ, ਆਰਿਥਕ ਨਾ-ਬਰਾਬਰਤਾ ਅਤੇ ਗਰੀਬੀ 'ਚ ਵਾਧਾ ਹੋਣਾ ਵੀ ਲਾਜ਼ਮੀ ਹੈ ! ਇਸ ਵਿਰੁੱਧ ਲੋਕ-ਰੋਹ ਵੀ ਪੈਦਾ ਹੋਣਾ ਲਾਜ਼ਮੀ ਹੈ।

ਯੂਰਪ ਅੰਦਰ ਵੀ ਜਿਓ ਜਿਓ ਸੰਸਾਰ ਆਰਥਿਕਤਾ ਉਪਰ ਵਿਤੀ ਪੂੰਜੀ ਦੀ ਪਕੜ ਹੋਰ ਮਜ਼ਬੂਤ ਹੁੰਦੀ ਜਾਂਦੀ ਗਈ, ਸੰਸਾਰ ਪੂੰਜੀਵਾਦੀ ਸੰਕਟ ਵੀ ਉਥੇ ਵੱਧ ਰਿਹਾ ਹੈ।ਇਕ ਪਾਸੇ ਪੂੰਜੀਵਾਦੀ ਯੂਰਪੀ ਸਰਕਾਰਾਂ ਨੇ ਜਿਥੇ ਆਰਥਿਕ ਉਦਾਰੀਵਾਦੀ ਨੀਤੀਆਂ ਰਾਹੀਂ ਜਿਨ੍ਹਾਂ ਅਧੀਨ, ਪੂੰਜੀਪਤੀ ਅਤੇ ਘਰਾਣਿਆ ਨੂੰ ਅਥਾਹ ਮੁਨਾਫ਼ੇ ਕਮਾਉਣ ਲਈ ਹੁਣ ਖੁਲ੍ਹੀਆਂ ਛੋਟਾਂ ਹਨ। ਉਂਝ ਸਾਲ 1991 ਤੋਂ ਬਾਦ ਸੋਵੀਅਤ ਰੂਸ ਅਤੇ ਪੂਰਬੀ ਸਮਾਜਵਾਦੀ ਯੂਰਪੀ ਦੇਸ਼ਾਂ ਦੇ ਬਲਾਕ ਦੇ ਖੇਰੂ-ਖੇਰੂ ਹੋਣ ਤੋਂ ਪਹਿਲਾਂ ਜੋ ਕਦੀ ਯੂਰਪ ਦੇ ਦੇਸ਼ਾਂ ਅੰਦਰ ਅੱਧ-ਪਚੱਧੀਆ ਸਮਾਜਕ ਸੁਰੱਖਿਆਅਤੇ ਹੋਰ ਆਰਥਿਕ ਸਹੂਲਤਾਂ ਦਿੱਤੀਆਂ ਸਨ ਹੁਣ ਇਕ-ਇਕ ਕਰਕੇ ਉਹ ਖੁਰ ਗਈਆਂ ਹਨ। ਭਾਵੇਂ ਯੂਰਪੀ ਯੂਨੀਅਨ ਦੇ 27-ਦੇਸ਼ਾਂ ਦੀ ਪਾਰਲੀਮੈਂਟ ਨੇ ਵੀ ਪਿਛਲੇ ਸਮੇਂ, '1-ਲੱਖ, 80 ਹਜ਼ਾਰ ਕਰੋੜ ਯੂਰੋ (22-ਖਰਬ ਡਾਲਰ) ਦੇ ਪੈਕੇਜ ਦਾ ਆਪਣੇ ਬਜਟ ਰਾਹੀਂ ਭੁਗਤਾਨ ਕੀਤਾ ਸੀ। ਪਰ ਇਸ ਪੈਕੇਜ ਨੇ ਕਿਰਤੀ ਲੋਕਾਂ ਅਤੇ ਮੱਧ-ਵਰਗ ਨੂੰ ਕੋਈ ਬਹੁਤਾ ਲਾਭ ਨਹੀਂ ਦਿਤਾ ਸੀ, ਸਗੋਂ ਇਹ ਵੱਡੇ ਕਾਰੋਬਾਰੀਆਂ ਅਤੇ ਵਿਤੀ-ਪੂੰਜੀ ਨੂੰ ਹੀ ਇਕ ਤੋਹਫਾ ਸਾਬਤ ਹੋਇਆ ਸੀ। ਇਹੀ ਕਾਰਨ ਹੈ ਕਿ ਯੂਰਪ ਦੀ ਵੱਡੀ ਗਿਣਤੀ ਵਿੱਚ ਲੋਕ ਉਥੋਂ ਦੀ ਸੱਜ-ਪਿਛਾਖੜ ਸੋਚ ਵਾਲੀਆਂ ਸੱਜੇ ਪੱਖੀ ਰਾਜਨੀਤਕ ਪਾਰਟੀਆ ਨਾਲ ਜੁੜੇ ਹਨ ਕਿਉਂਕਿ ਪ੍ਰਤੀਕਿਰਿਆ ਵਾਦੀ ਤਾਕਤਾਂ ਅਤੇ ਰਾਜਨੀਤੀ ਨੇ ਲੋਕਾਂ ਦੀਆਂ ਭਾਵਨੀਤਕ ਭਾਵਨਾਵਾਂ ਨੂੰ ਛੇਤੀ ਹੀ ਭੜਕਾਅ ਕੇ ਆਪਣੇ ਹਿਤ ਲਈ ਵਰਤਿਆ ਹੈ। ਜਿਸ ਦਾ ਪ੍ਰਗਟਾਵਾ 6-9 ਜੂਨ 2024 ਦੇ ਪਹਿਲੇ ਤੇ ਦੂਸਰੇ ਹਫਤੇ ਦੌਰਾਨ ਯੂਰਪੀ-ਸੰਘ ਦੀਆਂ ਚੋਣਾਂ ਅੰਦਰ ਹੋਇਆ ਹੈ। 27-ਦੇਸ਼ਾਂ ਦੀਆਂ ਵਿਭਾਜਨਕਾਰੀ, ਨਸਲਵਾਦੀ, ਅੰਧਰਾਸ਼ਟਰ ਵਾਦੀ, ਧਾਰਮਿਕ, ਕੱਟੜਵਾਦੀ ਤੇ ਸੰਕੀਰਨਵਾਦੀ ਪਾਰਟੀਆਂ ਮਜ਼ਬੂਤ ਹੋ ਕੇ ਅੱਗੇ ਆਈਆਂ। ਲੋਕਾਂ ਦਾ ਇਹ ਪ੍ਰਗਟਾਵਾ ਉਥੋ ਦੀਆਂ ਹਾਕਮ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆ ਵਿਰੁਧ ਵੀ ਇਕ ਰੋਸ ਹੈ !

ਹਰ 5-ਸਾਲਾਂ (2019-2024) ਬਾਦ ਯੂਰਪੀ ਯੂਨੀਅਨ ਦੇ 27 ਦੇਸ਼ਾਂ ਵਲੋਂ 720-ਸੀਟਾਂ ਲਈ ਕੌਮੀ ਸੁਰੱਖਿਆ ਅਤੇ ਕੌਮਾਂਤਰੀ ਨੀਤੀਆਂ ਨੂੰ ਮੁੱਖ ਰੱਖਦੇ ਸੰਗਠਨ ਲਈ ਚੋਣਾਂ ਕਰਾਈਆਂ ਜਾਂਦੀਆਂ ਹਨ। ਇਸ ਵਾਰ ਇਹ ਚੋਣਾਂ 6-9 ਜੂਨ, 2024 ਤਕ ਹੋਈਆ ਅਤੇ ਇਨ੍ਹਾਂ ਚੋਣਾਂ ਅੰਦਰ ਧੁਰ ਸੱਜੇ ਪੱਖੀ ਰਾਜਨੀਤੀ ਨੇ ਸਫਲਤਾ ਪ੍ਰਾਪਤ ਕੀਤੀ ਹੈ। ਕੇਂਦਰੀ ਮੁੱਖ ਬਲਾਕ, 'ਸੱਜੀ ਯੂਰਪ ਲੋਕ ਪਾਰਟੀ (ਈ.ਪੀ.ਪੀ.) ਨੇ 26-ਫੀ ਸਦ ਅਤੇ 189 ਸੀਟਾਂ ਤੇ ਜਿਤ ਪ੍ਰਾਪਤ ਕੀਤੀ ਜਿਸ ਪਾਸ ਪਹਿਲਾ 182 ਸੀਟਾਂ ਸਨ। ਕੇਂਦਰੀ ਐਸ ਐਂਡ ਡੀ ਨੇ 19- ਫੀ ਸਦ ਵੋਟਾਂ ਅਤੇ 135 ਸੀਟਾਂ ਤੇ ਜਿਤ ਪ੍ਰਾਪਤ ਕੀਤੀ ਹੈ। ਧੁਰ ਸੱਜ-ਪਿਛਾਖੜ ਧੜਾ (ਈ.ਸੀ. ਐਂਡ ਆਰ) ਨੇ 10 ਫੀ ਸਦ ਵੋਟਾਂ ਅਤੇ 76 ਸੀਟਾਂ ਹਥਿਆਈਆਂ। ਪ੍ਰੋ-ਯੂਰਪੀ ਤੇ ਪ੍ਰੋਗਰੈਸਿਵ ਖੱਬੇ-ਸੈਂਸਾ ਲਿਸਟ (ਆਰ.ਈ.) ਕੋਲੀਸ਼ਨ ਨੇ 11-ਫੀਸਦ ਵੋਟਾ ਅਤੇ 79 ਸੀਟਾ ਪ੍ਰਾਪਤ ਕੀਤੀਆਂ ਹਨ। ਗ੍ਰੀਨ ਪਾਰਟੀ ਫਰੀ ਅਲਾਇਸ (ਜੀ.ਈ.ਐਫ.ਏ.) ਨੂੰ 7-ਫੀ ਸਦ ਵੋਟਾ ਅਤੇ 53 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਇਨ੍ਹਾਂ ਚੋਣਾ ਵਿੱਚ ਯੂਰਪ ਦੀ ਰਾਜਨੀਤੀ ਅੰਦਰ ਸੱਜ ਪਿਛਾਖੜ ਸੋਚ ਅਤੇ ਰਾਜਨੀਤਕ ਪ੍ਰਭਾਵ ਹੋਰ ਮਜ਼ਬੂਤ ਹੋਇਆ ਹੈ। ਇਹ ਸਭ ਕੁਝ ਉਦਾਰਵਾਦੀ ਰੁਝਾਨਾਂ ਦੇ ਉਲਟ ਨਤੀਜੇ ਹਨ।

ਸੰਘ ਤੋਂ ਬਾਹਰ ਯੂ.ਕੇ. ਦੀ ਸੰਸਦ ਨੇ ਇਨ੍ਹਾਂ ਚੋਣਾਂ ਦੇ ਨਤੀਜਿਆ ਤੋਂ ਪਹਿਲਾ ਹੀ ਪ੍ਰਧਾਨਮੰਤਰੀ ਰਿਸ਼ੀ ਸੁਨਕ ਭੰਗ ਕਰਕੇ ਜੁਲਾਈ ਵਿੱਚ ਚੋਣਾ ਕਰਾਉਣ ਦਾ ਐਲਾਨ ਕਰ ਦਿੱਤਾ ਹੋਇਆ ਹੈ। ਇਸੇ ਤਰ੍ਹਾਂ ਫਰਾਂਸ ਦੇ ਰਾਸ਼ਟਰਪਤੀ ਇਮੈਕਰੋਨ ਨੇ ਇਨ੍ਹਾਂ ਚੋਣਾ ਬਾਅਦ ਕੁਲੀਸ਼ਨ ਦੀ ਹਾਰ ਬਾਦ ਸੰਸਦ ਭੰਗ ਕਰਕੇ ਚੋਣਾਂ ਦਾ ਐਨਾਲ ਕੀਤਾ ਹੈ। ਜਰਮਨ ਅੰਦਰ ਵੀ ਅਲਟਰਨੇਟਿਵ ਫਾਰ ਜਰਮਨੀ, ਪਾਰਟੀ ਜੋ ਸੱਜੇ ਪੱਖੀ ਪ੍ਰਭਾਵ ਰੱਖਦੀ ਹੈ ਉਹ ਮਜ਼ਬੂਤ ਹੋ ਕੇ ਉਭਰੀ ਹੈ। ਭਾਵੇਂ ਕਿ ਉਸ ਦੇ ਕਈ ਆਗੂਆਂ ਦੇ ਨਾਂ ਪਿਛਲੇ ਕਈ ਘੁਟਾਲਿਆਂ 'ਚ ਆਉਂਦੇ ਰਹੇ ਹਨ। ਜਰਮਨੀ ਯੂਰਪ ਅੰਦਰ 27-ਦੇਸ਼ਾਂ ਦੀ ਯੂਨੀਅਨ ਦਾ ਸਭ ਤੋਂ ਵੱਡਾ ਦੇਸ਼ ਹੈ। ਇਸ ਪਾਰਟੀ ਨੇ 2019 'ਚ 11-ਫੀ ਸਦ ਮਤ ਪ੍ਰਾਪਤ ਕੀਤਾ ਸੀ, ਪਰ ਇਸ ਵਾਰ 16.5 ਫੀ ਸਦ ਵੋਟਾ ਪ੍ਰਾਪਤ ਕੀਤੀਆਂ ਹਨ। ਜਦਕਿ ਜਰਮਨ 'ਚ ਰਾਜ ਕਰ ਰਿਹਾ ਤਿੰਨ ਪਾਰਟੀਆਂ ਦਾ ਗਠਜੋੜ ਮਹਿਜ 30-ਫੀ ਸਦ ਵੋਟਾ ਹੀ ਪ੍ਰਾਪਤ ਕਰਨ 'ਚ ਕਾਮਯਾਬ ਰਿਹਾ ਹੈ। ਹੁਣ ਜਰਮਨ ਵਿੱਚ ਅਲਟਰਨੇਟਿਵ ਫਾਰ ਜਰਮਨੀ ਦੇਸ਼ ਦੇ ਚਾਂਸਲਰ (ਰਾਸ਼ਟਰਪਤੀ) ਉਲਾਫ ਸੌਲਜ਼ ਦੀ ਸੋਸ਼ਲ ਡੈਮੋਕਰੇਟਿਕ ਪਾਰਟੀ ਨੂੰ ਡਿਗਾਉਣ ਲਈ ਕਾਫੀ ਮਜ਼ਬੂਤ ਹੈ। ਆਏ ! ਇਹ ਰਾਜਨੀਤਕ ਰੁਝਾਨ, ਜਰਮਨੀ ਅੰਦਰ 1930 ਤੋਂ ਬਾਅਦ ਮਜ਼ਬੂਤ ਹੋਏ ਹਿਟਲਰ ਦੇ ਨਾਜ਼ੀਵਾਦੀ ਉਭਾਰਾਂ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਯੂਰਪੀ ਸੰਸਦਰ ਅੰਦਰ ਇਹ ਪਾਰਟੀ ਸਭ ਤੋਂ ਵੱਡੀ ਸ਼ਕਤੀ ਬਣਕੇ ਉਭਰੀ ਹੈ।

ਯੂਰਪੀ ਸੰਘ ਜੋ ਯੂਰਪ ਦੇ 27-ਦੇਸ਼ਾਂ ਦਾ ਸੰਗਠਨ ਹੈ, ਜੋ ਆਪਣੇ ਮੈਂਬਰ ਦੇਸ਼ਾਂ ਦੇ ਹਿਤਾਂ ਲਈ ਇਕ ਰਾਜਸੀ ਸੰਗਠਨ ਹੈ, ਜਿਸ ਦੇ ਮੈਂਬਰਾਂ ਦੀ ਗਿਣਤੀ 40-ਕਰੋੜ ਹੈ। ਇਸ ਦਾ ਸਦਰ -ਮੁਕਾਮ ਬਰੱਸਲ ਅਤੇ ਲਕਸਮ-ਬਰਗ ਹੈ। ਯੂਰਪੀ ਸੰਘ ਦੀ ਛੱਤਰੀ ਹੇਠ 100 ਤੋਂ ਵੱਧ ਜੱਥੇਬੰਦੀਆਂ ਜਿਸ ਅਧੀਨ, ਵਿਆਹ, ਟਰਾਂਸ-ਰਾਈਟਸ, ਜਣਨ-ਆਜਾਦੀ, ਐਲ.ਜੀ. ਬੀ.ਟੀ. ਕਿਊ. ਆਈ. ਵਿਰੁਧ ਵਿਤਕਰਾ ਅਤੇ ਹੋਰ ਕਈ ਮੁਦਿਆਂ 'ਤੇ ਜੋ 2013 ਨੂੰ ਗੁਪਤ ਰੂਪ ਵਿੱਚ ਫੈਸਲੇ ਲਏ ਸਨ, ਲਾਗੂ ਕਰਾਉਂਦਾ ਹੈ। ਅਗਲੇ 5-ਸਾਲਾਂ ਲਈ ਯੂਨੀਅਨ ਗਰੀਨ, ਡਿਜੀਟਲ ਟਰਾਂਜੀਸ਼ਨ ਅਤੇ ਆਰਥਿਕਤਾ, ਸੁਰੱਖਿਆ, ਵਾਧਾ, ਅਤੇ ਪ੍ਰਵਾਸ ਆਦਿ ਮੁਦਿਆ ਤੇ ਕੰਮ ਕਰੇਗੀ। ਜੋ ਕਨਜ਼ਰਟਿਵ ਅਤਿ ਦੇ ਮੁਕਾਬਲੇ ਵਾਲੇ ਹੋਣਗੇ ? ਭਾਵੇਂ ਉਸ ਦੀ ਸੰਸਦ ਸਾਹਮਣੇ ਜਮਹੂਰੀ ਫੈਸਲੇ ਲੈਣਾ, ਜਮਹੂਰੀਅਤ ਦੀ ਬਹਾਲੀ, ਬੋਲਣ ਦਾ ਅਧਿਕਾਰ, ਨਿਰਪੱਖ ਚੋਣਾਂ ਨੂੰ ਸੰਸਾਰ ਅੰਦਰ ਬੜਾਵਾ ਦੇਣਾ ਵੀ ਹੈ । ਜਲਵਾਯੂ ਸਬੰਧੀ ਅਤੇ ਪ੍ਰਵਾਸ ਸਬੰਧੀ ਯੂਰਪੀ ਸੰਘ ਆਯੋਗ ਦੀ ਚੇਅਰਪਰਸਨ ਉਰਸੁਲਾ ਵਾਨਡੇਰ ਲੇਨ ਦੀ ਪਾਰਟੀ ਕ੍ਰਿਸ਼ਿਅਨ ਡੈਮੋਕ੍ਰੇਟਿਕ ਨੇ, 'ਇਨ੍ਹਾਂ ਚੋਣਾਂ ਤੋਂ ਪਹਿਲਾ ਹੀ ਉਪਰੋਕਤ ਮੁਦਿਆ 'ਤੇ ਸੱਜੇ ਪੱਖੀ ਮੋੜ ਕੱਟਿਆ ਸੀ। ਸੰਸਦ ਆਪਣੇ ਮੈਂਬਰ ਦੇਸ਼ਾਂ ਦੇ ਆਰਥਿਕ ਵਿਕਾਸ, ਵਪਾਰ-ਵਣਜ, ਰਾਜਨੀਤਕ ਮੁਦਿਆ ਆਦਿ ਨਾਲ ਜੁੜੀਆਂ ਨੀਤੀਆ ਤਹਿ ਕਰਦੀ ਹੈ। ਇਸ ਲਈ ਦੁਨੀਆ ਦੇ ਗਰੀਬ ਅਤੇ ਆਜ਼ਾਦ ਹੋਏ ਦੇਸ਼ ਜਿਹੜੇ ਕਦੀ ਯੂਰਪੀ ਸਾਮਰਾਜੀ ਬਸਤੀਵਾਦੀਆ ਦੇ ਜੂਲੇ ਹੇਠ ਰਹੇ ਸਨ, ਜਿਨ੍ਹਾਂ ਦੀ ਰਾਜਨੀਤੀ 'ਤੇ ਅਜੇ ਵੀ ਉਹਨਾਂ ਦਾ ਪ੍ਰਭਾਵ ਹੈ ਇਸ ਚੋਣ ਨਤੀਜਿਆ ਪ੍ਰਤੀ ਉਤਸਕ ਹਨ।

ਹੁਣੇ-ਹੁਣੇ ਯੂਰਪੀ ਸੰਘ ਦੀਆਂ ਹੋਈਆ ਚੋਣਾਂ ਦੇ ਨਤੀਜਿਆ ਦਾ ਪ੍ਰਭਾਲ ਅਤੇ ਦਬਾਅ ਸੰਸਾਰ ਦੇ ਵਣਜ-ਵਾਪਾਰ, ਜਲਵਾਯੂ, ਪ੍ਰਵਾਸ ਅਤੇ ਰਾਜਨੀਤੀ 'ਤੇ ਪੈਣਾ ਸ਼ੁਰੂ ਹੋ ਗਿਆ ਹੈ।ਇਹ ਪ੍ਰਭਾਵ ਸਭ ਤੋਂ ਪਹਿਲਾਂ ਕਿਰਤੀ ਵਰਗ ਦੇ ਰੁਜ਼ਗਾਰ ਅਤੇ ਪ੍ਰਵਾਸ ਤੇ ਰੋਕ ਲਾਏਗਾ ! ਹੁਣ ਕੰਮ ਕਰਨ ਲਈ ਭਾਵੇਂ ਕਿਸੇ ਵੀ ਕਿਰਤੀ ਨੂੰ ਸੰਘ ਦੇਸ਼ ਅੰਦਰ ਪ੍ਰਮਿਟ ਨਹੀਂ ਮਿਲੇਗਾ ? ਪਰ ਮੈਂਬਰ ਦੇਸ਼ਾਂ ਦੇ ਕਿਰਤੀ ਇਕ ਦੇਸ਼ ਤੋਂ ਦੂਸਰੇ ਦੇਸ਼ ਜਾ ਸਕਣਗੇ। ਭਾਵੇਂ ਕਿਹਾ ਜਾ ਰਿਹਾ ਹੈ ਕਿ ਮੈਂਬਰ ਦੇਸ਼ ਦਾ ਕਿਰਤੀ ਆਪਣੇ ਸਾਰੇ ਹੱਕਾਂ ਸਮੇਤ ਦੂਸਰੇ ਮੈਂਬਰ ਦੇਸ਼ ਅੰਦਰ ਬਿਨਾਂ ਰੋਕ-ਟੋਕ ਜਾ ਸੱਕੇਗਾ ? ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ 27-ਮੈਂਬਰ ਦੇਸ਼ਾਂ ਦੇ ਕਿਰਤੀਆਂ ਦੇ ਸਾਰੇ ਹੱਕ-ਹਕੂਕ ਉਸ ਦੇ ਦੂਸਰੇ ਦੇਸ਼ ਵਿੱਚ ਬਰ-ਕਰਾਰ ਰਹਿਣਗੇ ਜਾਂ ਨਹੀਂ ? ਪਰ ਜਿਥੇ ਵੀ ਸੱਜ ਪਿਛਾਖੜ ਰਾਜਨੀਤਕ ਪ੍ਰਭਾਵ ਮਜ਼ਬੂਤ ਹੋਇਆ ਉਥੇ ਦੀਆਂ ਪਹਿਲੀਆਂ ਜਮਹੂਰੀ, ਧਰਮ ਨਿਰਪੱਖ ਅਤੇ ਲੋਕ ਪੱਖੀ ਸ਼ਕਤੀ ਦੀਆਂ ਸਰਕਾਰਾਂ ਵਲੋਂ ਲਾਗੂ ਕੀਤੀਆਂ ਸਾਕਾਰਾਤਮਕ ਨੀਤੀਆ ਅਤੇ ਲਹਿਰਾਂ ਨੂੰ ਢਾਅ ਹੀ ਲੱਗੀ ਹੈ। ਦੇਖੋ ? ਭਾਰਤ ਅੰਦਰ 2014 ਤੋਂ ਰਾਜਨੀਤੀ ਦੇ ਕਾਬਜ ਹੋਈ ਅਤਿ ਦੀ ਸੱਜੇ ਪੱਖੀ ਤੇ ਏਕਾ ਅਧਿਕਾਰਵਾਦੀ ਬੀ.ਜੇ.ਪੀ. ਦਾ ਕਿਰਦਾਰ ਅਤੇ ਅਮਲ ਨੇ ਦੇਸ਼ ਨੂੰ ਇਕ ਭਿਆਨਕ ਇਕ ਪਾਸੜ ਤਾਨਾਸ਼ਾਹੀ ਵਲ ਤੋਰ ਦਿਤਾ ਸੀ। ਯੂਰਪ ਜਿਥੋਂ ਕਦੇ ਸੰਸਾਰ ਜਾਗਰੂਕਤਾ ਲਹਿਰਾ ਪੈਦਾ ਹੋਈਆਂ, ਧਰਮ ਨਿਰਪੱਖਤਾ ਅਤੇ ਜਮਹੂਰੀਅਤ ਨੂੰ ਜਨਮ ਹੀ ਨਹੀ ਦਿੱਤਾ ਸਗੋਂ ਮਜ਼ਬੂਤ ਕਰਕੇ ਸੰਸਾਰ ਅੰਦਰ ਬੀਅ ਬੀਜੇ ਸਨ, ਉਹਨਾਂ ਲਈ ਪਨਪੀ ਇਹ ਸੱਜ-ਪਿਛਾਖੜ ਰਾਜਨੀਤੀ ਇਕ ਗੰਭੀਰ ਚੁਣੌਤੀ ਹੋਵੇਗੀ ?

ਯੂਰਪੀ ਸੰਘ ਦੀਆਂ ਇਨ੍ਹਾਂ ਚੋਣਾਂ ਅੰਦਰ ਸੱਜ-ਪਿਛਾਖੜ ਰਾਜਨੀਤੀ ਵਾਲੀਆਂ ਪਾਰਟੀਆਂ ਦੇ ਮਜ਼ਬੂਤ ਹੋਣ ਨਾਲ ਸਭ ਤੋਂ ਵੱਡੀ ਸਟ ਦੁਨੀਆ ਦੀ ਕਿਰਤੀ ਜਮਾਤ ਦੇ ਹਿਤਾਂ, ਰੁਜ਼ਗਾਰ, ਵੇਜ਼ ਅਤੇ ਕਿਰਤੀ ਏਕਤਾ ਨੂੰ ਵੱਜੇਗੀ। ਭਾਰਤ ਦੇ ਵਿਦੇਸ਼ ਵਿਭਾਗ ਅਨੁਸਾਰ 2017 ਤਕ 2.83 ਮਿਲੀਅਨਜ਼ ਭਾਰਤੀ ਕਾਮੇ ਯੂਰਪੀ ਯੂਨੀਅਨ ਦੇਸ਼ਾਂ 'ਚ ਕੰਮ ਕਰ ਰਹੇ ਹਨ। ਸਭ ਤੋਂ ਵੱਧ ਯੂ.ਕੇ.64.54 ਫੀ ਸਦ, ਨੀਦਰਲੈਂਡ 8.31 ਫੀ ਸਦ, ਇਟਲੀ 6.98 ਫੀ ਸਦ, ਜਰਮਨੀ 6 ਫੀ ਸਦ, ਫਰਾਂਸ ਵਿੱਚ 3.86 ਫੀ ਸਦ ਆਦਿ ਦੇਸ਼ਾਂ ਅੰਦਰ ਕੰਮ ਕਰਦੇ ਹਨ। ਪਰ ਗੈਰ-ਕਾਨੂੰਨੀ ਦਾਖਲ ਹੋ ਕੇ ਕੰਮ ਕਰਦੇ ਹਜ਼ਾਰਾਂ ਭਾਰਤੀ ਕਾਮੇ ਪੁਰਤਗਾਲ, ਸਪੇਨ, ਗਰੀਸ, ਇਟਲੀ, ਮਾਲਟਾ ਆਦਿ ਦੇਸ਼ਾਂ ਅੰਦਰ ਲੁਕ-ਛਿਪਕੇ ਪੱਕੇ ਹੋਣ ਲਈ ਬੜਾ ਜ਼ੋਖਿਮ ਭਰਿਆ ਜੀਵਨ ਜੀਅ ਰਹੇ ਹਨ। ਮਾਲਟਾ ਹਾਦਸਾ ਅੱਜੇ ਭੁਲਿਆ ਨਹੀਂ ਹੈ, ਜਿਸ ਨੇ ਸੈਂਕੜੇ ਕਿਰਤੀ ਨਿਗਲ ਲਏ ਸਨ। ਕਰੋੜਾਂ ਰੁਪਿਆ ਭਾਰਤੀ ਕਾਮੇ ਕਮਾ ਕੇ ਯੂਰਪ ਵਿਚੋਂ ਭਾਰਤ ਨੂੰ ਭੇਜ ਰਹੇ ਹਨ। ਸਾਲ 2020 ਤਕ 87-ਮਿਲਅਨਜ਼ ਲੋਕ ਪ੍ਰਵਾਸ ਕਰਕੇ ਯੂਰਪ ਗਏ ਹਨ। ਇਸ ਵੇਲੇ ਸੰਸਾਰ ਪੂਜੀਵਾਦੀ ਅਰਥ-ਵਿਵੱਸਥਾ ਸੰਕਟ ਵਲ ਜਾ ਰਹੀ ਹੈ। ਇਹ ਉਥੇ ਦੇ ਹਾਕਮਾਂ ਦੀਆ ਉਦਾਰੀਵਾਦੀ ਨੀਤੀਆ ਦਾ ਹੀ ਸਿਟਾ ਹੈ। ਵੱਧ ਰਹੀ ਆਰਥਿਕ ਨਾ-ਬਰਾਬਰਤਾ, ਗਰੀਬੀ ਅਤੇ ਬੇਰੁਜ਼ਗਾਰੀ ਲਈ ਪੂੰਜੀਵਾਦੀ ਨੀਤੀਆਂ ਹੀ ਜਿੰਮੇਵਾਰ ਹਨ। ਪਰ ਲੋਕਾਂ ਅੰਦਰ ਉਪਰੋਕਤ ਹਲਾਤਾਂ ਕਾਰਨ ਵੱਧ ਰਹੀ ਬੇਚੈਨੀ ਨੂੰ ਸੱਜ-ਪਿਛਾਖੜ ਰਾਜਨੀਤੀ ਇਸ ਨੂੰ ਪ੍ਰਵਾਸ ਕਰਕੇ ਆਏ ਕਿਰਤੀਆ ਦੀ ਆਮਦ ਸਿਰ ਮੜ੍ਹਦੀ ਹੈ।

ਇਹ ਇਤਿਹਾਸਕ ਸੱਚ ਹੈ ਕਿ ਸੱਜ-ਪਿਛਾਖੜ ਰਾਜਨੀਤੀ ਆਪਣੇ ਰਾਜਸੀ ਅਤੇ ਮੰਤਵ ਲਈ ਵੰਡਵਾਦੀ ਨਾਹਰਿਆ, ਨਸਲਵਾਦ, ਅੰਧ-ਰਾਸ਼ਟਰਵਾਦ ਤੇ ਕੱਟੜਵਾਦ ਰਾਹੀਂ ਮਨਸੂਬਿਆਂ ਦੀ ਪੂਰਤੀ ਲਈ ਕਿਰਤੀ ਜਾਮਤ ਵਿੱਚ ਫੁੱਟ ਪਾਉਂਦੀ ਹੈ। ਇਸ ਲਈ ਕੌਮਾਂਤਰੀ ਕਿਰਤੀ ਏਕਤਾ ਰਾਹੀ ਇਨ੍ਹਾਂ ਵਿਭਾਜਨਵਾਦੀ ਤੇ ਫੁਟ ਪਾਊ ਸ਼ਕਤੀਆ ਵਿਰੁਧ ਵਿਸ਼ਾਲ ਕਿਰਤੀ ਏਕਤਾ ਉਸਾਰਕੇ ਲੜਨਾ ਪਏਗਾ ? ਕਿਰਤੀ ਜਮਾਤ ਦੇ ਸ਼ੋਸ਼ਣ ਲਈ ਮੁਖ ਜਿੰਮੇਵਾਰ ਪੂੰਜੀਵਾਦੀ ਰਾਜਨੀਤਕ ਪਾਰਟੀਆਂ ਦੀਆ ਉਦਾਰੀਵਾਦੀ ਆਰਥਿਕ ਨੀਤੀਆ ਨੂੰ ਨੰਗਾ ਕਰਨਾ ਸਮੇਂ ਦੀ ਲੋੜ ਹੈ। ਜਦੋਂ ਯੂਰਪ ਅੰਦਰ 1930 ਬਾਦ ਆਰਥਿਕ ਮੰਦਾ ਪਨਪਿਆ ਸੀ ਤਾਂ ਜਰਮਨ, ਇਟਲੀ, ਸਪੇਲ ਆਦਿ ਅੰਦਰ ਹਾਕਮ ਪਾਰਟੀਆਂ ਨੇ ਜਨਤਾ ਦੀਆਂ ਭਾਵਨਾਤਮਕ ਭਾਵਨਾਵਾਂ ਨੂੰ ਭੜਕਾਅ ਕੇ ਵੰਡਵਾਦੀ ਨਾਹਰਿਆ ਨਸਲਵਾਦ, ਅੰਧ-ਰਾਸ਼ਟਰਵਾਦ, ਸੰਕੀਰਨਵਾਦ ਰਾਹੀ ਨਾਜ਼ੀਵਾਦ ਅਤੇ ਫ਼ਾਸ਼ੀਵਾਦ ਨੂੰ ਜਨਮ ਦਿਤਾ ਸੀ। ਇਸ ਤੋਂ ਬਾਅਦ ਜੋ ਨੀਤਜੇ ਆਵਾਮ ਨੂੰ ਭੁਗਤਣੇ ਪਏ ਸਨ ਉਹਨਾਂ ਦੇ ਖੂਨੀ ਦਾਗ਼ ਅੱਜੇ ਵੀ ਮਿਟੇ ਨਹੀਂ ਹਨ ! ਭਾਰਤ ਅੰਦਰ ਵੀ ਅੰਧ-ਰਾਸ਼ਟਰਵਾਦ ਅਜੇ ਵੀ ਸੁਲਗ ਰਿਹਾ ਹੈ, ਭਾਰਤ ਦੀ ਕਿਰਤੀ ਜਮਾਤ ਅਤੇ ਜਮਹੂਰੀ ਲੋਕਾਂ ਨੂੰ ਹੁਣ ਹੋਰ ਵੀ ਸੁਚੇਤ ਹੋਣਾ ਪਏਗਾ। ਯੂਰਪੀ ਸੰਘ ਦੀਆਂ ਚੋਣਾਂ ਅੰਦਰ ਸੱਜ ਪਿਛਾਖੜ ਰਾਜਨੀਤੀ ਦਾ ਮਜ਼ਬੂਤ ਹੋਣਾ ਸਾਡੇ ਲਈ ਇਹ ਖਤਰੇ ਦੀ ਘੰਟੀ ਹੈ।

*Email-jagdishchohka@gmail.com*

# ਰੀਲਾਂ ! ਰੀਲਾਂ ! ਰੀਲਾਂ ! ਨੰਗੀਆਂ ਰੀਲਾਂ ਬੰਦ ਕਰੋ ! ਪੰਜਾਬਣੋ ਕੁਝ ਤੇ ਸੰਗ ਕਰੋ !

**ਸਰਬਜੀਤ ਸਿੰਘ ਜਰਮਨੀ**

ਜਦੋਂ ਵੀ ਪੰਜਾਬੀ ਸੱਭਿਆਚਾਰ ਵਿੱਚ ਗੱਲ ਕਿਸੇ ਔਰਤ ਦੇ ਵਜੂਦ, ਇੱਜ਼ਤ ਦੀ ਆਉਂਦੀ ਹੈ ਇਸ ਨੂੰ ਮਰਦ ਨਾਲੋਂ ਜ਼ਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। ਭਾਵੇ ਮਰਦ ਪ੍ਰਧਾਨ ਸਮਾਜ ਦਾ ਬੋਲਬਾਲਾ ਹੋਣ ਦਾ ਹੋਕਾ ਦਿੱਤਾ ਜਾਂਦਾ ਹੈ ਪਰ ਅੱਜ ਦੀ ਔਰਤ ਦਾ ਵੱਧ ਰਿਹਾ ਭ੍ਰਿਸ਼ਟ ਸੁਭਾਅ ਮਰਦ ਨੂੰ ਹਰ ਪੱਖੋਂ ਦੱਬੇ/ਪਿੱਛੇ ਰਹਿ ਜਾਣ ਲਈ ਮਜਬੂਰ ਹੁੰਦਾ ਦਿਖਾਈ ਦਿੰਦਾ ਹੈ। ਔਰਤ ਨੂੰ ਸਾਡੇ ਗੁਰੂ ਨਾਨਕ ਦੇਵ ਜੀ ਨੇ ਜਗਤ ਜਨਨੀ ਕਹਿ ਕੇ ਸਲਾਹਿਆ ਹੈ। ਸਾਡੇ ਦਸਮ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅੰਮ੍ਰਿਤ ਛਕਾਉਣ ਸਮੇਂ, ਖ਼ਾਲਸਾ ਪੰਥ ਸਜਾਉਣ ਸਮੇਂ, ਸਿੱਖਾਂ ਨੂੰ ਵੱਖਰੀ ਸ਼ਕਤੀ ਦੇਣ ਸਮੇਂ ਪੰਜ ਪਿਆਰਿਆਂ ਦੇ ਨਾਲ ਕੇਵਲ ਤੇ ਕੇਵਲ ਇੱਕ ਔਰਤ ਮਾਤਾ ਸਾਹਿਬ ਕੌਰ ਜੀ ਤੋਂ ਵਾਟੇ ਵਿੱਚ ਪਤਾਸੇ ਪਵਾ ਕੇ "ਕੌਰ" ਨਾਂ ਦਾ ਇੱਕ ਵੱਖਤਾ ਰੁਤਬਾ, ਤਾਜ, ਮਾਣ ਸਤਿਕਾਰ ਦਿੱਤਾ ਹੈ। ਜਿਸ ਨੂੰ ਅੱਜ ਤੱਕ ਹਰ ਸਿੱਖ ਔਰਤ ਆਪਣੇ ਨਾਮ ਨਾਲ ਲਾ ਕੇ ਦੁਨੀਆ ਭਰ ਦੀਆਂ ਔਰਤਾਂ ਤੋਂ ਵੱਖਰੀ, ਕੁਝ ਖਾਸ, ਬਹੁਤ ਸ਼ਕਤੀ ਭਗਤੀ ਵਾਲੀ ਮਹਿਸੂਸ ਕਰਦੀ ਆਈ ਹੈ। ਸਮੇਂ ਸਮੇਂ ਤੇ ਸਾਡੇ ਸਿੰਘ ਸਹਿਬਾਨਾ ਨੇ ਔਰਤਾਂ ਦੀ ਇੱਜ਼ਤ ਬਚਾਉਣ ਲਈ ਦੇਸ਼ ਵਿਦੇਸ਼ ਵਿੱਚ ਜਾ ਕੇ ਸਮੇਂ ਸਮੇਂ ਕੁਰਬਾਨੀਆਂ ਕੀਤੀਆਂ ਹਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਗਜਨੀ ਤੱਕ ਜਾ ਕੇ ਔਰਤਾਂ ਦੀ ਰਾਖੀ ਕੀਤੀ ਤੇ ਦੁਸ਼ਟਾ ਤੋਂ ਬਚਾਅ ਕੇ ਇੱਜ਼ਤ ਨਾਲ ਘਰੋਂ ਘਰੀ ਪਹੁੰਚਾਇਆ ਸੀ। 2200 ਭਾਰਤੀ ਲੜਕੀਆਂ ਨੂੰ ਅਬਦਾਲੀ ਦੀ ਹਿਰਾਸਤ ਵਿੱਚੋਂ ਛੁਡਵਾਉਣ ਲਈ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਜਾਨ ਤੱਕ ਖੇਡ ਗਏ ਸੀ ਤੇ ਸਾਰੀਆਂ ਲੜਕੀਆਂ ਨੂੰ ਛੁਡਾਉਣ ਪਿੱਛੋਂ ਬਾਇੱਜ਼ਤ ਘਰੋਂ ਘਰੀ ਪਹੁੰਚਾਇਆ ਸੀ। ਸਮਝ ਨਹੀਂ ਆਉਂਦੀ ਇਹ ਮਾਈ ਭਾਗੋ ਜੀ, ਬੀਬੀ ਹਰਸ਼ਰਨ ਕੌਰ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਕੌਰ ਜੀ, ਬੀਬੀ ਖੀਵੀ ਜੀ, ਬੀਬੀ ਭਾਨੀ ਜੀ ਦੀਆਂ ਵਾਰਸ ਔਰਤਾਂ ਕਿਹੜੇ ਰਾਹ ਤੁਰ ਪਈਆਂ ਹਨ। ਆਮ ਤੌਰ ਤੇ ਹਰ ਔਰਤ ਆਪਣਾ ਆਲ਼ਾ ਦੁਆਲ਼ਾ ਸਾਫ ਕਰਨ ਦੀ ਕੋਸ਼ਿਸ ਕਰਦੀ ਹੈ ਪਰ ਇਹ ਆਲੇ ਦੁਆਲੇ ਦੇ ਨਾਲ ਨਾਲ ਸਾਰਾ ਸਮਾਜ ਗੰਦਾ ਕਰਨ ਤੇ ਉੱਤਰੀਆਂ ਹਨ।



ਅੱਜ ਭਾਵੇਂ ਹਰ ਖੇਤਰ ਵਿੱਚ ਔਰਤ ਮਰਦ ਦੇ ਬਰਾਬਰ ਜਾ ਰਹੀ ਹੈ ਪਰ ਫੈਸ਼ਨ ਦੇ ਖੇਤਰ ਵਿੱਚ ਇਹ ਮਰਦਾਂ ਨਾਲੋਂ ਬਹੁਤ ਅੱਗੇ ਲੰਘ ਚੁੱਕੀਆਂ ਹਨ। ਜੇ ਗੱਲ ਕਰੀਏ ਇਹਨਾਂ ਦੇ ਫੈਸ਼ਨ ਦੀ ਤਾਂ ਉਹ ਫੈਸ਼ਨ ਹੈ ਜਿਸ ਨੂੰ ਦੇਖ ਕੇ ਅੱਜ ਔਰਤ ਤੇ ਮਰਦ ਦੋਵੇਂ ਸ਼ਰਮਸਾਰ ਹੋ ਰਹੇ ਹਨ। ਫੈਸ਼ਨ ਤੋਂ ਅੱਗੇ ਇੱਕ ਹੋਰ ਖੇਤਰ ਸ਼ੋਸਲ ਮੀਡੀਏ ਤੇ ਗੰਦੀਆਂ ਰੀਲਾਂ ਬਣਾ ਕੇ ਪਾਉਣ ਦਾ ਹੈ ਜਿਸ ਵਿੱਚ ਨੰਗੀਆਂ, ਬੇਸ਼ਰਮ ਔਰਤਾਂ ਨੇ ਅਸਮਾਨ ਨੂੰ ਛੇਕ ਤੱਕ ਕਰ ਦਿੱਤੇ ਹਨ। ਮੈਂ ਖੁਦ ਇੱਕ ਔਰਤ ਹਾਂ ਤੇ ਲਗਭਗ ਦੋ ਦਹਾਕਿਆਂ ਤੋਂ ਜਰਮਨੀ ਚ ਰਹਿ ਰਹੀ ਹਾਂ। ਸੱਤ ਸੋ ਔਰਤਾਂ ਮੇਰੇ ਨਾਲ ਕੰਮ ਕਰਦੀਆਂ ਹਨ ਜ਼ਿਹਨਾਂ ਵਿੱਚ ਤਕਰੀਬਨ ਹਰ ਉਮਰ ਦੀਆਂ ਔਰਤਾਂ (ਕੁੜੀਆਂ, ਬੁੜੀਆਂ) ਹਨ। ਸਾਰੀਆਂ ਔਰਤਾਂ ਚੰਗਾ ਪੈਸਾ ਕਮਾਉਂਦੀਆਂ ਹਨ।

ਬਹੁਤ ਐਸ਼ ਅਰਾਮ ਵਾਲੀ ਜ਼ਿੰਦਗੀ ਵੀ ਬਤੀਤ ਕਰਦੀਆਂ ਹਨ ਪਰ ਇਸ ਤਰਾਂ ਰੀਲਾਂ ਬਣਾ ਕੇ ਸਮਾਜ ਚ ਗੰਦਗੀ ਫੈਲਾਉਣ ਦਾ ਕੰਮ ਇਹ ਬਿਲਕੁਲ ਵੀ ਨਹੀਂ ਕਰਦੀਆਂ। ਜਦੋਂ ਮੈਂ ਕਿਸੇ ਪੰਜਾਬਣ ਦੀ ਗੰਦੀ ਰੀਲ ਵੇਖਦੀ ਹਾਂ ਤਾਂ ਅਕਸਰ ਸੋਚਦੀ ਹਾਂ ਕਿ ਇਹ ਜ਼ਰੂਰ ਵਿਧਵਾ ਤੇ ਅਨਾਥ ਔਰਤ ਹੋਵੇਗੀ, ਕਿਉਂਕਿ ਜੇ ਉਸ ਗੰਦੀ ਰੀਲ ਬਣਾਉਣ ਵਾਲੀ ਔਰਤ ਦਾ ਕੋਈ ਪਰਿਵਾਰ ਹੋਵੇ ? ਉਸ ਨੂੰ ਕੋਈ ਰੋਕਣ ਵਾਲਾ ਵੀ ਜ਼ਰੂਰ ਹੋਵੇਗਾ ? ਕੋਈ ਵੀ ਐਸਾ ਇਨਸਾਨ ਨਹੀਂ ਹੈ ਜੋ ਉਸ ਨੂੰ ਜਾਣਦਾ ਹੋਵੇ ? ਉਸ ਦੇ ਪਰਿਵਾਰ ਜਾਂ ਰਿਸ਼ਤੇਦਾਰ ਕੋਈ ਤਾਂ ਹੋਵੇਗਾ ? ਜਾਂ ਫੇਰ ਪੰਜਾਬ ਦੇ ਮਰਦ ਇਹਨਾਂ ਔਰਤਾਂ ਨੂੰ ਗੰਦੀਆਂ ਰੀਲਾਂ ਬਣਾ ਕੇ ਪੈਸੇ ਕਮਾਉਣ ਲਈ ਵਰਤ ਰਹੇ ਹਨ ? ਪੁਰਾਣੇ ਜ਼ਮਾਨੇ ਤੇ ਕੋਠੇ ਹੁੰਦੇ ਸਨ, ਕੋਠੇ ਵਾਲੀਆਂ ਔਰਤਾਂ ਵੀ ਪੜ੍ਹਦੇ ਚ ਰਹਿੰਦੀਆਂ ਸਨ। ਕੋਠੇ ਵਾਲੀਆਂ ਔਰਤਾਂ ਦੀਆਂ ਵੀ ਕੁਝ ਹੱਦਾਂ ਸਰਹੱਦਾਂ ਹੁੰਦੀਆਂ ਸਨ। ਗੰਦੀਆਂ ਰੀਲਾਂ ਬਣਾਉਣ ਵਾਲੀਆਂ ਔਰਤਾਂ ਨੇ ਹਰ ਹੱਦ ਪਾਰ ਕਰ ਲਈ ਹੈ।

ਕੁਝ ਦਿਨ ਪਹਿਲਾਂ ਕਿਸੇ ਜਾਣ ਪਹਿਚਾਣ ਵਾਲੇ ਨੇ ਇੱਕ ਔਰਤ ਦੀ ਵੀਡੀਓ ਦਾ ਲਿੰਕ ਭੇਜ ਕੇ ਨਾਲ ਮੈਨੂੰ ਬੇਨਤੀ ਕੀਤੀ ਸੀ ਕਿ ਇਹਨਾਂ ਗਸਤੀ ! ਬਾਰੇ ਲਿਖੋ। ਇਸ ਤੋਂ ਪਹਿਲਾਂ ਕਿ ਮੈਂ ਉਸ ਲਿੰਕ ਨੂੰ ਖੋਲ ਕੇ ਵੇਖਦੀ ਮੈਂ ਪਹਿਲਾਂ ਹੀ ਭੇਜਣ ਵਾਲੇ ਨੂੰ ਲਿਖ ਦਿੱਤਾ ਕਿ ਕਿਰਪਾ ਕਰਕੇ ਸ਼ਬਦਾਂ ਦੀ ਚੋਣ ਸਹੀ ਕਰੋ ਜੀ, ਸਤਿਕਾਰ ਦਿਉ ਤੇ ਸਤਿਕਾਰ ਲਉ ਜੀ। ਜਦੋਂ ਮੈਂ ਭੇਜਿਆ ਗਿਆ ਲਿੰਕ ਖੋਲ ਕੇ ਵੇਖਿਆ ਤਾਂ ਇੱਕ ਮਾਂ ਆਪਣੇ ਬੱਚੇ ਨੂੰ ਦੁੱਧ ਚੁੰਘਾਉਣਾ/ਪਿਆਉਣ ਵਕਤ ਅੱਧ ਨੰਗੀ ਹੋ ਕੇ (ਵੀਡੀਓ) ਰੀਲ ਬਣਾ ਰਹੀ ਸੀ । ਉਸ ਦੀ ਅਜਿਹੀ ਅਵਸਥਾ ਨੂੰ ਵੇਖ ਕੇ ਮੈਨੂੰ ਆਪ ਨੂੰ ਵੀ ਬਹੁਤ ਜ਼ਿਆਦਾ ਸ਼ਰਮ ਆਈ।

ਅਖੀਰ ਮੈਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਜੀ ਨੂੰ ਬੇਨਤੀ ਕਰਦੀ ਹਾਂ ਕਿ ਉਹ ਇਹਨਾਂ ਗੰਦੀਆਂ ਰੀਲਾਂ ਪਾਉਣ ਵਾਲੇ ਹਰ ਪੰਜਾਬੀ, ਪੰਜਾਬਣਾਂ ਨੂੰ ਨੱਥ ਪਾਉਣ ਲਈ ਛੇਤੀ ਤੋਂ ਛੇਤੀ ਕੋਈ ਅਹਿਮ ਕਦਮ ਪੁੱਟਣ, ਨਹੀਂ ਤਾਂ ਪੰਜਾਬੀ ਸਮਾਜ ਵਿੱਚ ਐਨਾ ਜ਼ਿਆਦਾ ਗੰਦ ਪੈ ਜਾਵੇਗਾ ਕਿ ਲੋਕ ਜ਼ਿਆਦਾ ਗਰਮੀ, ਬਿਨਾ ਪਾਣੀ, ਕੈਂਸਰ ਨਾਲ ਨਹੀ ਸਗੋਂ ਨੰਗੀਆਂ ਰੀਲਾਂ ਨਾਲ ਮਰਨਗੇ। ਅੱਜ ਵੀ ਬਹੁਤ ਸਾਰੇ ਲੋਕ ਇਹਨਾਂ ਰੀਲਾਂ ਕਰਕੇ ਦੁਖੀ ਹੋ ਚੁੱਕੇ ਹਨ ਪਰ ਇੱਕ ਆਮ ਇਨਸਾਨ ਕੁਝ ਵੀ ਨਹੀਂ ਕਰ ਸਕਦਾ। ਮੁੱਖ ਮੰਤਰੀ ਸਾਹਿਬ ਜੀ ਮੈਂ ਆਪ ਜੀ ਨੂੰ ਆਪ ਜੀ ਦੀ ਨੰਨੀ ਧੀ ਦੇ ਪਾਪਾ ਬਣਨ ਦੀਆਂ ਢੇਰ ਸਾਰੀਆਂ ਮੁਬਾਰਕਾਂ, ਦੁਆਵਾਂ ਭੇਜਦੀ ਹਾਂ ਤੇ ਨਾਲ ਹੀ ਮੁੜ ਤੋਂ ਫੇਰ ਬੇਨਤੀ ਕਰਦੀ ਹਾਂ ਕਿ ਅੱਜ ਤੁਹਾਡੇ ਹੱਥ ਵਿੱਚ ਉਸ ਝਾੜੂ ਦੀ ਵਾਗਡੋਰ ਹੈ ਜਿਸ ਨਾਲ ਤੁਸੀਂ ਪੰਜਾਬ ਵਿੱਚ ਫੈਲੀ ਹਰ ਤਰਾਂ ਦੀ ਗੰਦਗੀ ਸਾਫ ਕਰਵਾਉਣ ਦੀ ਤਾਕਤ ਰੱਖਦੇ ਹੋ, ਕਰੋ ਕਿਰਪਾ ਤੇ ਨੰਨੀ ਧੀ ਦੇ ਚੱਲਣਾ ਸਿੱਖਣ ਤੱਕ ਸੋਹਣਾ ਸਮਾਜ ਸਿਰਜ ਦਿਉ ਜੀ ਤਾਂ ਜੋ ਆਪ ਜੀ ਦੀ ਨੰਨੀ ਧੀ ਵਾਂਗ ਪੰਜਾਬ ਦੀ ਹਰ ਧੀ ਇੱਜ਼ਤ ਮਾਣ ਨਾਲ ਜੀਅ ਸਕੇ ਤੇ ਸੋਹਣਾ ਸਮਾਜ ਸਿਰਜਣ ਦੇ ਕਾਰਜ ਕਰ ਕਰੇ, ਨਾ ਕਿ ਸਮਾਜ ਵਿੱਚ ਗੰਦ ਪਾਉਣ ਲਈ ਗੰਦੀਆਂ ਰੀਲਾਂ ਬਣਾ ਕੇ ਪੰਜਾਬੀ ਸੱਭਿਆਚਾਰ ਨੂੰ ਧੱਬਾ, ਨਾ ਲਹਿ ਜਾਣ ਵਾਲਾ ਕਲੰਕ ਲਾ ਸਕੇ।

ਮੁੱਖ ਮੰਤਰੀ ਸਾਹਿਬ ਦੇ ਨਾਲ ਨਾਲ ਨਗਰ ਪਾਲਿਕਾ ਦੀ ਸਭ ਤੋਂ ਅਹਿਮ ਇਕਾਈ ਪਿੰਡਾਂ ਦੇ ਸਰਪੰਚ ਪੰਚ, ਐਸ ਐਸ ਪੀ, ਡਿਪਟੀ ਕਮਿਸ਼ਨਰ ਤੇ ਹੋਰ ਜਨਤਕ ਸਮੂਹਾਂ ਦੇ ਮੈਂਬਰਾਂ ਨੂੰ ਗੰਦੀਆਂ ਰੀਲਾਂ ਬੰਦ ਕਰਾਉਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਆਉ ਅਸੀਂ ਸਾਰੇ ਰਲ ਮਿਲ ਕੇ,
ਇਹਨਾਂ ਨੰਗੀਆਂ ਰੀਲਾਂ ਨੂੰ,
ਨੱਥ ਪਾਈਏ, ਬੰਦ ਕਰਵਾਈਏ,
ਸੋਹਣਾ ਸਮਾਜ ਸਜਾਈਏ।


ਕਰਦੀਆਂ ਨੇ ਜੋ ਵਕਤ ਖਰਾਬ,
ਘਰ ਵਿੱਚ ਇਹਨਾਂ ਤੋਂ
ਸਾਰਾ ਕੰਮ ਕਰਵਾਈਏ,
ਅੱਜ ਹੀ ਕੰਮ ਵਾਲੀ ਹਟਾਈਏ,
ਸੋਹਣਾ ਸਮਾਜ ਸਜਾਈਏ।

ਡਰਦੇ ਨੇ ਜੋ ਇਹਨਾਂ,
ਵਿਗੜੀਆਂ ਔਰਤਾਂ ਤੋਂ,
ਉਹਨਾਂ ਦੀ ਹਿੰਮਤ ਜੁਟਾਈਏ,
ਸੋਹਣਾ ਸਮਾਜ ਸਜਾਈਏ।

ਸੁਧਰਨੀਆਂ ਇਹ ਛੇਤੀ ਛੇਤੀ,
ਨੈੱਟ ਪੈਕ ਬੰਦ ਕਰਵਾਈਏ,
ਲੇਬਰ ਨਾਲ ਦਿਹਾੜੀਆ ਲਵਾਈਏ,
ਸੋਹਣਾ ਸਮਾਜ ਸਜਾਈਏ।

ਦੁੱਖੀ ਹੋ ਗਏ ਮਾਪੇ, ਸਹੁਰੇ,
ਇਹ ਨਾ ਮੰਨਣ ਕਿਸੇ ਦੀ,
ਸਰਕਾਰੇ ਦਰਬਾਰੇ ਸ਼ਿਕਾਇਤ ਪਹੁੰਚਾਈਏ,
ਸੋਹਣਾ ਸਮਾਜ ਸਜਾਈਏ।

## ਅਮਰੀਕਾ ਵਿਚ ਜਬਰਜਨਾਹ ਤੇ ਹੱਤਿਆ ਦੇ ਦੋਸ਼ੀ ਦੀ ਰਹਿਮ ਦੀ ਬੇਨਤੀ ਰੱਦ, ਬੁੱਧਵਾਰ ਨੂੰ ਲਾਇਆ ਜਾਵੇਗਾ ਜ਼ਹਿਰ ਦਾ ਟੀਕਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਟੈਕਸਾਸ ਪੈਰੋਲ ਬੋਰਡ ਵੱਲੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਰਮੀਰੋ ਗੋਨਜ਼ਾਲੇਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ। 18 ਸਾਲਾ ਲੜਕੀ ਬ੍ਰਿਡਗਟ ਟਾਊਨਸੈਂਡ ਦੀ ਜਬਰਜਨਾਹ ਉਪਰੰਤ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਰਮੀਰੋ ਗੋਨਜ਼ਾਲੇਸ ਨੂੰ ਹੁਣ ਬੁੱਧਵਾਰ ਨੂੰ ਜ਼ਹਿਰ ਦਾ ਟੀਕੇ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਕੀਤਾ ਜਾਵੇਗਾ ਹਾਲਾਂ ਕਿ ਸ਼ੱਕੀ ਦੋਸ਼ੀ ਦੇ ਵਕੀਲਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਪ੍ਰਮੁੱਖ ਮਾਹਿਰ ਗਵਾਹ ਦੀ ਅਜੇ ਤੱਕ ਗਵਾਹੀ ਨਹੀਂ ਹੋਈ। 41 ਸਾਲਾ ਗੋਨਜ਼ਾਲੇਸ ਨੇ ਬੋਰਡ ਆਫ ਪਾਰਡਨਜ ਐਂਡ ਪੈਰੋਲ ਨੂੰ ਬੇਨਤੀ ਕੀਤੀ ਸੀ ਕਿ ਉਸ ਬਾਰੇ ਰਹਿਮ ਦੀ ਸਿਫਾਰਿਸ਼ ਕੀਤੀ ਜਾਵੇ ਤਾਂ ਜੋ ਗਵਰਨਰ ਗਰੇਗ ਅਬੋਟ ਉਸ ਦੀ ਮੌਤ ਦੀ ਸਜ਼ਾ ਨੂੰ ਘੱਟ ਸਜ਼ਾ ਜਿਵੇਂ ਬਿਨਾਂ ਜ਼ਮਾਨਤ ਉਮਰ ਭਰ ਲਈ ਜੇਲ ਦੀ ਸਜ਼ਾ ਵਿਚ ਤਬਦੀਲ ਕਰ ਸਕੇ। ਪਰੰਤੂ ਬੋਰਡ ਨੇ 7-0 ਦੇ ਫਰਕ ਨਾਲ ਉਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਤੇ ਸਜ਼ਾ ਉਪਰ ਆਰਜੀ ਰੋਕ ਲਾਉਣ ਤੋਂ ਵੀ ਇਨਕਾਰ ਕਰ ਦਿੱਤਾ। ਗੋਨਜ਼ਾਲੇਸ ਦੇ ਵਕੀਲਾਂ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬੋਰਡ ਦੇ ਫੈਸਲੇ ਨੇ ਉਨਾਂ ਨੂੰ ਬਹੁਤ ਦੁਖੀ ਤੇ ਨਿਰਾਸ਼ ਕੀਤਾ ਹੈ। ਵਕੀਲਾਂ ਨੇ ਕਿਹਾ ਹੈ ਕਿ ਜੇਕਰ ਗੋਨਜ਼ਾਲੇਸ ਨੂੰ ਬੁੱਧਵਾਰ ਨੂੰ ਮੌਤ ਦਿੱਤੀ ਜਾਂਦੀ ਹੈ ਤਾਂ ਇਹ ਅਨਿਆਂ ਹੋਵੇਗਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਜਨਵਰੀ 2001 ਵਿਚ ਗੋਨਜ਼ਾਲੇਸ ਨੇ ਆਪਣੇ ਡਰੱਗ ਸਪਲਾਇਰ ਨੂੰ ਫੋਨ ਕੀਤਾ ਜੋ ਲੜਕੀ ਟਾਊਨਸੈਂਡ ਦਾ ਦੋਸਤ ਲੜਕਾ ਸੀ। ਇਸ 'ਤੇ ਟਾਊਨਸੈਂਡ ਨੇ ਕਿਹਾ ਕਿ ਉਸ ਦਾ ਦੋਸਤ ਕੰਮ 'ਤੇ ਹੈ। ਇਸ ਉਪਰੰਤ ਗੋਨਜ਼ਾਲੇਸ ਡਰੱਗ ਦੀ ਭਾਲ ਵਿਚ ਉਸ ਦੇ ਘਰ ਗਿਆ ਜਿਥੇ ਉਸ ਨੇ ਪਹਿਲਾਂ ਪੈਸੇ ਚੋਰੀ ਕੀਤੇ ਫਿਰ ਟਾਊਨਸੈਂਡ ਦੇ ਹੱਥ ਤੇ ਪੈਰ ਬਨ ਦਿੱਤੇ। ਬਾਅਦ ਵਿਚ ਉਹ ਉਸ ਨੂੰ ਅਗਵਾ ਕਰਕੇ ਨਾਲ ਲੱਗਦੇ ਆਪਣੇ ਪਰਿਵਾਰ ਦੇ ਫਾਰਮ 'ਤੇ ਲੈ ਗਿਆ ਜਿਥੇ ਉਸ ਨੇ ਪਹਿਲਾਂ ਟਾਊਨਸੈਂਡ ਨਾਲ ਜਬਰਜਨਾਹ ਕੀਤਾ ਤੇ ਬਾਅਦ ਵਿਚ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ।